Published in Punjabi & English
Distributed in Toronto, Calgary, Vancouver, Winnipeg and Online Worldwide.
Sarokaran Di Awaz
Voice of Social Concerns
Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com | ਸਾਲ- 12, ਅੰਕ-8, ਅਗਸਤ 2022 | Website: www.ppapmg.com

HARBANS SINGH 416-817-7142 | DEVINDER TOOR 416-902-9372 | MASTER BHAJAN SINGH 403-455-4220 | Registration No. 210836300

### ਕੈਨੇਡੀਅਨ ਮੂਲਨਿਵਾਸੀ ਬੱਚਿਆਂ ਦੇ ਖਿਲਾਫ਼ ਅਪਰਾਧ

# ਪੋਪ ਵੱਲੋਂ ਪਛਤਾਵੇ ਦੀ ਤੀਰਥ ਯਾਤਰਾ ਅਤੇ ਮਾਫ਼ੀ

-ਡਾ: ਹਰਦੀਪ ਸਿੰਘ ਅਟਵਾਲ-

ਬਸਤੀਵਾਦੀ ਦੌਰ ਵਿੱਚ ਕੈਨੇਡੀਅਨ ਮੂਲਨਿਵਾਸੀ ਬੱਚਿਆਂ ਲਈ 'ਇੰਡੀਜੀਨਸ ਰੈਜ਼ੀਡੈਂਸ਼ੀਅਲ ਸਕੂਲ ਸਿਸਟਮ' ਰਾਹੀਂ ਸਾਰੇ ਕੈਨੇਡਾ ਵਿੱਚ 139 ਸਕੂਲ ਚਲਾਏ ਗਏ ਸਨ। ਇਹ ਸਕੂਲ ਸਨ 1860 ਤੋਂ 1996 ਤੱਕ ਚਲਦੇ ਰਹੇ ਅਤੇ 60% ਸਕੂਲਾਂ ਦਾ ਪ੍ਰਬੰਧ ਰੋਮਨ ਕੈਥੋਲਿਕ ਚਰਚ ਵੱਲੋਂ ਸੀ। ਇਸ ਸਿਸਟਮ ਨਾਲ ਤਕਰੀਬਨ 100 ਸਾਲਾਂ ਤੱਕ ਚਲੇ ਅਪਰੇਸ਼ਨ ਦੌਰਾਨ 21 ਮੂਲਨਿਵਾਸੀ ਨੈਸ਼ਨਸ ਸਮੂਹਾਂ ਦੇ ਬੱਚੇ ਰੱਖੇ ਗਏ ਜਿਸ ਵਿੱਚ 'ਫਸਟ ਨੈਸ਼ਨ', 'ਇਨਉਟਸ', 'ਮੈਟਿਜ਼' ਅਤੇ ਥੇਮਸ ਦੇ 'ਚਿੱਕਵਾਸ' ਨਾਮ ਦੇ ਨੈਸ਼ਨਸ ਦੇ ਬੱਚੇ ਮੁੱਖ ਸਨ। ਇਨ੍ਹਾਂ ਸਕੂਲਾਂ ਦਾ ਮਕਸਦ ਇਨ੍ਹਾਂ ਅਬਾਰਜ਼ੀਨਲ ਬੱਚਿਆਂ ਨੂੰ ਸਥਾਨਕ ਮੂਲਨਿਵਾਸੀ ਭਾਸ਼ਾ ਅਤੇ ਸਭਿਆਚਾਰ ਨੂੰ ਭੁਲਾਕੇ, ਯੂਰੋਪੀਅਨ ਇਸਾਈ ਸਭਿੱਅਤਾ ਦਾ ਬੂਟਾ ਲਾਉਣਾ ਸੀ। ਇਨ੍ਹਾਂ ਸਕੂਲ ਵਿੱਚ ਤਕਰੀਬਨ 1,50,000 ਇੰਡੀਜੀਨਸ ਬੱਚਿਆਂ ਨੂੰ ਮਾਪਿਆਂ ਤੋਂ ਅੱਲਗ ਰੱਖਿਆ ਗਿਆ ਸੀ, ਜਿਨ੍ਹਾਂ ਵਿੱਚ ਅਪਰਾਧਾਂ ਦੀ ਚਰਚਾ ਆਮ ਸੀ। ਹੁਣ ਪਹਿਲੀ ਵਾਰੀ ਹੈ ਕਿ ਦੋਸ਼ੀ ਕੈਥੋਲਿਕ ਸੰਸਥਾ ਦੇ ਮੌਜੂਦਾ ਮੁੱਖੀ ਪੋਪ ਫਰਾਂਸਿਸ ਵੱਲੋਂ ਬੀਤੇ ਅਪਰਾਧਾਂ ਲਈ ਮਾਫ਼ੀ ਮੰਗੀ ਗਈ ਹੈ।



ਸੰਨ 2015 ਵਿੱਚ 'ਟਰੂਥ ਅਤੇ ਰੀਕੋਸੀਲੀਏਸ਼ਨ ਕਮੇਟੀ' ਵੱਲੋਂ ਜਾਰੀ ਇੱਕ ਰਿਪੋਰਟ ਵਿੱਚ ਦੱਸਿਆ ਗਿਆ ਕਿ ਇਨ੍ਹਾਂ ਸਕੂਲਾਂ ਵਿੱਚ ਮਾਂ-ਬਾਪ ਤੋਂ ਦੂਰ ਰੱਖੇ ਬੱਚਿਆਂ ਨਾਲ ਜ਼ਜ਼ਬਾਤੀ, ਜਿਨਸੀ ਅਤੇ ਯੋਨ ਅਪਰਾਧ ਵੱਡੀ ਗਿਣਤੀ ਵਿੱਚ ਹੋਏ ਅਤੇ ਹੁਣ ਤੱਕ ਤਕਰੀਬਨ 4118 ਬੱਚਿਆਂ ਦੀਆਂ ਮੌਤਾਂ ਦੇ ਦਸਤਾਵੇਜ਼ ਮਿਲ ਚੁੱਕੇ ਹਨ। ਇਨ੍ਹਾਂ ਸਕੂਲਾਂ ਦੇ ਪ੍ਰਬੰਧਕਾਂ ਵੱਲੋਂ ਕੁੱਟਮਾਰ, ਯੋਣ ਸੋਸ਼ਣ ਤੋਂ ਇਲਾਵਾ ਨਸਲੀ ਨਫਰਤ ਦੀਆਂ ਸ਼ਿਕਾਇਤਾਂ ਦੀ ਸੁਣਵਾਈ ਅਤੇ ਇਨਸਾਫ ਵੀ ਨਹੀਂ ਸੀ। ਸਾਲ 2021 ਵਿੱਚ ਹੀ ਬੀ.ਸੀ. ਪਰੋਵਿੰਸ ਦੇ ਕੈਮਲੂਸ ਦੇ ਇੰਡੀਅਨ ਰੈਜ਼ੀਡੈਂਸ਼ੀਅਲ ਸਕੂਲ ਵਿੱਚ 215 ਬੱਚਿਆਂ ਦੀਆਂ ਕਬਰਾਂ ਮਿਲੀਆਂ ਸਨ ਅਤੇ ਉਸ ਤੋਂ ਬਾਅਦ ਫਸਟ ਨੈਸ਼ਨ ਸਮੂਹ ਦੇ ਲੋਕਾਂ ਦੇ ਸਕੂਲਾਂ ਵਾਲੀ ਥਾਂ ਤੇ 1300 ਅਣਪਛਾਤੀਆਂ ਕਬਰਾਂ ਵੀ ਰਿਪੋਰਟ ਹੋਈਆਂ। ਬੀਤੇ ਦੇ ਅਪਰਾਧਾਂ ਦੇ ਸਬੂਤ ਜੱਗ ਜਾਹਿਰ ਹੋਣ ਤੇ ਲੋਕਾਂ ਵਿੱਚ ਰੋਸ ਭੜਕਿਆ ਅਤੇ ਕੈਥੋਲਿਕ ਚਰਚ ਮੁਖੀ ਤੋਂ ਮਾਫ਼ੀ ਦੀ ਮੰਗ ਉੱਠੀ ਹੈ।

ਇਸ ਸਮੇਂ, ਮੂਲਨਿਵਾਸੀ ਲੋਕਾਂ ਦੀ ਰਿਸਦੇ ਇਤਿਹਾਸਕ ਜਖ਼ਮਾਂ 'ਤੇ ਮਲ੍ਹਮ ਪੱਟੀ ਦੇ ਮਕਸਦ ਲਈ ਪੋਪ ਫਰਾਂਸੀਸ ਕੈਨੇਡਾ ਦੌਰੇ ਤੇ ਹਨ ਜਿਸ ਨੂੰ ਉਨ੍ਹਾਂ ਨੇ 'ਪਛਤਾਵਾ ਤੀਰਥ ਯਾਤਰਾ" ਦੱਸਿਆ। ਇਸ ਪਛਤਾਵੇ ਲਈ ਉਨ੍ਹਾਂ ਕੈਨੇਡਾ ਦੀਆਂ ਵੱਖ-ਵੱਖ ਮੂਲਨਿਵਾਸੀ ਐਬਾਰਜ਼ੀਨਲ ਸਮੂਹਾਂ ਦੇ ਇਕੱਠਾਂ ਨੂੰ ਸੰਬੋਧਨ ਕੀਤਾ। ਪਿਛਲੇ ਹਫਤੇ, ਪੋਪ ਫਰਾਂਸੀਸ ਕੈਨੇਡਾ ਦੇ ਐਡਮਿੰਟਨ, ਕਿਊਬੈਕ ਸਿਟੀ ਅਤੇ ਨੁਨਾਵਟ ਟੈਰੀਟਰੀ ਦੇ ਇਕਾਲਿਊਟ ਸ਼ਹਿਰ ਵਿੱਚ ਮੂਲਨਿਵਾਸੀ ਲੋਕਾਂ ਅਤੇ ਨੇਤਾਵਾਂ ਦੇ ਇਕੱਠਾਂ ਨੂੰ ਸੰਬੋਧਿਤ ਹੋਏ। ਇਸ ਮਾਫੀ ਦੌਰੇ ਦੇ ਪਹਿਲੇ ਦਿਨ, ਪੋਪ ਫਰਾਂਸਿਸ ਨੇ ਕੈਨੇਡਾ ਦੇ ਇੱਕ ਵੱਡੇ ਰੈਜ਼ੀਡੈਂਸ਼ੀਅਲ ਸਕੂਲ ਵਿਖੇ ਇੱਕ ਇਕੱਠ ਵਿੱਚ ਬੀਤੇ ਵਿੱਚ ਚਰਚ ਵੱਲੋਂ ਕੀਤੇ ਬਾਲ ਅਪਰਾਧਾਂ ਲਈ ਦਿਲੋਂ ਮਾਫੀ ਮੰਗਣ ਦਾ ਦਾਅਵਾ ਕੀਤਾ। ਇਕ ਵੱਡੇ ਇੰਡੀਜੀਨਸ ਚਰਚ ਦੇ ਅੱਠ ਘੰਟੇ ਚੱਲੇ ਇਸ ਸਮਾਗਮ ਵਿੱਚ ਦੁਆਵਾਂ ਅਤੇ ਗੀਤਾਂ ਦਾ ਸਿਲਸਿਲਾ ਚੱਲਿਆ।

ਇਸ ਤੋਂ ਬਾਅਦ, ਮੱਧ ਐਲਬਰਟਾ ਦੇ ਫਸਟ ਨੈਸ਼ਨ ਸਮਾਜ ਦੇ ਸਵੇਰ ਦੇ ਸਮਾਗਮ ਵਿੱਚ ਵੀ ਪੋਪ ਨੇ ਮਾਫੀ ਮੰਗੀ। ਉਨ੍ਹਾਂ ਅਫਸੋਸ ਜਾਹਿਰ ਕੀਤਾ ਕਿ ਰੈਜ਼ੀਡੈਂਸ਼ੀਅਲ ਸਕੂਲਾਂ ਵਿੱਚ ਜ਼ਬਰੀ ਇਸਾਈ ਬਣਾਉਣ ਅਤੇ ਮੂਲਨਿਵਾਸੀ ਬੱਚਿਆਂ ਨੂੰ ਉਨ੍ਹਾਂ ਦੀ ਰਵਾਇਤੀ ਭਾਸ਼ਾ ਸੱਭਿਅਚਾਰ ਭਲਾਉਣ ਦੇ ਬਸਤੀਵਾਦੀ ਤਬਾਹਕੁਣ ਪ੍ਰੋਗਰਾਮ ਵਿੱਚ

(ਬਾਕੀ ਸਫ਼ਾ 12 'ਤੇ)

### ਇਸ ਅੰਕ 'ਚ



ਸ਼ਹੀਦੋਂ ਕੀ ਚਿਤਾਓਂ ਪਰ
ਲੱਗੇਂਗੇ ਹਰ ਬਰਸ ਮੇਲੇ
ਵਤਨ ਪੈ ਮਰ ਮਿਟਨੇ ਵਾਲੋ ਕੀ
ਯਹੀ ਬਾਕੀ ਨਿਸ਼ਾਂ ਹੋਗਾ

CONGRATULATIONS
TEAM OVER 800 REALTORS with in few months
HomeLife Silvercity Realty Inc., Brokerage (Independently owned & operated)
905-913-8500
11775 Bramalea Rd # 201, Brampton
GARCHA BROTHERS

Call for your home BUYING & SELLING needs
BALJINDER SANGHA
REALTOR
(Certified Condominium Specialist)
403-680-3212
baljindersangha@urban-realty.ca
REALTOR MLS MULTIPLE LISTING SERVICE
urban Real Estate Services Ltd.

ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਅੱਜ ਹੀ ਸੰਪਰਕ ਕਰੋ
• Auto Insurance
• Home Insurance
• Life Insurance
• Critical illness
• Disability Insurance
• Car Loans
• Business Insurance
SAVE UPTO 30%
• ਕਾਰ ਇੰਸ਼ੋਰੈਂਸ
• ਹੋਮ ਇੰਸ਼ੋਰੈਂਸ
• ਲਾਈਫ ਇੰਸ਼ੋਰੈਂਸ
• ਕਰਿਟੀਕਲ ਇਲਨੈਸ ਇੰਸ਼ੋਰੈਂਸ
• ਡਿਸਅਬਿਲਿਟੀ ਇੰਸ਼ੋਰੈਂਸ
• ਕਾਰ ਲੋਨ
• ਬਿਜਨਸ ਇੰਸ਼ੋਰੈਂਸ
Call us for FREE Insurance Quote
Paramjit Plaha
403 554.4444
paramjit@paramjit.ca
paramjit.ca
210 - 2323 32 Ave NE
Calgary AB T2E 6Z3

For All your Commercial Real Estate needs in Alberta, Motels/Hotels, Gas Station, Liquor Store, Plazas, Franchise, Restaurant
Call Gurprit Sidhu (Rana)
Ph:403.831.5000
Email: sidhugurprit@hotmail.com

Hans
Demolition & Excavating
* Excavating * Demolition
* Sand Gravel
* Drain Tiles * Backfill
* Backhoe Service
* Trucking
* Land Clearing
* Hourly or Contract
Free Estimates
Ph : 604-240-8002
or : 604-250-3834
3822 Marine Way
Burnaby, B.C. V5J 3H4


SUPER VISA INSURANCE
PUNJAB INSURANCE INC.
• Life Insurance • Mortgage Insurance • Critical Illness Insurance • Disability Insurance • RESP, RRSP
www.punjabinsurance.ca
Sherjang Singh Rana
416.910.9000
Sandeep Ahuja
416.660.1010



ਹਰੀਪਾਲ
403-714-4816

# ਮਹਿੰਗਾਈ ਬਨਾਮ ਗਰੀਬੀ

## ਯੂ.ਐਨ, ਡਿਪਾਰਟਮੈਂਟ ਪ੍ਰੋਗਰਾਮ ਦੀ ਇੱਕ ਰਿਪੋਰਟ



ਦੁਨੀਆਂ ਵਿੱਚ ਇਸ ਸਮੇਂ ਹਾਹਾਕਾਰ ਮੱਚੀ ਪਈ ਹੈ, ਬੇਹੱਦ ਵਧ ਰਹੀ ਮਹਿੰਗਾਈ ਕਰਕੇ ਲੋਕਾਂ ਨੂੰ ਬੇਸਿਕ ਚੀਜਾਂ ਦੀ ਪ੍ਰਾਪਤੀ ਲਈ ਵੀ ਦੌੜ ਭੱਜ ਕਰਨੀ ਪੈ ਰਹੀ ਹੈ। ਇਹ ਮਹਿੰਗਾਈ ਕਿਤੋਂ ਉਪਰੋਂ ਨਹੀ ਆਈ ਸਗੋਂ ਇਸ ਮੁਨਾਫ਼ੇ ਤੇ ਅਧਾਰਿਤ ਸਿਸਟਮ ਦੀ ਪੈਦਾ ਕੀਤੀ ਹੋਈ ਹੈ। ਲੋਕਾਂ ਨੂੰ ਇੱਕ ਦਮ ਆਈ ਇਸ ਆਫਤ ਨਾਲ਼ ਨਜਿੱਠਣ ਲਈ ਕੁੱਝ ਸੁੱਝ ਵੀ ਨਹੀਂ ਰਿਹਾ ਕਿ ਕੀ ਕਰੀਏ। ਸੰਸਾਰ ਪੱਧਰ ਤੇ ਵਧ ਰਹੀ ਇਨਫਲੇਸ਼ਨ ਕਰਕੇ, ਗਰੀਬ ਮੁਲਕਾਂ ਦੇ ਲੱਗਪਗ ਸੱਤ ਕਰੋੜ ਅਤੇ ਦਸ ਲੱਖ ਲੋਕ ਅੱਤ ਦੀ ਗਰੀਬੀ ਵੱਲ ਧੱਕੇ ਗਏ ਹਨ। ਰੂਸ ਅਤੇ ਯੂਕਰੇਨ ਦੀ ਲੜਾਈ ਨੇ ਖਾਦ ਪਦਾਰਥਾਂ ਅਤੇ ਤੇਲ ਦੀ ਸਪਲਾਈ ਵਿੱਚ ਰੁਕਾਵਟ ਖੜੀ ਕਰ ਦਿੱਤੀ ਹੈ। ਇਹਨਾਂ ਦੋਹਾਂ ਮੁਲਕਾਂ ਦਾ, ਸੰਸਾਰ ਪੱਧਰ ਤੇ ਤੇਲ ਅਤੇ ਖਾਦ ਪਦਾਰਥਾਂ ਦੀ ਲੋੜ ਵਿੱਚ ਬਹੁਤ ਵੱਡਾ ਯੋਗਦਾਨ ਹੈ। ਰੂਸ ਦੁਨੀਆਂ ਦਾ, ਦੂਜੇ ਨੰਬਰ ਦਾ ਗੈਸ ਅਤੇ ਕੱਚੇ ਤੇਲ ਦਾ ਬਰਾਮਦਕਾਰ ਹੈ। ਰੂਸ ਅਤੇ ਯੂਕਰੇਨ ਦੁਨੀਆਂ ਦੇ ਖਾਦ ਪਦਾਰਥਾਂ ਦਾ 25% ਪੂਰਾ ਕਰਦੇ ਹਨ। ਦੁਨੀਆਂ ਦੀ ਸੂਰਜਮੁਖੀ ਤੇਲ ਦੀ ਖਪਤ ਦਾ ਲੱਗਭੱਗ 50% ਰੂਸ ਅਤੇ ਯੂਕਰੇਨ ਪੂਰਾ ਕਰਦੇ ਹਨ। ਰੂਸ ਯੂਕਰੇਨ ਯੁੱਧ ਕਾਰਨ, ਸਪਲਾਈ ਚੇਨ ਵਿੱਚ ਰੁਕਾਵਟ ਆ ਜਾਣ ਕਰਕੇ ਤੇਲ ਅਤੇ ਖਾਦ ਪਦਾਰਥਾਂ ਦੀਆਂ ਕੀਮਤਾਂ ਅਸਮਾਨੀ ਜਾ ਚੜੀਆਂ ਹਨ। ਪੈਨਾਡੈਮਿਕ ਦੇ ਸਮੇ ਹੀ ਉਤਪਾਦਨ ਘਟਣ ਕਰਕੇ ਕੀਮਤਾਂ ਉਪਰ ਨੂੰ ਜਾਣੀਆਂ ਸ਼ੁਰੂ ਹੋ ਗਈਆਂ ਸਨ, ਪੈਨਾਡੈਮਿਕ ਤੋਂ ਬਾਅਦ ਜਦੋਂ ਦੁਨੀਆਂ ਦੀ ਆਰਥਿੱਕਤਾ ਸੁਧਰਨੀ ਸ਼ੁਰੂ ਹੋ ਗਈ ਤਾਂ ਜਰੂਰੀ ਵਸਤਾਂ ਦੀ ਮੰਗ ਹੋ ਵਧ ਗਈ ਪਰ ਸਪਲਾਈ ਵਿੱਚ ਪੈਂਦੀਆਂ ਰੁਕਾਵਟਾਂ ਕਰਕੇ ਕੀਮਤਾਂ ਵਧਣੀਆਂ ਸ਼ੁਰੂ ਹੋ ਗਈਆਂ। ਸਿਰਫ ਇੱਕ ਸਾਲ ਦੇ ਵਿੱਚ 31 ਮਈ 2022 ਤੱਕ ਨੈਚਰਲ ਗੈਸ ਦੀ ਕੀਮਤ ਲੱਗ ਭੱਗ 170% ਵਧ ਗਈ ਜਦੋਂ ਕਿ ਲੜਾਈ ਤਾਂ 29 ਫਰਵਰੀ 2022 ਵਿੱਚ ਸ਼ੁਰੂ ਹੋਈ ਸੀ। ਜੇਕਰ ਕਰੂਡ ਆਇਲ ਦੀ ਗੱਲ ਕਰੀਏ ਤਾਂ ਲੜਾਈ ਤੋਂ ਬਾਦ, ਕਰੂਡ ਤੇਲ ਦੇ ਦੋ ਪਰੋਡੱਕਟ ਹੀਟਿੰਗ ਤੇਲ ਅਤੇ ਗੈਸੋਲੀਨ ਦੀ ਕੀਮਤ 60% ਵਧ ਗਈ, ਕਣਕ ਦੀ ਕੀਮਤ 40% ਵਧ ਗਈ, ਮੱਕੀ ਅਤੇ ਸੂਰਜਮੁਖੀ ਦੇ ਤੇਲ ਦੀ ਕੀਮਤ 60 ਤੋਂ ਲੈ ਕੇ 75% ਤੱਕ ਵਧ ਗਈ। ਯੂ.ਐਨ.ਡੀ.ਪੀ ਦੇ ਅਸ਼ੀਮ ਸਟੇਨਰ ਦੇ ਮੁਤਾਬਿਕ, 159 ਦੇਸ਼ਾਂ ਦੇ ਵਿਸ਼ਲੇਸ਼ਣ ਤੋਂ ਪਤਾ ਲੱਗਦਾ ਹੈ ਕਿ ਸਬ ਸਹਾਰਾ ਅਫਰੀਕਾ, ਬਾਲਕਨ ਅਤੇ ਏਸ਼ੀਅਨ ਦੇਸ਼ਾਂ ਨੂੰ ਸਭ ਤੋਂ ਵੱਧ ਮਾਰ ਝੱਲਣੀ ਪੈ ਰਹੀ ਹੈ। ਯੂ ਐਨ ਦੀ ਐਕਸ਼ਨ ਪਲੈਨ ਦੇ ਤਹਿਤ, ਅਮੀਰ ਮੁਲਕਾਂ ਨੂੰ ਹੁਣ ਖੁੱਲੇ ਦਿਲ ਨਾਲ਼ ਗਰੀਬ ਮੁਲਕਾਂ ਦੀ ਮੱਦਦ ਕਰਨੀ ਚਾਹੀਦੀ ਹੈ। ਵਧ ਰਹੀ ਇਨਫਲੇਸ਼ਨ ਕਰਕੇ ਲੋਕਾਂ ਦੇ ਰਹਿਣ ਸਹਿਣ ਦਾ ਖਰਚ ਐਨਾ ਵਧ ਗਿਆ ਹੈ ਕਿ ਇਸ ਨੇ ਲੱਖਾਂ ਹੀ ਲੋਕ ਗਰੀਬੀ ਦੀ ਰੇਖਾ ਤੋਂ ਥੱਲੇ ਧੱਕ ਦਿੱਤੇ ਹਨ ਅਤੇ ਬਹੁਤੇ ਮੁਲਕਾਂ ਦੇ ਲੋਕਾਂ ਦੀ ਹਾਲਤ ਤਾਂ ਭੁੱਖਮਰੀ ਤੱਕ ਪਹੁੰਚ ਗਈ ਹੈ ਅਤੇ ਅਕਾਲ਼ ਪੈ ਗਏ ਹਨ। ਇਹ ਵਧ ਰਹੀ ਗਰੀਬੀ ਹੋਰ ਸਮਾਜਿਕ ਉੱਥਲ਼ ਪੁੱਥਲ਼ ਨੂੰ ਹੀ ਜਨਮ ਦੇਵੇਗੀ। ਇਹ ਉੱਥਲ਼ ਪੁੱਥਲ਼ ਆਮ ਗਰੀਬ ਲੋਕਾਂ ਦੀ ਜ਼ਿੰਦਗੀ ਹੋਰ ਵੀ ਬਦਤਰ ਕਰ ਦੇਵੇਗੀ ।

ਸੰਸਾਰਿਕ ਸੰਸਥਾਵਰਾਂ ਵਰਲਡ ਬੈਂਕ ਅਤੇ ਕੌਮਾਂਤਰੀ ਮੁਦਰਾ ਫੰਡ ਨੇ ਗਰੀਬੀ ਰੇਖਾ ਦੀਆਂ ਤਿੰਨ ਲਾਈਨਾਂ ਖਿੱਚੀਆਂ ਹਨ, ਜਾਣੀ ਕਿ ਗਰੀਬਾਂ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਹੈ :--

1. ਪਹਿਲੀ ਕਲਾਸ ਅੱਤ ਦੇ ਗਰੀਬ ਮੁਲਕਾਂ ਦੀ ਹੈ, ਜਿੰਨਾਂ ਦੀ ਆਮਦਨ ਇੱਕ ਡਾਲਰ ਨੱਬੇ ਸੈਂਟ ਰੋਜਾਨਾਂ ਹੈ, ਨਾ ਹੀ ਇਹਨਾਂ ਲੋਕਾਂ ਕੋਲ਼ ਵਧੀਆ ਘਰ ਹਨ ਨਾਂ ਹੀ ਪੀਣ ਲਈ ਸਾਫ ਪਾਣੀ ਹੈ, ਨਾ ਹੀ ਰੱਜਵਾਂ ਖਾਣਾ ਹੈ, ਨਾ ਹੀ ਕੋਈ ਆਉਣ ਜਾਣ ਦੇ ਸਾਧਨ ਵਗੈਰਾ ਹਨ, ਇਸ ਤਰ੍ਹਾਂ ਲੱਗਦਾ ਹੈ ਕਿ ਇਹ ਲੋਕ ਅੱਜ ਵੀ ਪੱਥਰ ਯੁੱਗ ਵਿੱਚ ਰਹਿ ਰਹੇ ਹਨ ।

2. ਦੂਜੀ ਕਲਾਸ ਵਾਲ਼ੇ ਮੁਲਕਾਂ ਦੀ ਹਾਲਤ ਪਹਿਲੇ ਮੁਲਕਾਂ ਨਾਲ਼ੋ ਥੋੜੀ ਜਿਹੀ ਬੇਹਤਰ ਹੈ, ਇਹਨਾਂ ਮੁਲਕਾਂ ਦੇ ਲੋਕਾਂ ਦੀ ਔਸਤ ਆਮਦਨ ਤਿੰਨ ਡਾਲਰ ਵੀਹ ਸੈਂਟ ਰੋਜਾਨਾ ਹੈ।

3. ਤੀਜੀ ਕਲਾਸ ਵਾਲ਼ੇ ਮੁਲਕਾਂ ਦੇ ਲੋਕਾਂ ਦੀ ਔਸਤ ਆਮਦਨ ਪੰਜ ਡਾਲਰ ਪੰਜਾਹ ਸੈਂਟ ਰੋਜਾਨਾ ਹੈ। ਇਹਨਾਂ ਲੋਕਾਂ ਦਾ ਰਹਿਣ ਸਹਿਣ ਉਪਰਲੀਆਂ ਦੋ ਕਲਾਸਾਂ ਤੋਂ ਥੋੜਾ ਜਿਹਾ ਵਧੀਆ ਗਿਣਿਆ ਗਿਆ ਹੈ।

ਸੰਸਾਰ ਬੈਂਕ ਦੇ ਇੱਕ ਸਰਵੇ ਮੁਤਾਬਿਕ, ਰੂਸ ਅਤੇ ਯੂਕਰੇਨ ਦੀ ਲੜਾਈ ਕਰਕੇ ਪੰਜ ਕਰੋੜ ਲੋਕ ਦੂਜੀ ਕਲਾਸ ਵਾਲ਼ੇ, ਜਿਹਨਾਂ ਦੀ ਔਸਤ ਆਮਦਨ ਤਿੰਨ ਡਾਲਰ ਵੀਹ ਸੈਂਟ ਰੋਜ਼ਾਨਾ ਸੀ ਹੁਣ, ਇੱਕ ਡਾਲਰ ਨੱਬੇ ਸੈਂਟ ਵਾਲ਼ੀ ਕਲਾਸ ਵਿੱਚ ਆ ਗਏ ਹਨ। ਸਾਰਿਆਂ ਤੋਂ ਉਪਰੀ ਤੀਜੀ ਕਲਾਸ ਵਾਲ਼ੇ ਮੁਲਕਾਂ ਦੇ ਦੋ ਕਰੋੜ ਲੋਕ ਜਿਹਨਾਂ ਦੀ ਔਸਤ ਆਮਦਨ ਪੰਜ ਡਾਲਰ ਪੰਜਾਹ ਸੈਂਟ ਰੋਜ਼ਾਨਾ ਸੀ, ਹੁਣ ਦੂਜੀ ਕਲਾਸ ਵਾਲੇ ਲੋਕਾਂ ਜਿਹਨਾਂ ਦੀ ਆਮਦਨ ਤਿੰਨ ਡਾਲਰ ਵੀਹ ਸੈਂਟ ਰੋਜ਼ਾਨਾ ਸੀ ਮੁਲਕਾਂ ਦੀ ਹਾਲਤ ਵਿੱਚ ਆ ਗਏ ਹਨ, ਜਾਣੀ ਕਿ ਦੁਨੀਆਂ ਵਿੱਚ ਗਰੀਬ ਲੋਕਾਂ ਦੀ ਗਿਣਤੀ ਬੜੀ ਤੇਜ਼ੀ ਨਾਲ਼ ਵਧ ਰਹੀ ਹੈ ਯੂ ਐਨ ਦੀ ਇੱਕ ਹੋਰ ਰਿਪੋਰਟ ਦੇ ਮੁਤਾਬਿਕ ਦੋ ਬਿਲੀਅਨ ਲੋਕ ਗਰੀਬੀ ਦੀ ਰੇਖਾ ਤੋਂ ਥੱਲੇ ਆ ਗਏ ਹਨ। ਜੇਕਰ ਮੌਜੂਦਾ ਇਨਫਲੇਸ਼ਨ ਦੀ ਦਰ ਇਸੇ ਤਰ੍ਹਾਂ ਹੀ ਰਹੀ ਤਾਂ ਗਰੀਬ ਅਮੀਰ ਦਾ ਪਾੜਾ ਬਹੁਤ ਖਤਰਨਾਕ ਹੱਦ ਤੱਕ ਵਧ ਜਾਵੇਗਾ। ਪਿਛਲੇ ਦੋ ਸਾਲਾਂ ਦੇ ਪੈਨਾਡੈਮਿਕ ਦੌਰ ਨੇ ਦਰਸਾ ਦਿੱਤਾ ਹੈ ਕਿ ਗਰੀਬ ਮੁਲਕ, ਗਲੋਬਲ ਕਮਿਊਨਿਟੀ ਤੇ ਕਿੰਨਾ ਨਿਰਭਰ ਕਰਦੇ ਹਨ। ਯੂ ਐਨ ਡੀ ਪੀ ਦੇ ਇੱਕ ਕਾਰਜ ਕਰਤਾ 'ਜੌਰਜ ਗਰੇ ਮੌਲਿਨਾ' ਦੇ ਅਨੁਸਾਰ ਜੀ-20 ਮੁਲਕਾਂ ਨੂੰ, ਗਰੀਬ ਮੁਲਕਾਂ ਦੇ ਕਰਜੇ ਤੋਂ ਰਾਹਤ ਦੇਣੀ ਚਾਹੀਦੀ ਹੈ। ਗਰੀਬ ਮੁਲਕਾਂ ਦੀ ਗਿਣਤੀ ਘਟ ਨਹੀਂ ਰਹੀ ਸਗੋਂ ਵਧ ਰਹੀ ਹੈ, ਜਿਹੜੀ ਕਿ ਹੁਣ 73 ਤੋਂ ਵਧ ਕੇ 85 ਹੋ ਗਈ ਹੈ।

ਜਿਹੜੇ ਮੁਲਕ ਗਰੀਬ ਹਨ, ਉਹਨਾਂ ਮੁਲਕਾਂ ਦੇ ਲੋਕਾਂ ਦੀ ਆਮਦਨ ਦਾ 42% ਤਾਂ ਸਿਰਫ ਖਾਣੇ ਤੇ ਹੀ ਖਰਚ ਹੋ ਜਾਂਦਾ ਹੈ, ਫਿਰ ਉਹਨਾਂ ਲਈ ਕੱਪੜਾ, ਮਕਾਨ, ਜਾਂ ਮਹਾਂਮਾਰੀਆਂ ਨਾਲ਼ ਲੜਨ ਲਈ ਪੈਸਾ ਕਿੱਥੋਂ ਆਵੇਗਾ। ਜਦੋਂ ਦੀਆਂ ਪੱਛਮੀ ਮੁਲਕਾਂ ਨੇ ਰੂਸ ਤੇ ਸੈਂਕਸਨਾਂ ਲਾ ਦਿੱਤੀਆਂ ਹਨ, ਤਦੋਂ ਤੋਂ ਕਣਕ, ਖੰਡ, ਤੇਲ ਦੀਆਂ ਕੀਮਤਾਂ ਅਸਮਾਨੀ ਜਾ ਚੜੀਆਂ ਹਨ। ਰੂਸ ਵੱਲੋਂ, ਯੂਕਰੇਨ ਦੀਆਂ ਬੰਦਰਗਾਂਹਾਂ ਦੀ ਜਿਹੜੀ ਘੇਰਾਬੰਦੀ ਕੀਤੀ ਗਈ ਹੈ ਇਸ ਨਾਲ਼ ਕਣਕ ਵੀ ਗਰੀਬ ਮੁਲਕਾਂ ਨੂੰ ਨਹੀਂ ਜਾ ਰਹੀ ਹੈ। ਇਹ ਲਾਈਨਾਂ ਲਿਖਣ ਵੇਲ਼ੇ ਰੂਸ ਦਾ ਤੇ ਯੂਕਰੇਨ ਦਾ ਘੇਰਾਬੰਦੀ ਚੱਕਣ ਵਾਰੇ ਸਮਝੌਤਾ ਲੱਗਭੱਗ ਹੋ ਗਿਆ ਸੀ। ਸ਼ਾਇਦ ਇਸ ਸਮਝੌਤੇ ਤੋਂ ਬਾਅਦ ਕਣਕ ਦੀ ਸਪਲਾਈ ਵਿੱਚ ਕੋਈ ਫਰਕ ਪਵੇ ਦੁਨੀਆਂ ਦੇ ਪੰਦਰਾਂ ਵੀਹ ਮੁਲਕ ਪਾਕਿਸਤਾਨ ਸਣੇ ਯੂਕਰੇਨ ਦੀ ਕਣਕ ਤੇ ਨਿਰਭਰ ਕਰਦੇ ਹਨ। ਜਿਸ ਸਪੀਡ ਨਾਲ਼ ਦੁਨੀਆਂ ਭਰ ਵਿੱਚ ਲੋਕ ਗਰੀਬੀ ਦੀ ਰੇਖਾ ਤੋਂ ਥੱਲੇ ਵੱਲ ਧੱਕੇ ਜਾ ਰਹੇ ਹਨ, ਉਸ ਨੇ ਤਾਂ ਕੋਵਿਡ-19 ਦੀ ਮਹਾਂਮਾਰੀ ਨੂੰ ਵੀ ਮਾਤ ਪਾ ਦਿੱਤਾ ਹੈ। ਯੂ ਐਨ ਦੀ ਇੱਕ ਰਿਪੋਰਟ ਅਨੁਸਾਰ ਸਾਢੇ ਬਾਰਾਂ ਕਰੋੜ ਲੋਕ ਤਾਂ ਕੋਵਿਡ ਦੀ ਬਿਮਾਰੀ ਨੇ ਗਰੀਬੀ ਦੀ ਰੇਖਾ ਤੋਂ ਥੱਲੇ ਧੱਕ ਦਿੱਤੇ ਸਨ ਪਰ ਹੁਣ ਚਾਰ ਮਹੀਨਿਆਂ ਵਿੱਚ ਰੂਸ ਅਤੇ ਯੂਕਰੇਨ ਦੀ ਲੜਾਈ ਨੇ ਸੱਤ ਕਰੋੜ ਦਸ ਲੱਖ ਲੋਕਾਂ ਦੇ ਹੱਥ ਠੂਠਾ ਫੜਾ ਦਿੱਤਾ ਹੈ। ਕੁੱਝ ਦੇਸ਼ ਜਿਵੇਂ, ਹੇਤੀ, ਅਰਜਨਟਾਈਨਾਂ, ਮਿਸਰ, ਇਰਾਕ, ਟਰਕੀ, ਫਿਲਪੀਨਜ਼, ਰਵਾਂਡਾ, ਸੂਡਾਨ, ਕੀਨੀਆਂ, ਸ੍ਰੀਲੰਕਾ, ਉਜਬੇਕਿਸਤਾਨ, ਅਫਗਾਨਿਸਤਾਨ, ਇਥੋਪੀਆ, ਨਾਇਜੀਰੀਆ ਅਤੇ ਯਮਨ ਤਾਂ ਇਨਫਲੇਸ਼ਨ ਦੀ ਭਾਰੀ ਕੀਮਤ ਚੁਕਾ ਰਹੇ ਹਨ। ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਅੱਠ ਅਰਬ ਲੋਕਾਂ ਦੀ ਇਸ ਧਰਤੀ ਤੇ ਪੰਜ ਅਰਬ ਲੋਕ ਗਰੀਬੀ ਦੀ ਮਾਰ ਝੱਲ ਰਹੇ ਹਨ। ਇਹ ਵੀ ਕੋਈ ਹੈਰਾਨੀ ਵਾਲ਼ੀ ਗੱਲ ਨਹੀਂ ਕਿ ਯੂਕਰੇਨ ਦੀ ਲੜਾਈ ਤੋਂ ਪਹਿਲਾਂ ਵੀ ਢਾਈ ਅਰਬ ਲੋਕਾਂ ਨੂੰ ਰੱਜਵਾਂ ਖਾਣਾਂ ਨਹੀ ਸੀ ਮਿਲਦਾ। ਮੋਲਿਨਾ ਸਟੇਨਰ ਯੂ ਐਨ ਦੀ ਇੱਕ ਕਾਰਜ ਕਰਤਾ ਦੀ ਰਿਪੋਰਟ ਮੁਤਾਬਿਕ ਦੌਲਤ ਸਿਰਫ ਕੁੱਝ ਹੱਥਾਂ ਵਿੱਚ ਕੇਂਦਰਤ ਹੋਣ ਕਰਕੇ ਆਮ ਆਦਮੀ ਤਾਂ ਸਿਰਫ ਚੁੱਲ੍ਹਾ ਤਪਦਾ ਰੱਖਣ ਲਈ ਹੀ ਭੱਜੇ ਫਿਰਦੇ ਹਨ, ਉਹ ਹੋਰ ਸੋਚ ਵੀ ਕੀ ਸਕਦੇ ਹਨ। ਯੂ ਐਨ ਦੀ ਇੱਕ ਸਲਾਹ ਹੈ ਜਿਹੜੀ ਕਿਸੇ ਨੇ ਮੰਨਣੀ ਨਹੀਂ ਕਿ ਜਿਹੜਾ ਪੈਸਾ ਕਾਰਪੋਰੇਸ਼ਨਾਂ ਨੂੰ ਸਬਸਿਡੀਆਂ ਰਾਹੀਂ ਦਾਨ ਕੀਤਾ ਜਾਂਦਾ ਹੈ ਇਹੀ ਪੈਸਾ ਸਿੱਧਾ ਹੀ ਆਮ ਲੋਕਾਂ ਨੂੰ ਟਰਾਂਸਫਰ ਕਰ ਦੇਣਾ ਚਾਹੀਦਾ ਹੈ, ਨਹੀਂ ਤਾਂ ਉਹ ਲੋਕ ਜਿਹੜੇ ਸਾਢੇ ਪੰਜ ਡਾਲਰ ਦਿਹਾੜੀ ਤੇ ਗੁਜਾਰਾ ਕਰਦੇ ਉਹ ਵੀ ਗਰੀਬੀ ਦੀ ਰੇਖਾ ਤੋਂ ਥੱਲੇ ਵੱਲ ਚਲੇ ਜਾਣਗੇ। ਜਿੰਨਾ ਮੁਲਕਾਂ ਦਾ ਨਗਦੀ ਵੱਲੋਂ ਹੱਥ ਤੰਗ ਹੈ, ਉਹਨਾਂ ਮੁਲਕਾਂ ਨੂੰ ਪੈਨਾਡੈਮਿਕ ਵੇਲ਼ੇ ਦਿੱਤੀਆਂ ਜਾਂਦੀਆਂ ਸਹੂਲਤਾਂ ਜਾਰੀ ਰਹਿਣੀਆਂ ਚਾਹੀਦੀਆਂ ਹਨ।

ਜੇਕਰ ਵਿਕਸਤ ਮੁਲਕਾਂ ਜਰਮਨ ਅਤੇ ਇੰਗਲੈਂਡ ਦੀ ਗੱਲ ਕਰੀਏ ਤਾਂ ਜਰਮਨੀ ਵਿੱਚ ਬਜ਼ੁਰਗ ਲੋਕ ਆਪ ਦੇ ਖਾਣੇ ਦੇ ਖਰਚ ਵਿੱਚ ਵੀ ਕਟੌਤੀ ਕਰ ਰਹੇ ਹਨ। ਇਸ ਸਮੇਂ ਜਰਮਨੀ ਵਿੱਚ ਇਨਫਲੇਸ਼ਨ ਦੀ ਦਰ 7.8% ਹੈ । ਇੰਗਲੈਂਡ ਵਿੱਚ ਇਨਫਲੇਸ਼ਨ ਕਰਕੇ ਆਮ ਲੋਕਾਂ ਦੀ ਆਮਦਨ 9200 ਪੌਂਡ ਸਲਾਨਾ ਦੇ ਹਿਸਾਬ ਘਟ ਗਈ ਹੈ। ਇੰਗਲੈਂਡ ਵਿੱਚ ਗਰੀਬ ਲੋਕਾਂ ਨੂੰ ਅਪਾਰਟਮੈਂਟਾਂ ਦੇ ਕਿਰਾਏ ਦੇਣ ਵਿੱਚ ਵੀ ਦਿੱਕਤ ਆ ਰਹੀ ਹੈ। ਹਣ ਜਦੋਂ ਜਰਮਨੀ ਦੇ ਲੋਕ ਗਰੀਬੀ ਦਾ ਸੰਤਾਪ

(ਬਾਕੀ ਸਫ਼ਾ 29 'ਤੇ)






**SAROKARAN DI AWAZ**

**Publisher**
Pro-People Arts Project
Media Group 29
Mapleview Ave, Brampton
Ontario, CA, L6R 1M2

**Managing Director**
Devinder Toor, Toronto
416-902-9372
ppapmg@gmail.com

**Chief Editor**
Harbans Singh
416-817-7142
ppapmg@gmail.com

**Editor**
Master Bhajan Singh
Calgary (Alberta)
403-455-4220
btarksheel@gmail.com

**Editor**
Dr. Hardeep Singh Atwal
Cambridge (Ontario)
416-209-6363
deephsingh@gmail.com

**Chief advisor**
Buta Singh Nawan Shahr
(Punjab)
946-347-4342
atoozed@gmail.com

**Literary Advisor**
Haripal
Calgary (NE) Alberta
403-714-4816
haripalharry2016@gmail.com

Parminder Swaich
Surrey (BC)
604-760-4794
pswaich@hotmail.com

Jasvir kaur Manguwal
Winnipeg
204-881-4955
manguwal.j@gmail.com

**Honorary Advisory Board**
Sukhdev Singh Sandhu
(Toronto)
Master Balbir Singh Gill
(Toronto)
Jaspreet Dhaliwal
(Toronto)
Harcharan Singh Parhar
Calgary
Narbhinder Singh (India)
(Punjab)
935-443-0211

**Graphic Desinger**
Baljinder Singh Waraich
+91-92167-29598
akashdeep.1064@gmail.com



ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।


### ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਦੀ ਮੀਟਿੰਗ 'ਚ ਅਹਿਮ ਫੈਸਲੇ

# 7 ਅਗਸਤ ਨੂੰ ਕੋਸੋ ਹਾਲ ਵੱਡੀ ਮੀਟਿੰਗ ਅਤੇ 14 ਅਗਸਤ ਨੂੰ ਇਕ ਰੋਜ਼ਾ ਪੁਸਤਕ ਮੇਲਾ



ਕੈਲਗਰੀ (ਮਾ. ਭਜਨ) : ਅੱਜ ਇਥੇ ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਦੀ ਮੀਟਿੰਗ ਸਰਪ੍ਰਸਤ ਜਸਵਿੰਦਰ ਕੌਰ ਮਾਨ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿਚ 19 ਜੂਨ ਨੂੰ ਹੋਏ 11ਵੇਂ ਸਲਾਨਾ ਨਾਟਕ ਸਮਾਗਮ ਦਾ ਲੇਖਾ-ਜੋਖਾ ਕੀਤਾ ਗਿਆ। ਲਗਭਗ ਸਭ ਹਾਜ਼ਰ ਮੈਂਬਰਾਂ ਵਲੋਂ ਪੂਰਨ ਰੂਪ 'ਚ ਸਫ਼ਲ ਨਾਟਕ ਸਮਾਗਮ 'ਤੇ ਤਸੱਲੀ ਅਤੇ ਖ਼ੁਸ਼ੀ ਦਾ ਇਜ਼ਹਾਰ ਕੀਤਾ ਗਿਆ। ਜੋ ਨਿੱਕੀਆਂ ਮੋਟੀਆਂ ਕਮੀਆਂ ਰਹੀਆਂ ਉਹ ਨੋਟ ਕੀਤੀਆਂ ਗਈਆਂ ਅੱਗੇ ਨੂੰ ਉਨ੍ਹਾਂ ਨੂੰ ਦੂਰ ਕਰਨ ਦਾ ਪ੍ਰਣ ਕੀਤਾ ਗਿਆ। ਜਿਥੇ ਸਾਰੀ ਆਗੂ ਟੀਮ ਨੇ ਸਰਗਰਮੀ ਨਾਲ ਟੀਮ ਵਰਕ ਕੀਤਾ, ਉਥੇ ਮੀਡੀਆ ਦੀ ਨਿਭਾਈ ਭੂਮਿਕਾ ਦੀ ਸ਼ਲਾਘਾ ਕੀਤੀ ਗਈ। ਖਾਸ ਕਰਕੇ ਹਰਚਰਨ ਪਰਹਾਰ, ਗੁਰਦੀਪ ਪਰਹਾਰ (ਸਿੱਖ ਵਿਰਸਾ), ਰਿਸ਼ੀ ਨਾਗਰ ਜੀ (ਰੈਡ ਐਫਐਮ), ਹਰਬੰਸ ਬੁੱਟਰ (ਪੰਜਾਬੀ ਅਖ਼ਬਾਰ), ਸਰੋਕਾਰਾਂ ਦੀ ਅਵਾਜ਼ ਟਰਾਂਟੋ, ਪ੍ਰਾਇਮ ਏਸ਼ੀਆ, ਪੰਜਾਬੀ ਨੈਸ਼ਨਲ, ਬਲਜਿੰਦਰ ਸੰਘਾ (ਮੈਪਲ ਮੀਡੀਆ) ਆਦਿ ਸਭ ਦਾ ਜਥੇਬੰਦੀ ਵਲੋਂ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਇਸ ਵਾਰੀ ਹਫ਼ਤਾ ਪਹਿਲਾਂ ਹੀ ਟਿਕਟਾਂ ਮੁੱਕਣ ਕਾਰਨ ਬਹੁਤ ਸਾਰੇ ਪੱਕੇ ਦਰਸ਼ਕ ਵੀ ਨਾਟਕ ਦੇਖਣ ਤੋਂ ਵਾਂਝੇ ਰਹਿ ਗਏ ਜਿਸ ਦਾ ਸਾਨੂੰ ਅਫ਼ਸੋਸ ਹੈ। ਇਸ ਦੀ ਮੁਆਫ਼ੀ ਮੰਗਦੇ ਹੋਏ, ਅੱਗੇ ਨੂੰ ਦੋ ਸ਼ੋਅ ਕਰਵਾਉਣ ਦਾ ਫੈਸਲਾ ਕੀਤਾ ਗਿਆ। ਵੱਡੇ ਖਰਚਿਆਂ ਕਾਰਨ ਬਹੁਤ ਸਾਰੇ ਸਪਾਂਸਰਜ਼ ਵੀਰਾਂ ਨੇ ਫੰਡਾਂ ਦੀ ਸਹਾਇਤਾ ਕੀਤੀ ਹੈ ਅਸੀਂ ਉਨ੍ਹਾਂ ਸਭ ਦਾ ਹਾਰਦਿਕ ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਅਤੇ ਗੁਰਸ਼ਰਨ ਕਲਾ ਭਵਨ ਦੀ ਵੱਖਰੀ ਮਦਦ ਕੀਤੀ ਹੈ। ਉਨ੍ਹਾਂ ਸਭ ਦਾ ਵੀ ਬਹੁਤ ਧੰਨਵਾਦ। ਇਸ ਉਪਰੰਤ ਵਿੱਤ ਸਕੱਤਰ ਕਮਲਪ੍ਰੀਤ ਪੰਧੇਰ ਨੇ ਫੰਡਾਂ ਦੇ ਆਮਦਨ ਖਰਚੇ ਦੇ ਵੇਰਵੇ ਸਾਂਝੇ ਕੀਤੇ।

ਐਸੋਸੀਏਸ਼ਨ ਦੀ ਵੱਡੀ ਮਾਸਕ ਮੀਟਿੰਗ ਜੋ ਮਹੀਨੇ ਦੇ ਪਹਿਲੇ ਐਤਵਾਰ ਕੋਸੋ ਹਾਲ 102, 3208-8 Ave ਵਿਖੇ ਹੁੰਦੀ ਹੈ, ਉਹ 7 ਅਗਸਤ ਨੂੰ 2-5 ਵਜੇ ਦੁਪਹਿਰ ਹੋਵੇਗੀ। ਜਿਸ ਵਿਚ ਚਲੰਤ ਮਾਮਲੇ ਜਿਵੇਂ ਸਿਹਤ ਸਮੱਸਿਆ, ਵਧਦੀ ਮਹਿੰਗਾਈ ਆਦਿ ਮੁੱਦਿਆਂ 'ਤੇ ਵਿਚਾਰ-ਚਰਚਾ ਹੋਵੇਗੀ। ਇਸ ਵਾਰੀ ਨਾਟਕ ਟੀਮ ਦੇ ਕਲਾਕਾਰਾਂ ਨੂੰ ਬੋਲਣ ਦਾ ਵਿਸ਼ੇਸ਼ ਮੌਕਾ ਦਿੱਤਾ ਜਾਵੇਗਾ।

ਇਹ ਵੀ ਫੈਸਲਾ ਕੀਤਾ ਗਿਆ ਕਿ ਐਸੋਸੀਏਸ਼ਨ ਵਲੋਂ ਚਲਾਏ ਜਾ ਰਹੇ ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਵਲੋਂ 14 ਅਗਸਤ ਨੂੰ ਡਾ. ਭੁੱਲਰ ਵਾਲੇ ਗਰੀਨ ਪਲਾਜ਼ੇ 'ਚ ਇਕ ਰੋਜ਼ਾ ਪੁਸਤਕ ਮੇਲਾ ਸਮਾਂ 10 ਵਜੇ ਤੋਂ ਸ਼ਾਮ 6 ਵਜੇ ਤੱਕ ਲੱਗੇਗਾ। ਇਸ ਮੇਲਾ ਦਾ ਸਵੇਰੇ 10 ਵਜੇ ਛੋਟੀ ਬੱਚੀ ਲੇਖਿਕਾ ਅਮਰੀਤ ਗਿੱਲ ਜੋ ਕਿ ਪ੍ਰੌਗਰੈਸਿਵ ਕਲਾ ਮੰਚ ਕੈਲਗਰੀ ਦੀ ਪ੍ਰਤੀਬੱਧ ਕਲਾਕਾਰ ਹੈ, ਰਸਮੀ ਉਦਘਾਟਨ ਕਰੇਗੀ। ਜਿਸ ਨੇ The World in my Honds ਕਵਿਤਾ ਕਿਤਾਬ ਲਿਖੀ ਹੈ।

ਮੀਟਿੰਗ 'ਚ ਜਸਵਿੰਦਰ ਕੌਰ ਮਾਨ, ਮਾ. ਭਜਨ ਸਿੰਘ, ਹਰੀ ਪਾਲ, ਕਮਲਪ੍ਰੀਤ ਪੰਧੇਰ, ਨਵਕਿਰਨ ਢੁੱਡੀਕੇ, ਕੁਸਮ ਸ਼ਰਮਾ, ਬਨਦੀਪ ਕੌਰ ਗਿੱਲ ਅਤੇ ਕਮਲ ਸਿੱਧੂ ਹਾਜ਼ਰ ਸਨ। ਮੀਟਿੰਗ ਵਿਚ ਇਕ ਮਤੇ ਰਾਹੀਂ ਭਾਰਤ ਸਰਕਾਰ ਤੋਂ ਪੁਰਜ਼ੋਰ ਮੰਗ ਕੀਤੀ ਗਈ ਕਿ ਸਾਜ਼ਿਸ਼ ਅਧੀਨ ਝੂਠੇ ਕੇਸਾਂ 'ਚ ਬੰਦ ਸਭ ਬੁੱਧੀਜੀਵੀਆਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ।

# ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼ ਬਰੈਂਪਟਨ ਵਲੋਂ ਮਲਟੀਕਲਚਰਲ ਕੈਨੇਡਾ ਡੇਅ ਮਨਾਇਆ ਜਾਵੇਗਾ

**ਅਦਾਰਾ "ਸਰੋਕਾਰਾਂ ਦੀ ਆਵਾਜ਼" ਦੀ ਟੀਮ ਵੱਲੋਂ ਇਸ ਮੌਕੇ ਉਸਾਰੂ ਸਾਹਿਤ ਤੇ ਇਨਕਲਾਬੀ ਕਿਤਾਬਾਂ ਦਾ ਸਟਾਲ ਲਗਾਇਆ ਜਾਵੇਗਾ।**

ਬਰੈਂਪਟਨ : ਪਿਛਲੇ ਲਮੇ ਸਮੇਂ ਤੋਂ ਬਰੈਂਪਟਨ ਦੀਆਂ ਲਗਭਗ ਸਾਰੀਆਂ ਸੀਨੀਅਰ ਕਲੱਬਾਂ 'ਚ ਆਪਸੀ ਸਾਂਝ ਤੇ ਤਾਲਮੇਲ ਰੱਖਣ ਲਈ ਤੇ ਉਨ੍ਹਾਂ ਦੇ ਹਿੱਤਾਂ ਨੂੰ ਪ੍ਰਮੋਟ ਕਰਨ ਲਈ ਬਣੀ ਹੋਈ ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼ ਬਰੈਂਪਟਨ ਵਲੋਂ 13 ਅਗਸਤ ਦਿਨ ਸ਼ਨਿਚਰਵਾਰ ਨੂੰ ਮਲਟੀਕਲਚਰਲ ਕੈਨੇਡਾ ਡੇਅ ਮਨਾਉਣ ਦਾ ਫੈਸਲਾ ਕੀਤਾ ਗਿਆ। ਇਹ ਫੈਸਟੀਵਲ ਸੇਵ ਮੈਕਸ ਸੋਕਰ ਸੈਂਟਰ ਜੋ ਡੈਕਸੀ ਰੋਡ ਅਤੇ ਸੈਂਡਲਵੁਡ ਪਾਰਕ ਵੇ ਦੇ ਇੰਟਰ ਸੈਕਸ਼ਨ ਤੇ ਸਥਿਤ ਹੈ, ਵਿਖੇ ਖੁੱਲ੍ਹੇ ਹਾਲ ਵਿਚ ਸਵੇਰੇ 11 ਵਜੇ ਤੋਂ ਸ਼ਾਮ 4 ਵਜੇ ਤੱਕ ਲਗਾਤਾਰ ਚੱਲੇਗਾ। ਇਸ ਵਿਚ ਜਿਥੇ ਆਪਣੀਆਂ ਅਗਾਂਹਵਧੂ ਲਿਖਤਾਂ 'ਤੇ ਵਿਚਾਰਾਂ ਰਾਹੀਂ ਕੈਨੇਡਾ ਦੇ ਸਮਾਜਿਕ ਤੇ ਰਾਜਨੀਤਕ ਜੀਵਨ ਵਿਚ ਪ੍ਰਮੁੱਖਤਾ ਨਾਲ ਯੋਗਦਾਨ ਪਾ ਰਹੇ ਬੁੱਧੀਜੀਵੀ ਤੇ ਲਿਖਾਰੀ ਆਪਣੇ ਵਿਚਾਰ ਰੱਖਣਗੇ, ਉਥੇ ਸਟੋਪ ਡਾਇਬਟੀਜ਼ ਸੰਸਥਾ ਦੇ ਮੁਖੀ ਡਾ. ਹਰਪ੍ਰੀਤ ਸਿੰਘ ਬਜਾਜ ਵੀ ਸੀਨੀਅਰਜ਼ ਨੂੰ ਡਾਇਬਟੀਜ਼ ਤੋਂ ਬਚਾਅ ਲਈ ਵਡਮੁੱਲਾ ਟਿਪਸ ਦੇਣਗੇ। ਇਸਦੇ ਨਾਲ ਪੰਜਾਬੀ ਸਭਿਆਚਾਰ ਨਾਲ ਜੁੜੀ ਹੋਈ ਸੰਗੀਤਕ ਮੰਡਲੀ ਭਦੌੜ ਸੰਗਤ ਅਕੈਡਮੀ ਤੇ ਔਜਲਾ ਬ੍ਰਦਰਜ਼ ਵਲੋਂ ਗਿੱਧੇ ਭੰਗੜੇ ਦੀਆਂ ਟੀਮਾਂ ਆਪਣੇ ਹੁਨਰ ਦੀ ਪੇਸ਼ਕਾਰੀ ਕਰਨਗੀਆਂ। ਸਾਰਾ ਸਮਾਂ ਖਾਣ ਪੀਣ, ਖਾਸਕਰ ਸਿਹਤਮੰਦ ਪਰ ਸਵਾਦੀ ਫੂਡ ਦੀ ਸਪਲਾਈ ਜਾਰੀ ਰਹੇਗੀ। ਆਪਾਂ ਦੋ ਸਾਲ ਤੋਂ ਵੱਧ ਸਮਾਂ ਕਰੋਨਾ ਮਹਾਂਮਾਰੀ ਜਿਸ ਕਾਰਨ ਦੁਨੀਆ ਭਰ ਵਿਚ ਲੱਖਾਂ ਕੀਮਤੀ ਜਾਨਾਂ ਅਜਾਈਂ ਚਲੀਆਂ ਗਈਆਂ ਹਨ, ਦਾ ਸੰਤਾਪ ਭੋਗ ਕੇ ਤੇ ਇਕ ਦੂਜੇ ਤੋਂ ਡਰਦੇ ਮੂੰਹ ਲਕੋ ਕੇ ਦਿਨ ਕਟੀ ਕੀਤੀ ਹੈ, ਹੁਣ ਦੁਬਾਰਾ ਆਪਾਂ ਹੈਲਥ ਸਿਸਟਮ ਵਿਚ ਕੰਮ ਕਰ ਰਹੇ ਅਣਗਿਣਤ ਡਾਕਟਰ, ਨਰਸਾਂ ਤੇ ਹੋਰ ਕਾਮਿਆਂ ਦੀ ਅਣਥੱਕ ਕੋਸ਼ਿਸ਼ ਤੇ ਕੁਰਬਾਨੀ ਸਦਕਾ ਤੇ ਸਿਹਤ ਵਿਗਿਆਨ ਦੇ ਮਾਹਿਰਾਂ ਵਲੋਂ ਵੈਕਸੀਨ ਦੀ ਖੋਜ ਨਾਲ ਇਸ ਮਹਾਂਮਾਰੀ ਤੇ ਕਾਫ਼ੀ ਹੱਦ ਤੱਕ ਕਾਬੂ ਪਾਉਣ ਵਿਚ ਕਾਮਯਾਬ ਹੋਏ ਹਾਂ। ਇਸ ਲਈ ਆਓ ਇਕ ਵਾਰ ਫਿਰ ਆਪਣੇ ਹਾਣੀਆਂ ਤੇ ਮਿੱਤਰ ਪਿਆਰਿਆਂ ਨਾਲ ਮਸਕਰਾਉਂਦੇ ਹੋਏ ਜੁੜ ਬੈਠੀਏ ਤੇ ਵਧੀਆ ਫੈਸਟੀਵਲ ਦਾ ਆਨੰਦ ਮਾਣੀਏ। ਹੋਰ ਜਾਣਕਾਰੀ ਹੇਠ ਲਿਖੇ ਕਿਸੇ ਵੀ ਪ੍ਰਬੰਧਕ ਨੂੰ ਕਾਲ ਕੀਤੀ ਜਾ ਸਕਦਾ ਹੈ। ਜੰਗੀਰ ਸਿੰਘ ਸੈਂਹਬੀ ਪ੍ਰਧਾਨ 416-409-0126, ਰਣਜੀਤ ਸਿੰਘ ਤਗੜ ਉਪ ਪ੍ਰਧਾਨ 416-878-3711, ਪ੍ਰੀਤਮ ਸਿੰਘ ਸਰਾਂ ਸਕੱਤਰ 416-833-0567, ਅਮਰੀਕ ਸਿੰਘ ਕੁਮਰੀਆ ਵਿੱਤ ਸਕੱਤਰ 647-998-7253, ਮਹਿੰਦਰ ਸਿੰਘ ਮੋਹੀ ਮੀਡੀਆ ਐਡਵਾਈਜ਼ਰ 416-659-1232, ਡਾਇਰੈਕਟਰ ਪ੍ਰਿਤਪਾਲ ਸਿੰਘ ਗਰੇਵਾਲ 647-209-995, ਇਕਬਾਲ ਸਿੰਘ ਵਿਰਕ 647-704-7803










# Reliance /Legal Group LLP

**FORMERLY KNOWN AS SINGH & PARTNERS LAW OFFICE**

**Commonwealth Centre**
Unit 1101, 3961-52nd Ave.N.E.
Calgary, AB T3J 0J7

**Barristers, Solicitors and Notary Public**
**Our law group practices in**

| IMMIGRATION | REAL ESTATE | SMALL BUSINESS |
|---|---|---|
| Applications for Family Class and APPEALS, Skilled Workers, Investors, Refugee Claims | Buying and Selling Commercial and Residential Land Development Condominium Projects WILLS & ESTATE CRIMINAL LAW | Buying and Selling Franchises, Shareholder Agreements and Incorporations FORMATION OF PUBLIC COMPANIES |

**Tel. : 403-285-7070**

PERSONAL INJURY (Car Accident Claims)
NO LEGAL FEES UNTIL RECOVERY

Our clients include small businesses, public companies, builders, land developers, charitable organizations and individuals. We donate part of our fees to Alberta Children Hospital.

* Experienced lawyers, caring, confidential * Reasonable fees
* Free Initial Consultation * Weekend & Evening Appointments (available upon request)

# ਪੈਰਾਂ ਵਿਚ ਬੇੜੀਆਂ ਤੇ ਦਿਲ ਆਜ਼ਾਦ ਰਹੇ

**ਸਵਰਾਜਬੀਰ**

ਜੇਲ੍ਹ ਵਿਚ ਭਗਤ ਸਿੰਘ ਡਾਇਰੀ ਲਿਖਦਾ ਸੀ। ਇਸ ਡਾਇਰੀ ਦੇ 25ਵੇਂ ਸਫ਼ੇ ’ਤੇ ਉਸ ਨੇ ਅੰਗਰੇਜੀ ਕਵੀ ਵਿਲੀਅਮ ਵਰਡਜਵਰਥ ਦੀ ਇਹ ਕਵਿਤਾ ਦਰਜ ਕੀਤੀ ਹੈ:

**ਫੌਜਾਂ ਦੀ ਤਾਕਤ ਦਿਸਦੀ ਹੋਈ ਚੀਜ ਏ**<br>
**ਹਕੀਕੀ ਵੀ ਤੇ ਸਮੇਂ ਦੀਆਂ ਦੀਵਾਰਾਂ ’ਤੇ ਉੱਕਰੀ ਹੋਈ ਵੀ**<br>
**ਪਰ ਉਹ ਤਾਕਤ**<br>
**ਆਜਾਦੀ ਦੀ ਉਸ ਜੂਝਦੀ ਸ਼ਕਤੀ ਨੂੰ ਕਿਵੇਂ ਲੱਭੇਗੀ**<br>
**ਜਿਸ ਦੀ ਸਿਰਜਣਾ ਬਹਾਦਰ ਲੋਕ ਕਰਦੇ ਨੇ**<br>
**ਤੇ ਜਦ ਚਾਹੁਣ, ਆਪਣੀ ਮਰਜੀ ਨਾਲ**<br>
**ਉਸ ਨੂੰ ਛੁਪਾ ਲੈਂਦੇ ਨੇ**<br>
**ਕੀ ਇਹ (ਫੌਜੀ ਤਾਕਤ) ਬਦਲਾ ਲਵੇਗੀ?**<br>
**ਉਸ ਤਕਦੀਰੀ ਥਾਂ ਤਕ ਨਾ ਕੋਈ ਪੈਰ**<br>
**ਜਾ ਸਕਦੇ, ਨਾ ਕੋਈ ਨਜਰ**<br>
**ਉਹ ਸ਼ਕਤੀ, ਉਹ ਰੂਹ**<br>
**ਜਿਹੜੀ ਤੇਜ ਹਵਾਵਾਂ ਵਾਂਗ ਉੱਡਦੀ**<br>
**ਜਾਂ ਆਪਣੀਆਂ ਡਰਾਉਣੀਆਂ ਗੁਫਾਵਾਂ ਵਿਚ**<br>
**ਹਵਾਵਾਂ ਵਾਂਗ ਈ ਸੌਂਦੀ**<br>
**ਸਾਲਾਂ ਦੇ ਸਾਲ, ਨੇੜੇ ਤੇ ਦੂਰ**<br>
**ਇਹ ਦੇਸੀ ਫਸਲ ਉੱਗਦੀ ਰਹਿੰਦੀ**<br>
**ਇਹ ਮਿੱਟੀ ਤੋਂ ਪਾਣੀ ਵਾਂਗ ਉੱਠਦੀ**<br>
**ਤੇ ਹਰ ਹੋਂਠ ਤਕ ਪਹੁੰਚ ਜਾਂਦੀ**<br>
**ਉਸ ਨੂੰ ਖੁਸ਼ੀ ਦੇਣ ਦੇ ਲਈ**

ਵਰਡਜਵਰਥ ਦੀ ਇਸ ਕਵਿਤਾ ਦਾ ਸਿਰਲੇਖ ਹੈ: “ਫੌਜਾਂ ਦੀ ਤਾਕਤ ਦਿਸਦੀ ਹੋਈ ਚੀਜ ਏ” (The Power of Armies is a Visible Thing)। ਭਗਤ ਸਿੰਘ ਨੇ ਡਾਇਰੀ ਦੇ ਖੱਬੇ ਹੱਥ ਲੀਕ ਮਾਰ ਕੇ ਲਿਖਿਆ ਏ ‘ਆਜਾਦੀ ਲਈ ਲੜਾਈ (Fight for Freedom)’। ਕੁਦਰਤ ਦੇ ਵੱਖ ਵੱਖ ਰੰਗਾਂ ਨੂੰ ਸ਼ਬਦਾਂ ਵਿਚ ਚਿਤਰਣ ਵਾਲਾ ਵਿਲੀਅਮ ਵਰਡਜਵਰਥ ਫਰਾਂਸੀਸੀ ਇਨਕਲਾਬ ਤੋਂ ਪ੍ਰਭਾਵਿਤ ਸੀ; ਉਹ 1790ਵਿਆਂ ਵਿਚ ਕਈ ਵਾਰ ਫਰਾਂਸ ਗਿਆ; ਉਹ ਅੰਗਰੇਜੀ ਚਿੰਤਕਾਂ ਐਡਮੰਡ ਬਰਕ ਅਤੇ ਵਿਲੀਅਮ ਗੌਡਵਿਨ ਤੋਂ ਵੀ ਪ੍ਰਭਾਵਿਤ ਸੀ। ਭਗਤ ਸਿੰਘ ਡਾਇਰੀ ਦੇ 104ਵੇਂ ਸਫ਼ੇ ’ਤੇ ਐਡਮੰਡ ਬਰਕ ਦੇ ਇਹ ਸ਼ਬਦ ਦਰਜ ਕਰਦਾ ਹੈ, “ਇਕ ਸੂਝਵਾਨ ਸਿਆਸੀ ਆਗੂ ਹਮੇਸ਼ਾਂ ਇਹ ਸਮਝਣ ਦੀ ਕੋਸ਼ਿਸ਼ ਕਰਦਾ ਏ ਕਿ ਉਹ ਆਪਣੇ ਦੇਸ਼ ਦੇ ਮੌਜੂਦਾ ਹਾਲਾਤ ਦੀ ਚੰਗੀ ਤਰ੍ਹਾਂ ਵਰਤੋਂ ਕਿਵੇਂ ਕਰੇਗਾ।” ਭਗਤ ਸਿੰਘ ਨੇ ਵੀ ਫਰਾਂਸੀਸੀ ਇਨਕਲਾਬ ਦਾ ਅਧਿਐਨ ਕੀਤਾ ਤੇ ਇਸ ’ਤੇ ਨੋਟਸ ਬਣਾਏ (ਸਫ਼ੇ 183–189)। ਜੇਲ੍ਹ ਵਿਚ ਬੈਠਾ ਭਗਤ ਸਿੰਘ ਕੀ ਕਰ ਰਿਹਾ ਹੈ, ਉਹ ਪੜ੍ਹ ਰਿਹਾ ਹੈ, ਹਿੰਦੋਸਤਾਨ ਦੇ ਲੇਖਕਾਂ ਨੂੰ, ਜਰਮਨੀ, ਰੂਸ, ਇਟਲੀ, ਫਰਾਂਸ, ਇੰਗਲੈਂਡ ਤੇ ਹੋਰ ਦੇਸ਼ਾਂ ਦੇ ਲੇਖਕਾਂ ਨੂੰ। ਉਹ ਪੜ੍ਹਦਾ ਹੀ ਨਹੀਂ ਸਗੋਂ ਨਾਲ ਨਾਲ ਉਨ੍ਹਾਂ ਦੀਆਂ ਕਿਤਾਬਾਂ ਦੇ ਨੋਟਸ ਵੀ ਬਣਾਉਂਦਾ ਹੈ।

ਉਹ ਰਾਬਿੰਦਰਨਾਥ ਟੈਗੋਰ ਦੀ ਇਕ ਟੂਕ ਨੋਟ ਕਰਦਾ ਹੈ, “ਮਨੁੱਖਤਾ ਖੁਸ਼ੀਆਂ ਨੂੰ ਕੁਰਬਾਨ ਕਰਕੇ ਪੈਸਾ ਕਮਾ ਰਹੀ ਹੈ; ਯੂਰੋਪ ਦੀ ਮੌਜੂਦਾ ਸਭਿਅਤਾ ਦੀ ਖਾਹਿਸ਼ ਸ਼ੈਤਾਨੀਅਤ (ਭਾਵ ਪੈਸਾ/ਸਰਮਾਇਆ) ਨੂੰ ਆਪਣੀ ਤੇ ਸਿਰਫ ਆਪਣੀ ਵਾਹਿਦ ਮਲਕੀਅਤ ਬਣਾਉਣਾ ਹੈ। (ਡਾਇਰੀ ਸਫਾ 39)। ਡਾਇਰੀ ਦੇ 103ਵੇਂ ਪੰਨੇ ’ਤੇ ਉਹ ਫਿਰ ਟੈਗੋਰ ਵੱਲ ਪਰਤਦਾ ਹੈ ਤੇ ਨੋਟ ਕਰਦਾ ਹੈ, “ਉਹ ਜੱਜ ਜਿਹੜਾ ਪੀੜ/ਦੁੱਖ ਮਹਿਸੂਸ ਨਹੀਂ ਕਰਦਾ, ਉਹ ਨਿਆਂ ਕਰਨ ਦਾ ਹੱਕ ਨਹੀਂ ਰੱਖਦਾ।”

ਭਗਤ ਸਿੰਘ ਸਮਾਜਿਕ ਇਕਰਾਰਨਾਮੇ (Social Contract) ਦੇ ਸਾਰੇ ਸਿਧਾਂਤਕਾਰਾਂ ਹੋਬਜ, ਲੌਕ (Locke), ਰੂਸੋ ਸਭ ਨੂੰ ਨਿੱਠ ਕੇ ਪੜ੍ਹਦਾ ਹੈ। ਇਨ੍ਹਾਂ ਸਿਧਾਂਤਕਾਰਾਂ ਅਨੁਸਾਰ ਰਿਆਸਤ/ਸਟੇਟ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਸਮਾਜ ਅਫਰਾ–ਤਫਰੀ ਅਤੇ ਅਰਾਜਕਤਾ ਵਾਲੀ ਹਾਲਤ (State of Nature) ਵਿਚ ਸੀ। ਉਸ ਅਫਰਾ–ਤਫਰੀ ਨੂੰ ਖਤਮ ਕਰਨ ਲਈ ਲੋਕ ਆਪਸ ਵਿਚ ਇਕ ਅਹਿਦ ਜਾਂ ਇਕਰਾਰ ਕਰਦੇ ਹਨ ਕਿ ਰਿਆਸਤ/ਸਟੇਟ ਦੀ ਜਰੂਰਤ ਹੈ। ਇਨ੍ਹਾਂ ਸਿਧਾਂਤਕਾਰਾਂ ਦੀ ਮਨੁੱਖਤਾ, ਸਮਾਜ ਅਤੇ ਰਿਆਸਤ ਬਾਰੇ ਪਹੁੰਚ ਵਿਚ ਬਹੁਤ ਅੰਤਰ ਹੈ ਪਰ ਇਕ ਸਾਂਝ ਇਹ ਹੈ ਕਿ ਉਹ ਇਹ ਸਮਝਦੇ ਹਨ ਕਿ ਰਿਆਸਤ/ਸਟੇਟ/ਹਕੂਮਤ ਸਮਾਜ ਦੇ ਅਹਿਦਨਾਮੇ/ਇਕਰਾਰਨਾਮੇ ਕਾਰਨ ਹੋਂਦ ਵਿਚ



ਆਈ ਹੈ; ਇਹ ਰੱਬ ਦੀ ਦਿੱਤੀ ਹੋਈ ਦੈਵੀ ਬਖਸ਼ਿਸ਼ ਨਹੀਂ ਹੈ; ਇਸ ਤਰ੍ਹਾਂ ਇਨ੍ਹਾਂ ਚਿੰਤਕਾਂ ਨੇ ਇਸ ਸਿਧਾਂਤ ਕਿ ਰਾਜਿਆਂ ਵਿਚ ਦੈਵੀ ਅੰਸ਼ ਹੁੰਦਾ ਹੈ, ਨੂੰ ਲੋਕਾਂ ਦੇ ਮਨਾਂ ਵਿਚੋਂ ਕੱਢਣ ਵਿਚ ਅਹਿਮ ਭੂਮਿਕਾ ਨਿਭਾਈ। ਉਨ੍ਹਾਂ ਨੂੰ ਪੜ੍ਹਨ ਤੋਂ ਬਾਅਦ ਭਗਤ ਸਿੰਘ ਸੋਚਦਾ ਹੈ ਕਿ ਇਨਕਲਾਬ ਨੂੰ ਇਸ ਨਜਰੀਏ (ਸਮਾਜਿਕ ਇਕਰਾਰਨਾਮੇ ਦੇ ਪੱਖ) ਤੋਂ ਕਿਵੇਂ ਵੇਖਿਆ ਜਾਵੇ; ਉਹ ਟਿੱਪਣੀ ਕਰਦਾ ਹੈ, “ਇਨਕਲਾਬ ਉਦੋਂ ਹੀ ਵਾਜਬ (ਨਿਆਂ–ਸੰਗਤ) ਹੁੰਦਾ ਹੈ ਜਦੋਂ ਸਰਕਾਰ ਇਕਰਾਰਨਾਮੇ/ਅਹਿਦਨਾਮੇ ਦੇ ਨਿੱਜੀ ਅਧਿਕਾਰਾਂ ਦੀ ਰੱਖਿਆ ਕਰਨ ਦੇ ਆਪਣੇ ਅਹਿਦ ਤੋਂ ਮੁਨਕਰ ਹੋ ਜਾਵੇ।” (ਡਾਇਰੀ ਦਾ ਪੰਨਾ 176)

ਕਾਰਲ ਮਾਰਕਸ, ਲੈਨਿਨ, ਟਰਾਟਸਕੀ, ਸਾਰੇ ਭਗਤ ਸਿੰਘ ਦੀ ਡਾਇਰੀ ਵਿਚ ਹਾਜਰ ਹਨ। ਉੱਥੇ ਵਿਚਾਰਾਂ ਦਾ ਟਕਰਾਉ ਹੈ। ਭਗਤ ਸਿੰਘ ਸਾਰੇ ਚਿੰਤਕਾਂ ਦੇ ਵਿਚਾਰ ਨੋਟ ਕਰ ਰਿਹਾ ਹੈ; ਜੇ ਉਹ ਜਿਉਂਦਾ ਰਹਿੰਦਾ ਤਾਂ ਕਿਸ ਨਤੀਜੇ ’ਤੇ ਪਹੁੰਚਦਾ, ਅਸੀਂ ਨਹੀਂ ਜਾਣਦੇ। ਨਿਆਂ–ਪ੍ਰਣਾਲੀ ਬਾਰੇ ਉਹ ਨਿਊਜੀਲੈਂਡ ਦੇ ਕਾਨੂੰਨਦਾਨ ਅਤੇ ਜੱਜ ਜੌਹਨ ਸਾਲਮੰਡ ਦੀਆਂ ਲਿਖਤਾਂ ਵਿਚੋਂ ਵੇਰਵੇ ਸਹਿਤ ਨੋਟਸ ਬਣਾਉਂਦਾ ਹੈ ਕਿ ਕਾਨੂੰਨ ਕਿੰਨੀ ਤਰ੍ਹਾਂ ਦਾ ਹੁੰਦਾ ਅਤੇ ਹੋ ਸਕਦਾ ਹੈ; ਇਸ ਦਾ ਵਿਕਾਸ ਕਿਵੇਂ ਹੋਇਆ। ਉਹ ਸਾਲਮੰਡ ਦੁਆਰਾ ਦਿੱਤੇ ਗਏ ਬੁਨਿਆਦੀ ਸਿਧਾਂਤਾਂ ਨੂੰ ਨੋਟ ਕਰਦਾ ਹੈ, “ਸਿਵਲ ਨਿਆਂ ਹੱਕਾਂ ਦੀ ਰਾਖੀ ਕਰਦਾ ਹੈ। ਫੌਜਦਾਰੀ ਨਿਆਂ ਗਲਤੀਆਂ ਦੀ ਸਜਾ ਦਿੰਦਾ ਹੈ। (ਸਫਾ 112)”

ਸਿਧਾਂਤਕਾਰ, ਸਾਹਿਤਕਾਰ, ਪ੍ਰਸ਼ਾਸਕ, ਕਾਨੂੰਨਦਾਨ, ਭਗਤ ਸਿੰਘ ਸਭ ਨੂੰ ਪੜ੍ਹ ਰਿਹਾ ਹੈ। ਅਪਟੋਨ ਸਿਨਕਲੇਅਰ, ਵਾਲਟ ਵਿਟਮੈਨ, ਹੈਨਰਿਕ ਇਬਸਨ, ਵਿਕਟਰ ਹਿਊਗੋ, ਬਰਨਾਰਡ ਸ਼ਾਅ, ਜੈਕ ਲੰਡਨ ਤੇ ਹੋਰ ਕਈ ਸਾਹਿਤਕਾਰ ਡਾਇਰੀ ਦੇ ਸਫ਼ਿਆਂ ’ਤੇ ਹਾਜਰ ਹਨ।

ਭਗਤ ਸਿੰਘ ਜੇਲ੍ਹ ਵਿਚ ਹੈ। ਬੰਦੀਖਾਨੇ ਵਿਚ ਕੈਦ ਬੰਦਾ ਜੇਲ੍ਹ ਬਾਰੇ ਹੋਰਨਾਂ ਦੇ ਤਜਰਬੇ ਅਤੇ ਵਿਚਾਰ ਪੜ੍ਹਨਾ ਚਾਹੁੰਦਾ ਹੈ। ਉਹ ਅੰਗਰੇਜੀ ਕਵੀ ਬਾਇਰਨ ਦੀਆਂ ਬੰਦੀਖਾਨੇ ਬਾਰੇ ਲਿਖੀਆਂ ਇਹ ਤੁਕਾਂ ਡਾਇਰੀ ਦੇ 29ਵੇਂ ਸਫੇ ’ਤੇ ਨੋਟ ਕਰਦਾ ਹੈ:

**ਉੱਥੇ ਨਾ ਤਾਰੇ ਸਨ, ਨਾ ਧਰਤੀ, ਨਾ ਸਮਾਂ**<br>
**ਨਾ ਕੋਈ ਹੁੰਡੀ ਸੀ, ਨਾ ਭਾਣ (ਪੈਸਿਆਂ ਦੀ)**<br>
**ਨਾ ਚੰਗਿਆਈ, ਨਾ ਅਪਰਾਧ**<br>
**ਉੱਥੇ ਚੁੱਪ ਸੀ ਤੇ ਨਿਸੱਤੇ ਸਾਹ**<br>
**ਜਿਨ੍ਹਾਂ ’ਚ ਨਾ ਜ਼ਿੰਦਗੀ ਦੀ ਗੰਧ ਸੀ,**<br>
**ਨਾ ਮੌਤ ਦੀ**

ਇਹ ਸਤਰਾਂ ਬਾਇਰਨ ਦੀ ਲੰਮੀ ਕਵਿਤਾ, “ਕਿਲੋਨ ਦਾ ਕੈਦੀ (The Prisoner of Chillon)’ ਵਿਚੋਂ ਹਨ ਜਿਹੜੀ ਉਸ ਨੇ ਜਨੇਵਾ ਦੇ ਇਕ ਦੇਸ਼ਭਗਤ ਇਸਾਈ ਸਾਧੂ ਫਰਾਂਸਵਾਂ ਬੋਨੀਵਾਰਡ ਬਾਰੇ ਲਿਖੀ ਜਿਸ ਨੂੰ ਸਵਾਏ ਦੇ ਡਿਊਕ ਚਾਰਲਸ ਤੀਸਰੇ ਨੇ 1932 ਤੋਂ 1936 ਤਕ ਬੰਦੀ ਬਣਾ ਕੇ ਰੱਖਿਆ ਸੀ। ਉਸ ਨੇ ਜੇਲ੍ਹ ਤਜਰਬਿਆਂ ਬਾਰੇ ਕਈ ਹੋਰ ਕਵਿਤਾਵਾਂ ਵੀ ਨੋਟ ਕੀਤੀਆਂ ਹਨ:

**ਓ ਨੰਗੀਓ ਕੰਧੋ, ਬੰਦੀਖਾਨੇ ਦੇ ਸੋਚ-ਵਿਚਾਰੋ!**<br>
**ਕਿੰਨੇ ਉਦਾਸ ਤੇ ਹਨੇਰੇ ਹੋ ਤੁਸੀਂ**<br>
**ਕਿੰਨਾ ਬੋਝ ਵਾਲਾ ਕੰਮ ਹੁੰਦਾ ਏ**<br>
**ਇਕ ਬੰਦੀਵਾਨ ਨੂੰ ਬੇਦਮ ਕਰ ਦੇਣਾ**<br>
**ਤੇ ਫਿਰ ਆਜਾਦੀ ਦੇ ਸੁਪਨੇ ਲੈਣ ਨੂੰ ਕਹਿਣਾ**

ਇਹ ਸਤਰਾਂ ਰੂਸੀ ਇਨਕਲਾਬੀ, ਵਿਗਿਆਨੀ ਤੇ ਕਵੀ ਨਿਕੋਲੋਈ ਮੋਰੋਜੋਵ ਦੀਆਂ ਨੇ ਜਿਹੜਾ 1882 ਤੋਂ 1905 ਤਕ ਜਾਰ ਦੀ ਕੈਦ ਵਿਚ ਰਿਹਾ (ਡਾਇਰੀ ਦਾ ਪੰਨਾ: 30)। ਭਗਤ ਸਿੰਘ ਨੇ ਮੋਰੋਜੋਵ ਦੀਆਂ ਬਹੁਤ ਸਾਰੀਆਂ ਕਾਵਿ–ਟੁਕੜੀਆਂ ਨੋਟ ਕੀਤੀਆਂ ਹਨ। ਮੋਰੋਜੋਵ ਦੀ ਕੁਰਬਾਨੀ ਵੀ ਮਹਾਨ ਸੀ ਅਤੇ ਕਵਿਤਾ ਵੀ ਬੁਲੰਦ। ਇਕ ਹੋਰ ਕਾਵਿ–ਟੁਕੜੀ (ਪੰਨਾ 31) ਜੇਲ੍ਹ–ਜੀਵਨ ਨੂੰ ਇੰਝ ਚਿਤਰਦੀ ਹੈ:

**ਇੱਥੇ ਹਰ ਚੀਜ ਕਿੰਨੀ ਚੁੱਪ ਏ**<br>
**ਜੀਵਨਹੀਣੀ, ਪੀਲੀ**<br>
**ਵਰ੍ਹੇ ਲੰਘ ਜਾਂਦੇ ਨੇ ਬਿਨਾਂ ਕੁਝ ਕੀਤਿਆਂ**<br>
**ਕੋਈ ਨਿਸ਼ਾਨ ਨਹੀਂ ਬਚਦਾ**<br>
**ਕਿੰਨੇ ਬੋਝਲ ਨੇ ਹੌਲੀ ਹੌਲੀ ਰੀਂਗਦੇ ਇਹ ਦਿਨ, ਇਹ ਹਫਤੇ**<br>
**ਨੀਰਸ ਅਕੇਵੇਂ ਨਾਲ ਭਰੀਆਂ ਬੁੱਕਲਾਂ ਉਨ੍ਹਾਂ ਦੀਆਂ**

ਬਹਰਹਾਲ ਭਗਤ ਸਿੰਘ ਦੀ ਡਾਇਰੀ ਵਿਚ ਆਏ ਸਾਰੇ ਚਿੰਤਕਾਂ, ਸਾਹਿਤਕਾਰਾਂ, ਵਿਦਵਾਨਾਂ, ਕਾਨੂੰਨਦਾਨਾਂ, ਇਨਕਲਾਬੀਆਂ, ਦੇਸ਼ ਭਗਤਾਂ, ਸਮਾਜਿਕ ਕਾਰਕੁਨਾਂ ਆਦਿ ਦਾ ਜ਼ਿਕਰ ਕਰਨਾ ਸੰਭਵ ਨਹੀਂ ਹੈ।

(2)

23 ਮਾਰਚ, 1931 ਨੂੰ ਭਗਤ ਸਿੰਘ, ਸੁਖਦੇਵ ਤੇ ਰਾਜਗੁਰੂ ਨੂੰ ਫਾਂਸੀ ’ਤੇ ਲਟਕਾ ਦਿੱਤਾ ਗਿਆ। ਲੋਕ–ਮਨ ਪਸ਼ੇਮਾਨ ਸੀ, ਦੁਖੀ, ਨਾਉਮੀਦ; ਉਹ ਕਲਪਨਾ ਦਾ ਸੰਸਾਰ ਪੈਦਾ ਕਰਦਾ ਹੈ ਜਿਸ ਵਿਚ ਭਗਤ ਸਿੰਘ ਨੂੰ ਲਾੜੇ ਵਜੋਂ ਤਸੱਵਰ ਕੀਤਾ ਜਾਂਦਾ ਹੈ ਅਤੇ ਮੌਤ ਨੂੰ ਲਾੜੀ। ਲੋਕ–ਮਨ ਮੌਤ ਨਾਲ ਉਸ ਦੇ ਇਸ ਵਿਆਹ ’ਤੇ ਭੈਣਾਂ ਦੇ ਗਾਉਣ ਵਾਲੀਆਂ ਘੋੜੀਆਂ ਲਿਖਦਾ ਹੈ। ਇਕ ਘੋੜੀ ਇਸ ਤਰ੍ਹਾਂ ਹੈ:

**ਆਵੋ ਨੀਂ ਸਈਓ, ਰਲ ਗਾਵੋ ਘੋੜੀਆਂ**<br>
**ਜੰਞ ’ਤੇ ਹੋਈ ਹੈ ਤਿਆਰ ਵੇ ਹਾਂ**<br>
**ਮੌਤ ਕੁੜੀ ਨੂੰ ਵਿਆਹੁਣ ਚਲਿਆ**<br>
**ਭਗਤ ਸਿੰਘ ਸਰਦਾਰ ਵੇ ਹਾਂ**<br>
**ਹੱਥਕੜੀ ਦਾ ਗਾਨਾ ਫ਼ਰੰਗੀਆਂ ਬੱਧਾ**<br>
**ਲਾੜੇ ਨੂੰ ਸ਼ਿੰਗਾਰ ਵੇ ਹਾਂ।**<br>
**ਘੋੜੀ ਤੇ ਮਹਿੰਦੀ ਤੈਨੂੰ ਲਾਈ ਫ਼ਰੰਗੀਆਂ**<br>
**ਗਲ ਫਾਂਸੀ ਦਾ ਸੋਹਣਾ ਹਾਰ ਵੇ ਹਾਂ।**<br>
**ਆਵੋ ਨੀਂ ਸਈਓ ਰਲ ਗਾਵੋ ਘੋੜੀਆਂ**<br>
**ਜੰਞ ਤੇ ਹੋਈ ਹੈ ਤਿਆਰ ਵੇ ਹਾਂ।**<br>
**ਮਾਤਾ ਪਿਆਰੀ ਅੱਜ ਹੰਝੂਆਂ ਦਾ ਪਾਣੀ ਪੀਤਾ**<br>
**ਤੇਰੇ ਉੱਤੋਂ ਵਾਰ ਵੇ ਹਾਂ।**<br>
**ਭੈਣ ਪਿਆਰੀ ਦੀਆਂ ਭਰੀਆਂ ਨੇ ਅੱਖਾਂ**<br>
**ਡੁੱਲ੍ਹ ਡੁੱਲ੍ਹ ਪੈਂਦਾ ਵਿਚੋਂ ਨੀਰ ਵੇ ਹਾਂ।**<br>
**ਰਾਜਗੁਰੂ, ਸੁਖਦੇਵ ਵੀ ਤੁਰ ਪਏ**<br>
**ਯਾਰਾਂ ਦੇ ਜਿਹੜੇ ਯਾਰ ਵੇ ਹਾਂ।**<br>
**ਸ਼ਮਾ ਵਤਨ ਦੇ ਤਿੰਨ ਪ੍ਰਵਾਨੇ ਚੱਲੇ**<br>
**ਸੱਦਣ ਡੋਲਾ ਮਾਰ ਵੇ ਹਾਂ ।**<br>
**ਆਵੋ ਨੀਂ ਸਈਓ ਰਲ ਗਾਵੋ ਘੋੜੀਆਂ**<br>
**ਜੰਞ ਤੇ ਹੋਈ ਹੈ ਤਿਆਰ ਵੇ ਹਾਂ।**<br>
**ਸਤਲੁਜ ਦੇ ਕੰਢੇ ਤੇਰੀ ਵੇਦੀ ਬਣਾਈ**<br>
**ਲਹਿਰਾਂ ਨੇ ਕੀਤਾ ਹੈ ਸ਼ਿੰਗਾਰ ਵੇ ਹਾਂ।**<br>
**ਚਾਲੀ ਕਰੋੜ ਤੇਰੀ ਜੰਞ ਵੇ ਲਾੜਿਆ**<br>
**ਕਈ ਪੈਦਲ ਤੇ ਕਈ ਅਸਵਾਰ ਵੇ ਹਾਂ।**<br>
**ਖੜ੍ਹ ਖੜ੍ਹ ਸੋਂਹਦੇ ਗਮ ਨਾ ਕੋਈ**<br>
**ਮੱਥੇ ’ਤੇ ਲਾਲੀ ਬੇਸ਼ੁਮਾਰ ਵੇ ਹਾਂ।**<br>
**ਕੌਮ ਲਈ ਮਿਟਣ ਦਾ ਸ਼ੌਕ ਦਿਲ ਵਿੱਚ**<br>
**ਰਿਹਾ ਰੂਹਾਂ ਤੇ ਠਾਠਾਂ ਮਾਰ ਵੇ ਹਾਂ।**<br>
**ਆਵੋ ਨੀਂ ਸਈਓ ਰਲ ਗਾਵੋ ਘੋੜੀਆਂ**<br>
**ਜੰਞ ਤੇ ਹੋਈ ਹੈ ਤਿਆਰ ਵੇ ਹਾਂ।**<br>
**ਜਦ ਤੱਕ ਚਮਕਣ ਚੰਨ ਤੇ ਤਾਰੇ**<br>
**ਜਦ ਤੱਕ ਰਹੇ ਸੰਸਾਰ ਵੇ ਹਾਂ।**<br>
**ਇਸ ਸ਼ਹੀਦ ਦਾ ਨਾਮ ਚਮਕੇ**<br>
**ਸੂਰਜ ਦੀ ਮਾਰੇ ਚਮਕਾਰ ਵੇ ਹਾਂ।**<br>
**ਰੱਸੀ ਫਾਂਸੀ ਦੀ ਸ਼ੇਰ ਨੇ ਚੁੰਮਕੇ**<br>
**ਦਿੱਤਾ ਸੂਲੀ ਨੂੰ ਸ਼ਿੰਗਾਰ ਵੇ ਹਾਂ।**<br>
**ਬਲਕਾਰੀ ਅਮਰ ਹੋਇਆ ਦੇਸ਼ ਤੇ ਮਿਟਕੇ**<br>
**ਭਗਤ ਸਿੰਘ ਸਰਦਾਰ ਵੇ ਹਾਂ।**<br>
**ਆਵੋ ਨੀਂ ਸਈਓ ਰਲ ਗਾਵੋ ਘੋੜੀਆਂ**<br>
**ਜੰਞ ਤੇ ਹੋਈ ਹੈ ਤਿਆਰ ਵੇ ਹਾਂ।**

ਲੋਕ–ਮਨ ਹੋਰ ਤੀਬਰ ਕਲਪਨਾ ਕਰਦਾ ਹੈ; ਉਹ ਸੁਪਨਿਆਂ ਵਿਚ ਭਗਤ ਸਿੰਘ ਦੀ ਲਾੜੀ/ਨਾਰ ਸਿਰਜ ਲੈਂਦਾ ਹੈ; ਨਾਰ ਨੂੰ ਜੇਲ੍ਹ ਵਿਚ ਲੈ ਆਉਂਦਾ ਹੈ; ਉਹ ਦਰੋਗੇ ਨੂੰ ਮਿਲਦੀ ਅਤੇ ਭਗਤ ਸਿੰਘ ਨਾਲ ਮੁਲਾਕਾਤ ਕਰਦੀ ਹੈ:

ਉਹਦੀ ਹੋਣੇ ਵਾਲੀ ਨਾਰ ਜੀ ਪਈ ਤੱਕਦੀ ਉਸ ਦਾ ਰਾਹ।

ਕਿਸੇ ਜਾਂਦੇ ਜਾਂਦੇ ਰਾਹੀ ਨੇ ਦਿੱਤੀ ਉਸਨੂੰ ਖਬਰ ਪਹੁੰਚਾ।

**ਉਹ ਰੋਂਦੀ ਤੇ ਕੁਰਲਾਂਵਦੀ,**<br>
**“ਰੱਬਾ ਦਿੱਤਾ ਕਹਿਰ ਕਮਾ।**<br>
**ਰੱਬਾ! ਮੈਂ ਕੀ ਤੇਰਾ ਵਿਗਾੜਿਆ**<br>
**ਕਿਹੜੇ ਜਨਮ ਦਾ ਬਦਲਾ ਲਿਆ?**<br>
**ਕੋਈ ਦੇਖੀ ਨਾ ਖੁਸ਼ੀ ਜੱਗ ਦੀ ਅਜੇ ਪੂਰਾ ਨਾ ਹੋਇਆ ਚਾਅ।**<br>
**ਦਾਤਾ ਐਡਾ ਜ਼ੁਲਮ ਕਮਾਵਨਾ ਤੂੰ ਚੰਗਾ ਬੇਪਰਵਾਹ।**<br>
**ਜਾ ਮਿਲੀ ਦਰੋਗੇ ਜੇਲ੍ਹ ਨੂੰ ਲਈ ਮੁਲਾਕਾਤ ਕਰਾ।**<br>
**ਕਹਿੰਦੀ: “ਇਹ ਕੀ ਜ਼ੁਲਮ ਕਮਾ ਲਿਆ**<br>
**ਤੁਸੀਂ ਪੈ ਗਏ ਕਿਹੜੇ ਰਾਹ?**<br>
**ਕੰਧਾਂ ਮੇਰੇ ਦੇਸ਼ ਦੀਆਂ ਰੋਂਦੀਆਂ**<br>
**ਰਹੀਆਂ ਛਮ ਛਮ ਨੀਰ ਵਹਾ।**<br>
**ਕਦੀ ਸਿਹਰਾ ਬੰਨ੍ਹਕੇ ਆਵਸੀ**<br>
**ਪਈ ਤਕਣੀ ਆਂ ਤੇਰਾ ਰਾਹ।**<br>
**ਮੇਰੀਆਂ ਸਧਰਾਂ ਹਾਲੀ ਅਧੂਰੀਆਂ**<br>
**ਮੇਰਾ ਪੂਰਾ ਨਾ ਹੋਇਆ ਚਾਅ।**<br>
**ਕੁਝ ਤਰਸ ਕਰ ਮੇਰੇ ਹਾਲ ’ਤੇ**<br>
**ਮੈਨੂੰ ਹਾਣੀਆਂ ਨਾਲ ਲੈ ਜਾ।**<br>
**ਮੈਂ ਕਦੇ ਦੀ ਤਰਲੇ ਪਾਂਵਦੀ**<br>
**ਮੇਰੇ ਦਿਲ ਦੇ ਸ਼ਹਿਨਸ਼ਾਹ।”**<br>
**ਕਿਹਾ ਵੀਰ ਭਗਤ ਸਿੰਘ ਸਾਹਿਬ ਨੇ,**<br>
**“ਨਾ ਤੂੰ ਭੋਲੀਏ ਨੀਰ ਵਹਾ।**<br>
**ਮੈਂ ਦੇਸ਼ ਤੋਂ ਤਨ ਮਨ ਵਾਰਿਆ**<br>
**ਪੂਰਾ ਹੋ ਗਿਆ ਮੇਰਾ ਚਾਅ।**<br>
**ਮੈਂ ਬਣਕੇ ਮਾਲੀ ਦੇਸ਼ ਦਾ**<br>
**ਕਈ ਦਿੱਤੇ ਨੇ ਬੂਟੇ ਲਾ।**<br>
**ਫਲ ਖਾਣਗੇ ਬੱਚੇ ਦੇਸ਼ ਦੇ**<br>
**ਅਸੀਂ ਦਿੱਤਾ ਫਰਜ਼ ਨਿਭਾਅ।**<br>
**ਅਸੀਂ ਅਮਰ ਸ਼ਹੀਦੀ ਪਾ ਕੇ**<br>
**ਲੈਣਾ ਜੀਵਨ ਸਫਲ ਬਣਾ।**<br>
**ਸਾਡਾ ਦੇਸ਼ ਆਜ਼ਾਦ ਹੋ ਜਾਵਣਾ**<br>
**ਕੋਈ ਹੋਰ ਨਾ ਦਿਲ ਵਿੱਚ ਚਾਅ।**<br>
**ਕੱਲ੍ਹ ਘੋੜੀ ਉੱਤੇ ਚੜ੍ਹ ਜਾਵਣਾ**<br>
**ਮੇਰਾ ਹੋਣਾ ਈ ਕੱਲ੍ਹ ਵਿਆਹ।**<br>
**ਮੇਰੇ ਤੇਤੀ ਕਰੋੜ ਬਰਾਤੀਆਂ**<br>
**ਆਉਣੀ ਬਰਾਤ ਸਜਾਅ।**<br>
**ਮੇਰੀਆਂ ਭੈਣਾਂ ਘੋੜੀਆਂ ਗਾਂਦੀਆਂ**<br>
**ਬੜਾ ਵਾਗ ਫੜਾਈ ਦਾ ਚਾਅ।**<br>
**ਤੂੰ ਭੀ ਗੀਤ ਖੁਸ਼ੀ ਦੇ ਗਾ ਕੇ**<br>
**ਲਈਂ ਆਪਣਾ ਦਿਲ ਪਰਚਾ।”**<br>
**ਸਮਾਂ ਹੋ ਗਿਆ ਸਮਾਪਤ ਮਿਲਣ ਦਾ**<br>
**ਦਿੱਤਾ ਜ਼ਾਲਮ ਬਿਗਲ ਵਜਾ।**<br>
**ਸਾਥੀ ਵਿਛੜੇ ਜਨਮ ਜਨਮ ਦੇ**<br>
**ਦਿੱਤਾ ਜ਼ਾਲਮ ਵਿਛੋੜਾ ਪਾ।**<br>
**ਸੋਹਣੇ ਦੇਸ਼ ਦੇ ਵੀਰ ਸ਼ੇਰ ਨੂੰ**<br>
**ਦਿੱਤਾ ਫਾਂਸੀ ਦੇ ਤਖਤੇ ਚੜ੍ਹਾ।**<br>
**ਇਹਨਾਂ ਜ਼ਾਲਮਾਂ ਜ਼ੁਲਮ ਕਮਾ ਲਿਆ**<br>
**ਦਿੱਤੀ ਜਗਦੀ ਜੋਤ ਬੁਝਾ।**<br>
**ਸਾਡੇ ਦੇਸ਼ ਦੇ ਅਮਰ ਸ਼ਹੀਦ ਦੀਆਂ**<br>
**ਰਹੇ ਲੋਕ ਨੇ ਘੋੜੀਆਂ ਗਾ।**

ਲੋਕ–ਮਨ ਦੀ ਭਾਵਨਾ ਦੇਖੋ, ਉਹ ਭਗਤ ਸਿੰਘ ਨੂੰ ‘ਵੀਰ ਭਗਤ ਸਿੰਘ ਸਾਹਿਬ’ ਕਹਿੰਦਾ ਹੈ; ‘ਅਮਰ ਸ਼ਹੀਦ’ ਤੇ ‘ਵੀਰ ਸ਼ੇਰ’ ਮੰਨਦਾ ਹੈ।

(3)

ਸਾਡੇ ਕੋਲ ਕਿੰਨੇ ਭਗਤ ਸਿੰਘ ਹਨ; ਸ਼ਹੀਦ, ਸਿਧਾਂਤਕਾਰ, ਕੁਰਬਾਨੀ ਦਾ ਮੁਜੱਸਮਾ, ਲੋਕ–ਕਲਪਨਾ ਦੀ ਭਾਵੁਕਤਾ ਰਾਹੀਂ ਘੋੜੀ ਚੜ੍ਹਦਾ ਭਰਾ, ਚਿਤਵਿਆ ਹੋਇਆ ਮਹਿਬੂਬ, ਪਤੀ। ਅੱਜ ਵੀ ਉਹਦੇ ਸਿਧਾਂਤਾਂ ਤੇ ਕੁਰਬਾਨੀ ਦੀ ਗੂੰਜ ਦੁਨੀਆ ਦੇ ਕੋਨੇ ਕੋਨੇ ਵਿਚ ਸੁਣਾਈ ਪੈਂਦੀ ਹੈ; ਕੋਈ ਦੇਸ਼ ਆਪਣੇ ਜਹਾਜ ਦਾ ਨਾਂ ਉਸ ਦੇ ਨਾਂ ’ਤੇ ਰੱਖਦਾ ਹੈ, ਦੁਨੀਆ ਦੇ ਕਿਸੇ ਕੋਨੇ ਵਿਚ ਉਸ ਦਾ ਬੁੱਤ ਲੱਗਦਾ ਹੈ; ਉਸ ’ਤੇ ਫਿਲਮਾਂ ਬਣਦੀਆਂ ਹਨ, ਨਾਟਕ ਤੇ ਕਵਿਤਾਵਾਂ ਲਿਖੀਆਂ ਜਾਂਦੀਆਂ ਹਨ। ਇਨਕਲਾਬੀ ਉਸ ਦੇ ਨਾਂ ਦੀ ਸਹੁੰ ਖਾਂਦੇ ਹਨ। ਆਪਣੇ ਹੱਕਾਂ ਲਈ ਲੜਨ ਵਾਲੇ ਲੋਕ ਉਸ ਤੋਂ ਪ੍ਰੇਰਨਾ ਲੈਂਦੇ ਹਨ।

ਉਪਰੋਕਤ ਘੋੜੀ ਵਿਚ ਭਗਤ ਸਿੰਘ ਨੂੰ ਇਕ ਮਰਦ ਵਜੋਂ ਚਿਤਵਿਆ ਗਿਆ ਹੈ। ਮਰਦ–ਔਰਤ ਨਾਲ ਰਿਸ਼ਤਾ ਸੁਭਾਵਿਤ ਤੇ ਕੁਦਰਤੀ ਹੈ। ਕੀ ਭਗਤ ਸਿੰਘ ਦੇ ਮਨ ਵਿਚ ਕਿਸੇ ਕੁੜੀ, ਮਹਿਬੂਬਾ, ਪਤਨੀ ਦਾ ਤਸੱਵਰ ਸੀ; ਇਹ ਕੋਈ ਨਹੀਂ ਦੱਸ ਸਕਦਾ। ਆਪਣੀ ਕਿਤਾਬ “ਇਨਕਲਾਬੀ ਖਾਹਿਸ਼ਾਂ’ ਵਿਚ ਮਜਦੂਰ ਆਗੂ ਸਤੀਸ਼ ਲੂੰਬਾ ਦੀ ਧੀ ਅਨੀਆ ਲੂੰਬਾ ਉਸ ਸਮੇਂ ਦੀਆਂ ਸਿਆਸੀ ਲਹਿਰਾਂ ਵਿਚ ਹਿੱਸਾ ਲੈਣ ਵਾਲੀਆਂ ਕੁੜੀਆਂ ਊਸ਼ਾਬਾਈ ਡਾਂਗੇ, ਕਲਪਨਾ ਦੱਤ, ਪਾਰਵਰਤੀ, ਦੁਰਗਾ ਦੇਵੀ ਵੋਹਰਾ, ਪਾਰਵਤੀ, ਵਿਮਲਾ ਡਾਂਗ, ਸ਼ੀਲਾ ਦੀਦੀ, ਰਜੀਆ ਸੱਜਾਦ ਜਹੀਰ, ਲਕਸ਼ਮੀ ਸਹਿਗਲ, ਊਸ਼ਾ ਦੱਤ ਵਰਮਾ ਅਤੇ ਕਈ ਹੋਰਨਾਂ ਦਾ ਜ਼ਿਕਰ ਕਰਦੀ ਹੈ। ਭਗਤ ਸਿੰਘ ਦੇ ਸਾਥੀ ਹਿੰਦੀ ਲੇਖਕ ਯਸ਼ਪਾਲ ਨੇ ਇਨਕਲਾਬੀ ਸਾਥੀ ਪ੍ਰਕਾਸ਼ਵਤੀ ਨਾਲ ਵਿਆਹ ਕੀਤਾ। ਭਗਤ ਸਿੰਘ ਇਨ੍ਹਾਂ ਔਰਤਾਂ ’ਚੋਂ ਕਿੰਨੀਆਂ ਨੂੰ ਮਿਲਿਆ ਸੀ? ਅਸੀਂ ਇਸ ਬਾਰੇ ਜ਼ਿਆਦਾ ਨਹੀਂ ਜਾਣਦੇ। ਔਰਤਾਂ ਜਨਤਕ ਸੰਘਰਸ਼ਾਂ ਵਿਚ ਹਿੱਸਾ ਲੈਂਦੀਆਂ ਰਹੀਆਂ ਹਨ। ਆਪਣੀ ਜੇਲ੍ਹ ਡਾਇਰੀ ਵਿਚ ਉਹਨੇ ਰੂਸੀ ਇਨਕਲਾਬੀ ਵੇਰਾ ਫਿਗਨਰ ਦੀਆਂ ਕਈ ਕਾਵਿ–ਟੁਕੜੀਆਂ ਦਰਜ ਕੀਤੀਆਂ ਹਨ। ਫਿਗਨਰ ਨੂੰ ਮੌਤ ਦੀ ਸਜਾ ਹੋਈ ਸੀ ਜੋ ਸਾਇਬੇਰੀਆ ਵਿਚ 20 ਸਾਲ ਕੈਦ ਤੇ ਬਾਅਦ ਵਿਚ ਅੰਦਰੂਨੀ ਜਲਾਵਤਨੀ ਵਿਚ ਬਦਲੀ ਗਈ। ਉਹ ਬਹੁਤ ਸੁਹਣੀ ਔਰਤ ਸੀ। ਅਰਾਜਕਤਾਵਾਦੀ ਪੀਟਰ ਕਰਪੋਤਕਿਨ (ਭਗਤ ਸਿੰਘ ਨੇ ਕਰਪੋਤਕਿਨ ਬਾਰੇ ਲੇਖ ਅਗਸਤ 1928 ਵਿਚ ਲਿਖਿਆ ਸੀ) ਨੇ ਉਸ ਬਾਰੇ ਲਿਖਿਆ ਹੈ, “ਉਹ ਬਹੁਤ ਸੋਹਣੀ ਹੈ; ਪੂਜਾ ਕਰਨਯੋਗ ਹੈ।” ਵੇਰਾ ਦੀ ਹੇਠ ਲਿਖੀ ਕਾਵਿ–ਟੁਕੜੀ (ਡਾਇਰੀ ਦੇ ਪੰਨੇ 29 ’ਤੇ ਦਰਜ) ਗੁੰਮਨਾਮ ਇਨਕਲਾਬੀਆਂ ਬਾਰੇ ਹੈ:

**ਤੇ ਸਭ ਤੋਂ ਚੰਗੇ ਕੁਰਬਾਨ ਹੋ ਗਏ**<br>
**ਉਨ੍ਹਾਂ ਨੂੰ ਵੀਰਾਨੇ ਵਿਚ ਦਫਨਾਇਆ ਗਿਆ**<br>
**ਕੋਈ ਅੱਥਰੂ ਨਾ ਵਗਿਆ ਉਨ੍ਹਾਂ ਲਈ**<br>
**ਅਜਨਬੀ ਹੱਥਾਂ ਨੇ ਉਨ੍ਹਾਂ ਨੂੰ ਕਬਰਾਂ ਤਕ ਪਹੁੰਚਾਇਆ**<br>
**ਨਾ ਕੋਈ ਕਰਾਸ (ਇਸਾਈ ਧਾਰਮਿਕ ਚਿੰਨ੍ਹ)**<br>
**ਨਾ ਕੋਈ ਵਲਗਣ**<br>
**ਨਾ ਕਬਰ ’ਤੇ ਗੱਡਿਆ ਕੋਈ ਪੱਥਰ**<br>
**ਕੋਈ ਉਨ੍ਹਾਂ ਦੇ ਮਾਣਮੱਤੇ ਨਾਂ ਨਹੀਂ ਦੱਸਦਾ**<br>
**ਉਨ੍ਹਾਂ ’ਤੇ ਘਾਹ ਉੱਗਦਾ ਏ**<br>
**ਨਾਜੁਕ ਪੱਤੇ ਭੇਤ ਛੁਪਾਉਣ ਲਈ ਝੁਕੇ ਰਹਿੰਦੇ ਨੇ**<br>
**ਇਸ ਦੀਆਂ ਇਕੋ ਇਕ ਗਵਾਹ ਸਨ**<br>
**ਕਿਨਾਰੇ ਨਾਲ ਟਕਰਾਉਂਦੀਆਂ**<br>
**ਪਾਣੀ ਦੀਆਂ ਆਪਮੁਹਾਰੀਆਂ ਤੇ ਗੁਸੈਲ ਛੱਲਾਂ**<br>
**ਪਰ ਉਹ ਤਾਕਤਵਰ ਛੱਲਾਂ ਵੀ**<br>
**ਉਨ੍ਹਾਂ ਦੇ ਦੂਰ-ਦੁਰਾਡੇ ਘਰਾਂ ਤਕ**<br>
**ਅਲਵਿਦਾ ਦਾ ਸੁਨੇਹਾ ਲਿਜਾ ਨਾ ਸਕੀਆਂ**

ਭਗਤ ਸਿੰਘ ਤੇ ਉਸ ਦੇ ਸਾਥੀਆਂ ਨੂੰ ਵੀ ਅਜਨਬੀ ਹੱਥਾਂ ਨੇ ਸਤਲੁਜ ਕੰਢੇ ਸਾੜਿਆ। ਪਾਣੀ ਦੀਆਂ ਛੱਲਾਂ ਕਿਨਾਰਿਆਂ ਨਾਲ ਟਕਰਾਉਂਦੀਆਂ ਰਹੀਆਂ।

(4)

ਭਗਤ ਸਿੰਘ ਨੂੰ ਸ਼ਾਇਰੀ ਪੜ੍ਹਨ ਦਾ ਬਹੁਤ ਸ਼ੌਕ ਸੀ। ਉਸ ਨੇ ਪੰਜਾਬੀ, ਉਰਦੂ,

ਹਿੰਦੀ, ਅੰਗਰੇਜੀ, ਰੂਸੀ ਅਤੇ ਕਈ ਹੋਰ ਜੁਬਾਨਾਂ ਦੇ ਕਵੀਆਂ ਨੂੰ ਬੜੀ ਸ਼ਿੱਦਤ ਨਾਲ ਪੜ੍ਹਿਆ। ਉਰਦੂ ਦੇ ਸ਼ਾਇਰ ਗਾਲਿਬ, ਦਾਗ, ਰਾਮਪ੍ਰਸਾਦ ਬਿਸਮਿਲ, ਬਿਰਜ ਨਰਾਇਣ ਚਕਬਸਤ ਅਤੇ ਪੰਜਾਬੀ ਸ਼ਾਇਰ ਗੌਹਰ ਉਸ ਦੇ ਪਸੰਦੀਦਾ ਸ਼ਾਇਰ ਸਨ। ਉਸ ਨੂੰ ਬਿਸਮਿਲ ਅਤੇ ਚਕਬਸਤ ਦੀਆਂ ਗਜਲਾਂ ਬਹੁਤ ਪਸੰਦ ਸਨ। ਬਿਰਜ ਨਰਾਇਣ ਚਕਬਸਤ ਦੇ ਇਹ ਸ਼ਿਅਰ ਯਾਦਗਾਰੀ ਹਨ:

**ਮਿਟਨੇ ਵਾਲੋਂ ਕੀ ਵਫਾ ਕਾ ਯਹ ਸਬਕ ਯਾਦ ਰਹੇ**
**ਬੇੜੀਆਂ ਪਾਓਂ ਮੇਂ ਹੋਂ ਔਰ ਦਿਲ ਆਜਾਦ ਰਹੇ**
**ਬਾਗਬਾਨ ਦਿਲ ਸੇ ਵਤਨ ਕੋ ਯਹ ਦੁਆ ਦੇਤਾ ਹੈ,**
**ਮੈਂ ਰਹੂੰ ਯਾ ਨਾ ਰਹੂੰ ਯਹ ਚਮਨ ਆਬਾਦ ਰਹੇ।**

**ਉਸ ਨੂੰ ਚਕਬਸਤ ਦਾ ਇਹ ਸ਼ਿਅਰ ਵੀ ਬਹੁਤ ਪਸੰਦ ਸੀ:**

**ਉਨਹੇਂ ਯਹ ਫ਼ਿਕਰ ਹੈ ਹਰ ਦਮ ਨਈਂ ਤਰਜ-ਏ-ਜਫਾ ਕਿਆ ਹੈ**
**ਹਮੇਂ ਯਹ ਸ਼ੌਕ ਹੈ ਦੇਖੇਂ ਸਿਤਮ ਕੀ ਇੰਤਹਾ ਕਿਆ ਹੈ**

(5)

ਇਹ ਕੈਦ ਤੇ ਸ਼ਹੀਦੀ ਦੀਆਂ ਗੱਲਾਂ ਨੇ। ਭਗਤ ਸਿੰਘ ਜੇਲ੍ਹ ਵਿਚ ਜਾਣ ਤੋਂ ਬਹੁਤ ਪਹਿਲਾਂ ਦੇਸ਼ ਦੇ ਲੋਕਾਂ ਅਤੇ ਖਾਸ ਕਰਕੇ ਨੌਜਵਾਨਾਂ ਨੂੰ ਜਾਗਰੂਕ ਕਰਨ ਦਾ ਕੰਮ ਕਰ ਰਿਹਾ ਸੀ। ਉਸ ਨੇ ਨੌਜਵਾਨ ਭਾਰਤ ਸਭਾ ਅਤੇ ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕਨ ਆਰਮੀ ਜਥੇਬੰਦ ਕਰਨ ਵਿਚ ਅਹਿਮ ਭੂਮਿਕਾ ਨਿਭਾਈ। ਉਸ ਨੇ ਆਪਣੀਆਂ ਲਿਖਤਾਂ ਨਾਲ ਨੌਜਵਾਨਾਂ, ਕਿਸਾਨਾਂ, ਮਜਦੂਰਾਂ ਤੇ ਵਿਦਿਆਰਥੀਆਂ ਨੂੰ ਸੰਘਰਸ਼ ਕਰਨ ਲਈ ਪ੍ਰੇਰਿਆ। ਉਸ ਦੀਆਂ ਲਿਖਤਾਂ ਵਿਚੋਂ ਮੌਲਿਕਤਾ ਪ੍ਰਤੱਖ ਝਲਕਦੀ ਹੈ। ਉਦਾਹਰਣ ਦੇ ਤੌਰ 'ਤੇ ਉਸ ਨੇ ਪੰਜਾਬੀ ਨੌਜਵਾਨਾਂ ਨੂੰ ਇਹ ਸੰਦੇਸ਼ ਦਿੱਤਾ: "ਨੌਜਵਾਨ ਪੰਜਾਬੀਓ, ਦੂਜੇ ਸੂਬਿਆਂ ਦੇ ਨੌਜਵਾਨ ਆਪ ਆਪਣੀ ਥਾਂ 'ਤੇ ਤੂਫਾਨੀ ਰਫਤਾਰ ਨਾਲ ਕੰਮ ਕਰ ਰਹੇ ਹਨ। ਤਿੰਨ ਫਰਵਰੀ ਨੂੰ ਬੰਗਾਲ ਦੇ ਨੌਜਵਾਨਾਂ ਨੇ ਜਿਸ ਜਥੇਬੰਦੀ ਤੇ ਜਾਗਰਤੀ ਦਾ ਸਬੂਤ ਦਿੱਤਾ, ਉਹ ਸਾਡੇ ਲਈ ਚਾਨਣ ਮੁਨਾਰਾ ਹੈ। ਪੰਜਾਬ ਆਪਣੀਆਂ ਬੇਮਿਸਾਲ ਕੁਰਬਾਨੀਆਂ ਅਤੇ ਬਲੀਦਾਨਾਂ ਦੇ ਬਾਵਜੂਦ ਵੀ ਰਾਜਸੀ ਤੌਰ 'ਤੇ ਪਛੜਿਆ ਹੋਇਆ ਸੂਬਾ ਮੰਨਿਆ ਜਾਂਦਾ ਹੈ। ਕਿਸ ਲਈ ? ਇਸ ਕਰਕੇ ਕਿ ਅਸੀਂ ਇਕ ਯੋਧਿਆਂ ਦੀ ਕੌਮ ਵਿਚੋਂ ਤਾਂ ਹਾਂ, ਪਰ ਸਾਡੇ ਵਿਚ ਜਥੇਬੰਦੀ ਤੇ ਅਨੁਸ਼ਾਸਨ ਦੀ ਕਮੀ ਹੈ। ਅਸੀਂ ਜੋ ਕਿ ਪੁਰਾਤਨ ਸਮੇਂ ਦੀ ਟੈਕਸਿਲਾ ਦੀ ਯੂਨੀਵਰਸਿਟੀ 'ਤੇ ਮਾਣ ਕਰਦੇ ਹਾਂ, ਅੱਜ ਸਭਿਆਚਾਰ ਤੋਂ ਬਿਲਕੁਲ ਕੋਰੇ ਬੈਠੇ ਹਾਂ ਅਤੇ ਸਭਿਆਚਾਰ ਬਣਾਉਣ ਲਈ ਉੱਚ ਕੋਟੀ ਦੇ ਸਾਹਿਤ ਦੀ ਲੋੜ ਹੈ।"

ਕਿਸਾਨਾਂ ਤੇ ਮਜਦੂਰਾਂ ਨੂੰ ਜਥੇਬੰਦ ਕਰਨ ਬਾਰੇ ਉਸ ਦੇ ਵਿਚਾਰ ਸਨ: "ਇਹੀ ਕਾਰਨ ਹੈ ਕਿ ਸਾਡੇ ਲੀਡਰ ਅੰਗਰੇਜਾਂ ਅੱਗੇ ਗੋਡੇ ਟੇਕਣਾ ਪਸੰਦ ਕਰਦੇ ਹਨ, ਬਜਾਏ ਕਿਸਾਨਾਂ ਅੱਗੇ ਝੁਕਣ ਦੇ। ਪੰਡਿਤ ਜਵਾਹਰ ਲਾਲ ਦੀ ਗੱਲ ਵੱਖਰੀ ਹੈ। ਕੀ ਤੁਸੀਂ ਕਿਸੇ ਵੀ ਨੇਤਾ ਦਾ ਨਾਂ ਲੈ ਸਕਦੇ ਹੋ ਜਿਸ ਨੇ ਮਜਦੂਰਾਂ ਜਾਂ ਕਿਸਾਨਾਂ ਨੂੰ ਜਥੇਬੰਦ ਕਰਨ ਦੀ ਕੋਸ਼ਿਸ਼ ਕੀਤੀ ਹੋਵੇ। ਨਹੀਂ, ਉਹ ਖਤਰਾ ਮੁੱਲ ਨਹੀਂ ਲੈਣਗੇ। ਇਹੀ ਤਾਂ ਉਨ੍ਹਾਂ ਦੀ ਘਾਟ ਹੈ। ਇਸ ਕਰਕੇ ਮੈਂ ਕਹਿੰਦਾ ਹਾਂ ਕਿ ਉਹ ਸੰਪੂਰਨ ਆਜਾਦੀ ਨਹੀਂ ਚਾਹੁੰਦੇ। ਆਰਥਿਕ ਅਤੇ ਪ੍ਰਬੰਧਕੀ ਦਬਾਅ ਪਾ ਕੇ ਉਹ ਚੰਦ ਹੋਰ ਸੁਧਾਰ ਯਾਨੀ ਭਾਰਤੀ ਪੂੰਜੀਪਤੀਆਂ ਲਈ ਚੰਦ ਹੋਰ ਰਿਆਇਤਾਂ ਪ੍ਰਾਪਤ ਕਰਨਾ ਚਾਹੁਣਗੇ। ਇਸ ਕਰਕੇ ਮੈਂ ਕਹਿੰਦਾ ਹਾਂ ਕਿ ਇਸ ਅੰਦੋਲਨ ਦਾ ਭੱਠਾ ਤਾਂ ਬੈਠੇਗਾ ਹੀ।"

**ਮਿਟਨੇ ਵਾਲੋਂ ਕੀ ਵਫ਼ਾ ਕਾ ਯਹ ਸਬਕ ਯਾਦ ਰਹੇ**
**ਬੇੜੀਆਂ ਪਾਓਂ ਮੇਂ ਹੋ ਔਰ ਦਿਲ ਆਜ਼ਾਦ ਰਹੇ**

ਇਹ ਸੀ ਭਗਤ ਸਿੰਘ, ਗੰਭੀਰ ਤੇ ਸੂਝਵਾਨ ਚਿੰਤਕ ਅਤੇ ਸਿਆਸੀ ਆਗੂ ਜਿਸ ਨੇ ਮਕਾਨਕੀ ਢੰਗ ਨਾਲ ਕਿਸੇ ਵਿਚਾਰਧਾਰਾ ਨੂੰ ਸਵੀਕਾਰ ਕਰਨ ਤੋਂ ਇਨਕਾਰ ਕੀਤਾ; ਉਹ ਭਾਰਤੀ ਸਮਾਜ ਵਿਚ ਜਾਤ ਤੇ ਵਰਣ ਆਸ਼ਰਮ ਦੇ ਮਹੱਤਵ ਨੂੰ ਸਮਝਦਾ ਸੀ; ਉਸ ਨੇ ਦਲਿਤਾਂ ਨੂੰ ਅਸਲੀ ਕਿਰਤੀ ਕਹਿੰਦਿਆਂ ਇਉਂ ਵੰਗਾਰਿਆ: "ਅਛੂਤ ਕਹਾਉਣ ਵਾਲੇ ਅਸਲੀ ਸੇਵਕੋ ਤੇ ਵੀਰੋ, ਉੱਠੋ। ਆਪਣਾ ਇਤਿਹਾਸ ਦੇਖੋ। ਗੁਰੂ ਗੋਬਿੰਦ ਸਿੰਘ ਦੀ ਫੌਜ ਦੀ ਅਸਲੀ ਤਾਕਤ ਤੁਹਾਡੀ ਸੀ। ਸ਼ਿਵਾ ਜੀ ਤੁਹਾਡੇ ਆਸਰੇ ਹੀ ਇਹ ਸਭ ਕੁਝ ਕਰ ਸਕਿਆ ਜਿਸ ਨਾਲ ਅੱਜ ਉਸ ਦਾ ਨਾਂ ਜ਼ਿੰਦਾ ਹੈ। ਤੁਹਾਡੀਆਂ ਕੁਰਬਾਨੀਆਂ ਸੋਨੇ ਦੇ ਅੱਖਰਾਂ ਵਿਚ ਲਿਖੀਆਂ ਹੋਈਆਂ ਹਨ।" ਉਹ ਜਾਣਦਾ ਸੀ ਕਿ ਜਾਤ-ਪਾਤ ਦੇ ਸਵਾਲ ਨੂੰ ਹੱਲ ਕਰਨਾ ਬਹੁਤ ਜਰੂਰੀ ਹੈ। ਇਸ ਲਈ ਉਸ ਨੇ ਸਿਆਸੀ ਜਾਂ ਆਰਥਿਕ ਇਨਕਲਾਬ ਨਾਲੋਂ ਸਮਾਜਿਕ ਇਨਕਲਾਬ ਨੂੰ ਤਰਜੀਹ ਦਿੰਦਿਆਂ ਦਲਿਤਾਂ ਨੂੰ ਇਸ ਤਰ੍ਹਾਂ ਸੰਬੋਧਿਤ ਹੋਇਆ, "ਸਮਾਜਿਕ () ਐਜੀਟੇਸ਼ਨ ਇਨਕਲਾਬ ਪੈਦਾ ਕਰ ਦਿਓ ਅਤੇ ਪੋਲੀਟੀਕਲ ਤੇ ਆਰਥਿਕ ਇਨਕਲਾਬ ਵਾਸਤੇ ਕਮਰ ਕੱਸੇ ਕਰ ਲਓ। ਤੁਸੀਂ ਹੀ ਮੁਲਕ ਦੀ ਜੜ੍ਹ ਹੋ, ਅਸਲੀ ਤਾਕਤ ਹੋ, ਉਠੋ! ਸੁੱਤੇ ਹੋਏ ਸ਼ੇਰੋ, ਵਿਦਰੋਹੀਓ ਵਿਪੱਲਵ ਜਾਂ ਵਿਦਰੋਹ ਖੜ੍ਹਾ ਕਰ ਦਿਓ।"

**(ਭਗਤ ਸਿੰਘ ਦੀ ਡਾਇਰੀ ਬਾਰੇ ਸਮੱਗਰੀ ਪੁਸਤਕ 'Bhagat Singh's Jail Note Book' ਵਿਚੋਂ ਲਈ ਗਈ ਹੈ। ਇਸ ਦੇ ਸੰਪਾਦਕ ਹਰੀਸ਼ ਜੈਨ ਅਤੇ ਪੁਸਤਕ ਲੜੀ ਦੇ ਸੰਪਾਦਕ ਮਲਵਿੰਦਰਜੀਤ ਸਿੰਘ ਵੜੈਚ ਹਨ।)**

**ਦਹਿਸ਼ਤਗਰਦੀ ਬਾਰੇ**

"ਇਹ ਗੱਲ ਪ੍ਰਸਿੱਧ ਹੈ ਕਿ ਮੈਂ ਦਹਿਸ਼ਤਪਸੰਦ ਰਿਹਾ ਹਾਂ ਪਰ ਮੈਂ ਦਹਿਸ਼ਤਪਸੰਦ ਨਹੀਂ ਹਾਂ। ਮੈਂ ਇਕ ਇਨਕਲਾਬੀ ਹਾਂ ਜਿਸ ਦੇ ਕੁਝ ਨਿਸ਼ਚਿਤ ਵਿਚਾਰ ਅਤੇ ਆਦਰਸ਼ ਹਨ ਅਤੇ ਜਿਸ ਦੇ ਸਾਹਮਣੇ ਇਕ ਲੰਮਾ ਪ੍ਰੋਗਰਾਮ ਹੈ। ਮੇਰਾ ਇਹ ਪੱਕਾ ਵਿਸ਼ਵਾਸ ਹੈ ਕਿ ਅਸੀਂ ਬੰਬਾਂ ਅਤੇ ਪਿਸਤੌਲਾਂ ਨਾਲ ਲਾਭ ਪ੍ਰਾਪਤ ਨਹੀਂ ਕਰਾਂਗੇ। ਇਹ ਗੱਲ ਹਿੰਦੋਸਤਾਨ ਰਿਪਬਲਿਕਨ ਆਰਮੀ ਦੇ ਇਤਿਹਾਸ ਤੋਂ ਸਪੱਸ਼ਟ ਹੈ। ਨਿਰਾ ਬੰਬ ਸੁੱਟਣਾ ਨਾ ਸਿਰਫ ਬੇਫਾਇਦਾ ਹੈ ਸਗੋਂ ਕਈ ਵਾਰ ਨੁਕਸਾਨਦੇਹ ਵੀ ਹੈ, ਇਸ ਦੀ ਜਰੂਰਤ ਕਿਸੇ ਖਾਸ ਹਾਲਤ ਵਿਚ ਪੈ ਸਕਦੀ ਹੈ। ਸਾਡਾ ਮੁੱਖ ਮਕਸਦ ਮਜਦੂਰਾਂ ਅਤੇ ਕਿਸਾਨਾਂ ਨੂੰ ਜਥੇਬੰਦ ਕਰਨਾ ਹੋਣਾ ਚਾਹੀਦਾ ਹੈ।"

**- ਭਗਤ ਸਿੰਘ**

**ਪੰਜਾਬੀ ਨੌਜਵਾਨਾਂ ਲਈ ਸੰਦੇਸ਼**

"ਨੌਜਵਾਨ ਪੰਜਾਬੀਓ, ਦੂਜੇ ਸੂਬਿਆਂ ਦੇ ਨੌਜਵਾਨ ਆਪ ਆਪਣੀ ਥਾਂ 'ਤੇ ਤੂਫਾਨੀ ਰਫਤਾਰ ਨਾਲ ਕੰਮ ਕਰ ਰਹੇ ਹਨ। ਤਿੰਨ ਫਰਵਰੀ ਨੂੰ ਬੰਗਾਲ ਦੇ ਨੌਜਵਾਨਾਂ ਨੇ ਜਿਸ ਜਥੇਬੰਦੀ ਤੇ ਜਾਗਰਤੀ ਦਾ ਸਬੂਤ ਦਿੱਤਾ, ਉਹ ਸਾਡੇ ਲਈ ਚਾਨਣ ਮੁਨਾਰਾ ਹੈ। ਦੂਜੇ ਪੰਜਾਬ ਆਪਣੀਆਂ ਬੇਮਿਸਾਲ ਕੁਰਬਾਨੀਆਂ ਅਤੇ ਬਲੀਦਾਨਾਂ ਦੇ ਬਾਵਜੂਦ ਰਾਜਸੀ ਤੌਰ 'ਤੇ ਪਛੜਿਆ ਹੋਇਆ ਸੂਬਾ ਮੰਨਿਆ ਜਾਂਦਾ ਹੈ। ਕਿਸ ਲਈ ? ਇਸ ਕਰਕੇ ਕਿ ਅਸੀਂ ਇਕ ਯੋਧਿਆਂ ਦੀ ਕੌਮ ਵਿਚੋਂ ਤਾਂ ਹਾਂ, ਪਰ ਸਾਡੇ ਵਿਚ ਜਥੇਬੰਦੀ ਤੇ ਅਨੁਸ਼ਾਸਨ ਦੀ ਕਮੀ ਹੈ। ਅਸੀਂ ਜੋ ਕਿ ਪੁਰਾਤਨ ਸਮੇਂ ਦੀ ਟੈਕਸਿਲਾ ਦੀ ਯੂਨੀਵਰਸਿਟੀ 'ਤੇ ਮਾਣ ਕਰਦੇ ਹਾਂ, ਅੱਜ ਸਭਿਆਚਾਰ ਤੋਂ ਬਿਲਕੁਲ ਕੋਰੇ ਬੈਠੇ ਹਾਂ ਅਤੇ ਸਭਿਆਚਾਰ ਬਣਾਉਣ ਲਈ ਉੱਚ ਕੋਟੀ ਦੇ ਸਾਹਿਤ ਦੀ ਲੋੜ ਹੈ ਅਤੇ ਅਜਿਹਾ ਸਾਹਿਤ ਇਕ ਸਾਂਝੀ ਤੇ ਉਨਤ ਬੋਲੀ ਤੋਂ ਬਗੈਰ ਨਹੀਂ ਰਚਿਆ ਜਾ ਸਕਦਾ। ਅਫਸੋਸ : ਕਿ ਸਾਡੇ ਪਾਸ ਇਨ੍ਹਾਂ ਵਿਚੋਂ ਕੁਝ ਵੀ ਨਹੀਂ।"

**- ਭਗਤ ਸਿੰਘ**

**ਆਜਾਦੀ**

**ਨੌਜਵਾਨਾਂ ਦੀਆਂ ਲਾਸ਼ਾਂ**
**ਉਹ ਸ਼ਹੀਦ ਜੋ ਫਾਂਸੀ ਦੇ ਫੰਦਿਆਂ 'ਤੇ ਲਟਕਾਏ ਗਏ**
**ਦਿਲ ਜਿਨ੍ਹਾਂ ਦੇ ਛਲਣੀ ਕੀਤੇ ਗਏ ਗੋਲੀਆਂ ਨਾਲ**
**ਉਹ ਜੋ ਠੰਢੇ ਤੇ ਬੇਹਰਕਤ ਲੱਗਦੇ ਨੇ**
**ਉਹ ਕਿਤੇ ਹੋਰ ਜਿਉਂਦੇ ਨੇ**
**ਉਸ ਜੁੰਬਿਸ਼ ਦੇ ਨਾਲ**
**ਜੋ ਕਦੀ ਵੀ ਕਤਲ ਨਹੀਂ ਕੀਤੀ ਜਾ ਸਕਦੀ**
**ਓ ਰਾਜਿਓ! ਉਹ ਹੋਰ ਨੌਜਵਾਨਾਂ 'ਚ ਜਿਉਂਦੇ ਨੇ**
**ਉਨ੍ਹਾਂ ਭਰਾਵਾਂ 'ਚ, ਜੋ ਤਿਆਰ-ਬਰ-ਤਿਆਰ ਨੇ**
**ਤੁਹਾਡੇ ਤੋਂ ਨਾਬਰ ਹੋਣ ਲਈ**
**ਮੌਤ ਨੇ ਉਨ੍ਹਾਂ ਨੂੰ ਪਵਿੱਤਰ ਬਣਾ ਦਿੱਤਾ**
**ਉਹ ਸਭ ਕੁਝ ਸਿੱਖ ਗਏ**
**ਰੁਤਬਾ ਉਨ੍ਹਾਂ ਦਾ ਬੁਲੰਦ ਹੋਇਆ**
**ਆਜਾਦੀ ਲਈ ਸ਼ਹੀਦ ਦੀ ਕੋਈ ਕਬਰ ਨਹੀਂ ਹੁੰਦੀ**
**ਉਨ੍ਹਾਂ 'ਚੋਂ ਆਜਾਦੀ ਦੇ ਬੂਟੇ ਉੱਗਦੇ**
**ਤੇ ਹੋਰ ਬੀਜ ਫੁੱਟਦੇ**
**ਜੋ ਹਵਾਵਾਂ ਦੂਰ ਲੈ ਜਾਂਦੀਆਂ**
**ਮੀਂਹ ਤੇ ਬਰਫਾਂ ਜਿਨ੍ਹਾਂ ਨੂੰ ਪਾਲਦੇ**

**- ਵਾਲਟ ਵਿਟਮੈਨ (ਡਾਇਰੀ, ਸਫਾ 20-21)**

**ਸ਼ਹੀਦ**

ਜਿਹੜਾ ਵੀ ਮਨੁੱਖ ਆਪਣੀ ਜਾਨ ਦੀ ਪਰਵਾਹ ਕੀਤੇ ਬਿਨਾਂ ਸਾਰੀ ਜ਼ਿੰਦਗੀ ਆਪਣੇ ਹਮਵਤਨਾਂ ਨਾਲ ਹੁੰਦੀਆਂ ਜ਼ਿਆਦਤੀਆਂ ਦਾ ਵਿਰੋਧ ਕਰਦਿਆਂ ਗੁਜਾਰਦਾ ਹੈ, ਜਬਰ-ਜ਼ੁਲਮ ਅਤੇ ਅਨਿਆਂ ਪ੍ਰਤੀ ਚੇਤੰਨ ਅਤੇ ਉਦਾਸੀਨ ਰਹਿੰਦਿਆਂ ਇਸ ਨੂੰ ਜਾਰੀ ਰਹਿਣ ਦੇਣ ਵਾਲਿਆਂ ਦੇ ਮੁਕਾਬਲਤਨ ਉਹ ਸੰਤ ਹੁੰਦਾ ਹੈ, ਚਾਹੇ ਉਸ ਦੇ ਵਿਰੋਧ ਕਾਰਨ ਉਸ ਦੀ ਆਪਣੀ ਜ਼ਿੰਦਗੀ ਦੇ ਨਾਲ ਨਾਲ ਹੋਰਾਂ ਦੀ ਜ਼ਿੰਦਗੀ ਵੀ ਫਨਾਹ ਕਿਉਂ ਨਾ ਹੋ ਜਾਵੇ। ਅਜਿਹੇ ਬੰਦੇ ਨੂੰ ਪਹਿਲਾ ਪੱਥਰ ਉਹੀ ਮਾਰੇ ਜਿਸ ਨੇ ਸਮਾਜ ਵਿਚ ਵਿਚਰਦਿਆਂ ਕਦੇ ਕੋਈ ਪਾਪ ਨਾ ਕੀਤਾ ਹੋਵੇ।

**- ਐਮਾ ਗੋਲਡਮੈਨ (ਡਾਇਰੀ, ਪੰਨਾ 22)**

---

# ਪਦਾਰਥਵਾਦੀ ਦ੍ਰਿਸ਼ਟੀਕੋਣ ਦੀਆਂ ਜੜ੍ਹਾਂ

**ਅਤਰਜੀਤ**

ਇਹ ਮੰਨੀ ਪ੍ਰਮੰਨੀ ਸੱਚਾਈ ਹੈ ਕਿ ਵਿਚਾਰ ਕਿਸੇ ਅਗੰਮ ਜਾਂ ਅਗੋਚਰ ਤੋਂ ਨਹੀਂ ਆਉਂਦੇ ਇਹ ਦਿਸਦੇ ਸੰਸਾਰ ਦਾ ਪ੍ਰਤੀਬਿੰਬ ਹੁੰਦੇ ਹਨ। ਆਦਰਸ਼ਵਾਦ ਅਰਥਾਤ ਪੂਰਬਲੇ ਫ਼ਲਸਫ਼ੇ ਇਹ ਮੱਤ ਪੇਸ਼ ਕਰਦੇ ਸਨ ਕਿ ਇਹ ਸੰਸਾਰ ਝੂਠਾ ਹੈ ਤੇ ਇਹ ਕਿਸੇ ਹੋਰ ਸੰਸਾਰ ਦਾ ਪਰਛਾਂਵਾਂ ਹੈ। ਇਸੇ ਤਰ੍ਹਾਂ ਇਹ ਕਿਹਾ ਜਾਂਦਾ ਸੀ ਕਿ ਪਹਿਲਾਂ ਵਿਚਾਰ ਆਉਂਦਾ ਹੈ, ਫਿਰ ਉਸ ਦਾ ਫਲ਼ ਅਰਥਾਤ ਪਦਾਰਥ ਹੋਂਦ ਵਿੱਚ ਆਉਂਦਾ ਹੈ। ਜਦ ਵਿਗਿਆਨ ਦੀ ਤਰੱਕੀ ਨਾਲ਼ ਮਨੁੱਖ ਇਹ ਸੋਚਣ ਲੱਗਿਆ ਕਿ ਜਦ ਪਦਾਰਥ ਹੈ ਹੀ ਨਹੀਂ ਤਾਂ ਉਸ ਬਾਰੇ ਵਿਚਾਰ ਕਿੱਥੋਂ ਆ ਗਿਆ। ਉਦਾਹਰਨ ਵਜੋਂ ਅਜੇ ਬਾਜ਼ਾਰ ਵਿੱਚ ਘੜੀ ਤਾਂ ਆਈ ਨਹੀਂ, ਖ਼ਰੀਦਦਾਰ ਦੇ ਮਨ ਵਿੱਚ ਘੜੀ ਖ਼ਰੀਦਣ ਦਾ ਵਿਚਾਰ ਕਿਵੇਂ ਆ ਗਿਆ ? ਇਹ ਵਿਚਾਰ ਸੰਸਾਰ ਨੂੰ ਪੁੱਠਾ ਲਟਕਾ ਕੇ ਵੇਖਣ ਦ ਤੁੱਲ ਹੈ। ਇਸੇ ਤਰ੍ਹਾਂ ਕਾਢ ਬਾਰੇ ਕਿਹਾ ਜਾਂਦਾ ਹੈ-'ਲੋੜ ਕਾਢ ਦੀ ਮਾਂ'- ਹੈ। ਇਹ ਵਿਚਾਰ ਵੀ ਸੱਚਾਈ ਨੂੰ ਸਿਰ ਪਰਨੇ ਖੜ੍ਹਾ ਕਰਨ ਦਾ ਹੀ ਦੂਜਾ ਰੂਪ ਹੈ। ਅਸੀਂ ਇਹ ਕਿਉਂ ਨਹੀਂ ਕਹਿੰਦੇ ਕਿ ਕਿਸੇ ਵੀ ਕਾਢ ਪਿੱਛੇ ਹਜ਼ਾਰਾਂ ਲੱਖਾਂ ਸਾਲਾਂ ਦੀ ਮਨੁੱਖੀ ਮਿਹਨਤ ਦੀ ਭੂਮਿਕਾ ਹੈ। ਅੱਜ ਤੋਂ ਲੱਖਾਂ ਸਾਲ ਪਹਿਲਾਂ ਜੇ ਮਨੁੱਖ ਨੇ ਪਹੀਆ ਤਿਆਰ ਨਾ ਕੀਤਾ ਹੁੰਦਾ ਤਾਂ ਕੀ ਬੱਸਾਂ, ਮੋਟਰਾਂ, ਰੇਲ ਗੱਡੀਆਂ ਤੇ ਹਵਾਈ ਜਹਾਜ ਚੱਲ ਸਕਦੇ ? ਇਹ ਅੱਜ ਦੇ ਸਮੇਂ ਦਾ ਪ੍ਰਮੁੱਖ ਸੁਆਲ ਹੈ ਫ਼ਲਸਫ਼ੇ ਨੂੰ ਝੂਠਾ ਸਾਬਤ ਕਰਨ ਲਈ। ਪਹੀਏ ਦੀ ਕਿਸੇ ਨੇ ਕਾਢ ਨਹੀਂ ਕੱਢੀ। ਭਾਰੀ ਲੱਕੜ ਨੂੰ ਚੁੱਕ ਕੇ ਦੂਜੀ ਥਾਂ ਲਿਜਾਣ ਤੋਂ ਅਗਲਾ ਵਿਕਾਸ ਪੜਾਅ ਹੈ ਰੋੜ੍ਹ ਕੇ ਦੂਜੀ ਥਾਂ ਲਿਜਾਣਾ। ਪਹੀਏ ਦੀ ਕਿਸੇ ਇਕ ਵਿਅਕਤੀ ਨੇ ਕਾਢ ਨਹੀਂ ਕੱਢੀ, ਸਗੋਂ ਇਹ ਸਮੂਹਕ ਕਿਰਤ ਦੇ ਫਲ ਸਰੂਪ ਸਮੁੱਚੇ ਸਮਾਜ ਦਾ ਹਾਸਲ ਸੀ, ਭਾਰੀ ਲੱਕੜ ਨੂੰ ਰੋੜ੍ਹ ਕੇ ਦੂਜੀ ਥਾਂ ਲਿਜਾਣ ਦਾ ਸੌਖਾ ਰਾਹ।

ਪਿੱਛਲੇ ਦਿਨੀਂ ਨਵਾਂ ਜ਼ਮਾਨਾਂ ਦੇ ਐਤਵਾਰਤਾ ਅੰਕ ਵਿੱਚ ਬਾਰੂ ਸਤਵਰਗ ਹੁਰਾਂ ਦਾ ਬਾਬਾ ਬੂਝਾ ਸਿੰਘ ਦਾ ਸਕੂਲ ਅਤੇ ਬੂਟਾ ਸਿੰਘ ਦਾ ਬਾਬਾ ਬੂਝਾ ਸਿੰਘ ਲੇਖ ਪੜ੍ਹ ਕੇ ਇਸ ਵਿਚਾਰ ਨੂੰ ਅੱਗੇ ਤੋਰਨ ਦਾ ਮਨ ਬਣਿਆ ਹੈ। ਮੈਂ ਬਾਬਾ ਬੂਝਾ ਸਿੰਘ ਦੇ ਦੋ ਸਕੂਲ ਸੁਣੇ ਸਨ। ਇੱਕ ਬਠਿੰਡੇ ਦੀ ਅਮਰੀਕ ਸਿੰਘ ਸੜਕ 'ਤੇ ਪੈਂਦੇ ਟਿੱਬਿਆਂ 'ਤੇ ਕਿਸੇ ਦੇ ਕੋਠੇ ਵਿੱਚ ਤੇ ਦੂਜਾ ਕੋਠਾ ਗੁਰੂ ਕਾ ਦੀ ਕਿਸੇ ਥਾਂ। ਇਹ ਦੋਵੇਂ ਸਕੂਲ ਨਕਸਲਬਾੜੀ ਲਹਿਰ ਦੀ ਪੈਦਾਵਾਰ ਹਰਭਜਨ ਸਿੰਘ ਸੋਹੀ ਦੇ ਯਤਨਾਂ ਨਾਲ਼ ਆਯੋਜਤ ਕੀਤੇ ਗਏ ਸਨ। ਉਨ੍ਹਾਂ ਦੀ ਇਸ ਤਕਰੀਰ ਦੀਆਂ ਤਿੰਨ ਪਰਤਾਂ ਸਨ-ਦਵੰਦਵਾਦੀ ਪਦਾਰਥਵਾਦ, ਇਤਿਹਾਸਕ ਪਦਾਰਥਵਾਦ ਅਤੇ ਵਿਚਾਰ ਪਰਵਾਹ

(Thought of knowledge) ਯਾਨੀ ਗਿਆਨ ਪਦਾਰਥਵਾਦ। ਗਿਆਨ ਦੇ ਨਾਲ਼ ਪਦਾਰਥਵਾਦ ਸ਼ਬਦ ਲਾਉਣ ਬਾਰੇ ਮੈਂ ਇੱਥੇ ਹੀ ਸਾਫ਼ ਕਰ ਦੇਣਾ ਚਾਹੁੰਦਾ ਹਾਂ ਕਿ ਜਦ ਤੱਕ ਵਿਚਾਰ ਅਮੂਰਤ ਰੂਪ ਵਿੱਚ ਪਿਆ ਰਹਿੰਦਾ ਹੈ, ਇਹ ਨਿਰਾ ਫ਼ਲਸਫ਼ਾ ਅਤੇ ਇਕ ਪ੍ਰਕਾਰ ਮੂਰਛਿਤ ਅਵੱਸਥਾ ਵਿੱਚ ਪਿਆ ਕੇਵਲ ਵਿਚਾਰ ਹੁੰਦਾ ਹੈ ਪਰ ਜਦ ਇਹ ਅਮਲ ਵਿੱਚ ਆ ਜਾਂਦਾ ਤੇ ਪਦਾਰਥਕ ਸੰਸਾਰ ਉੱਪਰ ਲਾਗੂ ਹੋਣ ਲੱਗਦਾ ਤਾਂ ਇਹ ਵੀ ਪਦਾਰਥ ਦਾ ਰੂਪ ਅਖਤਿਆਰ ਕਰ ਲੈਂਦਾ। ਇਸ ਤੋਂ ਇਹ ਗੱਲ ਭਲਾਭਾਤੀ ਸਿੱਧ ਹੋ ਜਾਂਦੀ ਹੈ ਕਿ ਪਰਾਥਮਿਕਤਾ ਤਾਂ ਪਦਾਰਥ ਦੀ ਹੀ ਹੈ, ਵਿਚਾਰ ਦੋਮ ਦਰਜ਼ੇ ਦੀ ਵਸਤੂ ਹੈ।

ਬਾਬਾ ਬੂਝਾ ਸਿੰਘ ਦੇ ਇਨ੍ਹਾਂ ਦੁਹਾਂ ਸਕੂਲਾਂ ਵਿੱਚ ਦੋ ਦਿਨ ਲਗਾਤਾਰ ਇਨ੍ਹਾਂ ਤਿੰਨਾਂ ਧਾਰਾਵਾਂ ਉੱਪਰ ਵਿਚਾਰ ਪੇਸ਼ ਕੀਤੇ ਗਏ ਸਨ। ਪਹਿਲਾ ਦਵੰਦਵਾਦੀ ਪਦਾਰਥਵਾਦ ਨੂੰ ਲਈਏ। ਸਭ ਤੋਂ ਅਹਿਮ ਸੁਆਲਾਂ ਦਾ ਸੁਆਲ ਹੈ ਕਿ ਇਹ ਸੰਸਾਰ ਹੋਂਦ ਵਿੱਚ ਕਿਵੇਂ ਆਇਆ।

ਸਦੀਆਂ ਤੋਂ ਇਹ ਵਿਚਾਰ ਭਾਰੂ ਰਿਹਾ ਹੈ ਕਿ ਸਭ ਤੋਂ ਪਹਿਲਾਂ ਬ੍ਰਹਮਾ ਜੀ ਨੇ ਧਰਤੀ ਪੱਥ ਕੇ ਸ਼ੇਸ਼ ਨਾਗ ਦੇ ਸਿਰ 'ਤੇ ਟਿਕਾਈ। ਫਿਰ ਇਹ ਸੋਚ ਕੇ ਸ਼ੇਸ਼ ਨਾਗ ਫਣ ਹਿਲਾ ਸਕਦਾ ਹੈ ਤੇ ਧਰਤੀ ਰੁੜ੍ਹ ਸਕਦੀ ਹੈ, ਬਾਅਦ ਵਿੱਚ ਬਲਦ ਦੇ ਸਿੰਗ ਉੱਪਰ ਰੱਖ ਦਿੱਤੀ। ਇਸੇ ਕਰਕੇ ਭੂਚਾਲ ਨੂੰ ਬਲਦ ਦੇ ਸਿੰਗ ਬਦਲਣ ਨਾਲ਼ ਜੋੜਿਆ ਗਿਆ। ਬਾਬਾ ਬੂਝਾ ਸਿੰਘ ਜੀ ਦੇ ਸਕੂਲ ਸੁਣਨ ਤੋਂ ਕਈ ਸਾਲ ਬਾਅਦ ਮੈਂ ਵਿਦਵਾਨ ਸਿੰਘ ਸੋਨੀ ਹੁਰਾਂ ਦੀ ਪੁਸਤਕ 'ਕਿਹ ਵਿਧ ਸਜਿਉ ਪ੍ਰਿਥਮ ਸੰਸਾਰਾ' ਪੜ੍ਹੀ। ਇਸੇ ਤਰ੍ਹਾਂ ਮਾਰਕਸੀ ਵਿਚਾਰਵਾਨ ਕਾਰਨ ਫੋਰਥ ਦੀਆਂ ਤਿੰਨ ਪੁਸਤਕਾਂ, ਜਿਨ੍ਹਾਂ ਦਾ ਉੱਪਰ ਜ਼ਿਕਰ ਆ ਚੁੱਕਾ ਹੈ ਪੜ੍ਹੀਆਂ ਤਾਂ ਬਾਬਾ ਬੂਝਾ ਸਿੰਘ ਦੇ ਉਹ ਲੈਕਚਰ ਹੋਰ ਗਹਿਰਾਈ ਨਾਲ਼ ਸਮਝਣ ਦੀ ਸੋਝੀ ਆਈ।

ਉਨ੍ਹਾਂ ਨੇ ਬ੍ਰਹਿਮੰਡ ਦੀ ਸਿਰਜਣਾ ਨੂੰ ਇੱਕ ਮਹਾਂ ਧਮਾਕੇ ਨਾਲ਼ ਆਰੰਭ ਹੋਣ ਦੀ ਗੱਲ ਤੋਰੀ। ਅਰਬਦ ਨਰਬਦ ਧੁੰਦੂਕਾਰ ਵਿੱਚ ਗੈਸਾਂ ਦਾ ਪ੍ਰਤਕਰਮ ਸੀ ਕਿ ਮਹਾਂ ਧਮਾਕਾ ਹੋਇਆ ਤੇ ਅੱਗ ਦੇ ਮਹਾਂ ਫਲੂਸੜੇ ਵਿਸ਼ਾਲਤਾ ਦੇ ਖਿਲਾਅ ਵਿੱਚ ਖਿੱਲਰ ਗਏ। ਲੱਖਾਂ ਕਰੋੜਾਂ ਕੀ ਅਰਬਾਂ ਖਰਬਾਂ ਧਰਤੀਆਂ, ਸੂਰਜਾਂ, ਚੰਦਰਮਾਂ, ਅਣਗਿਣਤ ਗਲੈਕਸੀਆਂ ਤਾਰਿਆਂ ਬ੍ਰਹਿਮੰਡ ਹੋਂਦ ਵਿੱਚ ਆ ਗਿਆ, ਕੁਦਰਤ ਦਾ ਵਿਸ਼ਾਲ ਪਸਾਰਾ। ਕੁਦਰਤ ਦੀ ਵਿਆਖਿਆ ਕਰਦਿਆਂ ਇਹ ਸੱਚ ਉਘਾੜਿਆ ਕਿ ਕੁਦਰਤ ਅਬਦਲ ਨਿਯਮਾਂ ਦਾ ਭੰਡਾਰ ਹੈ, ਜਿਨ੍ਹਾਂ ਨੂੰ ਸਦਾ ਤੋਂ ਸਮਝਣ ਦਾ ਯਤਨ ਕਰਦਾ ਅਤੇ ਆਪਣੀ ਵਰਤੋਂ ਵਿੱਚ ਲਿਆਉਂਦਾ ਆ ਰਹਾ ਹੈ। ਅੱਗ, ਪਾਣੀ, ਹਵਾ ਆਦਿ ਵਰਤਾਰਿਆਂ ਨੂੰ ਮਨੁੱਖ ਨੇ ਕਿਵੇਂ ਕਾਬੂ ਕੀਤਾ ਹੈ, ਸਮਝਣ ਦੀ ਜ਼ਰੂਰਤ ਹੈ। ਦਿਨ ਬਦਿਨ ਹੋਰ ਵਰਤਾਰੇ ਮਨੁੱਖ ਦੀ ਪਕੜ ਵਿੱਚ ਆ ਰਹੇ ਹਨ। ਇਹ ਗੱਲ ਵੀ ਸਮਝ ਲੈਣੀ ਜ਼ਰੂਰੀ ਹੈ ਕਿ ਇਨ੍ਹਾਂ ਨਿਯਮਾਂ ਨੂੰ ਤਬਦੀਲ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਵਿੱਚੋਂ ਇੱਕ ਧਰਤੀ ਹੈ, ਜੋ ਕਰੜਾਂ ਸਾਲਾਂ ਵਿੱਚ ਠੰਢੀ ਹੋ ਕੇ ਵਸਣ ਯੋਗ ਹੋਈ। ਧਰਤੀ ਦੇ ਹੇਠ ਪਏ ਅਣਤੋਲੇ ਲਾਵੇ ਕਾਰਨ ਹੋਰ ਧਮਾਕੇ ਹੋਏ, ਪਹਾੜ ਬਣੇ। ਧਰਤੀ ਉੱਚੀ ਨੀਵੀਂ ਹੋਈ। ਆਕਸੀਜਨ ਤੇ ਹਾਈਡਰੋਜਨ ਗੈਸਾਂ ਦੇ ਮਿਸ਼ਰਨ ਨਾਲ਼ ਧਰਤੀ ਦੀਆਂ ਨੀਵੀਆਂ ਥਾਵਾਂ 'ਤੇ ਪਾਣੀ ਜਮ੍ਹਾਂ ਹੋ ਗਿਆ। ਇਹ ਸਾਰਾ ਕੁੱਝ ਵੀ ਇੱਕੋ ਵਾਰ ਨਹੀਂ ਹੋ ਗਿਆ। ਇਸ ਦੇ ਹੋਣ ਵਿੱਚ ਵੀ ਲੰਮਾ ਸਮਾਂ ਲੱਗਿਆ। ਇਸ ਨੂੰ ਪਦਾਰਥ ਦੀ ਵਿਕਾਸ ਪ੍ਰਕਿਰਿਆ ਦਾ ਨਾਂ ਦਿੱਤਾ ਗਿਆ। ਭਾਵ ਕਿ ਪਹਿਲਾਂ ਪਦਾਰਥ ਵਿੱਚ ਮਿਕਦਾਰੀ ਤਬਦੀਲੀ ਆਉਂਦੀ ਹੈ ਫਿਰ ਸਮੇਂ ਨਾਲ਼ ਜਦੋਂ ਹਾਲਾਤ ਪੱਕ ਜਾਂਦੇ ਹਨ ਤਾਂ ਸਿਫ਼ਤੀ ਤਬਦੀਲੀ ਆਉਂਦੀ ਹੈ। ਇਸ ਲਈ ਪਾਣੀ ਜਾਂ ਆਂਡੇ ਦੀਆਂ ਉਦਾਹਰਨਾਂ ਦਿੱਤੀਆਂ ਜਾ ਸਕਦੀਆਂ ਜਾ ਸਕਦੀਆਂ। ਸਿਫ਼ਰ ਦਰਜੇ ਦੀ ਠੰਢ ਵਿੱਚ ਪਾਣੀ ਅਹਿਸਤਾ ਅਹਿਸਤਾ ਜੰਮਣ ਲੱਗਦਾ ਹੈ ਤੇ ਬਰਫ਼ ਦਾ ਰੂਪ ਧਾਰਨ ਕਰਦਾ ਹੈ। ਇਸੇ ਤਰ੍ਹਾਂ ਜੇ ਅਸੀਂ ਪਾਣੀ ਨੂੰ ਪਤੀਲੇ ਵਿੱਚ ਪਾ ਕੇ ਅੱਗ 'ਤੇ ਰੱਖ ਦਿੰਦੇ ਹਾਂ ਤਾਂ ਇਹ ਲੋੜੀਂਦੇ ਤਾਪਮਾਨ ਤੱਕ ਪਹੁੰਚ ਕੇ ਭਾਫ਼ ਬਣ ਕੇ ਉੱਡਣ ਲੱਗਦਾ ਹੈ। ਇਸੇ ਤਰ੍ਹਾਂ ਅਸੀਂ ਪੰਛੀਆਂ ਦੇ ਆਂਡਿਆਂ ਦੀ ਪਰਖ ਕਰ ਸਕਦੇ ਹਾਂ। ਜੇ ਆਂਡਿਆਂ ਨੂੰ ਸਹੀ ਤਾਪਮਾਨ ਵਿੱਚ ਨਾ ਰੱਖਿਆ ਜਾਵੇ ਤਾਂ ਉਹ ਇਕ ਦੋ ਦਿਨਾਂ ਵਿੱਚ ਗਲ਼ ਜਾਂਦੇ ਹਨ। ਜੇ ਆਂਡੇ ਠੀਕ ਤਰੀਕੇ ਨਾਲ਼ ਪੰਛੀ ਆਪਣੇ ਖੰਭਾਂ ਹੇਠ ਲੈ ਕੇ ਲੋੜੀਂਦਾ ਤਾਪਮਾਨ ਦਿੰਦੇ ਰਹਿੰਦੇ ਹਨ ਤਾਂ ਪੰਦਰਾਂ ਕੁ ਦਿਨਾਂ ਵਿੱਚ ਆਂਡਿਆਂ 'ਚੋ ਬੱਚੇ ਨਿੱਕਲ਼ ਆਉਂਦੇ ਹਨ। ਅੱਜ ਕੱਲ੍ਹ ਮਸਨੂਈ ਤਾਪਮਾਨ ਦੇ ਕੇ ਆਂਡਿਆਂ 'ਚੋਂ ਬੱਚੇ ਕੱਢੇ ਜਾਣ ਲੱਗੇ ਹਨ। ਕੁਦਰਤ ਦੇ ਉਸ ਨਿਯਮ ਨੂੰ ਮਨੁੱਖ ਨੇ ਸਮਝਿਆ ਤੇ ਵਰਤੋਂ ਵਿੱਚ ਲੈ ਆਂਦਾ। ਪੰਦਰਾਂ ਦਿਨ ਤੱਕ ਉਨ੍ਹਾਂ ਵਿੱਚ ਮਿਕਦਾਰੀ (ਧੀਮੀ ਗਤੀ ਵਿੱਚ ਥੋੜ੍ਹੀ ਮਾਤਰਾ ਵਿੱਚ ਤਬਦੀਲੀ) ਤਬਦੀਲੀ ਹੁੰਦੀ ਰਹੀ। ਪੰਦਰਾਂ ਦਿਨਾ ਬਾਅਦ ਉਸ ਪਦਾਰਥ ਦੀ ਕਿਸਮ ਹੀ ਬਦਲ ਗਈ, ਜਿਸ ਨੂੰ ਸਿਫ਼ਤੀ ਤਬਦੀਲੀ ਦਾ ਨਾਂ ਦਿੱਤਾ ਗਿਆ।

ਪਦਾਰਥ ਦੇ ਆਪਣੇ ਦੋ ਆਪਸ ਵਿੱਚ ਵਿਰੋਧੀ ਦੋ ਜੁਜ਼ (Positive-Negative) ਹਨ-ਹਾਂ ਵਾਚਕ ਅਤੇ ਨਾਂਹ ਵਾਚਕ। ਇਸ ਨੂੰ ਅਸੀਂ ਸੌਖੀ ਭਾਸ਼ਾ ਵਿੱਚ ਸਿੱਧਾ ਤੇ ਪੁੱਠਾ ਪਾਸਾ ਵੀ ਕਹਿ ਸਕਦੇ। ਜਿਵੇਂ ਚੁੰਬਕ ਦੇ ਹਾਂ ਵਾਚੀ ਨਾਂਹ ਵਾਚੀ ਗੁਣ ਹੁੰਦੇ ਹਨ। ਇਸੇ ਤਰ੍ਹਾਂ ਵਿਗਿਆਨ ਨੇ ਸਾਬਤ ਕਰ ਦਿੱਤਾ ਕਿ ਹਰ ਅਣੂ ਵਿੱਚ ਇਹ ਹਾਂ ਵਾਚੀ ਨਾਂਹ ਵਾਚੀ ਗੁਣ ਹੁੰਦੇ ਹਨ। ਰੇਤੇ ਦੇ ਇਕ ਕਣ ਵਿਚ ਲੱਖੂਖਾ ਐਟਮ (atom) ਸਮਾਏ ਹੋਏ ਹੁੰਦੇ ਹਨ ਤੇ ਹਰ ਐਟਮ ਵਿੱਚ ਉਸ ਦੇ ਇਹੋ ਹਾਂ ਵਾਚੀ (Protrone') ਨਾਂਹ ਵਾਚੀ (Neutrone) ਗੁਣ ਹਨ, ਜੋ ਆਪਣੀ ਧੁਰੀ ਨਾਭੀ (Neuclus) ਦੇ ਦੁਆਲ਼ੇ ਲਗਾਤਾਰ ਗਤੀਸ਼ੀਲ ਰਹਿੰਦੇ ਹਨ। ਇਨ੍ਹਾਂ ਅਣੂਆਂ ਦੀ ਗਤੀ ਵਿੱਚ ਪਾਇਆ ਵਿਘਨ ਕਿਆਮਤ ਲਿਆ ਸਕਦਾ ਹ। ਇਹ ਗੱਲ ਵਿਗਿਆਨੀ ਚੰਗੀ ਤਰ੍ਹਾਂ ਸਮਝਾ ਸਕਦੇ ਹਨ ਕਿ ਹੀਰੋ ਸੀਮਾ ਅਤੇ ਨਾਗੀਸਾਕੀ ਵਿੱਚ ਇਸ ਪ੍ਰਮਾਣੂ ਜਾਂ ਅਣੂ ਨਾਲ਼ ਕੀਤੀ ਛੇੜ-ਛਾੜ ਦਾ ਮਨੁੱਖਤਾ ਨੂੰ ਕੀ ਨਤੀਜਾ ਭੁਗਤਣਾ ਪਿਆ ਸੀ। (ਮੈਂ ਇੱਕ ਗੱਲ ਸਾਫ਼ ਕਰ ਦਿਆਂ ਕਿ ਕਦੇ ਵੀ ਸਾਇੰਸ ਦਾ ਵਿਦਿਆਰਥੀ ਨਹੀਂ ਰਿਹਾ, ਬਚਪਨ ਤੋ ਜੁਆਨੀ ਤੱਕ ਨਿਰੋਲ ਧਾਰਮਿਕ ਮਾਹੌਲ ਵਿੱਚ ਪਲ਼ਿਆ ਸਾਂ) ਤਾਂ ਵੀ ਜੇ ਇਹ ਕਹਿ ਦਿਆਂ ਕਿ ਮੇਰਾ ਵਿਗਿਆਨਕ ਦ੍ਰਿਸ਼ਟੀਕੋਣ ਬਣਾਉਣ ਵਿੱਚ ਬਾਬਾ ਬੂਝਾ ਸਿੰਘ ਦੇ ਉਨ੍ਹਾਂ ਸਕੂਲਾਂ ਦੀ ਬਦੌਲਤ ਹੀ ਸੰਭਵ ਹੋ ਸਕਿਆ ਹੈ।

ਗਤੀਸ਼ੀਲਤਾ ਦਾ ਸਿਧਾਂਤ ਹੀ ਇਹ ਹੈ ਕਿ ਕੁੱਝ ਵੀ ਖੜੋਤ ਵਿੱਚ ਨਹੀਂ ਹੈ। ਇਹ ਗਤੀਸ਼ੀਲਤਾ ਹੀ ਉਨ੍ਹਾਂ ਨੂੰ ਵਿਕਾਸ ਦੇ ਮਾਰਗ ਪਾਈ ਰੱਖਦੀ ਹੈ। ਵਿਕਾਸ ਅਗਲ ਖੁਰੀ ਵੀ ਹੋ ਸਕਦਾ ਹੈ ਤੇ ਪਿਛਲ ਖੁਰੀ ਵੀ। ਪਰ ਕਿਸੇ ਵੀ ਪਦਾਰਥ ਵਿੱਚ ਠਹਿਰਾ ਨਹੀਂ ਹੋ ਸਕਦਾ। ਕਿਸੇ ਰੁੱਖ ਨੂੰ ਫੁੱਲ ਲੱਗਦੇ ਹਨ, ਫਿਰ ਫ਼ਲ਼। ਫ਼ਲ਼ ਵੱਡੇ ਹੁੰਦੇ ਜਾਂਦੇ ਹਨ, ਫਿਰ ਪੱਕ ਜਾਂਦੇ ਹਨ। ਸਾਧਾਰਨ ਭਾਸ਼ਾ ਵਿੱਚ ਕਿਰ ਜਾਣਾ ਕਹਿ ਦਿੱਤਾ ਜਾਂਦਾ ਹੈ। ਟੁੱਟੇ ਹੋਏ ਪੱਕੇ ਫ਼ਲ਼ ਨੂੰ ਇੱਕ ਦੋ ਦਿਨ ਰੱਖ ਛੱਡੀਏ ਤਾਂ ਉਸ ਵਿੱਚ ਪਿੱਛਲ ਖੁਰੀ ਤਬਦੀਲੀ ਆਰੰਭ ਹੋ ਜਾਂਦੀ ਹੈ ਤੇ ਉਹ ਖਾਣ ਦੇ ਵੀ ਯੋਗ ਨਹੀਂ ਰਹਿੰਦਾ। ਹਰ ਇਕ ਚੀਜ਼ ਇਕ ਦੂਜੀ ਨਾਲ਼ ਅੰਤਰ ਸਬੰਧਤ ਹੈ ਤੇ ਇੱਕ ਦੂਜੀ ਨਾਲ਼ ਵਿਰੋਧ ਵਿੱਚ ਵੀ ਗਤੀਸ਼ੀਲ ਹੈ। ਮਾਦੇ ਦੀਆਂ ਅਨੇਕਾਂ ਹੀ ਕਿਸਮਾਂ ਆਪਸੀ ਅੰਤਰ ਸਬੰਧਤ ਵਿਰੋਧਾਂ ਕਾਰਨ ਗਤੀਸ਼ੀਲ ਹਨ। ਦੋਵੇਂ ਜੁਜ਼ ਇੱਕ ਦੂਜੇ ਦੇ ਨੇੜੇ ਵੀ ਨਹੀਂ ਆ ਸਕਦੇ ਤੇ ਇੱਕ ਦੂਜੇ ਤੋਂ ਬਗੈਰ ਗਤੀ ਵਿੱਚ ਵੀ ਨਹੀਂ ਰਹਿ ਸਕਦੇ। ਇਸ ਵਿਰੋਧ ਅਤੇ ਆਪਸੀ ਖਿੱਚ ਦੇ ਕਾਰਨ ਹੀ ਇਸ ਵਿਗਿਆਨਕ ਵਿਚਾਰ ਪਰਵਾਹ ਨੂੰ ਵਿਰੋਧ ਵਿਕਾਸੀ ਪਦਾਰਥਵਾਦ (Dialectical Materialism) ਦਾ ਨਾਂ ਦਿੱਤਾ ਗਿਆ ਹੈ। ਇਸ ਤੋਂ ਇਹੋ ਸਿੱਧ ਹੁੰਦਾ ਹੈ ਕਿ ਇਹ ਦਿਸਦਾ ਸੰਸਾਰ ਝੂਠਾ ਨਹੀਂ ਤੇ ਨਾ ਹੀ ਨਾਸ਼ਵਾਨ ਹੈ। ਕੋਈ ਚੀਜ਼ ਵੀ ਨਾਸ਼ ਨਹੀਂ ਹੁੰਦੀ। ਉਸ ਵਿੱਚ ਮਿਕਦਾਰੀ (ਥੋੜ੍ਹੀ ਤੋਂ ਥੋੜ੍ਹੀ ਮਾਤਰਾ) ਵਿੱਚ ਤਬਦੀਲੀ ਆਉਂਦੀ ਜਾਂਦੀ ਹੈ ਤੇ ਫਿਰ ਅਜਿਹਾ ਸਮਾਂ ਆਉਂਦਾ ਹੈ ਜਦੋਂ ਇਸ ਵਿੱਚ ਗੁਣਆਤਮਕ ਅਰਥਾਤ ਸਿਫ਼ਤੀ ਤਬਦੀਲੀ ਆ ਜਾਂਦੀ ਹੈ। ਇਹੋ ਸਿਧਾਂਤ ਮਨੁੱਖੀ ਸਰੀਰ ਬਾਰੇ ਕਿਹਾ ਜਾ ਸਕਦਾ ਹੈ ਕਿ ਗਰਭ ਧਾਰਨ ਤੋਂ ਲੈ ਕੇ ਬੱਚੇ ਦੇ ਪੈਦਾ ਹੋਣ ਤੱਕ ਦਾ ਨੌਂ ਮਹੀਨਿਆਂ ਦਾ ਸਮਾਂ ਮਿਥਿਆ ਗਿਆ ਹੈ, ਜੋ ਸੱਚ ਹੈ। ਬੱਚੇ ਤੇ ਜਨਮ ਤੋਂ ਬੁਢਾਪੇ ਤੱਕ ਅਸੀਂ ਹੁੰਦਾ ਵਿਕਾਸ ਆਪਣੀਆਂ ਅੱਖਾਂ ਨਾਲ਼ ਵੇਖਦੇ ਹਾਂ। ਅੱਧੀ ਉਮਰ ਬਿਤਾ ਲੈਣ ਤੋਂ ਬਾਅਦ ਮਨੁੱਖੀ ਸਰੀਰ ਵਿੱਚ ਤਬਦੀਲੀਆਂ ਹੇਠਾਂ ਵੱਲ ਨੂੰ ਹੋਣ ਲੱਗਦੀਆਂ ਹਨ, ਜਿਸ ਨਾਲ਼ ਮਨੁੱਖੀ ਸਰੀਰ ਤੇ ਪੰਜ ਨਹੀਂ ਹਜ਼ਾਰਾਂ ਤੱਤ ਆਪਣੇ ਅਸਲੇ ਵਿੱਚ ਸਮਾਉਣ ਲੱਗਦੇ ਹਨ ਤੇ ਇੱਕ ਦਿਨ ਸਿਫ਼ਤੀ ਤਬਦੀਲੀ ਆ ਕੇ ਸਮੁੱਚੇ ਤੱਤ ਹੀ ਆਪਣੇ ਅਸਲੀ ਤੱਤਾਂ ਵਿੱਚ ਸਮਾ ਜਾਂਦੇ ਹਨ, ਜਿਸ ਨੂੰ ਅਸੀਂ ਮੌਤ ਦਾ ਨਾ ਦੇ ਲਿਆ ਹੈ। ਇਨ੍ਹਾਂ ਤੱਤਾਂ ਦਾ ਸੰਯੋਗ ਜੀਵਨ ਹੈ ਤੇ ਵਿਯੋਗ ਮੌਤ। ਨਾ ਇਸ ਵਿੱਚ ਬਾਹਰੋਂ ਕੋਈ ਚੀਜ਼ ਪਰਵੇਸ਼ ਕੀਤੀ ਨਾ ਇਸ ਵਿੱਚੋਂ ਕੋਈ (ਜਿਵੇਂ ਆਤਮਾ ਬਾਰੇ ਕਿਹਾ ਜਾਂਦਾ ਹੈ) ਚੀਜ਼ ਬਾਹਰ ਗਈ। ਆਤਮਾ ਜਾਂ ਜਾਨ ਬਾਰੇ ਤਾਂ ਅਸੀਂ ਸਾਧਾਰਨ ਜਿਹੀ ਗੱਲ ਤੋਂ ਵੀ ਸਿੱਟਾ ਕੱਢ ਸਕਦੇ ਹਾਂ ਕਿ ਆਤਮਾ ਜਾਂ ਜਾਨ ਨਾਂ ਦੀ ਕੋਈ ਚੀਜ਼ ਨਹੀਂ। ਜਾਨ ਤਾਂ ਸ਼ਕਤੀ ਦਾ ਪ੍ਰਤੀਕ ਹੈ। ਕਿਰਲੀ ਦੀ ਪੂਛ ਟੁੱਟ ਜਾਂਦੀ ਹੈ ਤਾਂ ਉਹ ਕਿੰਨਾ ਚਿਰ ਤੜਪਦੀ ਰਹਿੰਦੀ ਹੈ। ਇਸ ਵਰਤਾਰੇ ਬਾਰੇ ਵਿਰੋਧਵਿਕਾਸੀ ਪਦਾਰਥਵਾਦੀ

# ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਨਾਂ ਖੁੱਲ੍ਹੀ ਚਿੱਠੀ

## *ਏਅਰ ਇੰਡੀਆ ਬੰਬ ਧਮਾਕਿਆਂ ਅਤੇ ਮਲਿਕ ਦੇ ਕਤਲ ਵਿਚ ਭਾਰਤੀ ਏਜੰਟਾਂ ਦੀ ਭੂਮਿਕਾ ਬਾਰੇ ਜਨਤਕ ਜਾਂਚ ਦੀ ਮੰਗ*

**-ਗੁਰਪ੍ਰੀਤ ਸਿੰਘ ਕੈਨੇਡਾ**
**ਅਨੁ.: ਬੂਟਾ ਸਿੰਘ ਮਹਿਮੂਦਪੁਰ**



ਸ਼੍ਰੀਮਾਨ ਟਰੂਡੋ ਜੀ,

ਮੈਂ ਭਾਰਤੀ ਮੂਲ ਦਾ ਇਕ ਕੈਨੇਡੀਅਨ ਨਾਗਰਿਕ ਹਾਂ ਜੋ 9/11 ਤੋਂ ਪਹਿਲਾਂ ਹਵਾਬਾਜ਼ੀ ਦਹਿਸ਼ਤਵਾਦ ਦੇ ਇਤਿਹਾਸ ਦੀ ਸਭ ਤੋਂ ਭੈੜੀ ਘਟਨਾ ਦੀਆਂ ਘਿਣਾਉਣੀਆਂ ਯਾਦਾਂ ਸੰਗ ਜਵਾਨ ਹੋਇਆ ਹਾਂ।

ਮੈਂ ਸਿਰਫ਼ ਪੰਦਰਾਂ ਸਾਲਾਂ ਦਾ ਸੀ ਜਦੋਂ 23 ਜੂਨ 1985 ਨੂੰ ਏਅਰ ਇੰਡੀਆ ਦੀ ਫਲਾਈਟ 182 ਨੂੰ ਆਇਰਿਸ਼ ਸਾਗਰ ਉੱਪਰ ਬੰਬ ਧਮਾਕੇ ਨਾਲ ਉਡਾ ਦਿੱਤਾ ਗਿਆ ਸੀ, ਜਿਸ ਵਿਚ ਸਵਾਰ ਸਾਰੇ 329 ਲੋਕ ਮਾਰੇ ਗਏ ਸਨ। ਉਸੇ ਸਮੇਂ ਨਾਰਿਤਾ ਹਵਾਈ ਅੱਡੇ ’ਤੇ ਇਕ ਹੋਰ ਧਮਾਕੇ ਵਿਚ ਦੋ ਸਮਾਨ ਸੰਭਾਲਣ ਵਾਲੇ ਮੁਲਾਜ਼ਮ ਵੀ ਮਾਰੇ ਗਏ ਸਨ। ਕੁਲ ਮਿਲਾ ਕੇ ਬ੍ਰਿਟਿਸ਼ ਕੋਲੰਬੀਆ ਤੋਂ ਰੱਖੇ ਗਏ ਬੰਬਾਂ ਨਾਲ ਹੋਏ ਧਮਾਕਿਆਂ ’ਚ 331 ਨਿਰਦੋਸ਼ ਜਾਨਾਂ ਗਈਆਂ ਸਨ।

ਜਦੋਂ ਇਹ ਖ਼ਬਰ ਆਈ ਤਾਂ ਮੈਂ ਆਪਣੇ ਪਰਿਵਾਰ ਸਮੇਤ ਆਪਣੇ ਚਚੇਰੇ ਭਾਈ ਦੇ ਵਿਆਹ ’ਚ ਸ਼ਾਮਲ ਹੋਣ ਲਈ ਨਵੀਂ ਦਿੱਲੀ ’ਚ ਸੀ। ਸਮੁੰਦਰ ਦੇ ਤਲ ਉੱਪਰ ਤੈਰਦੇ ਮਲ਼ਬੇ ਦੀਆਂ ਟੀਵੀ ਉੱਪਰ ਦਿਖਾਈਆਂ ਦਿਲ ਕੰਬਾਊ ਤਸਵੀਰਾਂ ਅਜੇ ਵੀ ਮੇਰੇ ਚੇਤਿਆਂ ’ਚ ਹਨ।

ਇਕ ਸਾਲ ਪਹਿਲਾਂ ਹੀ ਭਾਰਤ ਦੀ ਕੌਮੀ ਰਾਜਧਾਨੀ ਤੱਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਉਸਦੇ ਸਿੱਖ ਬੌਡੀਗਾਰਡਾਂ ਵੱਲੋਂ ਕੀਤੇ ਕਤਲ ਦੇ ਪ੍ਰਤੀਕਰਮ ਵਜੋਂ ਸਿੱਖ ਵਿਰੋਧੀ ਕਤਲੇਆਮ ਨਾਲ ਝੰਜੋੜੀ ਗਈ ਸੀ, ਜੋ ਜੂਨ 1984 ’ਚ ਅੰਮ੍ਰਿਤਸਰ ਵਿਚ ਸਿੱਖਾਂ ਦੇ ਸਭ ਤੋਂ ਮੁਕੱਦਸ ਸਥਾਨ ਦਰਬਾਰ ਸਾਹਿਬ ਕੰਪਲੈਕਸ ਉੱਪਰ ਹੋਏ ਫ਼ੌਜੀ ਹਮਲੇ ਦਾ ਬਦਲਾ ਲੈਣਾ ਚਾਹੁੰਦੇ ਸਨ। ਅੰਮ੍ਰਿਤਸਰ ਘੱਲੂਘਾਰੇ ਦੀ ਤਬਾਹੀ ਦੇ ਜ਼ਖ਼ਮ ਵੀ ਮੇਰੇ ਚੇਤਿਆਂ ’ਚ ਸਦਾ ਲਈ ਉੱਕਰੇ ਹੋਏ ਹਨ। ਉਸ ਸ਼ਹਿਰ ਵਿਚ ਰਹਿੰਦੇ ਹੋਣ ਕਾਰਨ ਅਸੀਂ ਭਾਰਤੀ ਫ਼ੌਜ ਵੱਲੋਂ ਕੀਤੀ ਤਬਾਹੀ ਦੇ ਨਿਸ਼ਾਨ ਅੱਖੀਂ ਦੇਖੇ। ਸਰਕਾਰ ਦੀ ਇਸ ਅਣਮਨੁੱਖੀ ਕਾਰਵਾਈ ਨਾਲ ਮੇਰੇ ਸਿੱਖ ਪਰਿਵਾਰ ਦੇ ਹਿਰਦੇ ਵਲੂੰਧਰੇ ਗਏ ਸਨ। ਮੈਂ ਅਤੇ ਮੇਰੇ ਪਿਤਾ ਜੀ ਡੂੰਘੇ ਰੂਪ ’ਚ ਧਾਰਮਿਕ ਬਣ ਗਏ, ਹਾਲਾਂਕਿ ਜਦੋਂ ਮੈਂ ਵੱਡਾ ਹੋਇਆ ਤਾਂ ਮੇਰੀ ਧਾਰਮਿਕ ਨਿਹਚਾ ਨਾ ਰਹੀ।

ਅਸੀਂ ਬਹੁਤ ਫ਼ਿਕਰਮੰਦ ਸੀ ਕਿਉਂਕਿ ਮੀਡੀਆ ਨੇ ਏਅਰ ਇੰਡੀਆ ਬੰਬ ਧਮਾਕਿਆਂ ’ਚ ਸਿੱਖ ਖਾੜਕੂਆਂ ਦਾ ਹੱਥ ਹੋਣ ਬਾਰੇ ਕਿਆਸ ਅਰਾਈਆਂ ਸ਼ੁਰੂ ਕਰ ਦਿੱਤੀਆਂ ਸਨ। ਦਰਅਸਲ, ਸਾਨੂੰ ਇਕ ਹੋਰ ਕਤਲੇਆਮ ਦਾ ਡਰ ਸੀ। ਭਾਵੇਂ ਉਦੋਂ ਕੁਝ ਵੀ ਅਣਸੁਖਾਵਾਂ ਨਹੀਂ ਹੋਇਆ ਫਿਰ ਵੀ ਮੈਨੂੰ ਲੱਗਦਾ ਹੈ ਕਿ ਭਾਈਚਾਰਾ ਉੱਪਰ ਤਾੜਵੀਂ ਨਜ਼ਰ ਰੱਖੀ ਜਾ ਰਹੀ ਹੈ।

ਜਦੋਂ ਮੈਂ ਜਵਾਨ ਹੋ ਕੇ ਪੱਤਰਕਾਰੀ ਦਾ ਕਿੱਤਾ ਚੁਣਿਆ ਤਾਂ ਮੈਂ ਦਰਬਾਰ ਸਾਹਿਬ ਕੰਪਲੈਕਸ ਉੱਪਰ ਕੀਤੇ ਫ਼ੌਜੀ ਹਮਲੇ ਤੋਂ ਲੈ ਕੇ ਏਅਰ ਇੰਡੀਆ ਤ੍ਰਾਸਦੀ ਤੱਕ, ਘਟਨਾਵਾਂ ਦੀ ਲੜੀ ਦੇ ਜਵਾਬ ਲੱਭਣੇ ਸ਼ੁਰੂ ਕਰ ਦਿੱਤੇ। ਇਸ ਕਰਕੇ ਮੈਂ ਇਸ ਮੁੱਦੇ ਉੱਪਰ ਤਮਾਮ ਨਜ਼ਰੀਆਂ ਦਾ ਭੇਤੀ ਹਾਂ। ਮੈਂ ਸਾਰੇ ਵੱਖ-ਵੱਖ ਪੱਖਾਂ ਨੂੰ ਸੁਣਿਆ ਹੋਇਆ ਹੈ ਅਤੇ ਹਿੰਸਾ ਦੇ ਦੋਵਾਂ ਪਾਸਿਆਂ ਦੇ ਪੀੜਤਾਂ ਦੇ ਦਰਦ ਨੂੰ ਮਹਿਸੂਸ ਕੀਤਾ ਹੈ। ਇਨ੍ਹਾਂ ਮੁੱਦਿਆਂ ਨੂੰ ਕਵਰ ਕਰਦੇ ਹੋਏ ਸਟੇਟ ਦੀ ਹਿੰਸਾ ਜਾਂ ਕੱਟੜਪੰਥੀਆਂ ਦੇ ਪੀੜਤਾਂ ਦੀਆਂ ਕਹਾਣੀਆਂ ਸੁਣਨ ਸਮੇਂ ਮੈਂ ਕਦੇ ਵੀ ਵਿਤਕਰਾ ਨਹੀਂ ਕੀਤਾ।

ਮੈਂ 2000 ਤੋਂ ਏਅਰ ਇੰਡੀਆ ਕੇਸ ਉੱਪਰ ਨਜ਼ਰ ਰੱਖ ਰਿਹਾ ਹਾਂ, ਜਦੋਂ ਇਕ ਸਾਬਕਾ ਸ਼ੱਕੀ ਰਿਪੁਦਮਨ ਸਿੰਘ ਮਲਿਕ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਮੈਂ ਪੰਜਾਬ ਵਿਚ ਦੀ ਟ੍ਰਿਬਿਊਨ ਅਖ਼ਬਾਰ ਲਈ ਕੰਮ ਕਰਦਾ ਸੀ ਅਤੇ ਮੇਰੀ ਡਿਊਟੀ ਮਲਿਕ ਦੇ ਜ਼ੱਦੀ ਸ਼ਹਿਰ ਫ਼ਿਰੋਜ਼ਪੁਰ ’ਚ ਲੱਗੀ ਹੋਈ ਸੀ। ਮੈਨੂੰ ਉਸਦੇ ਪਰਿਵਾਰ ’ਚੋਂ ਰਿਸ਼ਤੇਦਾਰਾਂ ਅਤੇ ਉਸਦੇ ਪੁਰਾਣੇ ਹਮ-ਜਮਾਤੀਆਂ ਨੂੰ ਮਿਲਣ ਦਾ ਮੌਕਾ ਮਿਲਿਆ। ਮੈਨੂੰ ਉਨ੍ਹਾਂ ਤੋਂ ਪਤਾ ਲੱਗਾ ਕਿ ਉਹ ਦੁਨੀਆਂ ਭਰ ਦੇ ਹੋਰ ਸਿੱਖਾਂ ਵਾਂਗ 1984 ਦੀਆਂ ਘਟਨਾਵਾਂ ਤੋਂ ਦੁਖੀ ਸੀ। ਮੇਰੇ ਆਪਣੇ ਪਰਿਵਾਰਕ ਪਿਛੋਕੜ ਨੂੰ ਦੇਖਦੇ ਹੋਏ ਮਲਿਕ ਦਾ ਕੇਸ ਵਿਸ਼ੇਸ਼ ਨਹੀਂ ਸੀ।

ਉਪਰੋਕਤ ਦੇ ਮੱਦੇਨਜ਼ਰ ਦੋ ਉਡਾਣਾਂ ’ਤੇ ਸਵਾਰ ਨਿਰਦੋਸ਼ ਮੁਸਾਫ਼ਿਰਾਂ ਅਤੇ ਜਹਾਜ਼ ਦੇ ਅਮਲੇ ਨਾਲ ਇਹ ਕੁਝ ਨਹੀਂ ਹੋਣਾ ਚਾਹੀਦਾ ਸੀ। ਹੁਣ ਤੱਕ ਓਟਾਵਾ ਅਤੇ ਨਵੀਂ ਦਿੱਲੀ ਦੀਆਂ ਸਰਕਾਰਾਂ ਨੇ ਸਾਰਿਆਂ ਨੂੰ ਇਹ ਯਕੀਨ ਦਿਵਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਇਹ ਕਾਰਾ ਸਿੱਖ ਵੱਖਵਾਦੀਆਂ ਨੇ 1984 ਦਾ ਬਦਲਾ ਲੈਣ ਲਈ ਕੀਤਾ ਸੀ। ਬਾਦ ਵਿਚ ਮਲਿਕ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ, ਪਰ ਸਬੂਤਾਂ ਦੀ ਘਾਟ ਕਾਰਨ 2005 ’ਚ ਬਰੀ ਕਰ ਦਿੱਤਾ ਗਿਆ ਸੀ। ਫਿਰ ਵੀ ਅਦਾਲਤ ਨੇ 2012 ’ਚ ਇਹ ਕਹਿੰਦੇ ਹੋਏ ਕਿ ਉਸਨੂੰ ਕੋਈ ਵੀ ਹਰਜਾਨਾ ਦੇਣ ਤੋਂ ਨਾਂਹ ਕਰ ਦਿੱਤੀ ਕਿ “ਦੋਸ਼ੀ ਸਾਬਤ ਨਾ ਹੋਣ ਦਾ ਫ਼ੈਸਲਾ” ਉਸ ਦੇ ਨਿਰਦੋਸ਼ ਹੋਣ ਦਾ ਐਲਾਨ ਨਹੀਂ ਹੈ।

ਕਈ ਹੋਰ ਮੀਡੀਆ ਵਾਲਿਆਂ ਵਾਂਗ ਮੇਰੇ ਕੋਲ ਮਲਿਕ ਅਤੇ ਉਸ ਨਾਲ ਜੁੜੇ ਹੋਰ ਵਿਅਕਤੀਆਂ ਦੀ ਮਿਲੀਭੁਗਤ ’ਤੇ ਸ਼ੱਕ ਕਰਨ ਦੇ ਕਾਰਨ ਸਨ। ਮੈਂ ਉਸਦੀ ਅਤੇ ਤਲਵਿੰਦਰ ਸਿੰਘ ਪਰਮਾਰ, ਅਜਾਇਬ ਸਿੰਘ ਬਾਗੜੀ ਅਤੇ ਇੰਦਰਜੀਤ ਸਿੰਘ ਰਿਆਤ ਵਰਗੇ ਹੋਰ ਸੰਭਾਵਿਤ ਸ਼ੱਕੀਆਂ ਦੀ ਆਲੋਚਨਾ ਕਰਦਾ ਰਿਹਾ। ਪਰਮਾਰ 1992 ’ਚ ਭਾਰਤੀ ਪੁਲਿਸ ਹੱਥੋਂ ਮਾਰਿਆ ਗਿਆ ਸੀ, ਅਤੇ ਮਲਿਕ ਤੇ ਬਾਗੜੀ ਨੂੰ ਬਰੀ ਕਰ ਦਿੱਤਾ ਗਿਆ ਸੀ। ਇਕੱਲੇ ਰਿਆਤ ਨੂੰ ਦੋਸ਼ੀ ਕਰਾਰ ਦਿੱਤਾ ਗਿਆ, ਭਾਵੇਂ ਕਿ ਜਾਂਚ ਚੱਲ ਰਹੀ ਹੈ ਅਤੇ ਅਜੇ ਕਿਸੇ ਸਿੱਟੇ ’ਤੇ ਨਹੀਂ ਪਹੁੰਚੀ ਹੈ। ਆਲੋਚਨਾ ਕਰਨ ਕਰਕੇ ਮੈਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਮਿਲੀਆਂ। ਸਿੱਖ ਵੱਖਵਾਦੀ ਲਹਿਰ ਦੇ ਹਮਾਇਤੀ ਕਹਿ ਰਹੇ ਸਨ ਕਿ ਏਅਰ ਇੰਡੀਆ ਨੂੰ ਅੰਜਾਮ ਭਾਰਤੀ ਖ਼ੁਫ਼ੀਆ ਏਜੰਸੀ ਰਾਅ ਵੱਲੋਂ ਉਨ੍ਹਾਂ ਦੇ ਸੰਘਰਸ਼ ਨੂੰ ਬਦਨਾਮ ਕਰਨ ਅਤੇ ਬਦੇਸ਼ਾਂ ’ਚ ਵਸਦੇ ਸਿੱਖ ਕਾਰਕੁਨਾਂ ਨੂੰ ਭੰਡਣ ਲਈ ਦਿੱਤਾ ਗਿਆ ਸੀ।

ਮੇਰੀ ਇੱਕੋਇਕ ਸ਼ਿਕਾਇਤ ਇਹ ਰਹੀ ਹੈ ਕਿ ਜਿਨ੍ਹਾਂ ਸਿੱਖ ਸ਼ੱਕੀਆਂ ਦੇ ਨਾਂ ਮੀਡੀਆ ’ਚ ਵਾਰ-ਵਾਰ ਸਾਹਮਣੇ ਆਏ ਹਨ, ਉਨ੍ਹਾਂ ਬਾਰੇ ਸਪੱਸ਼ਟ ਕਰਨਾ ਜ਼ਰੂਰੀ ਹੈ। ਜੇਕਰ ਉਹ ਸੱਚਮੁੱਚ ਹੀ ਨਿਰਦੋਸ਼ ਹਨ ਤਾਂ ਉਨ੍ਹਾਂ ’ਤੇ ਦੋਸ਼ ਕਿਵੇਂ ਲਗਾਏ ਗਏ? ਨਾਲ ਹੀ ਉਨ੍ਹਾਂ ਨੂੰ ਸਿੱਖ ਭਾਈਚਾਰੇ ਨੂੰ ਮਨੁੱਖੀ ਢਾਲ ਵਜੋਂ ਵਰਤਣ ਦਾ ਕੋਈ ਹੱਕ ਨਹੀਂ ਹੈ। ਇੰਨਾ ਹੀ ਨਹੀਂ, ਕੁਝ ਲੋਕਾਂ ਨੇ ਤਾਂ ਇਹ ਦਾਅਵਾ ਵੀ ਕੀਤਾ ਕਿ ਮਲਿਕ ਅਤੇ ਬਾਗੜੀ ਦੇ ਬਰੀ ਹੋਣ ਨਾਲ ਸਿੱਖਾਂ ’ਤੇ ਲੱਗਾ ਦਾਗ਼ ਮਿਟ ਗਿਆ ਹੈ, ਜਿਵੇਂ ਉਹ ਪੂਰੇ ਸਿੱਖ ਭਾਈਚਾਰੇ ਦੀ ਨੁਮਾਇੰਦਗੀ ਕਰਦੇ ਹੋਣ।

ਮੈਂ ਇਸ ਨੂੰ ਲੈ ਕੇ ਰੋਹ ’ਚ ਸੀ ਕਿ ਬੰਬ ਧਮਾਕਿਆਂ ’ਚ 80 ਬੱਚੇ ਮਾਰੇ ਗਏ ਸਨ। ਭਾਰਤੀ ਰਾਜ ਨੇ ਸਿੱਖਾਂ ਨਾਲ ਜੋ ਕੀਤਾ, ਉਸ ਨਾਲ ਉਨ੍ਹਾਂ ਨਿੱਕੀਆਂ-ਨਿੱਕੀਆਂ ਜਿੰਦਾਂ ਦਾ ਕੋਈ ਲੈਣਾ-ਦੇਣਾ ਨਹੀਂ ਸੀ। ਉਹ ਸਿਰਫ਼ ਗਰਮੀਆਂ ਦੀਆਂ ਛੁੱਟੀਆਂ ਕੱਟਣ ਲਈ ਭਾਰਤ ਵਿਚ ਆਪਣੇ ਪਰਿਵਾਰਾਂ ਨੂੰ ਮਿਲਣ ਜਾ ਰਹੇ ਸਨ।

ਪੀੜਤਾਂ ਦੇ ਪਰਿਵਾਰਾਂ ਨੂੰ ਨਿਆਂ ਮਿਲਣਾ ਚਾਹੀਦਾ ਹੈ ਇਸ ਮਨੋਰਥ ਨਾਲ ਮੈਂ ਬੰਬ ਧਮਾਕਿਆਂ ਦੀ 25ਵੀਂ ਵਰ੍ਹੇਗੰਢ ’ਚ ਸ਼ਾਮਿਲ ਹੋਣ ਲਈ ਆਇਰਲੈਂਡ ਗਿਆ ਅਤੇ ਉਨ੍ਹਾਂ ਬਹੁਤ ਸਾਰੇ ਲੋਕਾਂ ਨੂੰ ਮਿਲਿਆ ਜੋ ਆਪਣੇ ਪਿਆਰਿਆਂ ਨੂੰ ਚੇਤੇ ਕਰਨ ਲਈ ਉੱਥੇ ਇਕੱਠੇ ਹੋਏ ਸਨ। ਮੈਂ ਉਨ੍ਹਾਂ ਦੀਆਂ ਕਹਾਣੀਆਂ ’ਤੇ ਆਧਾਰਿਤ ਕਿਤਾਬ ਪ੍ਰਕਾਸ਼ਿਤ ਕੀਤੀ।

ਇਸ ਦੌਰਾਨ, ਬਹੁਤ ਸਾਰੀਆਂ ਸਾਜ਼ਿਸ਼ ਦੀਆਂ ਥਿਊਰੀਆਂ ਚੱਲਦੀਆਂ ਰਹੀਆਂ। ਸੌਫਟ ਟਾਰਗੇਟ ਨਾਂ ਦੀ ਇਕ ਕਿਤਾਬ ਦਾ ਸਿੱਖਾਂ ਵੱਲੋਂ ਵਿਆਪਕ ਤੌਰ ’ਤੇ ਹਵਾਲਾ ਦਿੱਤਾ ਜਾਂਦਾ ਸੀ। ਇਸ ਅਨੁਸਾਰ, ਏਅਰ ਇੰਡੀਆ ਬੰਬ ਕਾਂਡ ਰਾਅ ਦਾ ਗੁਪਤ ਕਾਰਾ ਸੀ। ਸਾਫਟ ਟਾਰਗੇਟ ਨੇ ਸ਼ੱਕੀ ਵਿਅਕਤੀਆਂ ਦੇ ਭਾਰਤੀ ਏਜੰਸੀਆਂ ਦੇ ਬੰਦਿਆਂ ਨਾਲ ਸਬੰਧਾਂ ਦੇ ਬਹੁਤ ਸਾਰੇ ਵੇਰਵਿਆਂ ਦੀ ਜਾਂਚ ਕੀਤੀ। ਪੰਜਾਬ ਵਿਚ ਮਨੁੱਖੀ ਅਧਿਕਾਰ ਕਾਰਕੁੰਨਾਂ ਦਾ ਇਕ ਸਮੂਹ ਵੀ ਆਪਣੀ ਸੁਤੰਤਰ ਜਾਂਚ ਦੇ ਆਧਾਰ ’ਤੇ ਅਜਿਹੇ ਹੀ ਨਤੀਜੇ ’ਤੇ ਪੁੱਜਿਆ ਸੀ। ਮੈਂ ਇਸ ਦੀ ਰਿਪੋਰਟ ਵੀ ਕਰਦਾ ਰਿਹਾ ਹਾਂ, ਅਤੇ ਹਮੇਸ਼ਾ ਇਸ ਗੱਲ ’ਤੇ ਜ਼ੋਰ ਦਿੰਦਾ ਰਿਹਾ ਹਾਂ ਕਿ ਇਸ ਸਮੁੱਚੇ ਕਾਂਡ ਨੂੰ ਵਿਸ਼ਾਲ ਸੋਚ ਨਾਲ ਦੇਖਣ-ਪਰਖਣ ਦੀ ਲੋੜ ਹੈ। ਨਰਮਪੰਥੀ ਸਿੱਖਾਂ ਦੇ ਇਕ ਹਿੱਸੇ ਅਤੇ ਪੀੜਤਾਂ ਦੇ ਪਰਿਵਾਰਾਂ ਨੂੰ ਵੀ ਸ਼ੱਕ ਸੀ, ਅਤੇ ਉਨ੍ਹਾਂ ਨੇ ਵੀ ਇਸ ਪਿੱਛੇ ਭਾਰਤੀ ਏਜੰਸੀਆਂ ਦਾ ਹੱਥ ਹੋਣ ਦਾ ਸ਼ੱਕ ਪ੍ਰਗਟਾਇਆ ਜੋ ਖਾੜਕੂਆਂ ’ਚ ਘੁਸਪੈਠ ਕਰ ਚੁੱਕੀਆਂ ਸਨ।

ਇਸ ਸਭ ਕਾਸੇ ਨੂੰ ਪ੍ਰਚਾਰ ਕਹਿ ਕੇ ਸੌਖਿਆਂ ਹੀ ਖਾਰਜ ਕੀਤਾ ਜਾ ਸਕਦਾ ਹੈ, ਪਰ ਤੱਥ ਮੂੰਹੋਂ ਬੋਲਦੇ ਹਨ। ਹਾਲੀਆ ਘਟਨਾਕ੍ਰਮ ਦੇ ਮੱਦੇਨਜ਼ਰ ਇਸ ਘੁਸਰ-ਮੁਸਰ ਨੂੰ ਹੋਰ ਵੀ ਬਾਹਰਮੁਖੀ ਅਤੇ ਆਲੋਚਨਾਤਮਕ ਤੌਰ ’ਤੇ ਮੁਖ਼ਾਤਿਬ ਹੋ ਕੇ ਸਮੁੱਚੇ ਮਾਮਲੇ ਉੱਪਰ ਮੁੜ ਵਿਚਾਰ ਕੀਤੀ ਜਾਣੀ ਚਾਹੀਦੀ ਹੈ।

ਇਹ ਬਹੁਤ ਚਿਰ ਪਹਿਲਾਂ ਹੋ ਜਾਣਾ ਚਾਹੀਦਾ ਸੀ, ਪਰ ਹੁਣ ਵੀ ਬਹੁਤੀ ਦੇਰ ਨਹੀਂ ਹੋਈ, ਖ਼ਾਸ ਕਰਕੇ 14 ਜੁਲਾਈ ਨੂੰ ਸਰੀ ’ਚ ਦਿਨ-ਦਿਹਾੜੇ ਮਲਿਕ ਦੇ ਰਹੱਸਮਈ ਕਤਲ ਤੋਂ ਬਾਦ। ਮਲਿਕ ਪਿੱਛੇ ਜਹੇ ਭਾਰਤ ਦੇ ਮੌਜੂਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਹਮਾਇਤੀ ਬਣ ਗਿਆ ਸੀ। ਇਸ ਤੋਂ ਪਹਿਲਾਂ, ਉਸਨੂੰ 2019 ’ਚ ਭਾਰਤ ਸਰਕਾਰ ਵੱਲੋਂ ਆਪਣੇ ਜ਼ੱਦੀ ਮੁਲਕ ’ਚ ਜਾਣ ਲਈ ਵੀਜ਼ਾ ਦਿੱਤਾ ਗਿਆ ਸੀ, ਜਿੱਥੇ ਉਹ ਅਤੇ ਉਸਦੇ ਰਿਸ਼ਤੇਦਾਰ ਰਾਅ ਦੇ ਮੁਖੀ ਨੂੰ ਮਿਲੇ ਸਨ। ਨਤੀਜੇ ਵਜੋਂ ਉਸ ਦਾ ਸਿੱਖ ਵੱਖਵਾਦੀਆਂ ਨਾਲ ਬਖੇੜਾ ਖੜ੍ਹਾ ਹੋ ਗਿਆ। ਪਰ ਇਹ ਤਾਂ ਕਹਾਣੀ ਦਾ ਸਿਰਫ਼ ਇਕ ਹਿੱਸਾ ਹੈ, ਕਿਉਂਕਿ ਭਾਰਤੀ ਖ਼ੁਫ਼ੀਆ ਤੰਤਰ, ਮੋਦੀ ਪੱਖੀ ਮੀਡੀਆ ਅਤੇ ਉਸਦੇ ਹਮਾਇਤੀਆਂ ਨੇ ਹੋਰ ਸੰਭਾਵਿਤ ਪੱਖਾਂ ਨੂੰ ਦੇਖੇ ਬਿਨਾਂ ਹੀ ਉਸਦੇ ਸਿੱਖ ਆਲੋਚਕਾਂ ਵੱਲ ਉਂਗਲ ਉਠਾਉਣੀ ਸ਼ੁਰੂ ਕਰ ਦਿੱਤੀ ਹੈ। ਇਹ ਇਸ ਤੱਥ ਦੇ ਬਾਵਜੂਦ ਹੈ ਕਿ ਉਸ ਦੇ ਕਤਲ ਦੇ ਸਬੰਧ ’ਚ ਦੋ ਗ਼ੈਰ-ਸਿੱਖ ਸ਼ੱਕੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਅਤੇ ਮਨੋਰਥ ਬਾਰੇ ਕੋਈ ਗੱਲ ਨਹੀਂ ਹੋ ਰਹੀ ਹੈ। ਹਾਲਾਤ ਦਰਸਾਉਂਦੇ ਹਨ ਕਿ ਇਹ ਸੰਭਵ ਹੈ ਕਿ ਇਕ ਪੇਸ਼ੇਵਰ ਕਤਲ ਹੋਵੇ। ਇਸੇ ਲਈ ਮੈਂ ਤੁਹਾਨੂੰ ਇਹ ਚਿੱਠੀ ਲਿਖ ਰਿਹਾ ਹਾਂ।

ਆਮ ਸੂਝ ਇਹ ਮੰਗ ਕਰਦੀ ਹੈ ਕਿ ਜਾਂਚਕਰਤਾਵਾਂ ਨੂੰ ਸਾਰੀਆਂ ਸੰਭਾਵਨਾਵਾਂ ਦੀ ਘੋਖ ਕਰਨੀ ਚਾਹੀਦੀ ਹੈ ਅਤੇ ਕਿਸੇ ਵੀ ਗੱਲ ਨੂੰ ਰੱਦ ਨਹੀਂ ਕਰਨਾ ਚਾਹੀਦਾ।

ਫ਼ਿਲਹਾਲ ਇਹ ਦੇਖਣਾ ਹੋਵੇਗਾ ਕਿ ਇਸ ਚਰਚਿਤ ਕਤਲ ਦਾ ਫ਼ਾਇਦਾ ਕਿਸ ਨੂੰ ਹੋ ਰਿਹਾ ਹੈ। ਸਿੱਖ ਵੱਖਵਾਦੀਆਂ ਉੱਪਰ ਇਲਜ਼ਾਮ ਲਗਾਉਣਾ ਸੌਖਾ ਹੈ। ਇਸ ਲਈ ਸਵਾਲ ਇਹ ਹੈ ਕਿ ਉਹ ਕਿਸੇ ਅਜਿਹੇ ਵਿਅਕਤੀ ਨੂੰ ਕਿਉਂ ਮਾਰਨਗੇ ਜਿਸ ਦੇ ਕਤਲ ਦਾ ਦੋਸ਼ ਉਨ੍ਹਾਂ ਉੱਪਰ ਸਹਿਜੇ ਹੀ ਲਗਾਇਆ ਜਾ ਸਕਦਾ ਹੈ? ਕੀ ਇਹ ਸੱਚਮੁੱਚ ਉਨ੍ਹਾਂ ਦੀ ਮੱਦਦ ਕਰਦਾ ਹੈ ਜਾਂ ਇਸ ਨਾਲ ਉਨ੍ਹਾਂ ਦਾ ਹੋਰ ਨੁਕਸਾਨ ਹੁੰਦਾ ਹੈ?

ਇਨ੍ਹਾਂ ਸਾਲਾਂ ’ਚ ਭਾਰਤੀ ਲਾਬੀ ਨੇ ਕੈਨੇਡਾ ’ਚ ਸਿੱਖ ਵੱਖਵਾਦੀਆਂ ਵਿਰੁੱਧ ਮੁਹਿੰਮ ਤੇਜ਼ ਕਰ ਦਿੱਤੀ ਹੈ, ਹਾਲਾਂਕਿ ਇਕ ਵੱਖਰੇ ਸਿੱਖ ਹੋਮਲੈਂਡ ਲਈ ਅੰਦੋਲਨ ਭਾਰਤ ਵਿਚ ਆਪਣੀ ਖਿੱਚ ਗੁਆ ਚੁੱਕਾ ਹੈ। ਕਨੇਡਾ ਵਿਚ ਉਨ੍ਹਾਂ ਸਿਰ ਮੜ੍ਹੀ ਕੋਈ ਵੀ ਹਿੰਸਕ ਕਾਰਵਾਈ ਸਿਰਫ਼ ਹਿੰਦੂ ਬਹੁਗਿਣਤੀ ਦੀ ਪਾਲਾਬੰਦੀ ਕਰਨ, ਸਿੱਖ ਅੱਤਵਾਦ ਪ੍ਰਤੀ ਕੈਨੇਡਾ ਵੱਲੋਂ ਨਰਮਾਈ ਵਰਤਣ ਦੀ ਉਨ੍ਹਾਂ ਦੀ ਦਲੀਲ ਨੂੰ ਮਜ਼ਬੂਤ ਕਰਨ, ਅਤੇ ਮਨੁੱਖੀ ਹੱਕਾਂ ਦੇ ਘਾਣ ਦੀਆਂ ਕਹਾਣੀਆਂ ਤੇ 1984 ਬਾਬਤ ਇਨਸਾਫ਼ ਦੀ ਲੜਾਈ ਦੇ ਸੰਦਰਭ ਵਿਚ ਸਿੱਖ ਅਸੰਤੋਸ਼ ਦੀ ਕਿਸੇ ਵੀ ਆਵਾਜ਼ ਨੂੰ ਦਬਾਉਣ ’ਚ ਹੀ ਮੱਦਦ ਕਰਦੀ ਹੈ।

ਸੋ ਕਾਲਪਨਿਕ ਦੋਸ਼ੀਆਂ ਦਾ ਪਿੱਛਾ ਕਰਦੇ ਰਹਿਣ ਦੀ ਬਜਾਏ ਕਿਉਂ ਨਾ ਅਸਲ ਦੋਸ਼ੀਆਂ ਦੀ ਭਾਲ ਕੀਤੀ ਜਾਵੇ?

ਆਓ ਦੇਖੀਏ ਕਿ ਕਾਹਲ ਕਰਨ ਦੀ ਕੋਸ਼ਿਸ਼ ਕੌਣ ਕਰ ਰਿਹਾ ਹੈ? ਇਨ੍ਹਾਂ ਵਿਚ ਹਿੰਦੂ ਅੰਧ-ਰਾਸ਼ਟਰਵਾਦੀ ਆਗੂ ਮੋਦੀ ਦੇ ਸੱਜੇ-ਪੱਖੀ ਹਮਾਇਤੀ ਹਨ, ਜਿਨ੍ਹਾਂ ਨੇ ਸੋਸਲ ਮੀਡੀਆ ਉੱਪਰ ਕਿਹਾ ਹੈ ਕਿ ਮਲਿਕ ਦਾ ਕਤਲ ਸਿੱਖ ਕੱਟੜਪੰਥੀਆਂ ਵੱਲੋਂ ਪਾਕਿਸਤਾਨੀ ਏਜੰਸੀਆਂ ਦੀ ਮਿਲੀਭੁਗਤ ਨਾਲ ਕੀਤਾ ਗਿਆ ਹੈ ਕਿਉਂਕਿ ਉਸ ਨੇ ਭਾਰਤ ਦੇ ਪ੍ਰਧਾਨ ਮੰਤਰੀ ਨੂੰ ਚਿੱਠੀ ਲਿਖ ਕੇ ਉਸ ਦੀ ਹਮਾਇਤ ਕੀਤੀ ਸੀ। ਇਸ ਦੀ ਕੋਈ ਤੁਕ ਨਹੀਂ ਬਣਦੀ; ਕੈਨੇਡਾ ਵਿਚ ਜਾਂਚ ’ਚ ਕੋਈ ਪ੍ਰਗਤੀ ਨਹੀਂ ਹੋਈ ਹੈ, ਜਦੋਂ ਕਿ ਜਿਨ੍ਹਾਂ ਕਈ ਹਿੰਦੂ ਅਤੇ ਸਿੱਖ ਆਗੂਆਂ ਨੇ 2015 ’ਚ ਮੋਦੀ ਦੀ ਵੈਨਕੂਵਰ ਫੇਰੀ ਦੌਰਾਨ ਉਸ ਦਾ ਖੁੱਲ੍ਹੇਆਮ ਸਵਾਗਤ ਕੀਤਾ ਸੀ ਉਨ੍ਹਾਂ ’ਚੋਂ ਕਿਸੇ ਦਾ ਵਾਲ ਵੀ ਵਿੰਗਾ ਨਹੀਂ ਹੋਇਆ। ਤਾਂ ਫਿਰ ਅਸੀਂ ਇਸ ਉੱਪਰ ਯਕੀਨ ਕਿਵੇਂ ਕਰ ਸਕਦੇ ਹਾਂ?

ਗ਼ੌਰਤਲਬ ਹੈ ਕਿ ਇਨ੍ਹਾਂ ਵਿੱਚੋਂ ਬਹੁਤੇ ਲੋਕਾਂ ਨੇ ਇਸ ਗੱਲ ਨੂੰ ਅੱਖੋਂ-ਪਰੋਖੇ ਕਰ ਦਿੱਤਾ ਕਿ ਕਿਵੇਂ 2012 ’ਚ ਅਦਾਲਤ ਵੱਲੋਂ ਮਲਿਕ ਨੂੰ ਬੇਕਸੂਰ ਕਹਿਣ ਤੋਂ ਨਾਂਹ ਕਰ ਦਿੱਤੀ ਗਈ ਸੀ ਅਤੇ ਉਨ੍ਹਾਂ ਨੇ ਮੋਦੀ ਸਰਕਾਰ ਵੱਲੋਂ ਮਲਿਕ ਨੂੰ ਵੀਜਾ ਦੇਣ ਦੀ ਸਿਆਣਪ ਅਤੇ ਰਾਅ ਦੇ ਮੁਖੀ ਤੱਕ ਉਸ ਦੀ ਪਹੁੰਚ ਉੱਪਰ ਕਦੇ ਕੋਈ ਸਵਾਲ ਨਹੀਂ ਉਠਾਇਆ।

ਬਦਕਿਸਮਤੀ ਨਾਲ, ਕਈ ਸਿੱਖ ਜਥੇਬੰਦੀਆਂ ਵੱਲੋਂ ਮੰਗ ਕੀਤੇ ਦੇ ਬਾਵਜੂਦ ਹੁਣ ਤੱਕ ਏਅਰ ਇੰਡੀਆ ਕਾਂਡ ਦੀਆਂ ਜਾਂਚਾਂ ਜਾਂ ਤਾਂ ਇਸ ਨਜ਼ਰੀਏ ਤੋਂ ਕੇਸ ਨੂੰ ਦੇਖਣ ’ਚ ਪੂਰੀ ਤਰ੍ਹਾਂ ਅਸਫ਼ਲ ਰਹੀਆਂ ਹਨ, ਜਾਂ ਇਸ ਨੂੰ ਬਹੁਤ ਹੀ ਦੋਚਿੱਤੀ ਨਾਲ ਛੂਹਿਆ ਗਿਆ ਹੈ। ਇਸ ਨਾਲ ਸਿਰਫ਼ ਇਸ ਵਿਸ਼ਵਾਸ ਨੂੰ ਮਜ਼ਬੂਤੀ ਮਿਲਦੀ ਹੈ ਕਿ ਕੈਨੇਡਾ ਭਾਰਤ ਸਰਕਾਰ ਦੇ ਦਬਾਅ ਹੇਠ ਹੈ।

ਮਲਿਕ ਦੀ ਮੌਤ ਨਾਲ ਤੁਹਾਡੀ ਸਰਕਾਰ ਲਈ ਇਹ ਬਹੁਤ ਜ਼ਰੂਰੀ ਹੋ ਗਿਆ ਹੈ ਕਿ ਇਸ ਸੰਭਾਵਨਾ ਦੀ ਤੁਰੰਤ ਗੰਭੀਰਤਾ ਨਾਲ ਜਾਂਚ ਕਰਾਈ ਜਾਵੇ। ਤੁਹਾਡੀ ਪੁਲਿਸ ਪਹਿਲਾਂ ਹੀ ਸਧਾਰਨ ਸ਼ੱਕੀ ਲੋਕਾਂ ਉੱਪਰ ਆਪਣੀ ਤਾਕਤ ਅਤੇ ਵਸੀਲੇ ਅਜਾਈਂ ਗੁਆ ਚੁੱਕੀ ਹੈ। ਮਲਿਕ ਵਰਗੇ ਸਿੱਖ ਸ਼ਖ਼ਸਾਂ ਦੀ ਪਹਿਲਾਂ ਹੀ ਜਾਂਚ ਕੀਤੀ ਜਾ ਚੁੱਕੀ ਹੈ। ਜੋ ਅਸੀਂ ਪਹਿਲਾਂ ਹੀ ਜਾਣਦੇ ਹਾਂ ਹੁਣ ਵਧੇਰੇ ਖ਼ਾਸ ਜਾਂਚ ਉਸ ਤੋਂ ਅੱਗੇ ਲੈ ਕੇ ਜਾਣ ਦਾ ਸਮਾਂ ਆ ਗਿਆ ਹੈ।

ਭਾਰਤ ਦੀ ਬੇਕਿਰਕ ਸਰਕਾਰ ਤਾਂ 1984 ’ਚ ਆਪਣੇ ਹੀ ਲੋਕਾਂ ਦੇ ਕਤਲ ਕਰਾਉਣ ’ਚ ਕਾਮਯਾਬ ਹੋ ਗਈ ਸੀ, ਉਹ 331 ਮਨੁੱਖੀ ਜਾਨਾਂ ਲੈਣ ਵਾਲੇ ਅਜਿਹੇ ਅਨਸਰਾਂ ਦੀਆਂ ਸੇਵਾਵਾਂ ਲੈਣ ਸਮੇਂ ਬਹੁਤਾ ਨਹੀਂ ਸੋਚੇਗੀ ਜੇ ਇਹ ਉਸ ਨੂੰ ਰਾਸ ਆਉਂਦਾ ਹੈ। ਆਖ਼ਿਰਕਾਰ, ਏਅਰ ਇੰਡੀਆ ਬੰਬ ਕਾਂਡ ਨੇ ਸਿੱਖ ਨਸਲਕੁਸ਼ੀ ਦੇ ਪੀੜਤਾਂ ਦਾ ਨਿਆਂ ਹਾਸਲ ਕਰਨ ਦਾ ਕਾਜ ਹੀ ਬੇਅਸਰ ਬਣਾ ਦਿੱਤਾ ਸੀ।

ਇਹ ਗੱਲ ਪਹਿਲਾਂ ਹੀ ਸਥਾਪਿਤ ਹੋ ਚੁੱਕੀ ਹੈ ਕਿ ਪਰਮਾਰ ਵਰਗੇ ਬੰਦਿਆਂ ਵੱਲੋਂ ਦਿੱਤੀਆਂ ਧਮਕੀਆਂ ਦੇ ਮੱਦੇਨਜ਼ਰ ਏਅਰ ਇੰਡੀਆ ਬੰਬ ਕਾਂਡ ਨੂੰ ਰੋਕਿਆ ਜਾ ਸਕਦਾ ਸੀ। ਘੱਟੋ-ਘੱਟ ਏਅਰ ਇੰਡੀਆ ਜਾਂ ਭਾਰਤ ਸਰਕਾਰ ਕੁਝ ਚਿਰ ਲਈ ਉਡਾਣਾਂ ਰੱਦ ਕਰ ਸਕਦੀ ਸੀ। ਪਰ ਅਜਿਹਾ ਕਦੇ ਨਹੀਂ ਕੀਤਾ ਗਿਆ। ਇਸ ਦੀ ਬਜਾਏ ਸਗੋਂ ਹਮਲਾਵਰਾਂ ਨੂੰ ਸਾਜ਼ਿਸ਼ ਘੜਨ ਅਤੇ ਆਪਣੀਆਂ ਯੋਜਨਾਵਾਂ ਨੂੰ ਅੰਜਾਮ ਦੇਣ ਲਈ ਕਾਫ਼ੀ ਸਮਾਂ ਦਿੱਤਾ ਗਿਆ। ਬਾਦ ਵਿਚ ਜਦੋਂ ਪਰਮਾਰ 1992 ’ਚ ਭਾਰਤੀ ਪੁਲਿਸ ਦੇ ਜਾਲ ’ਚ ਫਸ ਗਿਆ ਤਾਂ ਉਨ੍ਹਾਂ ਨੇ ਉਸ ਨੂੰ ਖ਼ਤਮ ਕਰ ਦਿੱਤਾ। ਇਸ ਤੋਂ ਸਿਰਫ਼ ਇਹੀ ਪਤਾ ਲੱਗਦਾ ਹੈ ਕਿ ਇਹ ਕਿਸੇ ਵਧੇਰੇ ਘਿਣਾਉਣੇ ਕਾਰੇ ਉੱਪਰ ਪਰਦਾ ਪਾਉਣ ਦੀ ਕੋਸ਼ਿਸ਼ ਸੀ।

ਇਸ ਤੋਂ ਪਹਿਲਾਂ ਕਿ ਬਹੁਤ ਦੇਰ ਹੋ ਜਾਵੇ, ਤੁਹਾਡੀ ਸਰਕਾਰ ਨੂੰ ਕਾਰਵਾਈ ਕਰਨੀ ਚਾਹੀਦੀ ਹੈ। ਕਿਰਪਾ ਕਰਕੇ ਸੱਚ ਦੀ ਖ਼ਾਤਰ ਕੈਨੇਡੀਅਨ ਸੁਰੱਖਿਆ ਅਤੇ ਖ਼ੁਫ਼ੀਆ ਅਧਿਕਾਰੀਆਂ ਨੂੰ ਇਹ ਜ਼ਰੂਰ ਕਹੋ ਕਿ ਉਹ ਮਰ ਚੁੱਕੇ ਅਤੇ ਜਿਉਂਦੇ ਦੋਵੇਂ ਤਰ੍ਹਾਂ ਦੇ ਸ਼ੱਕੀ ਵਿਅਕਤੀਆਂ ਅਤੇ ਕੈਨੇਡਾ ਵਿਚ ਭਾਰਤੀ ਏਜੰਟਾਂ ਦੇ ਨਾਪਾਕ ਸਬੰਧਾਂ ਬਾਰੇ ਹੋਰ ਜਾਣਕਾਰੀ ਹਾਸਲ ਕਰਨ। ਇਸ ਸਮੇਂ, ਭਾਰਤ ਦਾ ਮੀਡੀਆ ਅਤੇ ਖ਼ੁਫ਼ੀਆ ਏਜੰਸੀਆਂ ਮਲਿਕ ਦੇ ਕਤਲ ਬਾਰੇ ਬਹੁਤ ਜ਼ਿਆਦਾ ਬੇਲੋੜਾ ਹੋ-ਹੱਲਾ ਮਚਾ ਰਹੀਆਂ ਹਨ ਅਤੇ ਵੈਨਕੂਵਰ ਵਿਚ ਸਿੱਖ ਕਾਰਕੁਨਾਂ ਨੂੰ ਭੰਡਣ ਦੀ ਕੋਸ਼ਿਸ਼ ਕਰ ਰਹੀਆਂ ਹਨ। ਇਹ ਜ਼ਰੂਰੀ ਹੈ ਕਿ ਕੈਨੇਡਾ ਉਨ੍ਹਾਂ ਦੀਆਂ ਨਾਕਾਮੀਆਂ ਅਤੇ ਸਾਡੇ ਮੁਲਕ ਦੇ ਸਮਾਜੀ-ਸਿਆਸੀ ਮਾਹੌਲ ਨੂੰ ਵਿਗਾੜਨ ਲਈ ਉਨ੍ਹਾਂ ਵੱਲੋਂ ਖੇਡੀਆਂ ਜਾ ਰਹੀਆਂ ਚਾਲਾਂ ਲਈ ਉਨ੍ਹਾਂ ਨੂੰ ਜਵਾਬਦੇਹ ਬਣਾਵੇ। ਉਮੀਦ ਹੈ, ਤੁਸੀਂ ਭਾਈਚਾਰੇ ਦੇ ਉਸ ਵਿਅਕਤੀ ਦੀ ਆਵਾਜ਼ ਜ਼ਰੂਰ ਸੁਣੋਗੇ ਜਿਸ ਦੀ ਹਰ ਖ਼ਬਰ ਉੱਪਰ ਤਿੱਖੀ ਨਜ਼ਰ ਹੈ।

ਪੜ੍ਹਦਿਆਂ ਵਾਚਦਿਆਂ

# ਡਾ. ਭੀਮ ਇੰਦਰ ਸਿੰਘ : ਸਿਧਾਂਤ ਤੇ ਸਮੀਖਿਆ

(ਸੰਪਾਦਕ : ਸਤਿੰਦਰਪਾਲ ਸਿੰਘ ਬਾਵਾ, ਤਰਕ ਭਾਰਤੀ ਪ੍ਰਕਾਸ਼ਨ ਬਰਨਾਲਾ, 2022, ਕੀਮਤ : 400/-)

ਪਿਛਲੇ ਪੰਜ ਦਹਾਕਿਆਂ ਤੋਂ ਜਿਸ ਕਿਸਮ ਨਾਲ ਮਾਰਕਸਵਾਦੀ ਢੰਗ ਤਰੀਕੇ ਨਾਲ ਸੋਚਣ ਵਾਲੀਆਂ ਲਿਖਤਾਂ ਵਿਚ ਬੌਧਿਕ ਪੱਧਰ 'ਤੇ ਘਟਾ ਆ ਗਿਆ ਸੀ ਕਈ ਨਵੀਆਂ ਫੈਸ਼ਨ ਦੇ ਤੌਰ 'ਤੇ ਵਿਚਾਰਧਾਰਾਵਾਂ ਕਦੀ ਆਧੁਨਿਕਤਾਵਾਦ ਤੇ ਕਦੀ ਉਤਰ-ਆਧੁਨਿਕਤਾਵਾਦ ਤੋਂ ਲੈ ਕੇ ਨਵ-ਮਾਰਕਸਵਾਦ ਦੀਆਂ ਵੰਨਗੀਆਂ ਅਤੇ ਸਾਮਰਾਜਵਾਦ ਨੂੰ ਨਵ-ਸਾਮਰਾਜਵਾਦ ਤੱਕ ਕਈ ਕਿਸਮ ਦੇ ਚਿੰਤਨ ਸਾਹਿਤ ਤੋਂ ਲੈ ਕੇ ਰਾਜਨੀਤੀ ਦੇ ਖੇਤਰ ਤੱਕ ਸ਼ਾਮਲ ਹੋ ਗਏ। ਪ੍ਰੰਤੂ ਬਹੁਤ ਘੱਟ ਹਿੱਸੇ ਅਜਿਹੇ ਰਹੇ ਜਿਨ੍ਹਾਂ ਨੇ ਮਾਰਕਸ ਦੇ ਮੂਲ ਪਹਿਲੂਆਂ ਨੂੰ ਉਜਾਗਰ ਕਰਨ ਅਤੇ ਸਮਝਣ ਲਈ ਲਗਾਤਾਰ ਕਾਰਜ ਕੀਤਾ। ਇਸ ਤੋਂ ਲਗਾਤਾਰ ਮਾਰਕਸੀ ਚਿੰਤਨ ਦੀ ਸਮਕਾਲੀ ਪ੍ਰਸੰਗਕਤਾ ਦੇ ਨਾਲ-ਨਾਲ ਚਿੰਤਨ ਪ੍ਰਕਿਰਿਆਵਾਂ ਵਿਚ ਵਿਕਾਸ ਚਾਹੇ ਉਹ ਸਾਹਿਤ ਦਾ ਖੇਤਰ ਹੋਵੇ, ਚਾਹੇ ਫਲਸਫੇ ਦਾ ਖੇਤਰ ਹੋਵੇ ਤੇ ਚਾਹੇ ਵਿਚਾਰਧਾਰਾਈ ਖੇਤਰ ਹੋਵੇ ਉਨ੍ਹਾਂ ਨੂੰ ਕੇਂਦਰ ਵਿਚ ਰੱਖਕੇ ਡਾ. ਭੀਮਇੰਦਰ ਨੇ ਆਪਣੇ ਕਾਰਜ ਕੀਤੇ। ਉਨ੍ਹਾਂ ਦੇ ਕਾਰਜ 'ਤੇ ਵੱਖ-ਵੱਖ ਖੇਤਰਾਂ ਦੇ ਵਿਦਵਾਨ ਸੱਜਣਾਂ ਨੇ ਸਮੀਖਿਆ ਕੀਤੀ ਜਿਸ ਵਿਚ ਸਿਧਾਂਤ ਤੋਂ ਸਮੀਖਿਆ ਤੱਕ ਡਾ. ਟੀ.ਆਰ. ਵਿਨੋਦ, ਡਾ. ਸਤਿੰਦਰ ਸਿੰਘ ਨੂਰ, ਡਾ. ਸੁਖਦੇਵ ਸਿਰਸਾ ਅਤੇ ਡਾ. ਸਤਿੰਦਰਪਾਲ ਸਿੰਘ ਬਾਵਾ ਆਦਿ ਦੀਆਂ ਲਿਖਤਾਂ ਜੋ 31 ਅਧਿਆਇ ਬਣਦੇ ਹਨ ਇਕੱਤਰ ਕਰਕੇ ਇਕ ਮੁਲਵਾਨ ਕਾਰਜ ਕੀਤਾ ਹੈ। ਇਸ ਤਰ੍ਹਾਂ ਮਾਰਕਸਵਾਦ ਦੇ ਪ੍ਰਸੰਗ ਨੂੰ ਡਾ. ਭੀਮਇੰਦਰ ਸਿੰਘ ਕਿਸ ਤਰ੍ਹਾਂ ਸਮਝਦੇ ਹਨ, ਉਸ ਬਾਰੇ ਚਾਰ ਮੁਲਾਕਾਤਾਂ ਦਰਜ ਹਨ। ਵੱਖ-ਵੱਖ ਵਿਦਵਾਨਾਂ ਸਤਪਾਲ ਡਾਂਗ ਤੋਂ ਲੈ ਕੇ ਪ੍ਰੋ. ਗੁਰਦਿਆਲ ਸਿੰਘ ਤੱਕ ਨੇ ਸਮੇਂ-ਸਮੇਂ 'ਤੇ ਆਪਣੀਆਂ ਟਿੱਪਣੀਆਂ ਵੀ ਕੀਤੀਆਂ ਹਨ। ਇਹ ਸਿਧਾਂਤ ਤੇ ਸਮੀਖਿਆ ਦੀ ਪੁਸਤਕ ਸਿਰਫ ਡਾ. ਭੀਮਇੰਦਰ ਸਿੰਘ ਉਪਰ ਹੀ ਕੇਂਦਰਤ ਨਹੀਂ ਹੈ ਬਲਕਿ ਕਈ ਕਿਸਮ ਦੇ ਸਵਾਲ ਜੋ ਅੱਜ ਵੀ ਖੜ੍ਹੇ ਹਨ ਉਨ੍ਹਾਂ ਨੂੰ ਵੀ ਸੰਬੋਧਤ ਹੁੰਦੀ ਹੈ। ਸੰਪਾਦਕ ਕਰਤਾ ਸਤਿੰਦਰਪਾਲ ਸਿੰਘ ਬਾਵਾ ਨੇ ਸਪਸ਼ਟ ਦਰਜ ਕੀਤਾ ਹੈ ਕਿ ਮਾਰਕਸਵਾਦੀ ਦ੍ਰਿਸ਼ਟੀ ਤੋਂ ਪ੍ਰਸਤੁਤ ਅਧਿਐਨ ਦੇ ਸਬੰਧ ਸਮਾਜ-ਸਭਿਆਚਾਰ ਅਤੇ ਸਾਹਿਤ ਦੇ ਵਿਭਿੰਨ ਵਿਸ਼ਿਆਂ ਨਾਲ ਸਬੰਧਤ ਹੈ ਜਿਹੜਾ ਉਸ ਵਲੋਂ ਪ੍ਰਕਾਸ਼ਤ 9 ਮੂਲ ਆਲੋਚਨਾਤਮਿਕ ਪੁਸਤਕਾਂ (ਸਮਾਜ, ਸਿਆਸਤ ਤੇ ਸਾਹਿਤ, ਆਧੁਨਿਕ ਪੰਜਾਬੀ ਕਹਾਣੀ : ਸਿਆਸੀ ਪਰਿਪੇਖ, ਮਾਰਕਸਵਾਦ, ਨਵ-ਮਾਰਕਸਵਾਦ ਅਤੇ ਉਤਰ-ਆਧੁਨਿਕਤਾਵਾਦ, ਸ਼ਾਹ ਮੁਹੰਮਦ : ਜੀਵਨ ਅਤੇ ਰਚਨਾ, ਸਮਕਾਲੀ ਸਰੋਕਾਰ ਅਤੇ ਸਾਹਿਤ, ਮਾਰਕਸਵਾਦ: ਮੁੱਦੇ ਅਤੇ ਮੁਲਾਂਕਣ, ਸੱਤਾ, ਸੰਘਰਸ਼ ਅਤੇ ਸਾਹਿਤ, ਪੰਜਾਬੀ ਕਹਾਣੀ : ਤੱਥ ਤੇ ਤਰਕ, ਪੰਜਾਬੀ




ਕਾਵਿ : ਪ੍ਰਗਤੀਸ਼ੀਲ ਪਰਿਪੇਖ) ਆਦਿ ਕਾਰਜਾਂ ਰਾਹੀਂ ਇਸ ਪੁਸਤਕ ਦਾ ਅਕਾਰ ਗ੍ਰਹਿਣ ਹੋਇਆ ਹੈ। ਪੁਸਤਕ ਨੂੰ ਪੜ੍ਹਦਿਆਂ ਵਾਚਦਿਆਂ ਜਿਥੇ ਮਾਰਕਸਵਾਦੀ ਚਿੰਤਨ ਨਾਲ ਸਬੰਧਤ ਸ਼ਬਦਾਵਲੀ ਅਤੇ ਉਸ ਦੇ ਰਾਹੀਂ ਅਜੋਕੀ ਦੁਨੀਆ ਵਿਸ਼ੇਸ਼ ਕਰਕੇ ਸਾਹਿਤ ਅਤੇ ਸਮਾਜ ਨੂੰ ਦੇਖਣ ਦੇ ਨਾਲ ਨਾਲ ਰਾਜਨੀਤਕ ਪਹਿਲੂਆਂ ਦੀ ਵੀ ਸਮਝਦਾਰੀ ਵਿਕਸਤ ਹੁੰਦੀ ਹੈ ਜਿਸ ਕਿਸਮ ਦਾ ਸਿਆਸੀ ਪ੍ਰਵਚਨ ਅਜੋਕੇ ਦੌਰ ਵਿਚ ਬਿਨਾਂ ਵਿਚਾਰਧਾਰਾਵਾਂ ਰਾਹੀਂ ਸਥਾਪਤ ਕੀਤਾ ਜਾ ਰਿਹਾ ਹੈ ਉਹ ਇਕ ਵੱਡਾ ਮਸਲਾ ਹੈ। ਇਹ ਪੁਸਤਕ ਇਸ ਗੱਲ ਵੱਲ ਵੀ ਇਸ਼ਾਰੇ ਕਰਦੀ ਹੈ ਕਿ ਕਿਸ ਤਰ੍ਹਾਂ ਪੂੰਜੀਵਾਦ ਦੇ ਫੈਲਾਅ ਨੇ ਸਮੁੱਚੇ ਸਰੋਕਾਰਾਂ ਨੂੰ ਤਬਦੀਲ ਕਰ ਦਿੱਤਾ ਹੈ ਜਾਂ ਉਨ੍ਹਾਂ 'ਤੇ ਪ੍ਰਭਾਵ ਪਾ ਦਿੱਤਾ ਹੈ। ਕਿਸ ਤਰ੍ਹਾਂ ਭਾਰਤ ਤੇ ਵਿਸ਼ੇਸ਼ ਕਰਕੇ ਪੰਜਾਬ ਦੇ ਜਨਜੀਵਨ ਉਪਰ ਇਸ ਦਾ ਪ੍ਰਭਾਵ ਪਿਆ ਹੈ। ਅਜੋਕੇ ਦੌਰ ਵਿਚ ਵੱਖ-ਵੱਖ ਖੋਜਾਰਥੀਆਂ ਲਈ ਇਹ ਪੁਸਤਕ ਇਸ ਕਰਕੇ ਲਾਹੇਵੰਦ ਸਾਬਤ ਹੋਵੇਗੀ ਕਿ ਅਕਾਦਮਿਕ ਖੇਤਰ ਦੀਆਂ ਕੀ ਲੋੜਾਂ ਹਨ ਤੇ ਕਿਸ ਤਰ੍ਹਾਂ ਅਜੋਕੇ ਦੌਰ ਵਿਚ ਇਸ ਦੀ ਚਿੰਤਨ ਪ੍ਰਕਿਰਿਆ ਨੂੰ ਵਿਕਸਿਤ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਦਲਿਤ ਚਿੰਤਨ, ਪਾਸ਼ ਦੀ ਪ੍ਰਸੰਗਿਕਤਾ, ਮਿੱਤਰ ਸੈਨ ਮੀਤ ਦੀਆਂ ਕਹਾਣੀਆਂ ਦੇ ਮੂਲ ਸਰੋਕਾਰ ਅਤੇ ਗਦਰ ਲਹਿਰ ਦਾ ਭਾਰਤ ਦੀ ਅਜ਼ਾਦੀ ਵਿਚ ਆਦਿ ਪਹਿਲੂਆਂ 'ਤੇ ਕੀਤੇ ਗਏ ਡਾ. ਭੀਮਇੰਦਰ ਦੇ ਕਾਰਜ ਖੇਤਰ ਵੀ ਅਹਿਮੀਅਤ ਰੱਖਦੇ ਹਨ। ਹਾਲਾਂਕਿ ਇਨ੍ਹਾਂ ਉਪਰ ਹੋਰ ਡੂੰਘਾਈ ਨਾਲ ਮਾਰਕਸੀ ਚਿੰਤਨ ਤੋਂ ਵਿਸ਼ਲੇਸ਼ਣ ਕਰਨ ਦੀ ਜ਼ਰੂਰਤ ਹੈ। ਜਿਸ ਤਰ੍ਹਾਂ ਪੁਸਤਕ ਦੇ ਸੰਪਾਦਨ ਨੇ ਆਪਣੀ ਦ੍ਰਿਸ਼ਟੀ ਦਾ ਵੀ ਇਜ਼ਹਾਰ ਕੀਤਾ ਹੈ ਕਿ ਆਧੁਨਿਕ ਸਮਿਆਂ ਵਿਚ ਕਿਸੇ ਵੀ ਲਹਿਰ ਨੂੰ ਸਮਝਣ ਲਈ ਮਾਰਕਸੀ ਚਿੰਤਨ ਅਹਿਮ ਸਥਾਨ ਰੱਖਦਾ ਹੈ। ਕਿਉਂਕਿ ਸਤਿੰਦਰਪਾਲ ਸਿੰਘ ਬਾਵਾ ਪੰਜਾਬੀ ਸਾਹਿਤ ਆਲੋਚਨਾ ਦੇ ਖੇਤਰ ਵਿਚ ਵਿਸ਼ੇਸ਼ ਨਾਂ ਰੱਖਦੇ ਹਨ। ਸਮੇਂ ਸਮੇਂ 'ਤੇ ਪੰਜਾਬੀ ਆਲੋਚਨਾ ਵਿਸ਼ੇਸ਼ ਕਰਕੇ ਅਨੁਵਾਦ ਰਾਹੀਂ ਉਨ੍ਹਾਂ ਨੇ ਆਪਣਾ ਨਾਂ ਸਾਹਿਤਕ ਖੇਤਰ ਵਿਚ ਦਰਜ ਕਰਾਇਆ ਹੈ। ਜਿਸ ਕਿਸਮ ਨਾਲ ਫਰੈਡਰਿਕ ਜੈਮਸਨ ਦੇ ਸੰਕਲਪ ਸਿਆਸੀ ਅਵਚੇਤਨ ਰਾਹੀਂ ਉਸ ਨੇ ਨਕਸਵਾੜੀ ਲਹਿਰ ਨਾਲ ਸਬੰਧਤ ਪੰਜਾਬੀ ਗਲਪ ਰਚਨਾਵਾਂ ਨੂੰ ਸਮਝਣ ਅਤੇ ਪਰਖਣ ਦੀ ਪਹਿਲ ਕੀਤੀ ਉਹ ਅਹਿਮੀਅਤ ਰੱਖਦੀ ਹੈ। ਇਸੇ ਤਰ੍ਹਾਂ ਉਨ੍ਹਾਂ ਦੀ ਪੁਸਤਕ ਨਕਸਲਵਾਦ ਅਤੇ ਪੰਜਾਬੀ ਨਾਵਲ : ਸਿਆਸੀ ਅਵਚੇਤਨ ਨੂੰ ਵੀ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਪੁਸਤਕ ਨੂੰ ਸੰਪਾਦਨ ਕਰਦਿਆਂ ਉਨ੍ਹਾਂ ਨੇ ਮਾਰਕਸੀ ਚਿੰਤਨ ਪ੍ਰਕਿਰਿਆ ਦੇ ਵੱਡੇ ਪਹਿਲੂਆਂ ਨੂੰ ਸਮਝਿਆ ਵੀ ਹੈ ਅਤੇ ਪੁਸਤਕ ਦਾ ਜਿਸ ਕਿਸਮ ਨਾਲ ਸੰਪਾਦਨ ਕੀਤਾ ਹੈ ਇਹ ਨਵੇਂ ਖੋਜਾਰਥੀਆਂ ਲਈ ਬੜੀ ਅਹਿਮੀਅਤ ਰੱਖਦਾ ਹੈ। ਭਵਿੱਖ ਵਿਚ ਸਤਿੰਦਰਪਾਲ ਸਿੰਘ ਬਾਵਾ ਤੋਂ ਵੀ ਉਮੀਦਾਂ ਹਨ ਕਿ ਉਨ੍ਹਾਂ ਨੇ ਜਿਸ ਕਿਸਮ ਨਾਲ ਡਾ. ਭੀਮਇੰਦਰ ਸਿੰਘ ਦੇ ਸਿਧਾਂਤ 'ਤੇ ਸਮੀਖਿਆ ਦਾ ਇਕੱਤਰੀਕਰਨ ਕਰਦਿਆਂ ਇਕ ਵਿਅਕਤੀ ਤੋਂ ਵਿਚਾਰਧਾਰਾ ਤੱਕ ਨੂੰ ਸਮੋਅ ਲਿਆ ਹੈ। ਵਿਚਾਰਧਾਰਾਵਾਂ ਦੇ ਸਵਾਲਾਂ ਨੂੰ ਸਮਝਣਾ ਅਤੇ ਉਨ੍ਹਾਂ ਉਪਰ ਕਾਰਜ ਕਰਨਾ ਅਜੋਕੇ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ। ਆਉਣ ਵਾਲੇ ਸਮਿਆਂ ਵਿਚ ਨਵੇਂ ਖੋਜਾਰਥੀ ਇਸ ਦਿਸ਼ਾ ਵੱਲ ਕਦਮ ਪੁੱਟਣਗੇ।

-ਬਲਜਿੰਦਰ ਸਿੰਘ
+91 92167-29698

SUPER VISA INSURANCE
ਸੁਪਰ ਵੀਜ਼ਾ ਇੰਸ਼ੋਰੈਂਸ
With all the BENEFITS & REQUIREMENTS
* LIFE INSURANCE * CRITICAL ILLNESS INSURANCE * TFSA
* RRSP * RESP * DISABILITY INSURANCE
For More Information Call:
HARCHARAN PARHAR
Cell: 403.681.8689 Email: parharinsurance@gmail.com www.parharinsurance.com



Harpreet Parmar CPA, CGA
Chartered Professional Accountant
• Accounting • Tax • Business Advisory
We also provide
FINTRAC Registration/Compliance Services for Money Exchange Business
FINTRAC AML MANUAL SERVICES for Money Exchange Business
New Location
Extensive experience with Revenue Canada audits, reviews etc.
• Accounting • Financial • Statements • Personal Tax • Corporate Tax
• Incorporation • Payroll • Business Advisory • New Business Startups
• Book-Keeping • Management • Consulting Services
ਤੁਹਾਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਵਧੀਆ ਤੇ ਪ੍ਰੋਫੈਸ਼ਨਲ ਅਕਾਊਂਟਸ ਸਰਵਿਸ ਲਈ ਸਾਡੇ ਨਾਲ ਸੰਪਰਕ ਕਰੋ।
In Business Since 1997
Suite 218, 7 Westwinds Cres NE, Calgary, AB T3J 5H2 Park Plaza (Besides Prairie Winds Park)
Ph: (403) 271-5100, Fax: (403) 271-5171
Email: hparmar@hppcorp.ca
Website: www.hppcorp.ca




Sandhu G Construction Ltd.
Preparation- Shower Base - Water Proof
We can install Ceramic Tiles & Marble, Back Splash Tiles, Tiles on Walls, Kitchen, Washroom or anywhere in Home.
You can upgrade your Kitchen or Washroom



Harmanjot Dhudike
403-975-0006

ਵਰਕਰ ਦੀ ਤੁਰੰਤ ਲੋੜ
ਪੁਰਾਣੇ ਜਾਂ ਨਵੇਂ ਘਰਾਂ ਵਿਚ ਟਾਇਲਾਂ ਅਤੇ ਮਾਰਬਲ ਲਗਵਾਉਣ ਅਤੇ ਤਸੱਲੀਬਖਸ਼ ਕੰਮ ਕਰਵਾਉਣ ਲਈ ਸੰਪਰਕ ਕਰੋ
Sharmanjot22@gmail.com



Dalveer Purba
587-435-5600



# ਵਿਦੇਸ਼ਾਂ ਤੋਂ ਭਾਰਤ 'ਚ ਪੈਸਾ ਮੰਗਵਾਉਣ ਲਈ ਰਕਮ ਵਿੱਚ ਵਾਧਾ



ਡਾ. ਹਰਦੀਪ ਸਿੰਘ ਅਟਵਾਲ




ਸੰਸਾਰ ਬੈਂਕ ਦੀ ਰਿਪੋਰਟ ਮੁਤਾਬਿਕ ਭਾਰਤ ਦੁਨੀਆਂ ਭਰ ਵਿੱਚ ਵਿਦੇਸ਼ ਤੋਂ ਪੈਸੇ ਹਾਸਲ ਕਰਨ ਵਿੱਚ ਇੱਕ ਨੰਬਰ ਤੇ ਹੈ। ਭਾਰਤ ਤੋਂ ਬਾਅਦ ਇਸ ਵਿੱਚ ਅਗਲਾ ਨੰਬਰ ਚੀਨ, ਮੈਕਸੀਕੋ ਅਤੇ ਫਿਲੀਪਨਿਜ਼ ਦੇਸ਼ਾ ਦਾ ਹੈ। ਸਾਲ 2021 ਵਿੱਚ ਪਰਵਾਸੀ ਭਾਰਤੀਆਂ ਨੇ 87 ਬਿਲੀਅਨ ਅਮਰੀਕਨ ਡਾਲਰ ਵਿਦੇਸ਼ ਤੋਂ ਭਾਰਤ ਭੇਜਿਆ। ਇਸ ਰਿਪੋਰਟ ਮੁਤਾਬਿਕ 2021 ਵਿੱਚ ਸਭ ਤੋਂ ਜ਼ਿਆਦਾ ਪੈਸਾ ਅਮਰੀਕਾ ਤੋਂ ਭਾਰਤ ਗਿਆ ਅਤੇ ਖਾੜੀ ਮੁਲਕਾਂ ਤੋਂ ਵੱਡੀ ਗਿਣਤੀ ਰਹਿਣ ਵਾਲੇ ਪਰਵਾਸੀ ਪੈਸਾ ਭੇਜਣ ਵਿੱਚ ਇਸ ਤੋਂ ਬਾਅਦ ਹਨ। ਜੇਕਰ ਭਾਰਤ ਦੇ ਸੂਬਿਆਂ ਮੁਤਾਬਿਕ ਗੱਲ ਕਰੀਏ ਤਾਂ ਕੇਰਲਾ, ਤਾਮਿਲਨਾਡੂ ਅਤੇ ਆਂਧਰਾ ਪਰਦੇਸ਼ ਦੇ ਪਰਵਾਸੀ ਭਾਰਤੀ ਆਪਣੇ ਰਿਸ਼ਤੇਦਾਰਾਂ ਨੂੰ ਪੈਸੇ ਭੇਜਣ ਵਿੱਚ ਮੋਹਰੀ ਹਨ। ਪੰਜਾਬੀ ਪਰਵਾਸੀਆਂ ਦਾ ਨੰਬਰ ਇਸ ਲਈ ਪਿੱਛੇ ਰਹਿ ਗਿਆ। ਧਿਆਨ ਰਹੇ ਅਸੀਂ ਸਿਰਫ ਉਨ੍ਹਾਂ ਪੈਸਿਆਂ ਦੀ ਗੱਲ ਕਰ ਰਹੇ ਹਾਂ ਜੋ ਪਰਵਾਸੀ ਭਾਰਤੀਆਂ ਦੀ ਕਮਾਈ ਵਿੱਚੋਂ ਹਨ, ਇਸ ਵਿੱਚ ਇਮਪੋਰਟ/ਐਕਸਪੋਰਟ ਦੇ ਲਈ ਨਿਵੇਸ਼ ਵਾਲੀ ਰਕਮ ਸ਼ਾਮਿਲ ਨਹੀਂ ਹੈ। ਕੈਨੇਡਾ ਵਸਦੇ ਭਾਰਤੀਆਂ ਨੂੰ ਆਪਣੇ ਰਿਸ਼ਤੇਦਾਰਾਂ ਲਈ ਭਾਰਤ ਪੈਸੇ ਭੇਜਣ ਦੀ ਜ਼ਰੂਰਤ ਆਮ ਹੀ ਪੈਂਦੀ ਰਹਿੰਦੀ ਹੈ ਪਰ ਇਸ ਦੇ ਲਈ ਜ਼ਰੂਰੀ ਨਿਯਮਾਂ ਦੀ ਜਾਣਕਾਰੀ ਦੀ ਕਮੀ ਦਿਮਾਗੀ ਪਰੇਸ਼ਾਨੀ ਦਾ ਕਾਰਣ ਬਣਦੀ ਹੈ। ਤੁਹਾਡੀ ਜਾਣਕਾਰੀ ਲਈ ਇਥੇ ਇਹ ਦੱਸਣਾ ਮੁਨਾਸਿਬ ਹੈ ਕਿ ਭਾਰਤੀ ਐਫ. ਸੀ. ਆਰ. ਏ. ਜਾਂ ਫੌਰਿਨ ਕੌਂਟ੍ਰੀਬਿਓਸ਼ਨ ਰੈਗੁਲੇਸ਼ਨ ਐਕਟ ਹੈ ਜਿਸ ਰਾਹੀਂ ਵਿਦੇਸ਼ਾਂ ਤੋਂ ਆ ਰਹੇ ਧਨ ਤੇ ਨਜ਼ਰਸਾਨੀ ਰੱਖੀ ਜਾਂਦੀ ਹੈ।

ਭਾਰਤ ਦੇ ਕੇਂਦਰੀ ਗ੍ਰਹਿ ਮੰਤਰਾਲੇ ਦੇ ਨਵੇਂ ਨਿਯਮਾਂ ਅਨੁਸਾਰ ਹੁਣ ਵਿਦੇਸ਼ਾਂ ਵਿੱਚ ਰਹਿੰਦੇ ਰਿਸ਼ਤੇਦਾਰਾਂ ਤੋਂ ਭਾਰਤੀ ਲੋਕ 10 ਲੱਖ ਰੁਪਏ ਪ੍ਰਤੀ ਸਾਲ ਮੰਗਵਾ ਸਕਦੇ ਹਨ ਅਤੇ ਇਸ ਲਈ ਸਰਕਾਰ ਨੂੰ ਵੱਖਰੇ ਤੌਰ 'ਤੇ ਜਾਣਕਾਰੀ ਦੇਣ ਦੀ ਕੋਈ ਜ਼ਰੂਰਤ ਨਹੀਂ। ਇਸ ਬਦਲਾਅ ਤੋਂ ਪਹਿਲਾਂ ਇਹ ਰਕਮ ਸਿਰਫ ਇੱਕ ਲੱਖ ਰੁਪਏ ਤੱਕ ਸੀ। ਨਵੇਂ ਨੋਟੀਫੀਕੇਸ਼ਨ ਮੁਤਾਬਿਕ ਜੇ ਰਕਮ 10 ਲੱਖ ਤੋਂ ਉੱਪਰ ਹੋਵੇ ਤਾਂ 3 ਮਹੀਨੇ ਦੇ ਅੰਦਰ ਸਰਕਾਰ ਨੂੰ ਇਸ ਬਾਰੇ ਜਾਣਕਾਰੀ ਦੇਣੀ ਪਵੇਗੀ, ਜਿਸਦਾ ਸਮਾਂ ਪਹਿਲਾਂ ਇੱਕ ਮਹੀਨਾ ਸੀ। ਜੇਕਰ ਇੱਕ ਵਿਤੀ ਸਾਲ ਵਿੱਚ ਇਹ ਪੈਸੇ 10 ਲੱਖ ਤੋਂ ਉੱਪਰ ਹੋ ਜਾਣ ਤਾਂ ਕੇਂਦਰ ਸਰਕਾਰ ਨੂੰ 90 ਦਿਨਾਂ ਦੇ ਅੰਦਰ ਐਫ.ਸੀ-1 ਫਾਰਮ ਭਰ ਕੇ ਜਾਣਕਾਰੀ ਦੇਣੀ ਪਵੇਗੀ। ਇਹ ਫਾਰਮ ਸਰਕਾਰ ਦੀ ਵੈਬਸਾਇਟ fcraonline.nic.in ਤੋਂ ਡਾਉਨਲੋਡ ਲਈ ਉਪਲਬਧ ਹਨ। ਇਸੇ ਵੈਬਸਾਇਟ ਤੇ ਹੀ ਆਨਲਾਇਨ ਫਾਰਮ ਭਰਨ ਬਾਰੇ ਵੀ ਪੂਰੀ ਜਾਣਕਾਰੀ ਦਿੱਤੀ ਗਈ ਹੈ।

ਭਾਰਤੀ ਨਾਗਰਿਕ ਨੂੰ ਵਿਦੇਸ਼ਾਂ ਤੋਂ ਪ੍ਰਾਪਤ ਧਨ ਬਾਰੇ ਸਲਾਨਾ ਰਿਟਰਨ ਐਫ ਸੀ ਆਰ ਏ ਦੀ ਵੈਬਸਾਇਟ ਉੱਤੇ ਫਾਇਲ ਕਰਨੀ ਪੈਂਦੀ ਹੈ, ਇਹ ਰਿਟਰਨ ਭਾਰਤ ਦੀ ਇਨਕਮ ਟੈਕਸ ਰਿਟਰਨ ਨਾਲੋਂ ਅੱਲਗ ਹੈ। ਇਥੇ ਇਹ ਜਾਣਕਾਰੀ ਵੀ ਸਾਂਝੀ ਕਰਨੀ ਬਣਦੀ ਹੈ ਕਿ ਪੀ.ਆਰ. ਜਾਂ ਵਰਕ ਪਰਮਿਟ ਵਾਲੇ ਪਰਵਾਸੀ ਭਾਰਤੀਆਂ ਵੱਲੋਂ ਭੇਜਿਆ ਗਿਆ ਪੈਸਾ ਵਿਦੇਸ਼ੀ ਧਨ ਦੀ ਸ਼੍ਰੇਣੀ ਵਿੱਚ ਨਹੀਂ ਗਿਣਿਆ ਜਾਂਦਾ। ਜੇ ਕੋਈ ਵੀ ਭਾਰਤੀ ਪਾਸਪੋਰਟ ਧਾਰੀ ਭਾਰਤੀ ਨਾਗਰਿਕ ਜੋ ਵਿਦੇਸ਼ ਵਿੱਚ ਰਹਿ ਕੇ ਆਪਣੀ ਬਚਤ ਦੀ ਰਕਮ ਭਾਰਤ ਭੇਜਦਾ ਹੈ ਤਾਂ ਉਸਨੂੰ ਫੌਰਿਨ ਕੌਂਟਰੀਬੀਉਸ਼ਨ ਯਾਨਿ ਵਿਦੇਸ਼ੀ ਧਨ ਨਹੀਂ ਕਿਹਾ ਜਾਂਦਾ। ਉਹ ਇਹ ਪੈਸੇ ਆਮ ਬੈਂਕ ਰਾਹੀਂ ਵੀ ਭੇਜ ਸਕਦਾ ਹੈ। ਪਰ ਜੋ ਭਾਰਤੀ ਵਿਦੇਸ਼ੀ ਨਾਗਰਿਕਤਾ ਲੈ ਚੁੱਕੇ ਹਨ, ਉਨ੍ਹਾਂ ਦਾ ਭੇਜਿਆ ਧਨ ਵਿਦੇਸ਼ੀ ਧਨ ਦੀ ਸ਼੍ਰੇਣੀ ਮੰਨਿਆ ਜਾਂਦਾ ਹੈ ਚਾਹੇ ਉਹ ਭਾਰਤ ਦਾ PIO/OCI ਕਾਰਡ ਹੋਲਡਰ ਹੀ ਹੋਵੇ।

ਭਾਰਤੀਆਂ ਨੂੰ ਵਿਦੇਸ਼ ਤੋਂ ਪੈਸਾ ਮੰਗਵਾਉਣ ਲਈ ਬੈਂਕ ਅਕਾਉਂਟ ਲਈ ਨਿਯਮ ਵੀ ਧਿਆਨ ਵਿੱਚ ਰੱਖਣੇ ਚਾਹੀਦੇ ਹਨ। ਵਿਦੇਸ਼ ਤੋਂ ਪੈਸੇ ਵੱਖ-ਵੱਖ ਅਕਾਊਟਾਂ ਦੀ ਬਜਾਏ ਇੱਕ ਅਕਾਊਂਟ ਵਿੱਚ ਮੰਗਵਾਇਆ ਜਾ ਸਕਦਾ ਹੇ ਜਿਸ ਨੂੰ ਐਫ.ਸੀ.ਆਰ.ਏ. ਬੈਂਕ ਅਕਾਓਂਟ ਕਿਹਾ ਜਾਂਦਾ ਹੈ। ਪੈਸਾ ਵੈਸਟਰਨ ਯੂਨੀਅਨ ਜਾਂ ਮਨੀਗਰਾਮ ਵਰਗੀਆਂ ਵਿੱਤੀ ਸੰਸਥਾਵਾਂ ਰਾਹੀਂ ਵੀ ਮੰਗਵਾ ਸਕਦੇ ਹਾਂ। ਵੈਸਟਰਨ ਯੂਨੀਅਨ ਰਾਹੀਂ ਪ੍ਰਾਪਤ ਕੀਤੇ ਗਏ ਪੈਸੇ ਦੇ ਲੈਣ ਦੇਣ ਤੇ ਵੀ ਸਰਕਾਰ ਨਜ਼ਰਸਾਨੀ ਰੱਖੀ ਜਾਂਦੀ ਹੈ ਇਸੇ ਕਰਕੇ ਪੈਸੇ ਪ੍ਰਾਪਤ ਕਰਨ ਵੇਲੇ ਪਛਾਣ ਪੱਤਰ, ਪੈਸੇ ਭੇਜਣ ਵਾਲੇ ਦਾ ਵੇਰਵਾ ਅਤੇ MTCN ਯਾਨਿ ਮਨੀ ਟਰਾਂਸਫਰ ਨੰਬਰ ਲਿਆ ਜਾਂਦਾ ਹੈ। ਇਸ ਸਾਰੀ ਜਾਣਕਾਰੀ ਰਿਕਾਰਡ ਕਰਕੇ ਹੀ ਪੈਸੇ ਦਿੱਤੇ ਜਾਂਦੇ ਹਨ। ਫੌਰਿਨ ਕੌਂਟ੍ਰੀਬਿਓਸ਼ਨ ਰੈਗੁਲੇਸ਼ਨ ਐਕਟ ਵਿੱਚ ਵਿੱਚ ਪਹਿਲਾਂ ਜੇਕਰ ਘਰ ਦਾ ਪਤਾ, ਬੈਂਕ ਦਾ ਖਾਤਾ ਨੰਬਰ ਆਦਿ ਬਦਲ ਗਿਆ ਹੋਵੇ ਤਾਂ 15 ਦਿਨ ਦੀ ਵਿੱਚ ਵਿਦੇਸ਼ ਮੰਤਰਾਲੇ ਨੂੰ ਜਾਣਕਾਰੀ ਦੇਣੀ ਹੁੰਦੀ ਸੀ ਪਰ ਹੁਣ ਹੋਏ ਨਵੇਂ ਬਦਲਾਅ ਮੁਤਾਬਿਕ 45 ਦਿਨ ਹੈ। ਵਿਦੇਸ਼ ਤੋਂ ਪੈਸੇ ਪ੍ਰਾਪਤ ਕਰਨ ਲਈ ਸਰਕਾਰ ਵੱਲੋਂ ਐਫ.ਸੀ.ਆਰ.ਏ. ਸਰਟੀਫੀਕੇਟ ਜਾਰੀ ਕੀਤਾ ਜਾਂਦਾ ਹੈ, ਇਸੇ ਸਰਟੀਫਕਿਟ ਰਾਹੀਂ ਹੀ ਪੈਸੇ ਟਰਾਂਸਫਰ ਹੁੰਦੇ ਹਨ। ਜੇਕਰ ਕਿਸੇ ਨਿਯਮਾਂ ਦੀ ਉਲੰਘਣਾ ਦਾ ਸ਼ੱਕ ਹੋਵੇ ਤਾਂ ਸਰਕਾਰ ਇਹ ਸਰਟੀਫੀਕੇਟ ਰੱਦ ਕਰ ਸਕਦੀ ਹੈ ਅਤੇ ਖਾਤੇ ਅੰਦਰ ਪੈਸੇ ਦੀ ਵਰਤੋਂ ਉੱਤੇ ਵੀ ਸ਼ਰਤੀ ਪਾਬੰਦੀ ਲਗਾਈ ਜਾ ਸਕਦੀ ਹੈ। ਇਹ ਤਾਂ ਗੱਲ ਹੋਈ ਵਿਦੇਸ ਤੋਂ ਭੇਜੇ ਜਾਂਦੇ ਵਿਅਕਤੀਗਤ ਪੈਸਿਆਂ ਬਾਰੇ, ਹੁਣ ਸਵਾਲ ਹੈ ਕਿ ਸੰਸਥਾਵਾਂ ਜਾਂ ਐਨ. ਜੀ. ਓ. ਬਾਰੇ ਨਿਯਮਾਂ ਦਾ ਭਾਰਤੀ ਦੇ ਫੌਰਿਨ ਕੌਂਟ੍ਰੀਬਿਓਸ਼ਨ ਰੈਗੁਲੇਸ਼ਨ ਐਕਟ ਮੁਤਾਬਿਕ ਜੇ ਕਿਸੇ ਸੰਸਥਾ ਨੂੰ ਬਾਹਰੋਂ ਪੈਸੇ ਆਉਂਦੇ ਹਨ ਤਾਂ ਉਸ ਦੀਆਂ ਰਸੀਦਾਂ ਅਤੇ ਉਸ ਪੈਸੇ ਦੀ ਵਰਤੋਂ ਬਾਰੇ ਜਾਣਕਾਰੀ ਦੇਣੀ ਜ਼ਰੂਰੀ ਹੈ। ਇਹ ਜਾਣਕਾਰੀ ਸੰਸਥਾ ਆਪਣੇ ਵੈਬਸਾਇਟ ਜਾਂ ਮੰਤਰਾਲੇ ਦੀ ਵੈਬਸਾਇਟ ਉੱਪਰ ਦੇ ਸਕਦੀ ਹੈ। ਨਵੇਂ ਨਿਯਮਾਂ ਵਿੱਚ ਸਾਰੀਆਂ ਐਨ.ਜੀ.ਓਜ਼ ਨੂੰ ਐਫ.ਸੀ.ਆਰ.ਏ ਅਧੀਨ ਰਜਿਸਟਰਡ ਕਰਵਾਉਣਾ ਪਵੇਗਾ। ਪਰ ਇਹ ਐਨ.ਜੀ.ਓਜ਼ ਕਿਸੇ ਰਾਜਨੀਤਿਕ ਦਲ਼ ਨਾਲ ਸੰਬਧਿਤ ਨਹੀਂ ਹੋਣੇ ਚਾਹੀਦੇ। ਧਰਨਿਆਂ ਪ੍ਰਦਰਸ਼ਨਾਂ ਜਾਂ ਬੰਦ ਵਿੱਚ ਸ਼ਾਮਿਲ ਹੋਣ ਵਾਲੇ ਕਿਸੇ ਵੀ ਐਨ. ਜੀ. ਓਜ਼ ਦੀ ਕਾਰਵਾਈ ਰਾਜਨੀਤਿਕ ਹੀ ਸਮਝੀ ਜਾਂਦੀ ਹੈ। ਸਰਕਾਰ ਦੀ ਵੈਬਸਾਇਟ fcraonline.nic.in 'ਤੇ ਹਰ ਜ਼ਿਲੇ ਦੇ ਵਿਦੇਸ਼ੀ ਪੈਸੇ ਲਈ ਰਜਿਸਟਰਡ ਸਮਾਜਿਕ, ਸਿੱਖਿਅਕ, ਧਾਰਮਿਕ ਸੰਸਥਾਵਾਂ ਜਾਂ ਐਨ.ਜੀ.ਓਜ਼ ਦਾ ਵੇਰਵਾ ਜਨਤਕ ਤੌਰ 'ਤੇ ਉੱਪਲਭਧ ਹੈ। ਇਸ ਸਮੇਂ ਪੂਰੇ ਭਾਰਤ ਵਿੱਚ ਕੁੱਲ 16,743 ਸੰਸਥਾਵਾਂ, ਦਿੱਲੀ ਦੀਆਂ 2879, ਚੰਡੀਗੜ੍ਹ ਦੀਆਂ 98 ਅਤੇ ਪੰਜਾਬ ਦੀਆਂ 349 ਸੰਸਥਾਵਾਂ ਰਜਿਸਟਰਡ ਹਨ। ਇਹ ਵੇਰਵਾ ਸੂਬੇ, ਜ਼ਿਲ੍ਹੇ ਦੇ ਨਾਮ ਦੀ ਸਰਚ ਕਰਕੇ ਦੇਖਿਆ ਜਾ ਸਕਦਾ ਹੈ। ਜਿਵੇਂ ਕਿ ਅ੍ਰਮਿਤਸਰ ਜ਼ਿਲ੍ਹੇ ਦੀ ਸਰਚ ਨਾਲ ਆਲ ਇੰਡੀਆ ਪਿੰਗਲਵਾੜਾ ਜਾਂ ਸ੍ਰੀ ਹਰਿਮੰਦਰ ਸਾਹਿਬ ਦਾ ਨਾਮ ਦਿਖਦਾ ਹੈ। ਮਤਲਬ ਇਨ੍ਹਾਂ ਸੰਸਥਾਵਾਂ ਨੂੰ ਵਿਦੇਸ਼ਾਂ 'ਚੋਂ ਪੈਸਾ ਐਫ.ਸੀ.ਆਰ.ਏ ਰਾਹੀਂ ਆਉਂਦਾ ਹੈ ।

ਫੌਰਿਨ ਕੌਂਟ੍ਰੀਬਿਓਸ਼ਨ ਰੈਗੁਲੇਸ਼ਨ ਐਕਟ 2010 ਦੇ ਅਨੁਸਾਰ ਚੋਣਾਂ ਲੜ ਰਿਹਾ ਵਿਅਕਤੀ, ਪੱਤਰਕਾਰ, ਕਾਲਮਨਵੀਸ, ਕਾਰਟੂਨਿਸਟ, ਸੰਪਾਦਕ, ਕਿਸੇ ਅਖਬਾਰ ਦਾ ਮਾਲਕ ਜਾਂ ਪਬਲੀਸ਼ਰ, ਜੱਜ, ਸਰਕਾਰੀ ਸਰਵਿਸ ਵਾਲਾ, ਸਿਆਸੀ ਪਾਰਟੀ ਦਾ ਅਹੁਦੇਦਾਰ ਵਿਦੇਸ਼ ਤੋਂ ਪੈਸੇ ਨਹੀਂ ਮੰਗਵਾ ਸਕਦਾ। ਇਸ ਐਕਟ ਦੇ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਵਿਅਕਤੀ ਜਾਂ ਸੰਸਥਾ ਖਿਲਾਫ ਕਾਰਵਾਈ ਕਰਨਾ ਸੀ.ਬੀ.ਆਈ. ਅਤੇ ਸੂਬੇ ਦੀ ਕ੍ਰਾਇਮ ਬਰਾਂਚ ਦੇ ਅਧਿਕਾਰ ਖੇਤਰ ਵਿੱਚ ਹੈ।


Westwinds PHARMACY


ਤੁਹਾਡੀ ਆਪਣੀ ਦਵਾਈਆਂ ਦੀ ਦੁਕਾਨ

Open 7 Days A Week

New Hours Mon To Fri 9am to 9 pm and 10 am to 6 pm Weekends


10% Discount on OTC Products with this coupon
EXP : Dec 31, 2022 | LIMIT : 1 Coupon per Visit

Free Delivery In NE



• Blister Packaging • Service in English, Punjabi, Urdu and Hindi
• Servicing This Community Since 2004 • 50 Puls Years of Dispensing Experience
• ਬਲਿਸਟਰ ਪੈਕੇਜਿੰਗ • ਅੰਗਰੇਜ਼ੀ, ਪੰਜਾਬੀ, ਉਰਦੂ ਤੇ ਹਿੰਦੂ ਵਿਚ ਸੇਵਾ ਉਪਲਬਧ
• 2004 ਤੋਂ ਸੇਵਾ ਵਿਚ • 50 ਸਾਲ ਤੋਂ ਵੱਧ ਦਾ ਸ਼ਾਨਦਾਰ ਤਜਰਬਾ

Fast, Friendly, Hassle Free Service!



Apinder Aujla
BSc.Pharm

#1150, 4818 Westwindus Drive NE. Calgary

403-293-9360

Satvachan Lal
B.Sc.Pharm

Trust Your Memories to the Professionals

Dream Productions inc.

Wedding, Birthday, Engagement, Slide Show, Music Video, T.V. Program, Modeling Picture, Concert, Community Event Etc.



We can Also Arrange
Decoration
Party Rentals

Customer satisfaction is our pride!

VIDEO: Video film with single, double & multiple camera system (Broadcast Quality)

PHOTOGRAPHY: Digital Photography (Coloured, black and white) digital enhancement

MUSIC: DJ, Lighting, screen Projector live sound etc.

403-835-2762 or 29 DREAM (37326)

Special Packages Available For All Occasions

Call Romi Sidhu For Insurance & Financial Needs



StateFarm IS NOW Desjardins Insurance

Monday - Friday 9am to 5:30pm
Weekends: All Other Times
Only Appointments



4851 Westwinds Drive NE,
Suite 217, Calgary, AB T3J 4L4
Bus: 403-568-4330
Email: romi.sidhu@desjardins.com

* HOME * DISABILTY * VEHICLE FINANCE
* AUTO * RRSV * CRITICAL ILLNESS
* LIFE * RESP * MUTUAL FUNDS

Romi Sidhu, Agent
P02720CN

# ਮੈਂ ਦੇਸ਼ ਨੂੰ ਅਜ਼ਾਦ ਦੇਖਣਾ ਚਾਹੁੰਦਾ ਹਾਂ : ਊਧਮ ਸਿੰਘ

## ਮੰਚ ਨੇ ਬੱਚਿਆਂ ਨੂੰ ਸਹੀਦ ਸੰਬੰਧੀ ਨਵੇਂ ਤੱਥਾਂ ਬਾਰੇ ਦੱਸਿਆ



ਗਦਰੀ ਸ਼ਹੀਦ ਊਧਮ ਸਿੰਘ ਵਿਚਾਰ ਮੰਚ ਵੱਲੋ ਸਹੀਦ ਦੀ ਸਹੀ ਸੋਚ ਘਰ ਘਰ ਪਹੁਚਾਉਣ ਲਈ ਮੰਨਾਏ ਜਾ ਰਹੇ ਹਫਤੇ ਤਹਿਤ ਅੱਜ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਵਿਚ ਸ਼ਹੀਦ ਊਧਮ ਸਿੰਘ ਜੀ ਦੀ ਜ਼ਿੰਦਗੀ ਤੇ ਸਹੀ ਸੋਚ ਬਾਰੇ ਬੱਚਿਆਂ ਤੇ ਅਧਿਆਪਕਾਂ ਨੂੰ ਦੱਸਿਆ।

ਖੋਜੀ ਇਤਿਹਾਸਕਾਰ ਤੇ ਮੰਚ ਦੇ ਆਗੂ ਰਾਕੇਸ਼ ਕੁਮਾਰ ਨੇ ਦੱਸਿਆ ਕਿ ਸਹੀਦ ਊਧਮ ਸਿੰਘ ਨੇ ਆਪਣੀ ਅਨਮੋਲ ਜ਼ਿੰਦਗੀ ਦੇਸ ਦੀ ਆਜ਼ਾਦੀ ਲਈ ਕੁਰਬਾਨ ਕੀਤੀ ਉਹ ਬ੍ਰਿਟਿਸ਼ ਸਾਮਰਾਜਵਾਦ ਵੱਲੋਂ ਕੀਤੀ ਜਾਂਦੀ ਭਾਰਤੀਆਂ ਦੀ ਲੁੱਟ ਤੇ ਉਹਨਾਂ ਵੱਲੋਂ ਕੀਤੇ ਜਾਂਦੇ ਜੁਲਮਾਂ ਦੇ ਵਿਰੁੱਧ ਸੀ। ਅਦਾਲਤ ਵਿੱਚ ਲੈਕੇ ਗਏ ਅੱਠ ਪੇਜਾਂ ਵਿਚੋਂ ਉਹ 25 ਮਿੰਟ ਬੋਲਿਆਂ ਉਸ ਨੇ ਮਜਦੂਰਾਂ ਕਿਸਾਨਾਂ ਦੇ ਹੱਕ ਦੀ ਗੱਲ ਕੀਤੀ। ਉਸ ਨੇ ਇਨਕਲਾਬ ਇਨਕਲਾਬ ਇਨਕਲਾਬ ਦਾ ਤਿੰਨ ਵਾਰੀ ਨਾਹਰਾ ਲਾਇਆ। ਬੱਚਿਆਂ ਤੇ ਅਧਿਆਪਕਾਂ ਨੇ ਸਾਰੀਆਂ ਗੱਲਾਂ ਬਹੁਤ ਧਿਆਨ ਨਾਲ ਸੁਣਿਆ। ਮੰਚ ਦੇ ਸਕੱਤਰ ਵਿਸਵ ਕਾਂਤ ਜੀ ਨੇ ਮੰਚ ਦੇ ਉਦੇਸ ਤੇ ਮੰਚ ਦੀਆਂ ਪਿਛਲੇ ਸਮੇਂ ਕੀਤੀਆਂ ਸਰਗਰਮੀਆਂ ਬਾਰੇ ਦੱਸਿਆ ਉਨ੍ਹਾਂ ਨੇ ਕਿਹਾ ਕਿ ਸਾਨੂੰ ਸਹੀਦ ਊਧਮ ਸਿੰਘ ਦੀ ਜ਼ਿੰਦਗੀ ਬਾਰੇ ਆਏ ਨਵੇਂ ਤੱਥਾਂ ਬਾਰੇ ਵਿਚਾਰ ਚਰਚਾ ਕਰਨੀ ਚਾਹੀਦੀ ਹੈ। ਇਹੀ ਸ਼ਹੀਦ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਉਹਨਾਂ ਕਿਹਾ ਕਿ ਸਾਨੂੰ ਸਹੀਦ ਦੀ ਪੇਂਟਿੰਗ ਦੀ ਥਾਂ ਅਸਲੀ ਫੋਟੋ ਦਾ ਇਸਤੇਮਾਲ ਕਰਨਾ ਚਾਹੀਦਾ ਹੈ। ਜਦੋ ਕਿ ਅਸਲੀ ਫੋਟੋ ਮੌਜੂਦ ਹੈ। ਮੰਚ ਵੱਲੋ ਪ੍ਰਿੰਸੀਪਲ ਤੇ ਸਮੂੰਹ ਸਟਾਫ ਦਾ ਧੰਨਵਾਦ ਕੀਤਾ ਗਿਆ। ਕਈ ਬੱਚਿਆਂ ਨੇ ਸ਼ਹੀਦ ਊਧਮ ਸਿੰਘ ਜੀ ਬਾਰੇ ਕਈ ਸਵਾਲ ਪੁੱਛੇ ਤੇ ਸ਼ਹੀਦ ਦੀ ਜਿੰਦਗੀ ਬਾਰੇ ਰਾਕੇਸ਼ ਕੁਮਾਰ ਵੱਲੋਂ ਲਿਖੀਆਂ ਕਿਤਾਬਾਂ ਖਰੀਦੀਆਂ।

ਇਸ ਤੋਂ ਬਾਅਦ ਮੰਚ ਵੱਲੋ ਸਰਕਾਰੀ ਮਿਡਲ ਸਕੂਲ ਸੇਰੋ ਮਾਡਲ ਟਾਊਨ ਵਿੱਚ ਵੀ ਬੱਚਿਆਂ ਨੂੰ ਸਹੀਦ ਦੀ ਜ਼ਿੰਦਗੀ ਤੇ ਕੁਰਬਾਨੀ ਬਾਰੇ ਦੱਸਿਆ ਗਿਆ। ਇਸ ਮੌਕੇ ਮੰਚ ਆਗੂ ਦਰਸ਼ਨ ਸਿੰਘ ਤੇ ਵਿਸਵ ਕਾਂਤ ਨੇ ਵੀ ਸਹੀਦ ਦੀ ਜ਼ਿੰਦਗੀ ਬਾਰੇ ਗੱਲਾਂ ਕੀਤੀਆਂ। ਮੰਚ ਵੱਲੋ 31 ਜੁਲਾਈ ਨੂੰ ਸ਼ਾਮ ਨੂੰ 4 ਵਜੇ ਸ਼ਹੀਦ ਦੇ ਜੱਦੀ ਘਰ ਅੱਗੇ ਇੱਕ ਪ੍ਰੋਗਰਾਮ ਕਰਕੇ ਸ਼ਹੀਦ ਨੂੰ ਸਰਧਾਂਜਲੀ ਭੇਟ ਕੀਤੀ ਜਾਵੇਗੀ। ਉਹਨਾਂ ਨੇ ਬੱਚਿਆਂ ਤੇ ਅਧਿਆਪਕਾਂ ਨੂੰ ਇਸ ਪ੍ਰੋਗਰਾਮ ਵਿਚ ਪਹੁੰਚਣ ਦਾ ਸੱਦਾ ਦਿੱਤਾ।

ਮੰਚ ਆਗੂ ਅਨਿਲ ਕੁਮਾਰ, ਦਰਸ਼ਨ ਸਿੰਘ ਤੇ ਸੁਖਜਿੰਦਰ ਸਿੰਘ ਨੇ ਵੀ ਬੱਚਿਆਂ ਨਾਲ ਸ਼ਹੀਦ ਦੀ ਜਿੰਦਗੀ ਬਾਰੇ ਗੱਲਾਂ ਕੀਤੀਆਂ।

-ਦਾਤਾ ਸਿੰਘ ਨਮੋਲ, 6239348830

# ਉਦਾਰਤਾਵਾਦ ਤੇ ਅਰਾਜਕਤਾਵਾਦ ਖਿਲਾ.ਫ ਡਟਣ ਦਾ ਸੱਦਾ

## ਸੀ ਪੀ ਆਈ ਐਮ ਐਲ ਲਿਬਰੇਸ਼ਨ ਦਾ ਚੌਥਾ ਡੈਲੀਗੇਟ ਇਜਲਾਸ















ਮਾਨਸਾ, (ਬਲਜਿੰਦਰ) ਦੇਸ਼ ਦੀ ਪ੍ਰਮੁੱਖ ਇਨਕਲਾਬੀ ਪਾਰਟੀ ਸੀਪੀਆਈ ਐਮਐੈਲ ਲਿਬਰੇਸ਼ਨ ਦਾ ਚੌਥਾ ਇਜਲਾਸ ਸ਼ਹੀਦ ਕਾਮਰੇਡ ਚਾਰੂ ਮਜੂਮਦਾਰ ਤੇ ਬਾਬਾ ਬੂਝਾ ਸਿੰਘ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ ਉਦਾਰਤਾਵਾਦ ਤੇ ਆਰਾਜਕਤਾਵਾਦ ਖਿਲਾਫ਼ ਡਟਣ ਤੇ ਇਨਕਲਾਬੀ ਕਮਿਊਨਿਸਟ ਲਹਿਰ ਨੂੰ ਮਜ਼ਬੂਤ ਕਰਨ ਦੇ ਨਾਅਰੇ ਨਾਲ ਸੰਪੰਨ ਹੋਇਆ। ਇਸ ਦੌਰਾਨ ਸਰਵਸੰਮਤੀ ਨਾਲ 21 ਮੈਂਬਰੀ ਕਮੇਟੀ ਚੁਣੀ ਗਈ। ਜਿਸ ਦੇ ਮੁੜ ਜਿਲ੍ਹਾ ਸਕੱਤਰ ਗੁਰਮੀਤ ਨੰਦਗੜ੍ਹ, ਵਿੱਤ ਸਕੱਤਰ ਬਲਵਿੰਦਰ ਕੌਰ ਤੇ ਪ੍ਰੈਸ ਸਕੱਤਰ ਬਿੰਦਰ ਅਲਖ ਨੂੰ ਚੁਣਿਆ ਗਿਆ।

ਇਜਲਾਸ ਦੀ ਸ਼ੁਰੂਆਤ ਕਮਿਊਨਿਸਟ ਲਹਿਰ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕਰਨ ਨਾਲ ਹੋਈ। ਕਾਮਰੇਡ ਭੂਰਾ ਸਿੰਘ ਸਮਾਓ, ਬਲਵਿੰਦਰ ਕੌਰ ਤੇ ਕਾਮਰੇਡ ਨਛੱਤਰ ਖੀਵਾ ਦੀ ਪ੍ਰਧਾਨਗੀ ਹੇਠ ਹੋਏ ਇਜਲਾਸ ਦੇ ਉਦਘਾਟਨੀ ਭਾਸ਼ਣ ਕਰਦਿਆਂ ਕੇਂਦਰੀ ਕਮੇਟੀ ਮੈਂਬਰ ਕਾਮਰੇਡ ਪ੍ਰਸ਼ੋਤਮ ਸ਼ਰਮਾ ਨੇ ਕਿਹਾ ਕਿ ਜਿਸ ਤਰ੍ਹਾਂ ਦੇਸ਼ ਅੰਦਰ ਮੋਦੀ ਸਰਕਾਰ ਦੀ ਅਗਵਾਈ ਹੇਠ ਜਿਸ ਤਰ੍ਹਾਂ ਦੇਸ਼ ਦੇ ਕੌਮੀ ਸਵੈਮਾਣ ਤੇ ਪ੍ਰਭੂਸੱਤਾ ਨੂੰ ਸਾਮਰਾਜੀ ਤਾਕਤਾਂ ਤੇ ਕਾਰਪੋਰੇਟ ਘਰਾਣਿਆਂ ਅੱਗੇ ਗਿਰਵੀਂ ਰੱਖਿਆ ਜਾ ਰਿਹਾ ਹੈ ਤੇ ਦੇਸ਼ ਨੂੰ ਫਿਰਕੂ ਰੰਗ ਵਿੱਚ ਰੰਗਿਆ ਜਾ ਰਿਹਾ ਹੈ ਉਸ ਖਿਲਾਫ਼ ਦੂਜੀ ਜੰਗੇ ਆਜ਼ਾਦੀ ਦੀ ਲੜਾਈ ਨੂੰ ਮਜ਼ਬੂਤ ਕਰਨਾ ਹੋਵੇਗਾ। ਉਨ੍ਹਾਂ ਕਿਹਾ ਕਿ ਦੇਸ਼ ਅੰਦਰ ਵਿਗਿਆਨਕ ਵਿਚਾਰਧਾਰਾ ਦੇ ਫੈਲਾਅ ਲਈ ਕਮਿਊਨਿਸਟ ਅੰਦੋਲਨ ਨੂੰ ਮਜ਼ਬੂਤ ਕਰਨਾ ਹੋਵੇਗਾ।

ਜ਼ਿਲ੍ਹਾ ਸਕੱਤਰ ਗੁਰਮੀਤ ਸਿੰਘ ਨੰਦਗੜ੍ਹ ਨੇ ਸਿਆਸੀ, ਜਥੇਬੰਦਕ ਤੇ ਸਰਗਰਮੀਆਂ ਦੇ ਅਧਾਰਤ ਰਿਪੋਰਟ ਪੇਸ਼ ਕੀਤੀ। ਜਿਸ ਤੇ ਸਤਾਰਾਂ ਸਾਥੀਆਂ ਨੇ ਬਹਿਸ ਚ ਹਿੱਸਾ ਲਿਆ। ਰਿਪੋਰਟ ਨੂੰ ਕੁੱਝ ਸੋਧਾਂ ਨਾਲ ਸਰਵਸੰਮਤੀ ਨਾਲ ਪਾਸ ਕੀਤਾ ਗਿਆ। ਇਜਲਾਸ ਚ 93 ਡੈਲੀਗੇਟਾਂ ਨੇ ਹਿੱਸਾ ਲਿਆ। ਇਜਲਾਸ ਨੂੰ ਪਾਰਟੀ ਸਕੱਤਰ ਰਾਜਵਿੰਦਰ ਸਿੰਘ ਰਾਣਾ, ਸੁਖਦਰਸ਼ਨ ਨੱਤ, ਹਰਭਗਵਾਨ ਭੀਖੀ, ਗੁਰਨਾਮ ਭੀਖੀ, ਗੁਰਪ੍ਰੀਤ ਸਿੰਘ ਰੁੜੇਕੇ, ਭੋਲਾ ਸਿੰਘ ਸਮਾਓ, ਧਰਮਪਾਲ ਨੀਟਾ, ਗੁਰਵਿੰਦਰ ਨੰਦਗੜ੍ਹ, ਗੁਰਸੇਵਕ ਮਾਨ, ਹਰਮੇਸ਼ ਭੰਮੇ, ਜਸਵੀਰ ਕੌਰ ਨੱਤ, ਭੂਰਾ ਸਿੰਘ ਸਮਾਓ, ਮੁਖਤਿਆਰ ਕੁਲੈਹਰੀ, ਛੱਜੂ ਸਿੰਘ ਦਿਆਲਪੁਰਾ, ਸੁਖਜੀਤ ਰਾਮਾਨੰਦੀ, ਸੱਤਪਾਲ ਦੋਧੀ, ਸੁਰਿੰਦਰ ਪਾਲ, ਰਣਜੀਤ ਤਾਮਕੋਟ,ਦਰਸ਼ਨ ਦਾਨੇਵਾਲਾ, ਨਛੱਤਰ ਖੀਵਾ, ਆਦਿ ਨੇ ਸੰਬੋਧਨ ਕੀਤਾ।


DM TRANSPORT

ace ACI US&Canada Bonded

Bob Dhaliwal
President
Phone# 1-844-820-3434 EXT 112
Cell # 416-318-5032
Fax # 1-416-981-3515
365 healey Rd, Bolton, ON
Unit 19
Email : bob@dmtransport.ca
Web : www.dmtransport.ca

Hiring AZ drivers and owner operator







Description
We're currently hiring AZ drivers and O/O for Long haul to California and Midwest ( Flatbed) and Dryvan and reefer (Midwest)
What we are offering:
• Great Pay • Great work environment • Consistent work & and miles! • Scale bypass
Requirements for our AZ Truck Driver positions:
• Valid AZ license • Previous 2 Year min Experience moving a tractor trailer • Clean Abstract & Commercial Driving record • Clean Criminal Background.
For further details on hiring, please apply directly & we will be in touch. Feel free to e-mail your resume at
BOB@DMTRANSPORT.CA or call me Bob 416-318-5032

HMP ਐਚ ਐਮ ਪੀ ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਟਿਡ
PROFESSIONAL CONSTRUCTION LTD.
Specialist in: www. hmphome.com
- Built Garage
- Garage Door Opener & Install
- New Garage Door
- Repair Old Garage Door
- Roofing, Fence, Deck
- New Houses Framing
- Old House Extension & any other add on construction Work

ਨਵੀਂ ਗੈਰਾਜ ਬਣਾਉਣ ਲਈ ਗੈਰਾਜ ਡੋਰ ਓਪਨਰ, ਨਵੀਂ ਗੈਰਾਜ ਡੋਰ, ਪੁਰਾਣੀ ਗੈਰਾਜ ਡੋਰ ਰਿਪੇਅਰ, ਰੂਫਿੰਗ, ਫੈਂਸ, ਡੈੱਕ, ਨਵੇਂ ਘਰਾਂ ਦੀ ਫਰੇਮਿੰਗ, ਪੁਰਾਣੇ ਘਰ ਦੀ ਐਕਸਟੈਂਸ਼ਨ ਅਤੇ ਹੋਰ ਕੋਈ ਵੀ ਕੰਸਟਰਕਸ਼ਨ ਦਾ ਕੰਮ ਕਰਾਉਣ ਲਈ ਫੋਨ ਕਰੋ।

Free Estimate Paul Sekhon: 403-701-4947

HMP HMP CUSTOM CABINETS LTD.
Specialist in : Custom Kitchen, Bars, Washroom Vanity, Closet & All Commercial Mill Work



Paul Sekhon: 403-829-5000

Bay 11 2316 27 Ave. NE, Calgary Ph. : 403-701-4947

# ਸ਼ਹੀਦ ਭਗਤ ਸਿੰਘ ਬਾਰੇ ਸਿਮਰਨਜੀਤ ਮਾਨ ਦੇ ਬਿਆਨਾਂ ਦਾ ਕੱਚ ਸੱਚ

**ਨਵਕਿਰਨ ਸਿੰਘ ਪੱਤੀ**

ਸਿਮਰਨਜੀਤ ਸਿੰਘ ਮਾਨ ਵੱਲੋਂ ਸ਼ਹੀਦ ਭਗਤ ਸਿੰਘ ਨੂੰ ਅੱਤਵਾਦੀ/ਦਹਿਸ਼ਤਗਰਦ ਕਹਿਣ ਨਾਲ ਪਿਛਲੇ ਕੁੱਝ ਦਿਨਾਂ ਤੋਂ ਸ਼ਹੀਦ ਭਗਤ ਸਿੰਘ ਬਾਰੇ ਬਹਿਸ ਛਿੜੀ ਹੋਈ ਹੈ। ਇਹ ਪਹਿਲੀ ਵਾਰ ਨਹੀਂ ਹੈ ਜਦ ਸਿਮਰਨਜੀਤ ਸਿੰਘ ਮਾਨ ਨੇ ਸ਼ਹੀਦ ਭਗਤ ਸਿੰਘ ਬਾਰੇ ਇਸ ਤਰ੍ਹਾਂ ਦੀ ਸ਼ਬਦਾਬਲੀ ਵਰਤੀ ਹੋਵੇ ਇਸਤੋਂ ਪਹਿਲਾਂ ਵੀ ਅਨੇਕਾ ਵਾਰ ਉਹ ਇਸ ਤਰ੍ਹਾਂ ਦੀ ਸ਼ਬਦਾਬਲੀ ਵਰਤ ਕੇ ਚਰਚਾ ਵਟੋਰ ਚੁੱਕੇ ਹਨ ਲੇਕਿਨ ਹੁਣ ਤਾਜਾ-ਤਾਜਾ ਲੋਕ ਸਭਾ ਮੈਂਬਰ ਬਨਣ ਕਾਰਨ ਸਿਮਰਨਜੀਤ ਸਿੰਘ ਮਾਨ ਦੇ ਬਿਆਨ ਜਿਆਦਾ ਚਰਚਾ ਵਿੱਚ ਆ ਗਏ ਹਨ। ਮਾਨ ਦੇ ਬਿਆਨ ਦੀ ਚਰਚਾ ਇਸ ਕਰਕੇ ਵੀ ਜਿਆਦਾ ਛਿੜੀ ਹੈ ਕਿਉਂਕਿ ਇਸ ਮਸਲੇ 'ਤੇ ਹੋ ਰਹੀ ਚਰਚਾ ਕੇਂਦਰ ਤੇ ਪੰਜਾਬ ਦੀ ਸੱਤਾ 'ਤੇ ਬਿਰਾਜਮਾਨ ਦੋਵੇਂ ਸਰਕਾਰਾਂ ਅਤੇ ਮੀਡੀਆ ਦੇ ਵੱਡੇ ਹਿੱਸੇ ਦੇ ਫਿੱਟ ਬੈਠਦੀ ਹੈ।

ਸ਼ਹੀਦ ਭਗਤ ਸਿੰਘ ਦੀ ਲੋਕਾਂ ਖਾਸਕਰ ਨੌਜਵਾਨਾਂ ਵਿੱਚ ਹਰਮਨ ਪਿਆਰਤਾ ਐਨੀ ਜ਼ਿਆਦਾ ਹੈ ਕਿ ਪਿਛਲੇ ਕਈ ਦਹਾਕਿਆਂ ਦੌਰਾਨ ਭਾਰਤ ਦੀ ਹਾਕਮ ਧਿਰ ਨੇ ਉਸਦੀ ਸ਼ਹਾਦਤ ਨੂੰ ਝੁਠਲਾਉਣ ਦਾ ਨਾਕਾਮ ਯਤਨ ਕੀਤਾ ਹੈ।ਹਾਕਮ ਧਿਰ ਨੇ ਸ਼ਹੀਦ ਭਗਤ ਸਿੰਘ ਦੇ ਬਿੰਬ ਨੂੰ ਤਰੋੜ-ਮਰੋੜ ਕੇ ਪੇਸ਼ ਕਰਨ ਦੇ ਮੰਤਵ ਨਾਲ ਕਿਸੇ ਨੂੰ ਉਸਨੂੰ ਆਰੀਆ ਸਮਾਜੀ, ਕਿਸੇ ਨੇ ਸੰਧੂ, ਕਿਸੇ ਨੇ ਸਿਰਫ ਬੰਬ-ਬੰਦੂਕਾ ਵਾਲਾ, ਕਿਸੇ ਨੇ ਅੰਗਰੇਜ ਖੰਘੇ ਸੀ ਤਾਂ ਟੰਗੇ ਸੀ ਨਾਲ ਸਿਰਫ ਅੰਗਰੇਜ ਭਜਾਉਣ ਵਾਲਾ, ਕਿਸੇ ਨੇ ਰਾਸ਼ਟਰਵਾਦੀ ਆਦਿ ਤਰ੍ਹਾਂ ਵਿਖਾਉਣ ਦਾ ਯਤਨ ਕੀਤਾ। ਭਗਤ ਸਿੰਘ ਨੇ ਹਰ ਵਿਸ਼ੇ 'ਤੇ ਲਿਖਿਆ ਹੈ ਉਸਨੇ ਜਾਤ-ਪਾਤ ਦਾ ਸਵਾਲ, ਸਮਾਜਵਾਦ, ਸਾਮਰਾਜਵਾਦ, ਮੈਂ ਨਾਸਤਿਕ ਕਿਉਂ ਹਾਂ ਸਮੇਤ ਹਰ ਵਿਸ਼ੇ ਨੂੰ ਛੂਹਿਆ ਹੈ।ਉਸਦੀ ਜੇਲ੍ਹ ਡਾਇਰੀ ਇੱਕ ਦੁਰਲੱਭ ਦਸਤਾਵੇਜ ਹੈ। ਸ਼ਹੀਦ ਭਗਤ ਸਿੰਘ ਵੱਲੋਂ ਹਰ ਵਿਸ਼ੇ 'ਤੇ ਲਿਖਣ ਕਾਰਨ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਅੱਜ ਤੱਕ ਕੋਈ ਉਸਦੀ ਵਿਚਾਰਧਾਰਾ ਬਾਰੇ ਲੋਕਾਂ 'ਚ ਭਰਮ ਪੈਦਾ ਨਹੀਂ ਕਰ ਸਕਿਆ ਹੈ।

ਸਿਮਰਨਜੀਤ ਸਿੰਘ ਮਾਨ ਪਾਰਲੀਮੈਂਟ ਵਿੱਚ ਬੰਬ ਸੁੱਟਣ ਦੀ ਗੱਲ ਤਾਂ ਕਰ ਰਹੇ ਹਨ ਪਰ ਇਹ ਨਹੀਂ ਦੱਸ ਰਹੇ ਕਿ ਕੀ ਉਸ ਪਾਰਲੀਮੈਂਟ ਵਿੱਚ ਅੰਗਰੇਜ਼ ਹਕੂਮਤ ਦੇ ਕਰਤੇ ਧਰਤੇ ਬੈਠੇ ਸਨ ਨਾ ਕਿ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ? ਦਰਅਸਲ ਅੰਗਰੇਜ ਹਕੂਮਤ ਉਸ ਪਾਰਲੀਮੈਂਟ ਵਿੱਚ ਦੋ ਲੋਕ ਵਿਰੋਧੀ ਬਿਲ ਪਾਸ ਕਰਕੇ ਦੁਨੀਆਂ ਸਾਹਮਣੇ ਇਹ ਰੱਖਣਾ ਚਾਹੁੰਦੀ ਸੀ ਕਿ ਇਹ ਦਮਨਕਾਰੀ ਕਾਨੂੰਨ ਭਾਰਤੀ ਲੋਕਾਂ ਦੇ ਨੁਮਾਇੰਦਿਆਂ ਨੇ ਬਣਾਏ ਹਨ ਜਦਕਿ ਦੂਜੇ ਪਾਸੇ ਸ਼ਹੀਦ ਭਗਤ ਸਿੰਘ ਤੇ ਉਸਦੇ ਸਾਥੀ ਪਾਰਲੀਮੈਂਟ ਦੀ ਗੈਲਰੀ ਵਿੱਚ ਬੰਬ ਸੁੱਟ ਕੇ ਇਹ ਦੱਸਣਾ ਚਾਹੁੰਦੇ ਸਨ ਕਿ ਭਾਰਤੀ ਇਹਨਾਂ ਬਿਲਾਂ (ਟਰੇਡ ਡਿਸਪਿਊਟ ਬਿਲ ਤੇ ਪਬਲਿਕ ਸੇਫਟੀ ਬਿਲ) ਦੇ ਸਖਤ ਵਿਰੋਧੀ ਹਨ।

ਬੰਬ ਸੁੱਟਣ ਬਾਰੇ ਸ਼ਹੀਦ ਭਗਤ ਸਿੰਘ ਦੇ ਸੰਘਰਸ਼ੀ ਸਾਥੀ ਸ਼ਿਵ ਵਰਮਾ ਲਿਖਦੇ ਹਨ ਕਿ "ਭਗਤ ਸਿੰਘ ਚਾਹੁੰਦਾ ਸੀ ਕਿ ਜਿਹੜੇ ਸਾਥੀ ਬੰਬ ਸੁੱਟਣ ਜਾਣ ਉਹ ਉੱਥੇ ਹੀ ਆਤਮ ਸਮਰਪਣ ਕਰ ਦੇਣ ਤੇ ਫੜੇ ਜਾਣ ਉਪਰੰਤ ਉਹ ਅਦਾਲਤ ਨੂੰ ਰਾਜਨੀਤਕ ਪ੍ਰਚਾਰ ਦੇ ਸਾਧਨ ਦੇ ਰੂਪ ਵਿੱਚ ਵਰਤਣਾ ਚਾਹੁੰਦਾ ਸੀ"।ਭਗਤ ਸਿੰਘ ਤੇ ਉਸਦੇ ਸਾਥੀ ਬੁਟਕੇਸ਼ਵਰ ਦੱਤ ਨੇ ਪਾਰਲੀਮੈਂਟ ਦੀ ਗੈਲਰੀ ਵਿੱਚ ਬੰਬ ਸੁੱਟਣ ਉਪਰੰਤ ਮਜਦੂਰ ਵਰਗ-



ਜਿੰਦਾਬਾਦ, ਇਨਕਲਾਬ-ਜਿੰਦਾਬਾਦ, ਸਾਮਰਾਜਵਾਦ-ਮੁਰਦਾਬਾਦ ਦੇ ਨਾਅਰੇ ਬੁਲੰਦ ਕਰਦਿਆਂ ਆਪਣਾ ਮੰਤਵ ਸਪੱਸ਼ਟ ਕਰਨ ਲਈ ਅਸੈਂਬਲੀ ਵਿੱਚ 'ਨੋਟਿਸ' ਦੇ ਸਿਰਲੇਖ ਵਾਲੇ ਪਰਚੇ ਸੁੱਟੇ ਜਿਸਦੀ ਪਹਿਲੀ ਸਤਰ ਸੀ 'ਬੋਲਿਆਂ ਨੂੰ ਸੁਣਾਉਣ ਲਈ ਉੱਚੀ ਅਵਾਜ਼ ਦੀ ਲੋੜ ਹੁੰਦੀ ਹੈ' ਉਸ ਪਰਚੇ ਵਿੱਚ ਫਰਾਂਸ ਦੇ ਇਨਕਲਾਬ ਦੀਆਂ ਉਦਹਾਰਨਾ ਦਿੱਤੀਆਂ ਗਈਆ ਸਨ।

ਭਗਤ ਸਿੰਘ ਅਜਿਹਾ ਨੀਤੀਘਾੜਾ ਸੀ ਕਿ ਸਾਰਾ ਕੁੱਝ ਉਸਦੀ ਯੋਜਨਾ ਅਨੁਸਾਰ ਨੇਪਰੇ ਚੜ੍ਹਿਆ ਉਸਨੇ ਅਦਾਲਤ ਨੂੰ ਬਕਾਇਦਾ ਰਾਜਨੀਤਕ ਮੰਚ ਵਜੋਂ ਇਸਤੇਮਾਲ ਕੀਤਾ ਤੇ ਪਾਰਲੀਮੈਂਟ ਧਮਾਕੇ ਕਾਰਨ ਅਸੈਂਬਲੀ ਦੀ ਇਹ ਜੁਅਰਤ ਨਹੀਂ ਪਈ ਕਿ ਉਹ ਪਬਲਿਕ ਸੇਫਟੀ ਬਿਲ ਪਾਸ ਕਰਦੀ।ਕੀ ਸਿਮਰਨਜੀਤ ਸਿੰਘ ਮਾਨ ਇਹ ਕਹਿਣਾ ਚਾਹੁੰਦੇ ਹਨ ਕਿ ਕਾਲੇ ਕਾਨੂੰਨਾਂ ਖਿਲਾਫ ਅਵਾਜ਼ ਬੁਲੰਦ ਨਾ ਕਰਦੇ।

ਜਿਸ ਸਾਂਡਰਸ ਨੂੰ ਸਿਮਰਨਜੀਤ ਸਿੰਘ ਮਾਨ ਨਿਰਦੋਸ਼ ਪੁਲਿਸ ਅਫਸਰ ਦੱਸ ਰਹੇ ਹਨ ਉਸਦਾ ਕਿਰਦਾਰ ਲੋਕ ਵਿਰੋਧੀ ਰਿਹਾ ਹੈ ਅਤੇ ਜਦ 30 ਅਕਤੂਬਰ 1928 ਨੂੰ ਸਾਈਮਨ ਕਮਿਸ਼ਨ ਦੀ ਲਾਹੌਰ ਫੇਰੀ ਦਾ ਵਿਰੋਧ ਕਰ ਰਹੇ ਲੋਕਾਂ 'ਤੇ ਪੁਲਿਸ ਕਪਤਾਨ ਸਕਾਟ ਦੇ ਹੁਕਮਾਂ ਤਹਿਤ ਪੁਲਿਸ ਵੱਲੋਂ ਬੇਤਹਾਸ਼ਾ ਲਾਠੀਚਾਰਜ ਕੀਤਾ ਗਿਆ ਤਾਂ ਮਾਨ ਸਾਹਿਬ ਦੇ ਇਸ ਚਹੇਤੇ ਪੁਲਿਸ ਅਫਸਰ ਸਾਂਡਰਸ ਨੇ ਖੁਦ ਲੋਕਾਂ 'ਤੇ ਬੇਕਿਰਕੀ ਨਾਲ ਡੰਡੇ ਵਰ੍ਹਾਏ ਸਨ ਜਿਸ ਕਾਰਨ ਅਨੇਕਾਂ ਪ੍ਰਦਰਸ਼ਨਕਾਰੀ ਜ਼ਖਮੀ ਹੋਏ ਤੇ ਜ਼ਖਮਾਂ ਦੀ ਤਾਬ ਨਾ ਝਲਦਿਆਂ ਕੁੱਝ ਦਿਨ ਬਾਅਦ ਲਾਲਾ ਲਾਜਪਤ ਰਾਏ ਦੀ ਮੌਤ ਹੋਈ। ਇਹ ਵੱਖਰਾ ਸਵਾਲ ਹੈ ਕਿ ਭੁਲੇਖੇ ਨਾਲ ਉਸ ਦਿਨ ਇਨਕਲਾਬੀਆਂ ਦੀ ਗੋਲੀ ਨਾਲ ਸਾਂਡਰਸ ਮਾਰਿਆ ਗਿਆ।

ਉਸ ਦਿਨ ਲਾਠੀਚਾਰਜ ਕਰਨ ਵਾਲੀ ਸਕਾਟ ਤੇ ਸਾਂਡਰਸ ਦੀ ਜੋੜੀ 'ਚੋਂ ਵੱਡਾ ਅਫਸਰ ਹੋਣ ਕਾਰਨ ਭਗਤ ਸਿੰਘ ਤੇ ਉਸਦੇ ਸਾਥੀਆਂ ਨੇ ਇਸ ਘਟਨਾਕ੍ਰਮ ਲਈ ਮੁੱਖ ਜਿੰਮੇਵਾਰ ਪੁਲਿਸ ਅਫਸਰ ਸਕਾਟ ਮੰਨਿਆ ਤੇ ਉਸਨੂੰ ਮਾਰਨ ਦਾ ਤਹਿ ਕੀਤਾ ਪਰ ਜਦ 17 ਦਸੰਬਰ ਨੂੰ ਪੁਲਿਸ ਅਫਸਰ ਸਕਾਟ ਨੂੰ ਮਾਰਨ ਲਈ ਭਗਤ ਸਿੰਘ ਤੇ ਰਾਜਗੁਰੂ ਉਸਦੀ ਉਡੀਕ ਕਰ ਰਹੇ ਸਨ ਤਾਂ ਸਕਾਟ ਦੀ ਥਾਂ ਮੋਟਰਸਾਈਕਲ 'ਤੇ ਸਾਂਡਰਸ ਆ ਗਿਆ। ਸ਼ਹੀਦ ਸੁਖਦੇਵ ਇੱਕ ਥਾਂ ਜਿਕਰ ਕਰਦੇ ਹਨ ਕਿ ਰਾਜਗੁਰੂ ਨੂੰ ਸਕਾਟ ਦੀ ਪਹਿਚਾਣ ਨਹੀਂ ਸੀ ਤੇ ਉਸਨੇ ਸਾਂਡਰਸ 'ਤੇ ਪਹਿਲੀ ਗੋਲੀ ਚਲਾ ਦਿੱਤੀ ਜਿਸ ਉਪਰੰਤ ਭਗਤ ਸਿੰਘ ਨੇ ਅੱਠ ਗੋਲੀਆਂ ਸਾਂਡਰਸ ਦੇ ਮਾਰੀਆਂ ਤੇ ਉਹ ਮੌਕੇ 'ਤੇ ਹੀ ਢਹਿ ਢੇਰੀ ਹੋ ਗਿਆ।

ਪੁਲਿਸ ਅਫਸਰ ਸਾਂਡਰਸ ਦਾ ਕਤਲ ਕਰਨ ਉਪਰੰਤ ਜਦ ਭਗਤ ਸਿੰਘ ਅਤੇ ਰਾਜਗੁਰੂ ਡੀਏਵੀ ਕਾਲਜ ਵੱਲ ਨੂੰ ਭੱਜੇ ਤਾਂ ਸਾਂਡਰਸ ਦਾ ਅਰਦਲੀ ਚੰਨਣ ਸਿੰਘ ਗਾਲ੍ਹਾਂ ਕੱਢਦਾ ਫੜਣ ਲਈ ਪਿੱਛੇ ਭੱਜਣ ਲੱਗਾ।ਭਗਤ ਸਿੰਘ ਦਾ ਹੁਰਾਂ ਦਾ ਮਕਸਦ ਪੰਜਾਬੀ ਥਾਣੇਦਾਰ ਨੂੰ ਮਾਰਨ ਦਾ ਨਹੀਂ ਸੀ ਪਰ ਜਦ ਉਹ ਸਮਝਾਉਣ 'ਤੇ ਨਾ ਟਲਿਆਂ ਤਾਂ ਚੰਦਰ ਸ਼ੇਖਰ ਅਜਾਦ ਨੇ ਪਿੱਛੋਂ ਹਟਾਉਣ ਦੇ ਮਕਸਦ ਨਾਲ ਨਿਸ਼ਾਨਾ ਸਿੰਨ ਕੇ ਭਗਤ ਸਿੰਘ ਦੇ ਪਿੱਛੇ ਭੱਜ ਰਹੇ ਚੰਨਣ ਸਿੰਘ ਦੇ ਪੱਟ ਵਿੱਚ ਗੋਲੀ ਮਾਰੀ ਜਿਸ ਨਾਲ ਉਹ ਡਿੱਗ ਪਿਆ। ਜ਼ਖਮੀ ਹਾਲਤ ਵਿੱਚ ਡਿੱਗਿਆ ਚੰਨਣ ਸਿੰਘ ਬਚ ਸਕਦਾ ਸੀ ਪਰ ਅੰਗਰੇਜ ਅਫਸਰਾਂ ਨੇ ਜ਼ਖਮੀ ਹਾਲਤ ਵਿੱਚ ਡਿੱਗੇ ਚੰਨਣ ਸਿੰਘ ਨੂੰ ਹਸਪਤਾਲ ਪਹੁੰਚਾਉਣ ਦੀ ਬਜਾਏ ਸਾਂਡਰਸ ਦੀ ਮ੍ਰਿਤਕ ਦੇਹ ਹਸਪਤਾਲ ਪਹੁੰਚਾਉਣ ਦੀ ਪਹਿਲ ਕੀਤੀ। ਹੌਲਦਾਰ ਚੰਨਣ ਸਿੰਘ ਨੂੰ ਤਾਂ ਬਾਅਦ ਵਿੱਚ ਕੁੱਝ ਵਿਦਿਆਰਥੀ ਟਾਂਗੇ ਵਿੱਚ ਪਾ ਕੇ ਨੇੜਲੀ ਡਿਸਪੈਂਸਰੀ ਲੈ ਕੇ ਗਏ ਜਿੱਥੋਂ ਉਸਨੂੰ ਜ਼ਖਮੀ ਹਾਲਤ ਵਿੱਚ ਵੱਡੇ ਹਸਪਤਾਲ ਰੈਫਰ ਕੀਤਾ ਗਿਆ।ਤੱਥ ਇਹ ਹੈ ਕਿ ਚੰਨਣ ਸਿੰਘ ਦੀ ਮੌਤ ਜਿਆਦਾ ਖੁਨ ਵਹਿ ਜਾਣ ਕਾਰਨ ਹੋਈ ਸੀ ਕਿਉਂਕਿ ਉਸਨੂੰ ਪੁਲਿਸ ਨੇ ਸਮੇਂ ਸਿਰ ਹਸਪਤਾਲ ਨਹੀਂ ਪਹੁੰਚਾਇਆ ਸੀ।

ਸਾਡੇ ਰਾਜਨੀਤਕ ਆਗੂ ਆਪਣੇ ਸਿਆਸੀ ਸਵਾਰਥਾਂ ਲਈ ਕਿਵੇਂ ਇਤਿਹਾਸ ਨੂੰ ਤੋੜ-ਮਰੋੜ ਕੇ ਸਾਡੇ ਸਾਹਮਣੇ ਪੇਸ਼ ਕਰਦੇ ਹਨ ਇਸਦੀ ਉਦਹਾਰਨ ਸਿਮਰਨਜੀਤ ਸਿੰਘ ਮਾਨ ਤੋਂ ਲਈ ਜਾ ਸਕਦੀ ਹੈ ਜੋ ਇੱਕ ਅੰਗਰੇਜ ਅਫਸਰ ਤੇ ਉਸਦੇ ਅਰਦਲੀ ਨੂੰ ਮਾਰਨ ਵਾਲੇ ਨੂੰ ਦਹਿਸ਼ਤਗਰਦ ਕਹਿ ਰਹੇ ਹਨ ਲੇਕਿਨ ਲੋਕ ਵਿਰੋਧੀ ਅੰਗਰੇਜ ਅਫਸਰ ਦਾ ਸਨਮਾਨ ਕਰਨ ਵਾਲੇ ਦਾ ਬਚਾਅ ਕਰਦੇ ਹਨ।

ਮਾਨ ਸਾਹਿਬ ਭਗਤ ਸਿੰਘ ਲਈ 'ਦਹਿਸ਼ਤਗਰਦ' ਜਾਂ 'ਅੱਤਵਾਦੀ' ਵਰਗੇ ਲਕਬ ਵਰਤ ਰਹੇ ਹਨ ਤੇ ਇਸ ਤਰ੍ਹਾਂ ਦੇ ਸ਼ਬਦ ਆਮ ਤੌਰ 'ਤੇ ਹਕੂਮਤ ਜਾਂ ਕੋਈ ਕੱਟੜ ਪੁਲਿਸ ਅਫਸਰ ਹੀ ਬਾਗੀ ਯੋਧਿਆਂ

PUNJABI SWEETS
House & Restaurant
All Kinds of Sweets
Non-Veg & Vegi Food
Take out
We do catering also
Fast & Best Friendly Service
ਤਾਜਾ ਅਤੇ ਸਵਾਦੀ ਖਾਣਾ ਜਿਵੇਂ ਸਮੋਸੇ, ਗੋਲਗੱਪੇ, ਚਾਟ, ਤਾਜ਼ਾ ਮਠਿਆਈ ਬਰਫ਼ੀ, ਗੁਲਾਬ ਜਾਮਣ, ਰਸਗੁੱਲੇ, ਲੱਡੂ ਅਤੇ ਜਲੇਬੀਆਂ ਖਾਣ ਜਾਂ ਲਿਜਾਣ ਲਈ ਅੱਜ ਹੀ ਸਾਡੇ ਰੈਸਟੋਰੈਂਟ 'ਤੇ ਪਹੁੰਚੋ ਜਾਂ ਫੋਨ ਕਰੋ।
Open 7 Days a Week
403-293-5252
Bay 113 216 Saddle Towne Cir, N.E. T3J 0C9

Baljinder Singh
Graphic Designer
All types of Newspaper Advts. Newspaper Planning, Designing of Catalogues, Brochures etc.
ਇੰਟਰਨੈਸ਼ਨਲ ਮਿਆਰ ਦੇ ਪੱਧਰ 'ਤੇ ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਦੇ ਮੈਗਜ਼ੀਨਾਂ, ਕਿਤਾਬਾਂ ਅਤੇ ਅਖ਼ਬਾਰਾਂ ਨੂੰ ਆਧੁਨਿਕ ਤਕਨੀਕ ਨਾਲ ਤਿਆਰ ਕਰਵਾਉਣ ਲਈ ਸੰਪਰਕ ਕਰੋ
+91-92167-29598
E-mail : akashdeep.1064@gmail.com | baljinderpta1@gmail.com

For Honest and Best Results
Please Call :
Cell. (403)-680-1895
Fax. (403)-457-1216
Email : taranmand@shaw.ca
MLS MULTIPLE LISTING SERVICE® R REALTOR®
REAL ESTATE BOARD
Taranjit "T. J." Mand
Real Estate Associate
Max Value Reality Ltd.

BAINS VISION CENTRE
McKnight Village 5218 Falsbridge Dr. NE Calgary AB T3J 3G1
New Patients & Walk-Ins Welcome
Dr. Jaswinder S. Bains
Jaswinder S Bains, Ph.D., OD.
Appointments also available on Saturdays & Evenings
ਸ਼ਨਿੱਚਰਵਾਰ ਅਤੇ ਸ਼ਾਮ ਦੀਆਂ ਅਪਾਇੰਟਮੈਂਟਸ ਵੀ ਮਿਲ ਸਕਦੀਆਂ ਹਨ।
Services Available in Punjabi, Hindi, Urdu & English
403-274-4514
deerfootvision@yahoo.ca
ਅਸੀਂ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਵੀ ਗੱਲਬਾਤ ਕਰਦੇ ਹਾਂ।

ਲਈ ਵਰਤਦਾ ਹੁੰਦਾ ਹੈ। ਜੇਕਰ ਭਗਤ ਸਿੰਘ ਲਈ ਇਹ ਸ਼ਬਦ ਹਨ ਤਾਂ ਮਾਨ ਸਾਹਿਬ ਲੱਗਦੇ ਹੱਥ ਇਹ ਵੀ ਦੱਸ ਦੇਣ ਕਿ ਉਹਨਾਂ ਦੀ ਨਜ਼ਰ ਵਿੱਚ ਕੋਈ ਦੇਸ਼ ਭਗਤ ਹੈ ?

ਭਗਤ ਸਿੰਘ ਬਾਬਤ ਛੇੜੀ ਇਸ ਚਰਚਾ ਨਾਲ ਕਿਸਾਨ ਅੰਦੋਲਨ ਦੌਰਾਨ ਇਕਜੁੱਟ ਹੋਏ ਪੰਜਾਬੀ ਭਾਈਚਾਰੇ ਨੂੰ ਆਪਸੀ ਫੁੱਟ ਦੀ ਹਾਲਤ ਵਿੱਚ ਸੁੱਟਣ ਦਾ ਯਤਨ ਕੀਤਾ ਜਾ ਰਿਹਾ ਹੈ ਤੇ ਬੇਰੁਜ਼ਗਾਰਾਂ, ਕੱਚੇ ਕਾਮਿਆਂ, ਮਜਦੂਰਾਂ, ਕਿਸਾਨਾਂ ਦੇ ਮੰਗਾਂ ਮਸਲੇ ਹੱਲ ਕਰਨ ਤੋਂ ਭੱਜ ਰਹੀ ਸੂਬਾ ਸਰਕਾਰ ਨੂੰ ਚਰਚਾ ਹੋਰ ਪਾਸੇ ਤਿਲਕਾਉਣ ਦਾ ਮੌਕਾ ਦਿੱਤਾ ਗਿਆ ਹੈ।

ਸ਼ਹੀਦ ਭਗਤ ਸਿੰਘ ਦਾ ਮਕਸਦ ਸਿਰਫ ਅੰਗਰੇਜਾਂ ਨੂੰ ਭਾਰਤ ਵਿੱਚੋਂ ਦਫਾ ਕਰਨਾ ਹੀ ਨਹੀਂ ਸੀ ਬਲਕਿ ਲੁੱਟ ਰਹਿਤ ਅਜਿਹੇ ਸਮਾਜ ਦੀ ਸਿਰਜਣਾ ਸੀ ਜਿੱਥੇ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖਤਮ ਹੋਵੇ। ਸ਼ਹੀਦ ਭਗਤ ਸਿੰਘ ਸਮਾਜਵਾਦ ਦੀ ਸਿਰਜਣਾ ਚਾਹੁੰਦਾ ਸੀ ਇਸੇ ਕਰਕੇ ਭਗਤ ਸਿੰਘ ਦੀ ਵਿਚਾਰਧਾਰਾ ਨਾਲ ਆਮ ਆਦਮੀ ਪਾਰਟੀ ਦਾ ਵੀ ਕੋਈ ਵਾਅ ਵਾਸਤਾ ਨਹੀਂ ਹੈ। 'ਆਪ' ਆਗੂ ਇਸ ਤਰ੍ਹਾਂ ਸਿੱਧ ਕਰਨ ਲੱਗੇ ਹੋਏ ਹਨ ਜਿਵੇਂ ਭਗਤ ਸਿੰਘ ਦੇ ਅਸਲੀ ਵਾਰਸ ਉਹ ਹੀ ਹੋਣ ਜਦਕਿ ਸੱਚਾਈ ਇਹ ਹੈ ਕਿ ਭਾਰਤ ਦੀਆਂ ਬਾਕੀ ਵੋਟ ਪਾਰਟੀਆਂ ਵਾਂਗ ਇਹ ਪਾਰਟੀ ਵੀ ਭਗਤ ਸਿੰਘ ਦੀ ਸੋਚ ਨਾਲ ਧ੍ਰੋਹ ਕਮਾ ਰਹੀ ਹੈ। ਸੱਚਾਈ ਇਹ ਹੈ ਕਿ 'ਆਪ' ਨੇ ਪੰਜਾਬ 'ਚ ਭਗਤ ਸਿੰਘ ਦੀ ਉਸਤਤ ਕਰਕੇ ਵੋਟਾਂ ਲਈਆਂ ਤੇ ਚਹੁੰ ਦਿਨਾਂ ਬਾਅਦ ਗੁਜਰਾਤ 'ਚ ਉਸਦੇ ਵਿਚਾਰਧਾਰਕ ਵਿਰੋਧੀ ਮਹਾਤਮਾ ਗਾਂਧੀ ਦੀ ਉਸਤਤ ਕਰਨ ਜਾ ਲੱਗੇ।ਜੰਮੂ ਕਸ਼ਮੀਰ ਦੇ ਮਸਲੇ 'ਚ ਸੰਸਦ ਵਿੱਚ ਭਾਜਪਾ ਦੀ ਪੈੜ 'ਚ ਪੈੜ ਧਰਨ ਵਾਲੀ ਇਸ ਪਾਰਟੀ ਦੀ ਦਿੱਲੀ ਦੀ ਕਾਰਗੁਜ਼ਾਰੀ ਤੇ ਪਿਛਲੇ ਚਾਰ ਮਹੀਨਿਆਂ ਦੀ ਪੰਜਾਬ ਵਿੱਚਲੀ ਕਾਰਗੁਜਾਰੀ ਦੱਸਦੀ ਹੈ ਕਿ ਇਸ ਪਾਰਟੀ ਨੇ ਲੋਕਾਂ ਦਾ ਕੁੱਝ ਨਹੀਂ ਸੰਵਾਰਿਆ ਹੈ ਬਲਕਿ ਕਾਰਪੋਰੇਟ ਘਰਾਣਿਆਂ ਦੇ ਹਿੱਤ ਪੂਰੇ ਹਨ।

ਜਦ ਹੁਣ ਭਗਤ ਸਿੰਘ ਨੂੰ ਅੱਤਵਾਦੀ/ਦਹਿਸ਼ਤਗਰਦ ਕਹਿਣ ਨਾਲ ਚਰਚਾ ਛਿੜ ਹੀ ਪਈ ਹੈ ਤਾਂ ਇਸ ਮੌਕੇ ਸਾਡੇ ਨੌਜਵਾਨਾਂ ਨੂੰ ਭਗਤ ਸਿੰਘ ਨਾਲ ਜਜਬਾਤੀ ਸਾਂਝ ਪਾ ਕੇ ਉਸਨੂੰ ਪੂਜਣ ਵਾਲੀ ਹਸਤੀ ਬਣਾਉਣ ਦੀ ਥਾਂ ਤਰਕ ਨਾਲ ਇਸ ਖੋਜ ਵਿੱਚ ਪੈਣਾ ਚਾਹੀਦਾ ਹੈ ਕਿ ਭਗਤ ਸਿੰਘ ਕੌਣ ਸੀ ? ਉਸਦੀ ਵਿਚਾਰਧਾਰਾ ਕੀ ਸੀ। ਅੱਜ ਵੀ ਭਗਤ ਸਿੰਘ ਦੇ ਅਸਲੀ ਵਾਰਸ ਇਸ ਪਾਰਲੀਮੈਂਟਰੀ ਰਾਹ ਨੂੰ ਰੱਦ ਕਰਦਿਆਂ ਸੰਘਰਸ਼ਾਂ ਦੇ ਮੈਦਾਨ ਵਿੱਚ ਨਿੱਤਰੇ ਹੋਏ ਹਨ ਤੇ ਇਸ ਗੱਲ ਲਈ ਆਸਵੰਦ ਹਨ ਕਿ ਇੱਕ ਦਿਨ ਸ਼ਹੀਦ ਏ ਆਜ਼ਮ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਦਾ ਸਮਾਜ ਸਿਰਜਿਆ ਜਾਵੇਗਾ।

# ਅਸਲ ਵਿਚ ਇਹ ਸੀ ਭਗਤ ਸਿੰਘ

**-ਗੁਰਚਰਨ ਸਿੰਘ ਨੂਰਪੁਰ**



ਇਕੱਲਾ ਭਗਤ ਸਿੰਘ ਹੀ ਨਹੀਂ

ਉਹਦੇ ਪਰਿਵਾਰ ਨੇ ਵੀ ਦੇਸ਼ ਲਈ ਮਹਾਨ ਕੁਰਬਾਨੀ ਕੀਤੀ।

ਘਰ ਉਹਦੇ ਵਿਆਹ ਦੀ ਗੱਲ ਤੁਰੀ ਤਾਂ ਉਸ ਕਿਹਾ ਕਿ ਮੈਂ ਆਜਾਦੀ ਹੀਰ ਨੂੰ ਵਿਆਹ ਕੇ ਲਿਆਵਾਂਗਾ ਤੇ ਦੇਸ ਆਜਾਦ ਕਰਾਉਣ ਲਈ ਘਰੋਂ ਬੇਘਰ ਹੋ ਗਿਆ।

ਉਹ ਬੰਦੇ ਮਾਰਨ ਵਿੱਚ ਵਿਸਵਾਸ ਨਹੀਂ ਸੀ ਰੱਖਦਾ। ਮਿ ਸਕਾਟ ਨੂੰ ਮਾਰਨ ਦਾ ਫੈਸਲਾ ਉਦੋਂ ਕੀਤਾ ਜਦੋਂ ਇੱਕ ਬੰਗਾਲਣ ਕੁੜੀ ਨੇ ਸਾਰੇ ਦੇਸ ਨੌਜੁਆਨਾਂ ਨੂੰ ਇਹ ਤਾਹਨਾਂ ਦਿੱਤਾ ਕਿ ਅੰਗਰੇਜ ਨੇ ਸਾਈਮਨ ਕਮਿਸਨ ਦਾ ਵਿਰੋਧ ਕਰ ਰਹੇ ਲੋਕਾਂ ਖਾਸ ਕਰਕੇ ਪੰਜਾਬੀਆਂ ਤੇ ਅੰਨ੍ਹੇਵਾਹ ਲਾਠੀਆਂ ਵਰ੍ਹਾਈਆਂ ਲਾਲਾ ਲਾਜਪਤ ਰਾਏ ਦੀ ਮੌਤ ਹੋ ਗਈ ਉਸ ਕੁੜੀ ਨੇ ਅਖਬਾਰਾਂ ਵਿੱਚ ਇੱਕ ਚਿੱਠੀ ਲਿਖ ਕੇ ਪੁੱਛਿਆ ਕਿ ਕੀ ਦੇਸ ਦੀ ਜਵਾਨੀ ਮਰਮੁੱਕ ਗਈ ਹੈ ? ਕਿਸੇ ਵਿੱਚ ਇੰਨੀ ਜੁਅੱਰਤ ਨਹੀਂ ਕਿ ਇਸ ਜਬਰ ਦਾ ਬਦਲਾ ਲਿਆ ਜਾਵੇ ? ਤਾਂ ਭਗਤ ਸਿੰਘ ਰਾਜਗੁਰੂ ਸੁਖਦੇਵ ਅਤੇ ਜੈ ਗੋਪਾਲ ਨੇ ਲਾਹੌਰ ਵਿੱਚ ਸਾਂਡਰਸ ਨੂੰ ਮਾਰ ਕੇ ਦੱਸਿਆ ਕਿ ਦੇਸ ਦੀ ਜਵਾਨੀ ਜਿਉਂਦੀ ਜਾਗਦੀ ਹੈ। ਰੋਲਟ ਐਕਟ ਬਿੱਲ ਦਾ ਵਿਰੋਧ ਕਰਦਿਆਂ ਬੀ ਕੇ ਦੱਤ ਨਾਲ ਅੰਸੇਬਲੀ ਹਾਲ ਵਿੱਚ ਬੰਬ ਸੁੱਟ ਕੇ ਉਹ ਭੱਜ ਸਕਦੇ ਸਨ ਪਰ ਉਹ ਭੱਜੇ ਨਹੀਂ ਭਗਤ ਸਿੰਘ ਨੇ ਕਿਹਾ ਅਸੀਂ ਸਕਤੀਸ਼ਾਲੀ ਬੰਬ ਨਾਲ ਬੰਦੇ ਵੀ ਮਾਰ ਸਕਦੇ ਸੀ ਪਰ ਸਾਡਾ ਮਕਸਦ ਬੰਦੇ ਮਾਰਨਾ ਨਹੀਂ ਬੋਲੀ ਸਰਕਾਰ ਦੇ ਕੰਨਾਂ ਤੱਕ ਆਵਾਜ ਪਹੁੰਚਾਣਾ ਹੈ। ਭਗਤ ਸਿੰਘ ਤੇ ਉਹਦੇ ਸਾਥੀਆਂ ਤੇ ਮੁਕੱਦਮਾ ਚੱਲਿਆ: ਉਸ ਕਿਹਾ ਸਾਨੂੰ ਫਾਂਸੀ ਦੀ ਬਜਾਏ ਗੋਲੀ ਨਾਲ ਉਡਾਇਆ ਜਾਵੇ ਜਦ ਸਵਾਲ ਪੈਦਾ ਹੋਇਆ ਕਿ ਕਿਉਂ ਤਾਂ ਉਸ ਕਿਹਾ ਮੈਂ ਆਪਣੇ ਦੇਸ ਵੱਲੋਂ ਆਪਣੇ ਦੇਸ ਲਈ ਲੜ ਰਿਹਾ ਇੱਕ ਫੌਜੀ ਹਾਂ ਤੁਸੀਂ (ਅੰਗਰੇਜ਼) ਬਾਹਰੋ ਆਏ ਧਾੜਵੀ ਹੋ ਮੈਂ ਤੁਹਾਡੀ ਕੈਦ ਵਿੱਚ ਹਾਂ ਇਸ ਲਈ ਜੰਗ ਦਾ ਅਸੂਲ ਇਹ ਕਹਿੰਦਾ ਹੈ ਕਿ ਜੰਗੀ ਕੈਦੀ ਨੂੰ ਗੋਲੀ ਮਾਰ ਕੇ ਮਾਰਿਆ ਜਾਵੇ।

ਉਸ ਨੂੰ ਜੇਲ੍ਹ ਚੋਂ ਭਜਾਉਣ ਦੀ ਸਕੀਮ ਘੜੀ ਗਈ ਉਸ ਨੇ ਆਪਣੇ ਸਾਥੀਆਂ ਨੂੰ ਇਹ ਕਹਿ ਕੇ ਵਰਜ ਦਿੱਤਾ ਕਿ ਇਸ ਵੇਲੇ ਮੇਰਾ ਫਾਂਸੀ ਲੱਗਣਾ ਬਲਦੀ ਤੇ ਤੇਲ ਦਾ ਕੰਮ ਕਰੇਗਾ। ਦੇਸ਼ ਦੀਆਂ ਮਾਵਾਂ ਹੋਰ ਭਗਤ ਸਿੰਘ ਪੈਦਾ ਕਰਨ ਵਿੱਚ ਮਾਣ ਮਹਿਸੂਸ ਕਰਨਗੀਆਂ। ਜੇਲ੍ਹ ਵਿੱਚ ਆਜਾਦੀ ਪ੍ਰਵਾਨਿਆਂ ਦੀਆਂ ਜਾਇਜ ਮੰਗਾਂ ਲਈ ਉਹਨੇ ਭੁੱਖ ਹੜਤਾਲ ਕੀਤੀ। 63 ਦਿਨ ਭੁੱਖ ਹੜਤਾਲ ਤੇ ਰਿਹਾ ਲੁੱਸ ਲੁੱਸ ਕਰਦਾ 6 ਫੁੱਟਾ ਜਵਾਨ ਭਗਤ ਸਿੰਘ ਸੁੱਕ ਕੇ ਹੱਡਿਆਂ ਦਾ ਪਿੰਜਰ ਬਣ ਗਿਆ। ਉਸ ਨੂੰ ਅਦਾਲਤ ਵਿੱਚ ਸਟਰੇਚਰ ਤੇ ਪਾ ਕੇ ਲਿਜਾਇਆ ਜਾਣ ਲੱਗਾ। ਕ੍ਰਾਂਤੀਕਾਰੀਆਂ ਦੀ ਭੁੱਖ ਹੜਤਾਲ ਦੀ ਗੱਲ ਜਦੋਂ ਦੇਸ ਦੇ ਲੋਕਾਂ ਤੱਕ ਗਈ ਤਾਂ ਥਾਂ ਥਾਂ ਵਿਰੋਧ ਹੋਣ ਲੱਗ ਪਿਆ। ਲੋਕ ਰੋਹ ਤੋਂ ਡਰੀ ਅੰਗਰੇਜ ਸਰਕਾਰ ਨੇ ਜਬਰਦਸਤੀ ਖਾਣਾ ਖਵਾਉਣ ਦੀ ਕੋਸ਼ਿਸ ਕੀਤੀ। ਪਰ ਉਹ ਨਾ ਮੰਨੇ । ਫਿਰ ਅੰਗਰੇਜ ਸਿਪਾਹੀ ਗੁੰਡੇ ਬਣ ਇੱਕ ਇੱਕ ਕ੍ਰਾਂਤੀਕਾਰੀ ਨੂੰ ਢਾਹੁੰਦੇ ਉਹਦੀਆਂ ਲੱਤਾਂ ਬਾਹਾਂ ਤੇ ਖੜ ਜਾਂਦੇ ਤੇ ਜਬਰਦਸਤੀ ਉਹਨਾਂ ਅੰਦਰ ਨਾਲੀ ਲਾ ਕੇ ਦੁੱਧ ਪਿਲਾਇਆ ਜਾਣ ਲੱਗਾ। ਭਗਤ ਸਿੰਘ ਦੇ ਇੱਕ ਸਾਥੀ ਜਤਿੰਦਰ ਨਾਥ ਦਾਸ ਛਾਤੀ ਵਿੱਚ ਦੁੱਧ ਭਰ ਜਾਣ ਕਾਰਨ ਸਾਹ ਬੰਦ ਹੋ ਗਿਆ। ਕੁਝ ਦਿਨ ਬੇਹੋਸ ਹੋਣ ਮਗਰੋਂ ਇਹ ਸੂਰਮਾ ਸਹਾਦਤ ਦੇ ਗਿਆ। ਉਹਦੀ ਦੇਹ ਨੂੰ ਲਾਹੌਰ ਤੋਂ ਕਲਕੱਤੇ ਲੈ ਜਾਣ ਲਈ ਰੇਲ ਗੱਡੀ ਵਿੱਚ ਰੱਖਿਆ ਗਿਆ। ਇਹ ਰੇਲ ਜਿੱਥੇ ਵੀ ਖੜਦੀ ਲੋਕਾਂ ਦੀ ਭੀੜ ਗੱਡੀ ਨੂੰ ਹੱਥ ਲਾ ਲੇ ਕੇ ਵੇਖਦੀ ਚੁੰਮਦੀ ਕਿ ਇਸ ਗੱਡੀ ਵਿੱਚ ਸਾਡਾ ਮਹਾਂਨਾਇਕ ਸੁੱਤਾ ਪਿਆ ਹੈ। ਇਸ ਤਰ੍ਹਾਂ ਦੀਆਂ ਕੁਰਬਾਨੀ ਨਾਲ ਦੇਸ ਆਜਾਦ ਹੋਇਆ ਸੀ ਤੇ ਸਾਨੂੰ ਵੋਟ ਪਾਉਣ ਤੇ ਚੋਣ ਲੜਨ ਇਜਾਜਤ ਇਸ ਤਰ੍ਹਾਂ ਦੀ ਕੁਰਬਾਨੀਆਂ ਨਾਲ ਮਿਲੀ ਸੀ।

ਫਾਂਸੀ ਲੱਗਣ ਤੋਂ 7 ਕੁ ਦਿਨ ਪਹਿਲਾਂ ਉਹਨੇ ਆਪਣੀ ਸਾਥੀ ਸ਼ਿਵ ਵਰਮਾ ਜਿਸ ਨੇ ਇੱਕ ਕਿਤਾਬ ਸ਼ਹੀਦਾਂ ਦੇ ਅੰਗਸੰਗ ਲਿਖੀ ਸੀ ਨੂੰ ਜਦੋਂ ਅੰਗਰੇਜ ਮੀਆਂ ਵਾਲੀ ਜੇਲ ਲਿਜਾ ਰਹੇ ਸਨ ਤਾਂ ਉਹ ਭਗਤ ਸਿੰਘ ਨੂੰ ਮਿਲ ਕੇ ਅੱਖਾਂ ਭਰ ਆਇਆ। ਭਗਤ ਸਿੰਘ ਨੇ "ਕਿਹਾ ਦਿਲ ਹੌਲਾ ਨਹੀਂ ਕਰਨਾ ਮੈਂ ਤਾਂ ਕੁਝ ਦਿਨਾਂ ਤੱਕ ਫਾਂਸੀ ਦੇ ਤਖਤੇ ਤੇ ਝੂਲ ਜਾਣਾ ਹੈ ਪਰ ਤੁਸੀਂ ਤਾਂ ਅਜੇ ਲੰਮੀ ਲੜਾਈ ਲੜਨੀ ਹੈ।" ਸ਼ਿਵ ਵਰਮਾ ਲਿਖਦਾ ਹੈ ਕਿ ਮੈਂ ਪੁੱਛਿਆ "ਸਰਦਾਰ ਦਿਲ ਵਿੱਚ ਕੋਈ ਮਲਾਲ ਤਾਂ ਨਹੀਂ ?" ਸਰਦਾਰ ਨੇ ਕਿਹਾ "ਵਰਮਾ ਸਾਹਿਬ ਮੈਂ ਆਪਣੇ ਵਤਨ ਲਈ ਜੋ ਕੁਝ ਕਰਨਾ ਚਾਹੁੰਦਾ ਹਾਂ ਉਸ ਦਾ ਇੱਕ ਹਜਾਰਵਾਂ ਹਿੱਸਾ ਵੀ ਨਹੀਂ ਕਰ ਸਕਿਆ।" ਇਹ ਸੀ ਭਗਤ ਸਿੰਘ ਦੀ ਸਖਸ਼ੀਅਤ। ਕੈਦ ਦੌਰਾਨ ਉਸ ਨੇ ਉਸ ਨੇ ਇੱਕ ਚਿੱਠੀ ਪੰਜਾਬ ਦੇ ਗਵਰਨਰ ਨੂੰ ਲਿਖੀ ਉਸ ਲਿਖਿਆ "ਜੰਗ ਜਾਰੀ ਹੈ ਅਤੇ ਇਹ ਜੰਗ ਉਦੋਂ ਤੱਕ ਜਾਰੀ ਰਹੇਗੀ ਜਦੋਂ ਤੱਕ ਤੁਹਾਡੇ ਤੇ ਸਾਡੇ ਵਿੱਚ ਫਰਕ ਬਰਕਰਾਰ ਹੈ ਜੰਗ ਉਦੋਂ ਤੱਕ ਜਾਰੀ ਰਹੇਗੀ ਜਦੋਂ ਤੱਕ ਤੁਹਾਡੀਆਂ ਸਾਮਰਾਜੀ ਨੀਤੀਆਂ ਦਾ ਅੰਤ ਨਹੀਂ ਹੁੰਦਾ।"

ਅੰਗਰੇਜਾਂ ਤੋਂ ਸਿਰਦਾਰ (ਸਰਦਾਰ ਨਹੀਂ) ਦੀਆਂ ਉਪਾਦੀਆਂ ਲੈਣ ਵਾਲੇ ਤਾਂ ਇਹ ਵੀ ਕਹਿੰਦੇ ਰਹੇ ਕਿ ਭਗਤ ਸਿੰਘ ਆਖਰੀ ਸਮੇਂ ਮੌਤ ਤੋਂ ਡਰ ਗਿਆ ਸੀ। ਪਰ ਜੇਲ ਤੇ ਜੇਲ ਤੋਂ ਬਾਹਰ ਇਕੱਠੇ ਹੋਏ ਲੋਕ ਆਖਦੇ ਹਨ ਕਿ ਉਹਨਾਂ ਸੂਰਬੀਰਾਂ ਨੂੰ ਜਦੋਂ ਫਾਂਸੀ ਦੇ ਤਖਤੇ ਵੱਲ ਤੋਰਿਆ ਗਿਆ ਤਾਂ ਉਹਨਾਂ ਉਚੀ ਆਵਾਜ ਵਿੱਚ ਇੰਕਲਾਬ ਜਿੰਦਾਬਾਦ ਦਾ ਨਾਹਰਾ ਮਾਰਿਆ ਤੇ ਫਿਰ ਇਹ ਨਾਹਰਾ ਦੇ ਜਵਾਬ ਵਿੱਚ ਸਾਰੀ ਜੇਲ੍ਹ ਚੋਂ ਇੰਕਲਾਬ ਜਿੰਦਾਬਾਦ ਦੇ ਨਾਹਰੇ ਗੂੰਜਣ ਲੱਗੇ ਜੋ ਇੱਕ ਕਿਲੋਮੀਟਰ ਸੁਣਾਈ ਦੇਣ ਲੱਗੇ। (ਯੂ ਟਿਉਬ ਤੇ ਬੀ ਬੀ ਸੀ ਦੀ ਭਗਤ ਸਿੰਘ ਬਾਰੇ ਡਾਕੂਮੈਟਰੀ ਸੁਣੋ) ਫਾਂਸੀ ਦੇ ਤਖਤੇ ਤੇ ਖੜ ਕੇ ਉਸ ਅੰਗਰੇਜ ਮੈਜਿਸਟ੍ਰੇਟ ਨੂੰ ਕਿਹਾ ਸੀ ਤੁਸੀਂ ਬੜੇ ਖੁਸ ਕਿਸਮਤ ਹੋ ਮੈਜਿਸਟ੍ਰੇਟ ਸਾਹਿਬ ਤੁਸੀਂ ਅੱਜ ਆਪਣੀਆਂ ਅੱਖਾਂ ਨਾਲ ਵੇਖੋਗੇ ਕਿ ਕਿਵੇਂ ਇੱਕ ਕ੍ਰਾਂਤੀਕਾਰੀ ਆਪਣੇ ਦੇਸ ਲਈ ਕੁਰਬਾਨ ਹੁੰਦਾ ਹੈ...... ਤੇ ਇਹ ਆਜਾਦੀ ਆਸਕ ਫਾਂਸੀ ਦੇ ਤਖਤੇ ਤੇ ਝੂਲ ਗਿਆ।

ਅਸੈਂਬਲੀ 'ਚੋਂ ਬੰਬ ਚਲਾਇਆ ਭਗਤ ਸਿੰਘ ਸੁਰਮੇ ਨੇ।

ਰਹੇ ਕੱਖ ਨਾ ਫਰੰਗੀਆ ਤੇਰਾ ਭਗਤ ਸਿੰਘ ਕੋਹ ਸੁੱਟਿਆ। ਵਰਗੇ ਲੋਕਗੀਤ ਭਗਤ ਸਿੰਘ ਬਾਰੇ ਕਿਸੇ ਲੇਖਕ ਨੇ ਨਹੀਂ ਲੋਕਾਂ ਨੇ ਘੜੇ। ਫਾਂਸੀ ਤੋਂ ਕੁਝ ਅਰਸਾ ਮਗਰੋਂ ਝੰਗ ਸਹਿਰ (ਹੁਣ ਪਾਕਿਸਤਾਨ) ਵਿੱਚ ਇਹਨਾਂ ਤਿੰਨਾਂ ਆਜਾਦੀ ਪ੍ਰਵਾਨਿਆਂ ਨੂੰ ਯਾਦ ਕਰਨ ਲਈ ਇੱਕ ਵੱਡਾ ਜਲਸਾ ਹੋਇਆ। ਲੱਖਾਂ ਲੋਕਾਂ ਦੀ ਭੀੜ, ਕਵੀ ਮੇਲਾ ਰਾਮ ਤਾਹਿਰ ਨੇ ਭਗਤ ਸਿੰਘ ਦੀ ਘੋੜੀ ਗਾਈ

**ਆਓ ਨੀ ਭੈਣੋਂ ਰਲ ਗਾਵੀਏ ਘੋੜੀਆਂ,**
**ਜੰਞ ਤਾਂ ਹੋਈ ਏ ਤਿਆਰ ਵੇ ਹਾਂ।**
**ਮੌਤ ਕੁੜੀ ਨੂੰ ਪਰਣਾਵਣ ਚੱਲਿਆ,**
**ਭਗਤ ਸਿੰਘ ਸਰਦਾਰ ਵੇ ਹਾਂ।**
**ਹੰਝੂਆਂ ਦੇ ਪਾਣੀ ਨਾਲ ਭਰ ਕੇ ਘੜੋਲੀ,**
**ਲਹੂ ਦੀ ਰਾਖੀ ਮੌਲੀ ਤਾਰ ਵੇ ਹਾਂ।**
**ਖ਼ੂਨੀ ਮਹਿੰਦੀ ਚਾ ਤੈਨੂੰ ਲਾਈ ਫ਼ਿਰੰਗੀਆਂ,**
**ਹੱਥਕੜੀਆਂ ਦਾ ਗਾਨਾ ਤਿਆਰ ਵੇ ਹਾਂ।**
**ਫ਼ਾਂਸੀ ਦੇ ਤਖ਼ਤੇ ਨੂੰ ਖਾਰਾ ਬਣਾ ਕੇ,**
**ਬੈਠਾ ਤਾਂ ਚੌਂਕੜੀ ਮਾਰ ਵੇ ਹਾਂ।**

ਭਗਤ ਸਿੰਘ ਨੂੰ ਅੰਗਰੇਜ ਨਹੀਂ ਸੀ ਮਾਰ ਸਕੇ ਫਾਂਸੀ ਲੱਗਣ ਤੋਂ ਮਗਰੋਂ ਉਸ ਦਾ ਕੱਦ ਹੋਰ ਬੁਲੰਦ ਹੋ ਗਿਆ ਉਹ ਸ਼ਹੀਦ ਏ ਆਜਮ ਹੈ ਇੰਕਲਾਬ ਦਾ ਪਰਚਮ ਹੈ ਸਮੇਂ ਦੇ ਹਰ ਦੌਰ ਵਿੱਚ ਉਹ ਤੇ ਉਹਦੀ ਸੋਚ ਹੋਰ ਬੁਲੰਦ ਹੋਣਗੇ।

# ਇਤਿਹਾਸਿਕ ਸਰਾਏ ਨਾਗਾ ਗੁਰਦੁਆਰੇ ਦੀਆਂ ਛੱਲਣੀ ਕੰਧਾਂ ਸਿਮਰਨਜੀਤ ਸਿੰਘ ਮਾਨ ਤੋਂ ਜਵਾਬ ਮੰਗਦੀਆਂ ਹਨ

**ਵਿਸ਼ਵ ਭਾਰਤੀ**

ਸੰਗਰੂਰ ਤੋਂ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਵੱਲੋਂ ਸਹੀਦ ਭਗਤ ਸਿੰਘ ਨੂੰ 'ਅੱਤਵਾਦੀ' ਕਹਿਣ ਦਾ ਬਿਆਨ ਉਨ੍ਹਾਂ ਦਾ ਪਿੱਛਾ ਨਹੀਂ ਛੱਡ ਰਿਹਾ। ਹੁਣ ਪੰਜਾਬ ਦੇ ਲੋਕ ਮਾਨ ਤੋਂ ਇਤਿਹਾਸਕ ਗੁਰਦੁਆਰਾ ਸਾਹਿਬ ਸਰਾਏ ਨਾਗਾ 'ਤੇ ਗੋਲੀਬਾਰੀ ਦੀ ਘਟਨਾ ਬਾਰੇ ਜਵਾਬ ਮੰਗ ਰਹੇ ਹਨ। ਜ਼ਿਕਰਯੋਗ ਹੈ ਕਿ 11 ਅਪ੍ਰੈਲ 1979 ਨੂੰ ਮਾਨ ਨੇ ਫਰੀਦਕੋਟ ਐਸ.ਐਸ.ਪੀ. ਹੁੰਦਿਆਂ ਕਥਿਤ ਤੌਰ 'ਤੇ ਚਾਰ ਨਿਹੰਗਾਂ ਨੂੰ ਝੂਠੇ ਪੁਲਸ ਮੁਕਾਬਲੇ ਵਿਚ ਕਤਲ ਕਰ ਦਿੱਤਾ ਸੀ।

ਸ਼ਹੀਦ ਭਗਤ ਸਿੰਘ ਦੇ ਭਾਣਜੇ ਪ੍ਰੋ: ਜਗਮੋਹਨ ਸਿੰਘ ਜੀ ਇਕ ਜਮਹੂਰੀ ਅਧਿਕਾਰਾਂ ਦੇ ਕਾਰਕੁਨ ਹਨ ਦਾ ਕਹਿਣਾ ਹੈ ਕਿ ਮਾਨ ਪੰਜਾਬ ਦੇ ਲੋਕਾਂ ਨੂੰ ਇਤਿਹਾਸਕ ਗੁਰਦੁਆਰੇ, ਜੋ ਕਿ ਗੁਰੂ ਅੰਗਦ ਦੇਵ ਜੀ ਦਾ ਜਨਮ ਅਸਥਾਨ ਹੈ, ਦੀਆਂ ਛੱਲਣੀ ਕੰਧਾਂ ਬਾਰੇ ਸਪੱਸਟੀਕਰਨ ਦੇਣ।

ਉਹਨਾ ਕਿਹਾ, "ਮਾਨ ਨੂੰ ਦੱਸਣਾ ਚਾਹੀਦਾ ਹੈ ਕਿ ਕਿਵੇਂ 200 ਗੋਲੀਆਂ ਚਲਾਉਣਾ ਗੁਰੂ ਅੰਗਦ ਦੇਵ ਜੀ ਦੇ ਜਨਮ ਅਸਥਾਨ ਦੇ ਪਵਿੱਤਰ ਗੁਰਦੁਆਰੇ ਦੀ ਬੇਅਦਬੀ ਨਹੀਂ ਸੀ ?"

ਪ੍ਰੋ: ਜਗਮੋਹਨ ਤੋਂ ਬਹੁਤ ਪਹਿਲਾਂ ਇਹ ਮਾਮਲਾ ਸਾਬਕਾ ਆਈਏਐਸ ਅਧਿਕਾਰੀ ਗੁਰਤੇਜ ਸਿੰਘ ਨੇ ਉਠਾਇਆ ਸੀ, ਜੋ ਕਦੇ ਮਾਨ ਦੇ ਸਾਥੀ ਰਹੇ ਸਨ। ਇੱਕ ਲਿਖਤ ਵਿੱਚ ਉਹਨਾਂ ਨੇ ਕਰੀਬ ਇੱਕ ਦਹਾਕਾ ਪਹਿਲਾਂ ਦੀ ਘਟਨਾ ਦਾ ਜ਼ਿ ?ਕਰ ਕੀਤਾ ਸੀ।

"9 ਅਪ੍ਰੈਲ 1979 ਨੂੰ ਅੱਠ ਨਿਹੰਗ ਵਿਸਾਖੀ ਮਨਾਉਣ ਲਈ ਬਠਿੰਡਾ ਦੇ ਦਮਦਮਾ ਸਾਹਿਬ ਜਾ ਰਹੇ ਸਨ," ਉਸਨੇ ਆਪਣੇ ਲੇਖ ਵਿੱਚ ਲਿਖਿਆ।

ਇੱਕ ਪਾਲਤੂ ਬਾਂਦਰ ਦੇ ਨਾਲ, ਉਹ ਫਰੀਦਕੋਟ ਜ਼ਿਲ੍ਹੇ ਦੇ ਸਰਾਏ ਨਾਗਾ ਪਿੰਡ ਵਿੱਚ ਰੁਕੇ। ਉੱਘੇ ਸਿਆਸਤਦਾਨ ਹਰਚਰਨ ਸਿੰਘ ਬਰਾੜ (ਜੋ ਬਾਅਦ ਵਿੱਚ ਪੰਜਾਬ ਦੇ ਮੁੱਖ ਮੰਤਰੀ ਬਣੇ) ਦੇ ਘਰ ਦੇ ਨਾਲ ਇੱਕ ਗੁਰਦੁਆਰਾ ਸੀ।

ਨਿਹੰਗਾਂ ਨੇ (11 ਅਪ੍ਰੈਲ, 1979 ਨੂੰ) ਗੁਰਦੁਆਰੇ ਦੇ ਦੇਖ-ਭਾਲ ਕਰਨ ਵਾਲੇ (ਮਹੰਤ) ਨਾਲ ਝਗੜਾ ਕੀਤਾ ਕਿਉਂਕਿ ਉਸਦੇ ਪਾਲਤੂ ਕੁੱਤੇ ਨੇ ਬਾਂਦਰ ਨੂੰ ਕੱਟ ਲਿਆ ਸੀ। "ਨਿਹੰਗਾਂ ਨੇ ਗੁੱਸੇ ਵਿਚ ਆ ਕੇ ਕੁੱਤੇ ਨੂੰ ਤਾੜਨ ਲਈ ਸੋਟੀ ਦੀ ਵਰਤੋਂ ਕੀਤੀ।" ਗੁਰਤੇਜ ਸਿੰਘ ਨੇ ਲਿਖਿਆ।

ਗੁੱਸੇ ਵਿੱਚ ਆਏ ਮਹੰਤ ਨੇ ਬਰਾੜ ਦੇ ਪੁੱਤਰ ਨੂੰ ਦੱਸਿਆ, ਅਤੇ ਉਸ ਨੇ ਪੁਲਿਸ ਨੂੰ ਬੁਲਾ ਲਿਆ। ਪੁਲਸ ਦੇਖਦਿਆ ਨਿਹੰਗਾਂ ਨੇੜਲੇ ਖੇਤਾਂ ਵੱਲ ਸਰਨ ਲਈ ਭੱਜ ਗਏ। ਪੁਲਿਸ ਨੇ ਉਨ੍ਹਾਂ 'ਤੇ ਗੋਲੀਬਾਰੀ ਕੀਤੀ ਅਤੇ ਨਿਹੰਗਾਂ ਨੇ ਵਾਪਿਸ ਗੋਲਾਬਾਰੀ ਕਰ ਦਿੱਤੀ। ਗੁਰਤੇਜ ਸਿੰਘ ਨੇ ਲਿਖਿਆ, "ਆਖਰਕਾਰ, ਤਿੰਨ ਪੁਲਿਸ ਵਾਲੇ ਮਾਰੇ ਗਏ। ਪੁਲਿਸ ਪਾਰਟੀ ਨੇ ਮਦਦ ਲਈ ਹੋਰ ਪੁਲਿਸ ਟੁਕੜੀਆਂ ਮੰਗਵਾਈਆਂ।"

ਅਗਲੀ ਸਵੇਰ ਸਿਮਰਨਜੀਤ ਸਿੰਘ ਮਾਨ ਵੀ ਓਥੇ ਪੁੱਜ ਗਿਆ। ਪੁਲਿਸ ਨੇ ਗੁਰਦੁਆਰੇ 'ਤੇ ਗੋਲੀਬਾਰੀ ਸ਼ੁਰੂ ਕਰ ਦਿੱਤੀ। ਨਹਿੰਗ ਆਪਣੇ ਬਚਾਅ ਲਈ, ਉੱਪਰ ਗੁਰਦਵਾਰੇ ਦੇ ਗੁੰਬਦ ਵੱਲ ਨੂੰ ਚੜ੍ਹ ਗਏ। ਪਰ ਪੁਲਸ ਨੇ ਗੋਲਾਬਾਰੀ ਜਾਰੀ ਰੱਖੀ ਅਤੇ ਕਈ ਮਹੀਨਿਆਂ ਬਾਅਦ ਵੀ ਗੋਲੀਆਂ ਦੇ ਨਿਸਾਨ ਦੇਖੇ ਜਾ ਸਕਦੇ ਸਨ। ਪੁਲਿਸ ਨੇ ਗੁਰਦੁਆਰੇ ਨੂੰ ਉਡਾਉਣ ਦੀ ਧਮਕੀ ਦਿੱਤੀ। ਜਦੋਂ ਨਿਹੰਗਾ ਨੇ ਫੇਰ ਵੀ ਸਮਰਪਤ ਨਹੀਂ ਕੀਤਾ, ਤਾਂ ਨੇੜਲੇ ਪਿੰਡਾਂ ਨਹਿੰਗ ਦੇ ਪਰਿਵਾਰਾਂ ਨੂੰ ਲਿਆਂਦਾ ਗਿਆ ਅਤੇ ਕਿਹਾ ਗਿਆ ਕਿ ਇਹਨਾਂ ਦੀ ਬੇਪੱਤੀ ਕੀਤੀ ਜਾਵੇਗੀ, ਕੇ ਆਤਮਸਮਰਪਣ ਨ ਕੀਤਾ। ਕੁਝ ਵਿਚੋਲਿਆਂ ਦੇ ਦਖਲ ਤੋਂ ਬਾਅਦ ਨਿਹੰਗਾਂ ਨੇ ਆਤਮ ਸਮਰਪਣ ਕਰ ਦਿੱਤਾ।

"ਹਜ਼ਾਰਾਂ ਦੀ ਗਿਣਤੀ ਵਿੱਚ ਇਕੱਠੇ ਹੋਏ ਲੋਕਾਂ ਨੇ ਆਤਮ ਸਮਰਪਣ ਕਰਦੇ ਹੋਏ ਦੇਖਿਆ। ਪੰਜ ਨਿਹੰਗਾਂ ਨੂੰ ਬਾਕੀਆਂ ਤੋਂ ਵੱਖ ਕਰ ਦਿੱਤਾ ਗਿਆ ਸੀ। ਉਹਨਾਂ ਨੂੰ ਅੱਖਾਂ 'ਤੇ ਪੱਟੀ ਬੰਨ੍ਹ ਕੇ, ਰੱਸੀਆਂ ਨਾਲ ਬੰਨ੍ਹ ਕੇ ਪਿੱਛੇ ਲਿਜਾਇਆ ਗਿਆ ਸੀ। ਗੁਰਦੁਆਰਾ ਸਾਹਿਬ ਵਿੱਚ ਸੰਗਤਾਂ ਦੀ ਦੇਖ-ਰੇਖ ਵਿੱਚ ਐਸ.ਐਸ.ਪੀ. ਨੇ ਆਪਣੀ ਸਰਵਿਸ ਰਿਵਾਲਵਰ ਨਾਲ ਗੋਲੀ ਚਲਾ ਦਿੱਤੀ ਸੀ। ਅਤੇ ਘੱਟੋ-ਘੱਟ ਦੋ ਦੀ ਮੌਤ ਹੋ ਗਈ ਜਦੋਂ ਜ਼ਿਲ੍ਹਾ ਮੈਜਿਸਟਰੇਟ ਨੇ ਸਾਬਦਿਕ ਤੌਰ 'ਤੇ ਉਸਦਾ ਹੱਥ ਫੜਿਆ ਅਤੇ ਹੋਰ ਬੇਰਹਿਮ ਕਤਲਾਂ ਨੂੰ ਰੋਕਿਆ"

ਬਾਕੀ ਦੋ ਨਿਹੰਗਾਂ ਨੂੰ ਉਥੇ ਮੌਜੂਦ ਇੱਕ ਹੋਰ ਪੁਲਿਸ ਵਾਲੇ ਨੇ ਮਾਰ ਦਿੱਤਾ। ਗੁਰਤੇਜ ਸਿੰਘ ਨੇ ਕਿਹਾ, "ਸਰਦਾਰ ਗੁਰਬਖਸ ਸਿੰਘ ਗੋਸਲ ਜ਼ਿਲ੍ਹਾ ਮੈਜਿਸਟ੍ਰੇਟ ਸਨ ਅਤੇ ਉਨ੍ਹਾਂ ਨੇ ਮੈਨੂੰ ਇਹ ਜਾਣਕਾਰੀ ਦਿੱਤੀ ਸੀ।

"ਘਟਨਾ ਤੋਂ ਇੱਕ ਸਾਲ ਬਾਅਦ ਮੈਂ ਪੰਜਾਬ ਸਕੱਤਰੇਤ ਵਿੱਚ ਮਾਨ ਨੂੰ ਮਿਲਿਆ ਅਤੇ ਉਨ੍ਹਾਂ ਨੂੰ ਪੁੱਛਿਆ ਕਿ ਉਸਨੇ ਸਿੱਖ ਧਰਮ ਦੇ ਸਭ ਤੋਂ ਪਵਿੱਤਰ ਧਾਰਮਿਕ ਸਥਾਨਾਂ ਵਿੱਚੋਂ ਇੱਕ 'ਤੇ ਗੋਲੀਬਾਰੀ ਕਿਉਂ ਕੀਤੀ ਸੀ ਅਤੇ ਨਿਹੰਗਾਂ ਨੂੰ ਆਪਣੀ ਹਿਰਾਸਤ ਵਿੱਚ ਲੈ ਕੇ ਉਨ੍ਹਾਂ ਨੂੰ ਕਿਉਂ ਮਾਰਿਆ ਸੀ ? ਉਨ੍ਹਾਂ ਦਾ ਜਵਾਬ ਹੈਰਾਨ ਕਰਨ ਵਾਲਾ ਸੀ। "ਮੈਂ ਫੌਜਾਂ ਦਾ ਜਰਨੈਲ ਸੀ, ਮੇਰੇ ਸਾਹਮਣੇ ਮੇਰੇ ਸਿਪਾਹੀ ਸਹੀਦ ਹੋਏ ਪਏ ਸਨ। ਮੈਂ ਗੁੱਸੇ ਨਾਲ ਭੜਕ ਰਿਹਾ ਸੀ।" ਉਹ ਘਟਨਾ ਤੋਂ ਇਕ ਸਾਲ ਬਾਅਦ ਵੀ ਮਾਨ ਨੂੰ ਕੋਈ ਪਛਤਾਵਾ ਨਹੀਂ ਸੀ। ਸਾਬਕਾ ਆਈਏਐਸ ਅਧਿਕਾਰੀ ਨੇ ਕਿਹਾ।

ਪ੍ਰੋ: ਜਗਮੋਹਨ ਸਿੰਘ, ਜਨਰਲ ਡਾਇਰ ਦੇ ਜਲ੍ਹਿਆਂਵਾਲਾ ਬਾਗ ਦੇ ਸਾਕੇ ਅਤੇ ਸਰਾਏ ਨਾਗਾ ਸਾਹਿਬ ਦੇ ਸਾਕੇ ਵਿੱਚ ਇੱਕ ਪੂਰੀ ਸਮਾਨਤਾ ਵੇਖਦੇ ਹਨ।

"ਜਲ੍ਹਿਆਂਵਾਲੇ ਬਾਗ ਤੋਂ ਬਾਅਦ, ਡਾਇਰ ਨੇ ਸੇਖੀ ਮਾਰੀ ਸੀ ਕਿ ਉਸਦੇ ਲਈ ਪੈਰਿਸ ਅਤੇ ਅੰਮ੍ਰਿਤਸਰ ਦੇ ਯੁੱਧ ਅਖਾੜੇ ਇੱਕੋ ਜਿਹੇ ਸਨ। ਮਾਨ ਨੇ ਗੁਰਤੇਜ ਨੂੰ ਜੋ ਕਿਹਾ ਉਹ ਬਿਲਕੁਲ ਉਸੇ ਭਾਵਨਾ ਵਿੱਚ ਸੀ। ਡਾਇਰ ਅਤੇ ਮਾਨ ਦੋਵਾਂ ਨੇ ਨਿਰਦੋਸਾਂ 'ਤੇ ਗੋਲੀਆਂ ਚਲਾਈਆਂ। ਤੁਸੀਂ ਇਸਨੂੰ ਕਿਵੇਂ ਸਮਝਾਉਂਦੇ ਹੋ ?" ਉਹ ਪੁੱਛਦਾ ਹੈ। ਐਸਐਸਪੀ ਸਿਮਰਨਜੀਤ ਸਿੰਘ ਸੰਗਰੂਰ ਐਮਪੀ ਨਾਲ ਵਾਰ-ਵਾਰ ਕੋਸ਼ਿਸ਼ ਕਰਨ ਦੇ ਬਾਵਜੂਦ ਸੰਪਰਕ ਨਹੀਂ ਹੋ ਸਕਿਆ।

**'ਬੇਰਹਿਮ ਕਤਲ'**

ਪੰਜਾਬ, ਹਰਿਆਣਾ ਅਤੇ ਐਮਰਜੈਂਸੀ ਦੀ ਰਾਜਨੀਤੀ, ਚੰਡੀਗੜ੍ਹ ਬਾਰੇ ਬਜੁਰਗ ਪੱਤਰਕਾਰ ਬੀ.ਕੇ. ਚੰਮ ਨੇ ਆਪਣੀ ਯਾਦ ਵਿੱਚ, "Behind Closed Doors" ਵਿੱਚ ਗੋਲੀਬਾਰੀ ਦੀ ਘਟਨਾ ਦਾ ਜ਼ਿਕਰ ਕੀਤਾ ਜੋ "ਮਾਨ ਦੇ ਇੱਕ ਵੱਖਵਾਦੀ ਕੱਟੜਪੰਥੀ ਬਣਨ ਤੋਂ ਪੰਜ ਸਾਲ ਪਹਿਲਾਂ" ਵਾਪਰੀ ਸੀ।

**ਕੁੱਝ ਅੰਸ...**

ਇਸ ਮੁਕਾਬਲੇ ਨੂੰ ਕਵਰ ਕਰਨ ਦਾ ਮੌਕਾ ਮਿਲਿਆ, ਜੋ ਕਿ ਅਪ੍ਰੈਲ 1979 ਨਾਲ ਸਬੰਧਤ ਹੈ। ਸਰਾਏ ਨਾਗਾ ਵਿੱਚ, ਮੈਨੂੰ ਸੜਕਾਂ ਸੁੰਨਸਾਨ ਪਈਆਂ ਮਿਲੀਆਂ। ਮੈਨੂੰ ਦੱਸਿਆ ਗਿਆ ਕਿ ਮਾਨ, ਹਰਚਰਨ ਸਿੰਘ ਬਰਾੜ ਦੀ ਰਿਹਾਇਸ 'ਤੇ ਪੱਤਰਕਾਰਾਂ ਨਾਲ ਗੱਲਬਾਤ ਕਰ ਰਿਹਾ ਸੀ, ਜਦੋਂ ਮੈਂ ਉੱਥੇ ਗਿਆ ਤਾਂ ਦੇਖਿਆ ਕਿ ਮੇਰੇ ਚੰਡੀਗੜ੍ਹ ਦੇ ਦੋ ਸਾਥੀਆਂ ਨੂੰ ਮਾਨ ਵੱਲੋਂ ਨਿਹੰਗ ਸਿੱਖਾਂ ਨਾਲ ਹੋਏ ਮੁਕਾਬਲੇ ਬਾਰੇ ਜਾਣਕਾਰੀ ਦਿੱਤੀ ਗਈ ਸੀ। ਸਾਦੇ ਕੱਪੜਿਆਂ ਵਾਲੇ ਪੁਲਿਸ ਵਾਲਿਆਂ ਦੇ ਇੱਕ ਜੋੜੇ ਨੇ ਸਾਨੂੰ 'ਮੁਕਾਬਲੇ ਵਾਲੀ ਥਾਂ' ਤੇ ਲੈ ਗਏ ਸਾਨੂੰ ਗੁਰਦੁਆਰੇ ਦੀ ਬਾਹਰਲੀ ਕੰਧ 'ਤੇ ਗੋਲੀਆਂ ਦੇ ਨਿਸਾਨ ਦਿਖਾਏ, ਜਿਨ੍ਹਾਂ ਨੂੰ 'ਮੁੱਠਭੇੜ' ਦਾ ਸਬੂਤ ਦੱਸਿਆ ਗਿਆ ਸੀ।

ਹੋਰ ਸਬੂਤ ਹਾਸਲ ਕਰਨ ਲਈ ਅਸੀਂ ਪਿੰਡ ਵਿੱਚ ਗਏ, ਜਿੱਥੇ ਪੁਲਿਸ ਮੁਕਾਬਲੇ ਵਿੱਚ ਗੋਲੀ ਮਾਰ ਕੇ ਇੱਕ ਨਿਹੰਗ ਮਾਰਿਆ ਗਿਆ ਸੀ। ਅਸੀਂ ਦੇਖਿਆ, ਕਿ ਲੋਕ ਨਿਹੰਗ ਦਾ ਸਸਕਾਰ ਕਰਕੇ ਘਰ ਪਰਤ ਰਹੇ ਸਨ। ਉਹਨਾਂ ਨੇ ਸਾਨੂੰ ਦੱਸਿਆ ਕਿ ਪੁਲਿਸ ਅਸਲ ਵਿੱਚ ਨਿਹੰਗਾਂ ਨੂੰ ਪਿੱਠ ਪਿੱਛੇ ਹੱਥ ਬੰਨ੍ਹ ਕੇ ਖੇਤਾਂ ਵਿੱਚ ਲੈ ਗਈ ਸੀ ਜਿੱਥੇ ਉਹਨਾਂ ਨੂੰ ਬਿਲਕੁਲ ਨੇੜੇਓ ਗੋਲੀ ਮਾਰ ਕੇ ਮਾਰ ਦਿੱਤਾ ਗਿਆ ਸੀ।

ਪਾਵੇਲ ਕੁੱਸਾ
62807-22965

# ਦਰੋਪਦੀ ਮੁਰਮੂ ਦੀ ਰਾਸ਼ਟਰਪਤੀ ਵਜੋਂ ਚੋਣ...

## ਕਈ ਨਿਸ਼ਾਨਿਆਂ ਵੱਲ ਸੇਧਤ ਭਾਜਪਾਈ ਸਿਆਸਤੀ ਤੀਰ

ਦਰੋਪਦੀ ਮੁਰਮੂ ਮੁਲਕ ਦੀ 15ਵੀਂ ਰਾਸ਼ਟਰਪਤੀ ਚੁਣੀ ਗਈ ਹੈ। ਦਰੋਪਦੀ ਮਰਮੂ ਦੀ ਰਾਸ਼ਟਰਪਤੀ ਵਜੋਂ ਚੋਣ ਭਾਜਪਾ ਦੀਆਂ ਵੋਟ ਸਿਆਸਤੀ ਸ਼ਤਰੰਜੀ ਚਾਲਾਂ ਅਤੇ ਅਖੌਤੀ ਭਾਰਤੀ ਜਮਹੂਰੀਅਤ ਦੀ ਪਰਦਾਪੋਸ਼ੀ ਦੇ ਭਾਰਤੀ ਰਾਜ ਦੇ ਵਡੇਰੇ ਹਿਤਾਂ ਦੀ ਜੁਗਲਬੰਦੀ ਦਾ ਨਤੀਜਾ ਹੈ। ਇਸ ਤੀਰ ਨਾਲ ਭਾਜਪਾ ਨੇ ਕਈ ਨਿਸ਼ਾਨੇ ਫੁੰਡਣ ਦੀ ਕੋਸ਼ਿਸ਼ ਕੀਤੀ ਹੈ।

ਹਾਕਮ ਜਮਾਤੀ ਪ੍ਰੈੱਸ ਹਲਕਿਆਂ 'ਚ ਇਸ ਕਦਮ ਨੂੰ ਮਾਸਟਰ ਸਟ੍ਰੋਕ ਕਰਾਰ ਦਿੱਤਾ ਜਾ ਰਿਹਾ ਹੈ ਕਿਉਂਕਿ ਇਸ ਕਦਮ ਰਾਹੀਂ ਭਾਜਪਾ ਨੇ ਵਿਰੋਧੀ ਧਿਰ ਦੇ ਸੰਭਾਵੀ ਏਕੇ ਨੂੰ ਬਣਨ ਤੋਂ ਪਹਿਲਾਂ ਹੀ ਕਮਜ਼ੋਰ ਕਰਨ 'ਚ ਕਾਮਯਾਬੀ ਹਾਸਲ ਕੀਤੀ ਹੈ। ਕਿਉਂਕਿ ਆਦਿਵਾਸੀਆਂ ਦੀ ਗਿਣਨਯੋਗ ਵਸੋਂ ਵਾਲੇ ਸੂਬਿਆਂ 'ਚ ਭਾਜਪਾ ਤੋਂ ਵਿੱਥ ਰੱਖ ਦੇ ਹਿੱਸਿਆਂ ਨੂੰ ਵੀ ਇਸ ਉਮੀਦਵਾਰ ਦੀ ਹਮਾਇਤ ਦਾ ਫੈਸਲਾ ਲੈਣਾ ਪਿਆ ਸੀ। ਅਜਿਹੀਆਂ ਗਿਣਤੀਆਂ ਦੇ ਨਾਲ ਨਾਲ ਭਾਜਪਾ ਦੀ ਇਹ ਚਾਲ ਮੁੱਖ ਤੌਰ 'ਤੇ ਆਦਿਵਾਸੀ ਖੇਤਰਾਂ 'ਚ ਪੈਰ ਪਸਾਰਨ ਰਾਹੀਂ ਵੋਟ ਆਧਾਰ ਦਾ ਵਧਾਰਾ ਕਰਨ ਵੱਲ ਸੇਧਿਤ ਹੈ ਤੇ ਇਸ ਵਧਾਰੇ ਰਾਹੀਂ ਇਨ੍ਹਾਂ ਖੇਤਰਾਂ 'ਤੇ ਸਿਆਸੀ ਪਕੜ ਮਜ਼ਬੂਤ ਕਰਦਿਆਂ ਕਾਰਪੋਰੇਟ ਕਾਰੋਬਾਰੀ ਹਿੱਤਾਂ ਦੀ ਪੈਰਵਾਈ ਕਰਨ ਦੇ ਮਨਸੂਬੇ ਵੀ ਸ਼ਾਮਲ ਹਨ।

ਦੇਸ਼ ਦੇ ਸਿਖਰਲੇ ਸੰਵਿਧਾਨਕ ਅਹੁਦੇ 'ਤੇ ਸਮਾਜ ਦੇ ਸਭ ਤੋਂ ਦਬਾਏ ਹੋਏ ਤਬਕੇ ਆਦਿਵਾਸੀਆਂ ਚੋਂ ਇਕ ਔਰਤ ਨੂੰ ਬਿਠਾਉਣ ਰਾਹੀਂ, ਦੇਸ਼ ਦੇ ਰਾਜ ਭਾਗ ਵਿੱਚ ਸਭ ਤੋਂ ਦਬਾਇਆਂ ਹੋਇਆ ਦੀ ਹਿੱਸੇਦਾਰੀ ਦਾ ਉਹੀ ਪ੍ਰਭਾਵ ਸਿਰਜਣ ਦਾ ਯਤਨ ਕੀਤਾ ਗਿਆ ਹੈ ਜਿਹੜਾ ਭਾਰਤੀ ਹਾਕਮ ਜਮਾਤਾਂ ਪਿਛਲੇ 75 ਸਾਲਾਂ ਤੋਂ ਵਰਤਦੀਆਂ ਰਹੀਆਂ ਹਨ। ਇਸ ਪੇਸ਼ਕਾਰੀ ਨੇ ਸਮਾਜ ਦੇ ਦੱਬੇ ਕੁਚਲੇ ਹਿੱਸਿਆਂ ਦੀਆਂ ਕੁਝ ਪਰਤਾਂ 'ਚ ਅਜਿਹੇ ਭਰਮ ਬਣਾਈ ਰੱਖਣ ਵਿਚ ਅਹਿਮ ਰੋਲ ਅਦਾ ਕੀਤਾ ਹੈ। ਅਜਿਹੀਆਂ ਪੇਸ਼ਕਾਰੀਆਂ ਰਾਹੀਂ ਹੀ ਭਾਰਤੀ ਹਾਕਮ ਜਮਾਤਾਂ ਦੁਨੀਆਂ ਦੀ ਸਭ ਤੋਂ ਵੱਡੀ ਜਮਹੂਰੀਅਤ ਦੇ ਦਾਅਵੇ ਖੂਬ ਹੁੱਬ ਕੇ ਕਰਦੀਆਂ ਆ ਰਹੀਆਂ ਹਨ।

ਫੌਰੀ ਪ੍ਰਸੰਗ ਅੰਦਰ ਰਾਸ਼ਟਰਪਤੀ ਵਜੋਂ ਇਕ ਆਦਿਵਾਸੀ ਔਰਤ ਦੀ ਚੋਣ ਆਦਿਵਾਸੀ ਖੇਤਰਾਂ 'ਚ ਭਾਜਪਾ ਵੱਲੋਂ ਪੈਰ ਪਸਾਰਨ ਲਈ ਘੜੀਆਂ ਜਾ ਰਹੀਆਂ ਵਿਉਂਤਾਂ ਦਾ ਹੀ ਇਕ ਹਿੱਸਾ ਹੈ। ਆਦਿਵਾਸੀ ਲੋਕ ਸਦੀਆਂ ਤੋਂ ਹੀ ਮੁਲਕ ਅੰਦਰ ਇੱਕ ਵੱਖਰਾ ਜੀਵਨ ਬਿਤਾਉਂਦੇ ਆਏ ਹਨ ਤੇ ਕਹੀ ਜਾਂਦੀ ਸਮਾਜ ਦੀ ਮੁੱਖ ਧਾਰਾ ਤੋਂ ਹਾਸ਼ੀਏ 'ਤੇ ਰੱਖੇ ਹੋਏ ਹਨ। ਅੰਗਰੇਜ਼ਾਂ ਦੇ ਆਉਣ ਤੋਂ ਮਗਰੋਂ ਇਨ੍ਹਾਂ ਖੇਤਰਾਂ 'ਚ ਇਸਾਈ ਧਰਮ ਪ੍ਰਚਾਰਕਾਂ ਵੱਲੋਂ





ਪਹੁੰਚ ਕੀਤੀ ਜਾਂਦੀ ਰਹੀ ਹੈ ਤੇ ਇਨ੍ਹਾਂ 'ਚ ਇਸਾਈ ਮਿਸ਼ਨਰੀਆਂ ਵੱਲੋਂ ਏਥੇ ਕੰਮ ਕੀਤਾ ਜਾਂਦਾ ਰਿਹਾ ਹੈ। ਆਦਿਵਾਸੀਆਂ ਦਾ ਸੱਭਿਆਚਾਰ, ਬੋਲੀ ਤੇ ਸਮਾਜਿਕ ਜੀਵਨ ਮੁਲਕ ਦੇ ਹੋਰਨਾਂ ਵਿਕਸਤ ਖੇਤਰਾਂ ਤੋਂ ਪੂਰੀ ਤਰ੍ਹਾਂ ਵੱਖਰਾ ਹੈ। ਮੁਲਕ ਅੰਦਰ ਪ੍ਰਚੱਲਤ ਰਵਾਇਤੀ ਧਰਮਾਂ ਦੀ ਉਨ੍ਹਾਂ ਤਕ ਪਹੁੰਚ ਨਹੀਂ ਸੀ ਬਣੀ ਹੋਈ ਤੇ ਉਨ੍ਹਾਂ ਦਾ ਸਮਾਜ ਪੂਰੀ ਤਰ੍ਹਾਂ ਵੱਖਰੇ ਧਾਰਮਿਕ ਅਕੀਦਿਆਂ ਤੇ ਰਿਵਾਇਤਾਂ ਵਾਲਾ ਹੈ। ਵੱਖ ਵੱਖ ਧਾਰਮਿਕ ਫਿਰਕੇ ਇਨ੍ਹਾਂ ਹਿੱਸਿਆਂ 'ਚ ਆਪਣੀ ਰਸਾਈ ਲਈ ਯਤਨ ਕਰਦੇ ਆਏ ਹਨ ਪਰ ਜ਼ਿਆਦਾ ਕਾਮਯਾਬੀ ਨਹੀਂ ਮਿਲਦੀ ਰਹੀ। ਪਹਿਲਾਂ ਇਨ੍ਹਾਂ ਕੋਸ਼ਿਸ਼ਾਂ ਦੇ ਪੱਖ ਤੋਂ ਇਸਾਈ ਪ੍ਰਚਾਰਕ ਮੂਹਰੇ ਸਨ ਪਰ ਭਾਜਪਾ ਤੇ ਆਰ ਐਸ ਐਸ ਇਨ੍ਹਾਂ ਇਸਾਈ ਧਰਮ ਪ੍ਰਚਾਰਕਾਂ ਦਾ ਵਿਰੋਧ ਕਰਦੀ ਆਈ ਹੈ ਤੇ ਇਸ ਨੂੰ ਜਬਰੀ ਧਰਮ ਪਰਿਵਰਤਨ ਕਰਾਰ ਦੇ ਕੇ ਇਸ ਖ਼ਿਲਾਫ਼ ਪਿਛਾਖੜੀ ਲਾਮਬੰਦੀਆਂ ਦੇ ਯਤਨ ਕਰਦੀ ਰਹੀ ਹੈ। ਇਨ੍ਹਾਂ ਖਿਲਾਫ ਜ਼ਹਿਰੀਲਾ ਫਿਰਕੂ ਪ੍ਰਚਾਰ ਚਲਾਇਆ ਜਾਂਦਾ ਰਿਹਾ ਹੈ ਤੇ ਹਿੰਸਕ ਹਮਲੇ ਵੀ ਜਥੇਬੰਦ ਕੀਤੇ ਜਾਂਦੇ ਰਹੇ ਹਨ। ਅਜਿਹੇ ਇਕ ਹਮਲੇ 'ਚ ਉੜੀਸਾ ਅੰਦਰ ਫਾਦਰ ਗ੍ਰਾਹਮ ਸਟੇਨਜ਼ ਤੇ ਉਸ ਦੇ ਬੱਚਿਆਂ ਨੂੰ ਜ਼ਿੰਦਾ ਸਾੜ ਦੇਣ ਦੀ ਹਿਰਦੇਵੇਦਕ ਘਟਨਾ ਵੀ ਸ਼ਾਮਲ ਹੈ।

ਹੁਣ ਆਦਿਵਾਸੀ ਖੇਤਰਾਂ 'ਚ ਆਰਐੱਸਐੱਸ ਤੇ ਭਾਜਪਾ ਪੂਰੇ ਜ਼ੋਰ ਸ਼ੋਰ ਨਾਲ ਆਪਣੇ ਪੈਰ ਪਸਾਰਨ ਚ ਲੱਗੀਆਂ ਹੋਈਆਂ ਹਨ। ਵੱਖ ਵੱਖ ਤਰ੍ਹਾਂ ਦੇ ਪ੍ਰੋਜੈਕਟਾਂ ਰਾਹੀਂ ਇਨ੍ਹਾਂ ਪਛੜੇ ਖੇਤਰਾਂ 'ਚ ਸਿਆਸੀ ਪੈਰ ਧਰਾ ਬਣਾਉਣ ਦੇ ਯਤਨ ਕੀਤੇ ਜਾ ਰਹੇ ਹਨ। ਆਦਿਵਾਸੀ ਖੇਤਰਾਂ ਚ ਸੰਘ ਦੀਆਂ ਸ਼ਾਖਾਵਾਂ ਬਣਾਉਣ ਤੋਂ ਲੈ ਕੇ ਅਖੌਤੀ ਭਲਾਈ ਸਕੀਮਾਂ ਤੱਕ ਦੇ ਕਈ ਤਰ੍ਹਾਂ ਦੇ ਢੰਗਾਂ ਰਾਹੀਂ ਇਸ ਪੈਰ ਪਸਾਰੇ ਨੂੰ ਸੰਬੋਧਨ ਹੋਣ ਦਾ ਯਤਨ ਕੀਤਾ ਹੈ। ਹੁਣ ਆਂਧਰਾ ਪ੍ਰਦੇਸ਼ ਦੇ ਵਿਚ ਬਸਤੀਵਾਦੀ ਦੌਰ ਵੇਲੇ ਹੋਈ ਇਕ ਆਦਿਵਾਸੀ ਬਗਾਵਤ ਦੇ ਨਾਇਕ ਦਾ 125ਵਾਂ ਦਿਨ ਮਨਾਉਣ ਦੀ ਮੁਹਿੰਮ ਵਿੱਢੀ ਗਈ ਹੈ ਜਿਸ ਦੇ ਸਾਲ ਭਰ ਦੇ ਜਸ਼ਨਾਂ ਦੀ ਸ਼ੁਰੂਆਤ ਮੋਦੀ ਨੇ ਆਪ ਕੀਤੀ ਹੈ। ਇਉਂ ਹੀ ਪਿਛਲੇ ਸਾਲ ਆਦਿਵਾਸੀ ਬਗਾਵਤ ਦੇ ਨਾਇਕ ਬਿਰਸਾ ਮੁੰਡਾ ਦੇ ਜਨਮ ਦਿਨ ਮੌਕੇ ਵੀ ਵੱਡੀ ਪੱਧਰ 'ਤੇ ਮੋਦੀ ਸਰਕਾਰ ਜਨਜਾਤੀ ਗੌਰਵ ਦਿਵਸ ਮਨਾਇਆ ਗਿਆ ਸੀ।

ਮੱਧ ਪ੍ਰਦੇਸ਼ ਤੇ ਛੱਤੀਸਗੜ੍ਹ ਦੀਆਂ ਆ ਰਹੀਆਂ ਚੋਣਾਂ 'ਚ ਆਦਿਵਾਸੀ ਵੋਟਾਂ ਬਟੋਰਨ ਲਈ ਭਾਜਪਾ ਹੁਣੇ ਤੋਂ ਪੱਬਾਂ ਭਾਰ ਹੋਈ ਫਿਰਦੀ ਹੈ। ਅਮਿਤ ਸ਼ਾਹ ਵੱਲੋਂ ਮੱਧ ਪ੍ਰਦੇਸ਼ ਦੇ ਦੌਰਿਆਂ ਦਾ ਸਿਲਸਿਲਾ ਚਲਾਇਆ ਹੋਇਆ ਹੈ। ਉਸ ਨੇ ਦਾਅਵਾ ਕੀਤਾ ਹੈ ਕਿ ਕਾਂਗਰਸ ਸਰਕਾਰ ਵੇਲੇ ਜਾਰੀ ਕੀਤੇ ਗਏ ਇੱਕੀ ਹਜਾਰ ਕਰੋੜ ਰੁਪਏ ਭਾਜਪਾ ਸਰਕਾਰ ਵੇਲੇ ਵਧਾ ਕੇ 78 ਹਜ਼ਾਰ ਕਰੋੜ ਕਰ ਦਿੱਤੇ ਗਏ ਹਨ। ਉਸ ਦਾ ਦਾਅਵਾ ਹੈ ਕਿ 2014 ਤੋਂ ਮਗਰੋਂ ਮੋਦੀ ਸਰਕਾਰ ਨੇ ਆਦਿਵਾਸੀ ਖੇਤਰਾਂ ਦੀਆਂ ਭਲਾਈ ਸਕੀਮਾਂ 'ਚ 78 ਹਜਾਰ ਕਰੋੜ ਰੁਪਏ ਦਿੱਤੇ ਹਨ। ਬਿਨਾਂ ਸ਼ੱਕ ਅਜਿਹੀਆਂ ਰਕਮਾਂ ਦੇ ਦਾਅਵੇ ਆਦਿਵਾਸੀ ਵੋਟਾਂ 'ਤੇ ਦਾਅਵਾ ਜਤਲਾਈ ਲਈ ਹਨ।

ਆਦਿਵਾਸੀ ਖੇਤਰਾਂ 'ਚ ਸਿਆਸੀ ਪਕੜ ਵਧਾਉਣ ਦਾ ਮੰਤਵ ਇਨ੍ਹਾਂ ਖੇਤਰਾਂ ਚ ਕਾਰਪੋਰੇਟ ਕਾਰੋਬਾਰਾਂ ਦੇ ਰੁਕੇ ਪਏ ਪ੍ਰਾਜੈਕਟਾਂ ਨੂੰ ਅੱਗੇ ਵਧਾਉਣ ਲਈ ਜ਼ਮੀਨ ਪੱਧਰੀ ਕਰਨਾ ਵੀ ਹੈ। ਮੁਲਕ ਦੇ ਆਦਿਵਾਸੀ ਖਿੱਤੇ ਬੇਸ਼ਕੀਮਤੀ ਧਾਤਾਂ ਤੇ ਖਣਿਜ ਪਦਾਰਥਾਂ ਨਾਲ ਭਰਪੂਰ ਹਨ ਤੇ ਦੁਨੀਆ ਭਰ ਦੀਆਂ ਸਾਮਰਾਜੀ ਬਹੁਕੌਮੀ ਕੰਪਨੀਆਂ ਤੇ ਦੇਸੀ ਕਾਰਪੋਰੇਟ ਘਰਾਣਿਆਂ ਲਈ "ਸੋਨੇ ਦੀਆਂ ਖਾਣਾਂ" ਬਣਦੇ ਹਨ। ਪਰ ਨਾਲ ਹੀ ਇਨ੍ਹਾਂ ਲੁਟੇਰੇ ਪ੍ਰੋਜੈਕਟਾਂ ਕਾਰਨ ਉਜਾੜੇ ਮੂੰਹ ਆਉਂਦੇ ਆਦਿਵਾਸੀ ਲੋਕ ਇਨ੍ਹਾਂ ਖਿਲਾਫ ਸੰਘਰਸ਼ਾਂ ਦਾ ਝੰਡਾ ਚੁੱਕਦੇ ਹਨ ਤੇ ਮਨਚਾਹੀ ਕਾਰਪੋਰੇਟੀ ਲੁੱਟ ਦੀਆਂ ਵਿਉਂਤਾਂ 'ਚ ਵਿਘਨ ਪਾਉਂਦੇ ਹਨ। ਇਸ ਆਦਿਵਾਸੀ ਵਿਰੋਧ ਨੂੰ ਨਜਿੱਠਣਾ ਭਾਰਤੀ ਹਾਕਮ ਜਮਾਤਾਂ ਲਈ ਇੱਕ ਵਿਸ਼ੇਸ਼ ਕਾਰਜ ਬਣਿਆ ਰਿਹਾ ਹੈ ਤੇ ਸਾਮਰਾਜੀ ਲੁਟੇਰਿਆਂ ਦੀਆਂ ਨਜਰਾਂ ਚ ਹਾਕਮ ਜਮਾਤੀ ਧੜਿਆਂ ਦੀ ਕਾਮਯਾਬੀ ਦਾ ਇੱਕ ਪੈਮਾਨਾ ਵੀ ਬਣਿਆ ਹੋਇਆ ਹੈ। ਭਾਜਪਾ ਇਸ ਪੈਮਾਨੇ 'ਤੇ ਪੂਰਾ ਉਤਰਨ ਲਈ ਹਰ ਹੀਲਾ ਵਰਤ ਰਹੀ ਹੈ ਤੇ ਹੁਣ ਇਕ ਆਦਿਵਾਸੀ ਔਰਤ ਦੀ ਮੁਲਕ ਦੇ ਸਿਖਰਲੇ ਸੰਵਿਧਾਨਕ ਅਹੁਦੇ ਲਈ ਚੋਣ ਵੀ ਇਨ੍ਹਾਂ ਹੀਲਿਆਂ ਦਾ ਹੀ ਹਿੱਸਾ ਹੈ।

ਅਜਿਹੀ ਚੋਣ ਰਾਹੀਂ ਕਾਰਪੋਰੇਟ ਹਿਤਾਂ ਦੇ ਵਧਾਰੇ ਦੀ ਉਮੀਦ ਪ੍ਰਗਟ ਕਰਦਿਆਂ ਇਕਨੌਮਿਕ ਟਾਈਮਜ਼ ਨੇ ਭਾਜਪਾ ਆਗੂਆਂ ਦੇ ਹਵਾਲੇ ਨਾਲ 23 ਜੂਨ ਨੂੰ ਟਿੱਪਣੀ ਕੀਤੀ ਸੀ ਕਿ ਅਜਿਹੀ ਚੋਣ ਆਦਿਵਾਸੀ ਖੇਤਰਾਂ ਜਿਵੇਂ ਕਿ ਗੁਜਰਾਤ,ਝਾਰਖੰਡ , ਛੱਤੀਸਗੜ੍ਹ ਤੇ ਮੱਧ ਪ੍ਰਦੇਸ਼ ਆਦਿ ਵਿੱਚ ਆਦਿਵਾਸੀ ਵਿਰੋਧ ਨੂੰ ਵਧੇਰੇ ਅਸਰਦਾਰ ਢੰਗ ਨਾਲ ਨਜਿੱਠਣ ਵਿੱਚ ਸਹਾਇਤਾ ਕਰੇਗੀ। ਇਕਨੌਮਿਕ ਟਾਈਮਜ਼ ਦੀ ਇਹ ਟਿੱਪਣੀ ਵੱਡੇ ਕਾਰਪੋਰੇਟ ਘਰਾਣਿਆਂ ਵੱਲੋਂ ਅਜਿਹੇ ਕਦਮਾਂ 'ਤੇ ਲਾਈਆਂ ਉਮੀਦਾਂ ਨੂੰ ਦਰਸਾਉਂਦੀ ਹੈ ਤੇ ਰਾਸਟਰਪਤੀ ਵਜੋਂ ਸਭ ਤੋਂ ਦਬਾਇਆਂ ਹੋਇਆ 'ਚੋਂ ਕੀਤੀ ਗਈ ਚੋਣ ਦੇ ਅਰਥ ਵੀ ਪੜ੍ਹਾਉਂਦੀ ਹੈ।

ਦਰੋਪਦੀ ਮਰਮੂ ਦੀ ਇਹ ਚੋਣ ਦਿਨੋਂ ਦਿਨ ਲੰਗਾਰ ਹੋ ਰਹੇ ਭਾਰਤੀ ਜਮਹੂਰੀਅਤ ਦੇ ਬੁਰਕੇ ਨੂੰ ਅਜਿਹੀ ਟਾਕੀ ਲਾਉਣ ਦਾ ਉਪਰਾਲਾ ਹੈ ਜੀਹਦੇ ਓਹਲੇ ਚ ਇਹ ਰਾਜ ਆਪਣੇ ਖੂਨੀ ਦੰਦਾਂ ਨਾਲ ਆਦਿਵਾਸੀਆਂ ਨੂੰ ਬੇਫਿਕਰੀ ਨਾਲ ਨਿਗਲ ਸਕੇ। ਪਰ ਪਹਿਲਾਂ ਹੀ ਲੀਰੋ ਲੀਰ ਹੋ ਚੁੱਕੇ ਇਸ ਪਰਦੇ 'ਤੇ ਆਦਿਵਾਸੀ ਚਿਹਰੇ ਦੀ ਇਹ ਟਾਕੀ ਕਿੱਥੋਂ ਖੜ੍ਹਨੀ ਹੈ!

# ਪੋਪ ਵੱਲੋਂ ਪਛਤਾਵੇ ਦੀ ਤੀਰਥ ਯਾਤਰਾ ਅਤੇ ਮਾਫ਼ੀ

(ਸਫ਼ਾ 1 ਦੀ ਬਾਕੀ)

-ਡਾ: ਹਰਦੀਪ ਸਿੰਘ ਅਟਵਾਲ-

ਕੈਥੋਲਕਿ ਚਰਚ ਦੇ ਮੈਂਬਰਾਂ ਦੀ ਸ਼ਮੂਲੀਅਤ ਸੀ। ਉਨ੍ਹਾਂ ਕਿਹਾ ਕਿ ਕ੍ਰਿਸ਼ੀਚੀਅਨ ਮੈਂਬਰਾਂ ਦੁਆਰਾ ਕਿਤੇ ਗਏ ਅਪਰਾਧਾਂ ਲਈ ਦਿਲੋਂ ਮੁਆਫੀ ਮੰਗਦਾ ਹਾਂ। ਮੂਲਨਿਵਾਸੀ ਲੋਕਾਂ ਦੇ ਜਬਰੀ ਧਰਮ ਤਬਦੀਲੀ ਵੇਲੇ ਉਨ੍ਹਾਂ ਦੇ ਸੱਭਿਆਚਾਰ ਦੀ ਤਬਾਹੀ, ਪਰਿਵਾਰਾਂ ਦਾ ਵਿਛੋੜਾ ਅਤੇ ਦਰਕੀਨਾਰ ਪੁਸ਼ਤਾਂ ਦਾ ਦਰਦ ਅੱਜ ਵੀ ਮਹਿਸੂਸ ਕੀਤਾ ਜਾ ਸਕਦਾ ਹੈ। ਚਰਚ ਦੇ ਮੈਂਬਰਾਂ ਵੱਲੋਂ ਕੀਤੇ ਅਪਰਾਧਾਂ ਲਈ ਸਾਊਥ ਐਡਮਿੰਟਨ ਤੋਂ 100 ਕਿਲੋਮੀਟਰ ਦੂਰ ਮੈਸਕਵਾਸੀਸ, ਆਲਟਾ ਵਿੱਚ ਵੀ ਹਜ਼ਾਰਾਂ ਮੂਲਨਿਵਾਸੀ ਲੋਕਾਂ ਦੇ ਇੱਕਠ ਮਾਹਮਣੇ ਮਾਫੀ ਮੰਗੀ। ਪੋਪ ਨੇ ਕਿਹਾ ਜਿਹੜੇ ਮੂਲਨਿਵਾਸੀ ਬੱਚੇ ਇਨ੍ਹਾਂ ਸਕੂਲਾਂ ਤੋਂ ਕਦੇ ਵੀ ਵਾਪਿਸ ਨਹੀਂ ਪਰਤੇ, ਉਨ੍ਹਾਂ ਬਾਰੇ ਸੋਚਕੇ ਅੱਜ ਵੀ ਪ੍ਰੇਸ਼ਾਨੀ ਹੁੰਦੀ ਹੈ। ਪੋਪ ਦਾ ਕਹਿਣਾ ਸੀ ਕਿ ਉਸਦੀ ਮੁਆਫੀ ਇਨ੍ਹਾਂ ਅਪਰਾਧਾਂ ਲਈ ਪਹਿਲਾ ਕਦਮ ਹੈ, ਇਸ ਲਈ ਗੰਭੀਰ ਇਨਕੁਆਰੀ ਕਰਵਾਈ ਜਾਵੇਗੀ। 'ਇੰਡੀਜੀਨਸ ਰੈਜ਼ੀਡੈਂਸ਼ੀਅਲ ਸਕੂਲ ਸਿਸਟਮ' ਦੇ ਸਭ ਤੋਂ ਵੱਡੇ ਮੰਨੇ ਜਾਂਦੇ ਸਾਬਕਾ ਸਕੂਲ 'ਐਰਮੀਨਸਕਿਨ ਇੰਡੀਅਨ ਰੈਜ਼ੀਡੈਂਸ਼ੀਅਲ ਸਕੂਲ' ਦੀ ਜਗਿਹ ਤੇ ਹੋਏ ਇਕੱਠ ਸਾਹਮਣੇ ਵੀ ਪੋਪ ਫਰਾਂਸੀਸ ਨੇ ਪਸ਼ਚਾਤਾਪ ਕੀਤਾ।

ਪੋਪ ਦੇ ਆਗਮਨ ਵਾਲੀ ਇਸ ਜਗਿਹ ਤੇ ਪੰਜ ਟੀਪੀਆਂ (ਕੁੱਲੀ) ਲਗਾਈਆਂ ਗਈਆਂ ਸਨ, ਜਿਹਨ੍ਹਾਂ ਵਿੱਚ ਚਾਰ ਤਾਂ ਇਸ ਧਰਤੀ ਦੇ ਚਾਰ ਨੈਸ਼ਨਾਂ ਦੇ ਸਿੰਬਲ ਅਤੇ ਇੱਕ ਰੈਜ਼ੀਡੈਂਸ਼ੀਅਲ ਸਕੂਲੀ ਗੇਟ ਦੇ ਸਿੰਬਲ ਤੌਰ ਤੇ ਸੀ। ਇਸ ਸਮਾਗਮ ਦੌਰਾਨ ਪੋਪ ਵੱਲੋਂ ਸਸਕੈਚਵਨ ਦੇ ਮੂਲਨਿਵਾਸੀ ਓਕਾਨੀਸ ਨੈਸ਼ਨ ਦੇ ਰਿਟਾਰਿਡ ਚੀਫ ਮੈਰੀ-ਐਨੀ ਡੇ-ਵਾਕਰ-ਪੈਲੀਟਰ ਨੂੰ ਬੱਚਿਆਂ ਦੇ ਮੌਜ਼ਿਆਂ ਦਾ ਜੋੜਾ ਵਾਪਸ ਕੀਤਾ ਗਿਆ। ਰੋਮ ਵਿਖੇ ਪੋਪ ਦੀ ਇੰਡੀਜੀਨਸ ਡੈਲੀਗੇਸ਼ਨ ਨਾਲ ਮੁਲਾਕਾਤ ਸਮੇਂ, ਇਹ ਜੋੜਾ ਚੀਫ ਮੈਰੀ ਵੱਲੋਂ ਸਮੇਂ, ਸਕੂਲੀ ਅਪਰਾਧ ਦਾ ਸ਼ਿਕਾਰ ਬੱਚਿਆਂ ਦੇ ਸਿੰਬਲ ਤੌਰ 'ਤੇ ਦਿੱਤਾ ਗਿਆ ਸੀ ਤੇ ਕੈਨੇਡਾ ਦੀ ਧਰਤੀ ਆਕੇ ਮਾਫੀ ਮੰਗਣ ਵੇਲੇ ਮੋੜਣ ਦੀ ਮੰਗ ਰੱਖੀ ਸੀ।

ਸਾਰੀਆਂ ਥਾਵਾਂ ਤੇ ਪੋਪ ਦਾ ਭਾਸ਼ਣ ਸਪੇਨਿਸ਼ ਭਾਸ਼ਾ ਵਿੱਚ ਸੀ, ਜਿਸ ਨੂੰ ਦੂਸਰੇ ਪਾਦਰੀਆਂ ਦੁਆਰਾ ਇੰਗਲਿਸ਼ ਵਿੱਚ ਅਨੁਵਾਦ ਕੀਤਾ ਜਾ ਰਿਹਾ ਸੀ। ਇਸ ਭਾਸ਼ਣ ਦਾ ਅਨੁਵਾਦ ਦੂਸਰੀਆਂ ਕੈਨੇਡੀਅਨ ਮੂਲਨਿਵਾਸੀ ਭਾਸ਼ਾਵਾਂ ਵਿੱਚ ਵੀ ਉਪਲਭਧ ਸੀ। ਮਾਫ਼ੀ ਤੋਂ ਬਾਅਦ, ਟਰੂਥ ਅਤੇ ਰੀਕੋਸੀਲੀਏਸ਼ਨ ਕਮੇਟੀ (ਟੀ.ਆਰ.ਸੀ.) ਦੇ ਸਾਬਕਾ ਕਮੀਸ਼ਨਰ, ਚੀਫ ਵਿੰਲਟਨ ਲਿਟਲਚਾਇਲਡ ਨੇ ਪੋਪ ਫਰਾਂਸੀਸ ਦੇ ਸਿਰ ਤੇ ਰਵਾਇਤੀ ਮੂਲਨਿਵਾਸੀ ਹੈਡਡਰੈਸ ਪਹਿਨਾਈ। ਪੋਪ ਨੇ ਆਪਣੀ ਫੇਰੀ ਦੌਰਾਨ ਫਰਸਟ ਨੈਸ਼ਨ ਪੀਪਲਜ਼ ਦੇ ਸੇਕਰਡ ਹਾਰਟ ਚਰਚ ਵਿੱਚ ਇੱਕ ਸਮਾਗਮ ਨੂੰ ਸੰਬੋਧਨ




ਕੀਤਾ ਪੋਪ ਫਰਾਂਸੀਸ ਚਰਚ ਦੇ ਸਾਹਮਣੇ ਲੱਕੜ ਦੀ ਟੀਪੀ (ਕੁੱਲੀ) ਦੇ ਪੋਲਾਂ ਥੱਲੇ ਬਿਠਾਇਆ ਗਿਆ ਅਤੇ ਕੈਥੋਲਿਕ ਮੱਤ ਦੇ ਭਜਨ, ਇੰਗਲਿਸ਼ ਅਤੇ ਮੂਲ ਭਾਸ਼ਾਵਾਂ ਵਿੱਚ ਗਾਏ। ਇਸ ਸਮੇਂ ਪੋਪ ਨੂੰ ਬਹੁਤ ਸਾਰੀਆਂ ਰਵਾਇਤੀ ਗਿਫਟਾਂ ਵੀ ਦਿੱਤੀਆਂ ਗਈਆਂ ਜਿਸ ਵਿੱਚ ਮੈਟਿਜ਼ ਰਵਾਇਤ ਦੀ ਕਮਰਬੰਧ, ਮੋਢਿਆਂ ਦਾ ਰਵਾਇਤੀ ਸ਼ਾਲ ਅਤੇ ਰਵਾਇਤੀ ਕਲਾਕਾਰੀ ਵੀ ਸੀ। ਇਹ ਕਲਾ ਵਸਤਾਂ, ਦੋ ਸਾਲ ਪਹਿਲਾਂ ਇਸ ਮੂਲਨਿਵਾਸੀ ਚਰਚ ਨੂੰ ਅੱਗ ਨਾਲ ਨਸ਼ਟ ਹੋਈਆਂ ਚੀਜ਼ਾਂ ਦੀ ਮੁੜ ਬਣਾਉਣ ਦੇ ਕਾਰਜ ਦਾ ਹਿੱਸਾ ਸਨ। ਚਰਚ ਨੇ ਮੂਲਨਿਵਾਸੀ ਅਤੇ ਗੈਰ-ਮੂਲਨਿਵਾਸੀ ਲੋਕਾਂ ਦੇ ਸਾਂਝੀ ਭਾਈਵਾਲਤਾ ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ।

ਇਸ ਮਾਫ਼ੀ ਵੇਲੇ ਪੋਪ ਨੇ ਬਸਤੀਵਾਦੀ ਹਾਕਮਾਂ ਵੱਲੋਂ ਮੂਲਨਿਵਾਸੀ ਨੈਸ਼ਨ ਲੋਕਾਂ ਦੀ ਹੋਈ ਨਸਲਕੁਸ਼ੀ ਨੂੰ ਸਿੱਧੇ ਰੂਪ ਵਿੱਚ ਨਹੀਂ ਮੰਨਿਆ ਪਰ ਇਸ ਦੀ ਸੰਭਾਵਨਾ ਤੋਂ ਵੀ ਇਨਕਾਰ ਨਹੀਂ ਕੀਤਾ। ਬਹੁਤੇ ਲੋਕਾਂ ਵਿੱਚ ਇਸ ਗੱਲ ਲਈ ਵੀ ਸ਼ਿਕਾਇਤ ਹੈ ਕਿ ਮਾਫ਼ੀ ਵੇਲੇ, ਉਨ੍ਹਾਂ ਨੇ ਅਪਰਾਧਾਂ ਦੇ ਦੋਸ਼ੀਆਂ ਨੂੰ ਸਜ਼ਾ ਦੇਣ ਦੀ ਕੋਈ ਸ਼ੁਰੂਆਤ ਜਾਂ ਢੰਗ ਤਰੀਕੇ ਬਾਰੇ ਕੋਈ ਚਰਚਾ ਨਹੀਂ ਕੀਤੀ। ਕੈਥੋਲਿਕ ਸੰਸਥਾ ਵੱਲੋਂ, ਪੀੜ੍ਹਤ ਮੂਲਨਿਵਾਸੀ ਪਰਿਵਾਰ ਜਾਂ ਬਚੇ ਹੋਏ ਪੀੜ੍ਹਤਾਂ ਨੂੰ ਮੁਆਵਜ਼ੇ ਦੀ ਠੋਸ ਪੇਸ਼ਕਸ਼ ਨਹੀਂ ਕੀਤੀ। ਇਸ ਮਾਫ਼ੀ ਦੇ ਸਬੰਧ ਵਿੱਚ ਇਸ ਗੱਲ ਦਾ ਵੀ ਸਵਾਲ ਖੜ੍ਹਾ ਹੁੰਦਾ ਹੈ ਕਿ ਸਿਰਫ ਕੈਨੇਡੀਅਨ ਮੂਲਨਿਵਾਸੀ ਲੋਕਾਂ ਦੇ ਮਾਮਲੇ ਵਿੱਚ ਮਾਫ਼ੀ ਮੰਗੀ ਹੈ। ਬੀਤੇ ਬਸਤੀਵਾਦੀ ਮਾਲਕਾਂ ਨਾਲ ਕੈਥੋਲਿਕ ਚਰਚ ਦੀ ਸਾਂਝਭਿਆਲੀ, ਜਬਰ ਅਤੇ ਅਪਰਾਧਾਂ ਲਈ ਮਾਫ਼ੀ ਮੰਗਣ ਦਾ ਮਤਲਬ, ਭੱਵਿਖ ਦੀ ਕਾਰਜ਼ਸ਼ੈਲੀ ਵਿੱਚ ਸੁਧਾਰ ਦੀ ਆਸ ਰੱਖੀ ਜਾ ਸਕਦੀ ਹੈ।

ਪੋਪ ਫਰਾਂਸੀਸ ਸਾਰੇ ਸੰਸਾਰ ਦੇ ਕੈਥੋਲਿਕ ਸੰਸਥਾਵਾਂ ਦਾ ਮੁਖੀ ਹਨ ਅਤੇ ਸਾਮਰਾਜੀ ਦਾਬੇ ਦੇ ਅਪਰਾਧਾਂ ਲਈ ਮਾਫ਼ੀਨਾਮੇ ਦੀ ਅਹਿਮੀਅਤ ਵੀ ਸੰਸਾਰ ਪੱਧਰੀ ਬਣਦੀ ਹੈ। ਪੋਪ ਫ਼ਰਾਂਸੀਸ ਨੇ ਆਪਣੇ ਬਿਆਨਾਂ ਵਿੱਚ ਇਹ ਸਪਸ਼ਟ ਨਹੀਂ ਕੀਤਾ, ਕਿ ਕੈਥੋਲਿਕ ਸੰਸਥਾ ਦਾ ਇਹ ਮਾਫ਼ੀਨਾਮਾ, ਸੰਸਾਰ ਭਰ ਵਿੱਚ ਅੱਜ ਵੀ ਸਾਮਰਾਜੀ ਜਬਰ ਨਾਲ ਸਾਂਝਭਿਆਲੀ ਤੋਂ ਤੋੜਵਿਛੋੜੇ ਦਾ ਵਾਅਦਾ ਹੈ ਕਿ ਨਹੀਂ। ਧਿਆਨ ਯੋਗ ਹੈ ਕਿ ਇਸਾਈ ਚਰਚ ਦਾ ਬਾਕੀ ਦੇਸ਼ਾਂ ਵਿੱਚ, ਸਾਮਰਾਜ ਨਾਲ ਸਾਂਝਾ ਆਪਰੇਸ਼ਨ ਅਤੇ ਇੱਕਜੁੱਟਤਾ ਅਜੇ ਵੀ ਜਾਰੀ ਹੈ।ਅੱਜ ਦੇ ਦੌਰ ਅੰਦਰ ਵੀ ਤੀਜੀ ਦੁਨੀਆਂ ਦੇ ਗਰੀਬ ਮੁਲਕਾਂ ਵਿੱਚ ਇਸਾਈ ਮਿਸ਼ਨਰੀਆਂ ਵੱਲੋਂ ਬਸਤੀਵਾਦੀ ਹਾਕਮਾਂ ਨਾਲ ਲੁੱਟ-ਦਾਬੇ ਦੇ ਅਪਰਾਧਾਂ ਦੀ ਸਾਂਝਭਿਆਲੀ ਜਗ ਜਾਹਿਰ ਹੈ। ਕੈਨੇਡਾ ਦੇ ਮੂਲਨਿਵਾਸੀ ਲੋਕਾਂ ਦੀ ਮਾਫ਼ੀ ਤੋਂ ਸਬਕ ਲੈਕੇ ਚਰਚ ਸੰਸਥਾਵਾਂ ਨੂੰ ਚਾਹੀਦਾ ਹੈ ਕਿ ਉਹ ਸੰਸਾਰ ਭਰ ਵਿੱਚ ਅਜੋਕੇ ਸਮੇਂ ਦੇ ਬਸਤੀਵਾਦੀ ਅਪਰਾਧਾਂ ਦੀ ਭਾਗੀਦਾਰੀ ਤੋਂ ਕਿਨਾਰਾ ਕਰ ਲੈਣ, ਨਹੀਂ ਤਾਂ ਬਾਅਦ ਵਿੱਚ ਜਾ ਜਾਕੇ ਮਾਫ਼ੀਆਂ ਦਾ ਸਿਲਸਿਲਾ ਰੁੱਕ ਨਹੀਂ ਸਕੇਗਾ। ਪੋਪ ਦੇ ਇਸ ਮਾਫ਼ੀਨਾਮੇ ਨੂੰ ਸੰਸਾਰ ਦੇ ਸੰਦਰਭ ਵਿੱਚ ਲਾਗੂ ਕੀਤੇ ਬਗੈਰ, ਸੱਪ ਲੰਘੇ ਤੋਂ ਲਕੀਰ ਨੂੰ ਕੁੱਟਣ ਦੇ ਬਰਾਬਰ ਹੈ।

# ਇਹ ਸਨ ਬਾਬਾ ਬੂਝਾ ਸਿੰਘ ਜਿਨ੍ਹਾਂ ਨੂੰ 82 ਸਾਲ ਦੀ ਉਮਰ ਵਿੱਚ ਪ੍ਰਕਾਸ਼ ਸਿੰਘ ਬਾਦਲ ਸਰਕਾਰ ਨੇ ਝੂਠਾ ਪੁਲਿਸ ਮੁਕਾਬਲਾ ਬਣਾ ਕੇ ਮਾਰਿਆ ਸੀ



**(ਹੇਠਾਂ ਦਿੱਤੀ ਫੋਟੋ ਤੇ ਜਾਣਕਾਰੀ ਸ. ਹਰਜਿੰਦਰ ਸਿੰਘ ਦਿਲਗੀਰ ਜੀ ਦੀ ਵਾਲ ਤੋਂ ਲਈ ਹੈ।)**

ਇਹ ਸਨ ਬਾਬਾ ਬੂਝਾ ਸਿੰਘ ਜਿਨ੍ਹਾਂ ਨੂੰ 82 ਸਾਲ ਦੀ ਉਮਰ ਵਿੱਚ ਪ੍ਰਕਾਸ ਸਿੰਘ ਬਾਦਲ ਸਰਕਾਰ ਨੇ ਝੂਠਾ ਪੁਲਿਸ ਮੁਕਾਬਲਾ ਬਣਾ ਕੇ ਮਾਰਿਆ ਸੀ। ਸਾਇਦ ਝੂਠੇ ਪੁਲਿਸ ਮੁਕਾਬਲਿਆਂ ਦੀ ਸੁਰੂਆਤ ਵੀ ਇੱਥੋਂ ਹੀ ਹੋਈ ਸੀ। ਸੋ ਹੋਰ ਪ੍ਰਾਪਤੀਆਂ ਦੇ ਨਾਲ ਨਾਲ ਝੂਠੇ ਪੁਲਿਸ ਮੁਕਾਬਲਿਆਂ ਦੀ ਸੁਰੂਆਤ ਕਰਨ ਦਾ ਸਿਹਰਾ ਵੀ ਪ੍ਰਕਾਸ ਸਿੰਘ ਬਾਦਲ ਸਿਰ ਬੱਝਦਾ ਹੈ।

ਬਾਬਾ ਬੂਝਾ ਸਿੰਘ (1888-27.7.1970), ਪੁੱਤਰ ਧਰਮ ਸਿੰਘ, ਦਾ ਜਨਮ ਪਿੰਡ ਚੱਕਮਾਈਦਾਸ (ਜ਼ਿਲ੍ਹਾ ਨਵਾਂਸਹਿਰ) ਵਿਚ ਹੋਇਆ ਸੀ। ਹੋਰ ਲੋਕਾਂ ਵਾਂਗ ਉਹ ਵੀ ਵਿਦੇਸਾਂ ਵਿਚ ਨੌਕਰੀ ਕਰਨ ਵਾਸਤੇ ਗਿਆ ਸੀ। ਸੰਨ 1926 ਵਿਚ ਉਹ ਕਿਰਤੀ ਪਾਰਟੀ ਨਾਲ ਜੁੜ ਗਿਆ ਸੀ। ਸੰਨ 1929 ਵਿਚ ਉਹ ਚੀਨ ਅਤੇ ਸੰਨ 1930 ਵਿਚ ਪਨਾਮਾ ਗਿਆ ਸੀ। ਇੱਥੇ ਉਸ ਨੇ ਫੇਲ੍ਹ ਹੋਈ ਗਦਰ ਪਾਰਟੀ ਨੂੰ ਮੜ ਖੜ੍ਹਾ ਕਰਨ ਵਾਸਤੇ ਰੋਲ ਅਦਾ ਕੀਤਾ ਸੀ। ਉਹ ਗਦਰ ਲਹਿਰ ਦੀ ਮੈਗਜੀਨ 'ਆਮੁਖ' ਦਾ ਐਡੀਟਰ ਵੀ ਸੀ। ਇਸ ਮਗਰੋਂ ਉਹ ਮਾਸਕੋ ਦੀ ਯੂਨੀਵਰਸਿਟੀ ਵਿਚ ਕਮਿਊਨਿਜਮ ਦੀ ਪੜ੍ਹਾਈ ਕਰਨ ਵਾਸਤੇ ਵੀ ਗਿਆ ਸੀ। ਉੱਥੋਂ ਉਹ ਸੰਨ 1934 ਵਿਚ ਅਫਗਾਨਿਸਤਾਨ ਦੇ ਰਸਤਿਓਂ ਪੰਜਾਬ ਪਰਤਿਆ ਸੀ। ਵਤਨ ਮੁੜਨ ਮਗਰੋਂ ਉਹ ਬੰਬਈ, ਕਾਨਪੁਰ, ਕਲਕਤਾ ਆਦਿ ਵਿਚ ਘੁਮੰਦਾ ਰਿਹਾ ਸੀ। ਸੰਨ 1941 ਵਿਚ ਸੁਭਾਸ ਚੰਦਰ ਬੋਸ ਨੂੰ ਅਫਗਾਨਿਸਤਾਨ ਕੱਢਣ ਵਿਚ ਉਸ ਦਾ ਮੁਖ ਰੋਲ ਸੀ, ਕਿਉਂਕਿ ਉਹ ਆਪ ਰੂਸ ਤੋਂ ਖੁਫੀਆ ਰਸਤੇ ਰਾਹੀਂ ਪੰਜਾਬ ਆਇਆ ਹੋਇਆ ਸੀ। 28 ਮਈ 1942 ਦੇ ਦਿਨ ਕਿਰਤੀ ਪਾਰਟੀ ਤੇ ਭਾਰਤੀ ਕਮਿਊਨਿਸਟ ਪਾਰਟੀ (ਭਾਕਪਾ) ਇਕਠੇ ਹੋ ਗਏ ਸਨ, ਪਰ ਛੇਤੀ ਹੀ ਫਿਰ ਵੱਖ-ਵੱਖ ਹੋ ਗਏ ਸਨ। ਇਸ ਮਗਰੋਂ ਉਸ ਨੇ ਸਾਥੀਆਂ ਨਾਲ ਮਿਲ ਕੇ 'ਲਾਲ ਪਾਰਟੀ' ਬਣਾਈ ਸੀ। ਉਹ ਇਸ ਪਾਰਟੀ ਦੀ ਸੈਂਟਰਲ ਕਮਟੀ ਦਾ ਮੈਂਬਰ ਸੀ। ਇਸ ਮਗਰੋਂ ਇਕ ਵਾਰ ਫਿਰ ਕਮਿਊਨਿਸਟਾਂ ਨਾਲ ਏਕਤਾ ਹੋ ਗਈ ਸੀ; ਪਰ ਉਨ੍ਹਾਂ ਬੂਝਾ ਸਿੰਘ ਨੂੰ ਪ੍ਰਵਾਨ ਨਹੀਂ ਕੀਤਾ ਸੀ। ਉਹ ਉਸ ਦੇ ਹਥਿਆਰਬੰਦ ਘੋਲ ਦਾ ਹਿਮਾਇਤੀ ਹੋਣ ਕਰ ਕੇ ਡਰਦੇ ਸਨ। ਗਦਰ ਪਾਰਟੀ ਦੇ ਸਹੀਦਾਂ, ਲਹਿਰ ਵਿਚ ਕੈਦ ਕੱਟਣ ਵਾਲਿਆਂ ਅਤੇ ਸਰਗਰਮ ਕਾਰਕੁੰਨਾਂ ਦੀ ਯਾਦ ਵਿਚ ਜਲੰਧਰ ਵਿਚ ਬਣੇ 'ਦੇਸ ਭਗਤ ਯਾਦਗਾਰ ਹਾਲ' ਵਾਸਤੇ ਉਸ ਨੇ ਅਹਿਮ ਰੋਲ ਅਦਾ ਕੀਤਾ ਸੀ।

ਕਮਿਊਨਿਸਟ ਪਾਰਟੀ ਵੱਲੋਂ ਕਾਂਗਰਸ ਦੇ ਨਾਲ ਮਿਲ ਜਾਣ ਮਗਰੋਂ ਉਸ ਨੇ ਸਾਥੀਆਂ ਨਾਲ ਮਿਲ ਕੇ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਿਸਟ-ਲੈਨਿਨਿਸਟ) ਕਾਇਮ ਕੀਤੀ ਸੀ। ਉਹ ਪਿੰਡ-ਪਿੰਡ ਲਹਿਰ ਦੇ ਪ੍ਰਚਾਰ ਵਾਸਤੇ ਸਾਈਕਲ 'ਤੇ ਜਾਂਦਾ ਹੁੰਦਾ ਸੀ। ਇਸ ਝੰਡੇ ਹੇਠ ਪਾਰਟੀ ਨੇ ਸੰਨ 1967 ਤੋਂ 1969 ਤਕ ਕਈ ਜਮੀਨਾਂ ਤੇ ਕਬਜੇ ਕੀਤੇ ਸਨ। ਉਹ ਕਈ ਜਗੀਰਦਾਰਾਂ, ਗਦਾਰਾਂ ਸੂਦਖੋਰਾਂ ਦੇ ਕਤਲਾਂ ਵਿਚ ਸਾਮਿਲ ਸੀ। ਸਰਕਾਰ ਨੇ ਉਸ ਨੂੰ ਭਗੌੜਾ ਕਰਾਰ ਦੇ ਦਿੱਤਾ ਹੋਇਆ ਸੀ। ਅਖੀਰ ਪੁਲੀਸ ਨੇ ਉਸ ਨੂੰ ਗ੍ਰਿਫਤਾਰ ਕਰ ਲਿਆ ਸੀ ਅਤੇ ਕਤਲ ਕਰ ਕੇ 27 ਜੁਲਾਈ 1970 ਦੀ ਰਾਤ ਵੇਲੇ ਨਾਈਮਾਜਰਾ ਅਤੇ ਵਸਨਾਵਾ ਪਿੰਡਾਂ ਦੇ ਵਿਚਕਾਰ ਨਹਿਰ ਦੇ ਪੁਲ 'ਤੇ ਲਾਸ ਸੁੱਟ ਕੇ, ਨਕਲੀ ਪੁਲੀਸ ਮੁਕਾਬਲਾ ਦਿਖਾਉਣ ਦੀ ਕੋਸ਼ਿਸ਼ ਕੀਤੀ ਸੀ। ਉਸ ਵੇਲੇ ਉਸ ਦੀ ਉਮਰ 82 ਸਾਲ ਦੀ ਸੀ। ਇਹ ਕਤਲ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਨੇ ਕੀਤਾ ਸੀ। ਇਸ ਮਗਰੋਂ ਨਕਸਲਬਾੜੀ ਲਹਿਰ ਦੇ ਨਾਂ 'ਤੇ ਮੁਲਕ ਭਰ ਵਿਚ ਹਜਾਰਾਂ ਨੌਜਵਾਨ ਨਕਲੀ ਮੁਕਾਬਲਿਆ ਦੇ ਨਾਂ 'ਤੇ ਮਾਰੇ ਗਏ ਸਨ; ਇਨ੍ਹਾਂ ਵਿਚੋਂ 86 ਪੰਜਾਬ ਵਿਚ ਵੀ ਕਤਲ ਕੀਤੇ ਗਏ ਸਨ.

**('ਨਵਾਂ ਤੇ ਵੱਡਾ ਮਹਾਨ ਕੋਸ਼', ਸਫਾ 2292 ਵਿਚੋਂ)**

# ਗਦਰੀ ਸ਼ਹੀਦ ਊਧਮ ਸਿੰਘ ਵਿਚਾਰ ਮੰਚ ਨੇ ਮਨਾਇਆ ਸ਼ਹੀਦ ਊਧਮ ਸਿੰਘ ਦਾ ਸ਼ਹੀਦੀ ਦਿਹਾੜਾ

## ਹਫਤਾ ਭਰ 4000 ਲੋਕਾਂ ਤੱਕ ਲੈਕੇ ਗਏ ਸਹੀਦ ਦੀ ਸਹੀ ਸੋਚ




ਗਦਰੀ ਸਹੀਦ ਊਧਮ ਸਿੰਘ ਵਿਚਾਰ ਮੰਚ ਨੇ ਸ਼ਹੀਦ ਊਧਮ ਸਿੰਘ ਜੀ ਦੇ ਸਹੀ ਸੋਚ ਨੂੰ ਘਰ ਘਰ ਤੱਕ ਪਹੁੰਚਣ ਲਈ 24 ਜੁਲਾਈ ਤੋਂ 30 ਜੁਲਾਈ ਤੱਕ ਹਫਤਾ ਭਰ ਮੁਹਿੰਮ ਚਲਾਈ। ਸੁਨਾਮ ਊਧਮ ਸਿੰਘ ਵਾਲਾ ਤੇ ਉਸ ਦੇ ਆਲੇ ਦੁਆਲੇ ਦੇ 4000 ਦੇ ਕਰੀਬ ਬੱਚਿਆਂ, ਅਧਿਆਪਕਾਂ ਤੇ ਹੋਰ ਸਹਿਰ ਵਾਸੀਆਂ ਨੂੰ ਸ਼ਹੀਦ ਦੀ ਸਹੀ ਵਿਚਾਰਧਾਰਾ ਤੋਂ ਜਾਣੂ ਕਰਵਾਇਆ। ਮੰਚ ਵੱਲੋ ਸਿਨੇਮਾ ਚੌਂਕ ਸੁਨਾਮ ਵਿਖੇ ਇੱਕ ਹਫਤਾ ਕਿਤਾਬਾਂ ਦੀ ਪ੍ਰਦਰਸ਼ਨੀ ਹਰ ਰੋਜ ਸ਼ਾਮ ਨੂੰ 5 ਵਜੇ ਤੋਂ 8 ਵਜੇ ਤੱਕ ਲਗਾਤਾਰ ਲਗਾਈ ਗਈ। 31 ਜੁਲਾਈ ਨੂੰ ਮੰਚ ਦੇ ਸਮੂਹ ਮੈਂਬਰਾਂ ਤੇ ਹੋਰ ਸਮਰਥਕਾਂ ਨੇ ਸਹੀਦੀ ਊਧਮ ਸਿੰਘ ਜੀ ਦਾ ਸ਼ਹੀਦੀ ਦਿਹਾੜਾ ਮੰਨਾਉਂਦੇ ਸ਼ਹੀਦ ਦੇ ਜੱਦੀ ਘਰ ਵਿਖੇ ਪਹੁੰਚ ਕੇ ਸ਼ਰਧਾਂਜਲੀ ਦਿੱਤੀ।

ਬਲਵੀਰ ਚੰਦ ਲੌਂਗੋਵਾਲ ਜੀ ਨੇ ਮੰਚ ਦੇ ਉਦੇਸ ਬਾਰੇ ਦੱਸਿਆ। ਮੰਚ ਦੇ ਉਪ ਪ੍ਰਧਾਨ ਅਨਿਲ ਕੁਮਾਰ ਨੇ ਸਰਕਾਰ ਤੋਂ ਮੰਗ ਕੀਤੀ ਕਿ ਸ਼ਹੀਦ ਊਧਮ ਸਿੰਘ ਨੂੰ ਕੌਮੀ ਸ਼ਹੀਦ ਦਾ ਦਰਜਾ ਦਿੱਤਾ ਜਾਵੇ, ਸ਼ਹੀਦ ਊਧਮ ਸਿੰਘ ਜੀ ਦੀ ਅਸਲੀ ਫੋਟੋ ਨਾਲ ਮਿਲਦੇ ਬੁੱਤ ਹੀ ਲਗਾਵਾਏ ਜਾਣ, ਸ਼ਹੀਦ ਊਧਮ ਸਿੰਘ ਸਬੰਧੀ ਵੱਖ ਵੱਖ ਥਾਵਾਂ ਤੇ ਪਈਆ ਚੀਜਾਂ ਜਿਵੇਂ ਚਿੱਠੀਆਂ, ਪਸਤੌਲ ਡਾਇਰੀ 1939, ਡਾਇਰੀ 1940 ਚਾਕੂ ਹੋਰ ਦਸਤਾਵੇਜ਼ਾ ਆਦਿ ਨੂੰ ਸੁਨਾਮ ਊਧਮ ਸਿੰਘ ਵਾਲ਼ਾ ਵਿਖੇ ਬਣੇ ਮਿਊਜੀਅਮ ਵਿਖੇ ਲਿਆ ਕੇ ਰੱਖਿਆ ਜਾਵੇ। ਪ੍ਰਧਾਨ ਰਾਕੇਸ਼ ਕੁਮਾਰ ਨੇ ਸ਼ਹੀਦ ਊਧਮ ਜੀ ਦੇ ਇਤਿਹਾਸ ਤੇ ਚਾਨਣਾ ਪਾਇਆ। ਮਿਲਖਾਂ ਸਿੰਘ ਸਨੇਹੀ, ਜੁਝਾਰ ਨੇ ਗੀਤ ਗਾਏ। ਮੰਚ ਦੇ ਸਮੂਹ ਆਗੂਆਂ ਤੇ ਮੈਂਬਰਾਂ ਨੇ ਆਖਿਆ ਕਿ ਜਦੋਂ ਤੱਕ ਸਹੀਦ ਨੂੰ ਇੰਨਸਾਫ ਨਹੀ ਮਿਲਦਾ ਮੰਚ ਆਪਣਾ ਸੰਘਰਸ ਜਾਰੀ ਰੱਖੇਗਾ। ਆਖਿਰ ਵਿੱਚ ਦਰਸਨ ਸਿੰਘ ਨੇ ਸਾਮਲ ਹੋਏ ਸਾਰੇ ਸਾਥੀਆਂ ਦਾ ਧੰਨਵਾਦ ਕੀਤਾ।

**-ਦਾਤਾ ਸਿੰਘ**

# ਇਤਿਹਾਸ ਸਿਰਜਣ ਦੀ ਸਮਰੱਥਾ ਦੇ ਆਰ-ਪਾਰ



ਭਗਤ ਸਿੰਘ ਵਿਚ ਵਿਚਾਰ ਗ੍ਰਹਿਣ ਕਰਨ ਦੀ ਅਥਾਹ ਸਮਰੱਥਾ ਸੀ ਅਤੇ ਉਨ੍ਹਾਂ ਨੂੰ ਸਮੇਂ ਦੀਆਂ ਸਥਿਤੀਆਂ ਨਾਲ ਜੁੜਕੇ ਇਨਕਲਾਬੀ ਤਬਦੀਲੀਆਂ ਵਾਸਤੇ ਆਪ ਅਤੇ ਆਪਣੇ ਸਾਥੀਆਂ ਨੂੰ ਤਿਆਰ ਕਰਨ ਦੀ ਹਮੇਸ਼ਾ ਚੇਟਕ ਲੱਗੀ ਰਹਿੰਦੀ ਸੀ। ਇਹ ਹਕੀਕਤ ਹੈ ਕਿ ਭਗਤ ਸਿੰਘ ਨੇ ਜਿੰਨਾ ਪੜ੍ਹਿਆ ਅਤੇ ਲਿਖਿਆ ਉਹ ਹੈਰਾਨ ਕਰਨ ਵਾਲਾ ਹੈ। ਉਨ੍ਹਾਂ ਦੀ ਜੇਲ੍ਹ ਡਾਇਰੀ ਜੋ 1929 ਤੋਂ ਲੈ ਕੇ ਸ਼ਹਾਦਤ ਵਾਲੇ ਦਿਨ ਤੱਕ ਨਾਲ ਸਬੰਧਤ ਹੈ ਜਿਨ੍ਹਾਂ ਵਿਚ ਵੱਖ-ਵੱਖ ਦਾਰਸ਼ਨਿਕਾਂ ਦੀਆਂ ਮਿਸਾਲੀ ਟਿੱਪਣੀਆਂ, ਰਾਜਨੀਤੀ, ਵਿਚਾਰਧਾਰਾ ਅਤੇ ਇਥੋਂ ਤੱਕ ਫਿਲਾਸਫੀ, ਸਾਹਿਤਕ ਸਮਾਜ, ਵਿਗਿਆਨ, ਮਾਨਵ ਵਿਗਿਆਨ ਆਦਿ ਨਾਲ ਸਬੰਧਤ ਸੂਖਮ ਟੂਕਾਂ ਵੀ ਦਰਜ ਹਨ। ਇਸੇ ਤਰ੍ਹਾਂ ਭਗਤ ਸਿੰਘ ਨੇ ਪੰਜਾਬ ਵਿਚ ਪਹਿਲਾ ਰਾਜਨੀਤਕ ਵਿਦਰੋਹ ਵਿਚ ਦਰਜ ਕੀਤਾ, "ਪੁਰਾਣੇ ਅੰਦੋਲਨਾਂ ਬਾਰੇ ਦੱਸਣ ਦਾ ਉਦੇਸ਼ ਇਹ ਨਹੀਂ ਕਿ ਇਹ ਇਹੋ ਜਿਹੇ ਅੰਦੋਲਨ ਦੁਹਰਾਏ ਜਾਣ ਸਗੋਂ ਉਦੇਸ਼ ਇਹ ਹੈ ਕਿ ਇਹ ਲੋਕ ਇਨ੍ਹਾਂ ਅੰਦੋਲਨਾਂ ਦੀ ਭਾਵਨਾਵਾਂ ਨੂੰ ਸਮਝਣ, ਇਨ੍ਹਾਂ ਤੋਂ ਪ੍ਰੇਰਣਾ ਲੈਣ, ਇਨ੍ਹਾਂ ਵਿਚ ਕੁਰਬਾਨ ਹੋਣ ਵਾਲਿਆਂ ਦੀ ਕੁਰਬਾਨੀ ਦੀ ਭਾਵਨਾ ਨੂੰ ਗ੍ਰਹਿਣ ਕਰਨ।" ਉਪਰੋਕਤ ਸੱਚਾਈ ਉਨ੍ਹਾਂ ਦੀਆਂ ਲਿਖਤਾਂ 'ਕੂਕਾ ਲਹਿਰ 1871-72', 'ਪੰਜਾਬ ਰੋਸ 1907', 'ਮਦਨ ਲਾਲ ਢੀਂਗਰਾ 1909', 'ਦਿੱਲੀ ਲਾਹੌਰ ਸਾਜ਼ਿਸ਼ ਕੇਸ 1912-15', 'ਗ਼ਦਰ ਲਹਿਰ 1914-15', 'ਪੰਜਾਬ ਵਿਚ ਮਾਰਸ਼ਲ ਲਾਅ 1919', ' ਬੱਬਰ ਅਕਾਲੀ ਸ਼ਹੀਦ 1927', 'ਕਾਕੋਰੀ ਕੇਸ ਦੇ ਸ਼ਹੀਦ 1927', 'ਅਛੂਤ ਦਾ ਸਵਾਲ' ਆਦਿ ਅੱਜ ਵੀ ਬੇਹੱਦ ਪ੍ਰਸੰਗਿਕ ਲਿਖਤਾਂ ਹਨ। ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੇ ਖੁੱਲ੍ਹੇ ਇਤਿਹਾਸ ਨੂੰ ਕੋਈ ਵੀ ਮੇਟ ਨਹੀਂ ਸਕਦਾ। ਉਹ ਧਰਮਾਂ, ਮਜ਼੍ਹਬਾਂ, ਜਾਤਾਂ, ਇਲਾਕਿਆਂ, ਦੇਸ਼ਾਂ ਆਦਿ ਤੋਂ ਹਜ਼ਾਰਾਂ ਗੁਣਾਂ ਉਪਰ ਸਨ। ਜੋ ਹੱਥਾਂ ਦੀ ਕਿਰਤ ਕਰਨ ਵਾਲਿਆਂ ਦਾ ਦੁਨੀਆ ਭਰ ਉਪਰ ਸੂਰਜ ਚੜ੍ਹਨ ਲਈ ਸ਼ਹਾਦਤਾਂ ਦੇ ਗਏ। ਜਿਹੜੇ ਸਾਡੇ ਲਈ ਅੱਜ ਵੀ ਪ੍ਰੇਰਣਾਸ੍ਰੋਤ ਹਨ। ਉਨ੍ਹਾਂ ਦਾ ਜਗਮਗਾਉਂਦਾ ਇਤਿਹਾਸ ਦੁਨੀਆ ਦੇ ਹਰੇਕ ਕੋਨੇ 'ਤੇ ਨਵੇਂ ਸੂਰਜਾਂ ਲਈ ਨਵੀਆਂ ਕਿਰਨਾਂ ਪ੍ਰਦਾਨ ਕਰਦਾ ਰਹੇਗਾ।

**- ਸੰਪਾਦਕ**

# ਐਮ ਐੱਸ ਪੀ ਦੀ ਕਾਨੂੰਨੀ ਗਰੰਟੀ ਤੇ ਹੋਰ ਮੰਗਾਂ ਨੂੰ ਲੈ ਕੇ ਸੰਯੁਕਤ ਕਿਸਾਨ ਮੋਰਚੇ ਦੇ ਚੱਕਾ ਜਾਮ ਸੱਦੇ 'ਤੇ ਭਾਕਿਯੂ (ਏਕਤਾ-ਉਗਰਾਹਾਂ) ਵੱਲੋਂ ਪੰਜਾਬ ਵਿੱਚ ਰੇਲਾਂ ਤੇ ਸੜਕਾਂ ਜਾਮ





ਚੰਡੀਗੜ੍ਹ, (ਬਲਜਿੰਦਰ ਸਿੰਘ) ਕੌਮੀ ਪੱਧਰ 'ਤੇ ਸੰਘਰਸਸੀਲ ਸੰਯੁਕਤ ਕਿਸਾਨ ਮੋਰਚੇ ਵੱਲੋਂ ਐਮ ਐੱਸ ਪੀ ਦੀ ਕਾਨੂੰਨੀ ਗਰੰਟੀ ਸਮੇਤ ਦਿੱਲੀ ਮੋਰਚੇ ਦੀਆਂ ਲਟਕਦੀਆਂ ਕਿਸਾਨੀ ਮੰਗਾਂ ਬਾਰੇ ਕੇਂਦਰ ਸਰਕਾਰ ਦੇ ਅੜੀਅਲ ਵਤੀਰੇ ਵਿਰੁੱਧ ਰੋਸ ਵਜੋਂ ਚਾਰ ਘੰਟੇ ਦੇ ਚੱਕਾ ਜਾਮ ਸੱਦੇ ਤਹਿਤ ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਵੱਲੋਂ ਅੱਜ ਪੰਜਾਬ ਅੰਦਰ ਰੇਲ-ਮਾਰਗ ਅਤੇ ਹਾਈਵੇ ਸੜਕਾਂ 'ਤੇ 11 ਤੋਂ 3 ਵਜੇ ਤੱਕ ਜਾਮ ਲਾਏ ਗਏ। ਕਈ ਥਾਈਂ ਕਿਣਮਿਣ ਜਾਂ ਜੋਰਦਾਰ ਬਰਸਾਤੀ ਛਰਾਟਿਆਂ ਦੇ ਬਾਵਜੂਦ ਵੀ ਜਾਮ-ਧਰਨੇ ਜਾਰੀ ਰਹੇ।

ਇੱਥੇ ਜਾਰੀ ਕੀਤੇ ਗਏ ਸੂਬਾਈ ਪ੍ਰੈੱਸ ਨੋਟ ਰਾਹੀਂ ਇਹ ਜਾਣਕਾਰੀ ਦਿੰਦੇ ਹੋਏ ਜਥੇਬੰਦੀ ਦੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਦੱਸਿਆ ਕਿ ਬਠਿੰਡਾ ਜੰਕਸਨ, ਬੁਢਲਾਡਾ (ਮਾਨਸਾ), ਧਬਲਾਨ (ਪਟਿਆਲਾ), ਪੱਟੀ (ਤਰਨਤਾਰਨ) ਅਤੇ ਮਲੇਰਕੋਟਲਾ ਸਹਿਰ ਵਿਖੇ 5 ਥਾਂਈਂ ਰੇਲ ਜਾਮ ਤੋਂ ਇਲਾਵਾ 6 ਜ਼ਿਲ੍ਹਿਆਂ ਵਿੱਚ 8 ਟੌਲ ਪਲਾਜੇ ਅਤੇ 6 ਹੋਰ ਜਿ?ਲ੍ਹਿਆਂ ਵਿੱਚ 10 ਹਾਈਵੇ ਜਾਮ ਕੁੱਲ 23 ਥਾਂਵਾਂ 'ਤੇ ਲਾਗੂ ਕੀਤੇ ਗਏ। ਬਰਤਾਨਵੀ ਸਾਮਰਾਜ ਦੇ ਜੁਲਮਾਂ ਵਿਰੁੱਧ ਜੂਝਦਿਆਂ ਅੱਜ ਦੇ ਦਿਨ ਸਹੀਦੀ ਜਾਮ ਪੀ ਗਏ ਇਨਕਲਾਬੀ ਯੋਧੇ ਸਹੀਦ ਊਧਮ ਨੂੰ ਸਮਰਪਿਤ ਕਰਦਿਆਂ ਅੱਜ ਦੇ ਧਰਨਿਆਂ ਦੀ ਸ਼ੁਰੂਆਤ ਸਹੀਦ ਨੂੰ ਸਰਧਾਂਜਲੀ ਭੇਂਟ ਕਰਕੇ ਕੀਤੀ ਗਈ। ਉਨ੍ਹਾਂ ਦੀ ਲਾਸਾਨੀ ਕੁਰਬਾਨੀ ਦੀ ਜੈ-ਜੈਕਾਰ ਕਰਦਿਆਂ ਜੋਰਦਾਰ ਨਾਹਰਿਆਂ ਰਾਹੀਂ ਉਨ੍ਹਾਂ ਦੀ ਸਾਮਰਾਜ ਵਿਰੋਧੀ ਇਨਕਲਾਬੀ ਸੋਚ 'ਤੇ ਪਹਿਰਾ ਦੇਣ ਦਾ ਅਹਿਦ ਕੀਤਾ ਗਿਆ। ਇਸ ਮੌਕੇ ਐਂਬੂਲੈਂਸਾਂ ਅਤੇ ਸਹੀਦ ਊਧਮ ਸਿੰਘ ਦਾ ਸਹੀਦੀ ਦਿਹਾੜਾ ਮਨਾਉਣ ਜਾ ਰਹੇ ਲੋਕਾਂ ਨੂੰ ਸੜਕੀ ਲਾਂਘਾ ਦਿੱਤਾ ਗਿਆ।

ਧਰਨਿਆਂ ਨੂੰ ਸੰਬੋਧਨ ਕਰਨ ਵਾਲੇ ਮੁੱਖ ਬੁਲਾਰਿਆਂ ਵਿੱਚ ਜਥੇਬੰਦੀ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ, ਝੰਡਾ ਸਿੰਘ ਜੇਠੂਕੇ, ਸ਼ਿੰਗਾਰਾ ਸਿੰਘ ਮਾਨ, ਹਰਦੀਪ ਸਿੰਘ ਟੱਲੇਵਾਲ, ਰੂਪ ਸਿੰਘ ਛੰਨਾਂ,ਜਨਕ ਸਿੰਘ ਭੁਟਾਲ, ਜਗਤਾਰ ਸਿੰਘ ਕਾਲਾਝਾੜ, ਹਰਿੰਦਰ ਕੌਰ ਬਿੰਦੂ, ਕਮਲਜੀਤ ਕੌਰ ਬਰਨਾਲਾ, ਗੁਰਪ੍ਰੀਤ ਕੌਰ ਬਰਾਸ, ਜਸਵੀਰ ਕੌਰ ਉਗਰਾਹਾਂ, ਬਚਿੱਤਰ ਕੌਰ ਤਲਵੰਡੀ ਮੱਲ੍ਹੀਆਂ ਅਤੇ ਸਰੋਜ ਰਾਣੀ ਮਾਨਸਾ ਸਾਮਲ ਸਨ। ਬੁਲਾਰਿਆਂ ਨੇ ਦੋਸ ਲਾਇਆ ਕਿ ਕਾਲੇ ਖੇਤੀ ਕਾਨੂੰਨਾਂ ਦੀ ਵਾਪਸੀ ਮੌਕੇ ਕਿਸਾਨਾਂ ਦੀਆਂ ਲਟਕਦੀਆਂ ਮੰਗਾਂ ਪੂਰੀਆਂ ਕਰਨ ਦੇ ਲਿਖਤੀ ਵਾਅਦਿਆਂ ਤੋਂ ਕੇਂਦਰ ਦੀ ਭਾਜਪਾ ਸਰਕਾਰ ਭੱਜ ਰਹੀ ਹੈ। ਇਸ ਦਾ ਸਬੂਤ ਐਮ ਐੱਸ ਪੀ ਦੀ ਕਮੇਟੀ ਵਿੱਚ ਸਿਰਫ ਸਰਕਾਰ ਪੱਖੀ ਨੁਮਾਇੰਦੇ ਸਾਮਲ ਕਰਨੇ ਅਤੇ ਸੰਘਰਸਸੀਲ ਕਿਸਾਨ ਜਥੇਬੰਦੀਆਂ ਦੇ ਨੁਮਾਇੰਦਿਆਂ ਸਮੇਤ ਪੰਜਾਬ ਨੂੰ ਪੂਰੀ ਤਰ੍ਹਾਂ ਨਜਰਅੰਦਾਜ ਕਰਨਾ ਹੈ। ਸਿਤਮਜਰੀਫੀ ਇਹ ਕੀਤੀ ਹੈ ਕਿ ਐਮ ਐੱਸ ਪੀ ਦੀ ਕਾਨੂੰਨੀ ਗਰੰਟੀ ਦਾ ਏਜੰਡਾ ਹੀ ਨਹੀਂ ਰੱਖਿਆ ਗਿਆ। ਇਸੇ ਵਜ੍ਹਾ ਕਰਕੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਇਸ ਕਮੇਟੀ ਨੂੰ ਰੱਦ ਕਰਦੇ ਹੋਏ ਅੰਦੋਲਨ ਦਾ ਐਲਾਨ ਕੀਤਾ ਗਿਆ ਹੈ।

ਬੁਲਾਰਿਆਂ ਨੇ ਮੰਗ ਕੀਤੀ ਕਿ ਐਮ ਐਸ ਪੀ ਸੰਬੰਧੀ ਕਮੇਟੀ ਵਿੱਚ ਸਾਰੀਆਂ ਫਸਲਾਂ ਦਾ ਲਾਭਕਾਰੀ ਐਮ ਐੱਸ ਪੀ ਮਿਥਣ ਅਤੇ ਮੁਕੰਮਲ ਖਰੀਦ ਦੀ ਕਾਨੂੰਨੀ ਗਰੰਟੀ ਦਾ ਏਜੰਡਾ ਮਿਥ ਕੇ ਬਹੁਸੰਮਤੀ ਮੈਂਬਰ ਸੰਘਰਸਸੀਲ ਕਿਸਾਨ ਜਥੇਬੰਦੀਆਂ ਦੇ ਨੁਮਾਇੰਦੇ ਲਏ ਜਾਣ। ਦਿੱਲੀ ਕਿਸਾਨ ਮੋਰਚੇ ਦੇ ਸੈਂਕੜੇ ਸਹੀਦਾਂ ਦੇ ਵਾਰਸਾਂ ਨੂੰ ਮੁਆਵਜਾ ਅਤੇ 1-1 ਜੀਅ ਨੂੰ ਪੱਕੀ ਸਰਕਾਰੀ ਨੌਕਰੀ ਦਿੱਤੀ ਜਾਵੇ। ਕੇਂਦਰੀ ਮੰਤਰੀ ਦੇ ਪੁੱਤਰ ਅਜੈ ਟੈਣੀ ਸਮੇਤ ਲਖੀਮਪੁਰ ਖੀਰੀ ਕਤਲਕਾਂਡ ਦੇ ਸਾਰੇ ਦੋਸੀਆਂ ਨੂੰ ਸਖਤ ਤੋਂ ਸਖਤ ਸਜਾਵਾਂ ਦਿੱਤੀਆਂ ਜਾਣ। ਅੰਦੋਲਨ ਦੌਰਾਨ ਕਿਸਾਨ ਆਗੂਆਂ ਅਤੇ ਆਮ ਕਿਸਾਨਾਂ ਉੱਤੇ ਮੜ੍ਹੇ ਪੁਲਿਸ ਕੇਸ ਵਾਪਸ ਲਏ ਜਾਣ। ਉਨ੍ਹਾਂ ਨੇ ਐਲਾਨ ਕੀਤਾ ਕਿ ਇਹ ਮੰਗਾਂ ਨਾ ਮੰਨੇ ਜਾਣ ਦੀ ਸੂਰਤ ਵਿੱਚ ਸਾਂਝਾ ਕਿਸਾਨ ਅੰਦੋਲਨ ਹੋਰ ਵਿਸਾਲ ਅਤੇ ਤੇਜ ਕੀਤਾ ਜਾਵੇਗਾ।

ਕਿਸਾਨ ਆਗੂਆਂ ਨੇ ਦੱਸਿਆ ਕਿ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਮੁਤਾਬਕ ਅਗਨੀਪਥ ਯੋਜਨਾ ਰਾਹੀਂ ਪੱਕੇ ਰੁਜਗਾਰ ਦੇ ਬਚੇ ਹੋਏ ਇੱਕੋ ਇੱਕ ਸਾਧਨ ਫੌਜੀ ਭਰਤੀ ਨੂੰ ਚਾਰ-ਸਾਲਾ ਠੇਕਾ ਭਰਤੀ ਦੇ ਫੈਸਲੇ ਰਾਹੀਂ ਖੋਹਣ ਵਾਲੀ ਕੇਂਦਰੀ ਭਾਜਪਾ ਸਰਕਾਰ ਦੀ ਨੀਤੀ ਵਿਰੁੱਧ ਵੀ ਮੁਲਕ ਭਰ ਵਿੱਚ 7 ਤੋਂ 14 ਅਗਸਤ ਤੱਕ ਰੋਸ ਪ੍ਰਦਰਸਨ ਕੀਤੇ ਜਾਣਗੇ। ਉਸਤੋਂ ਅਗਲੇ ਪੜਾਅ 'ਤੇ 18 ਤੋਂ 20 ਅਗਸਤ ਤੱਕ ਲਖੀਮਪੁਰ ਖੀਰੀ ਵਿਖੇ ਤਿੰਨ ਰੋਜਾ ਰੋਸ ਧਰਨੇ ਦਿਨੇ ਰਾਤ ਲਾਏ ਜਾਣਗੇ। ਇਸਤੋਂ ਇਲਾਵਾ ਪਾਣੀਆਂ ਦੇ ਗੰਭੀਰ ਸੰਕਟ ਦੇ ਪੁਖਤਾ ਹੱਲ ਲਈ ਸਾਂਝੇ ਸੰਘਰਸ ਦਾ ਦਾਇਰਾ ਹੋਰ ਵਿਸਾਲ ਕਰਦਿਆਂ ਅਗਲੇ ਪੜਾਅ 'ਤੇ ਅੰਦੋਲਨ ਹੋਰ ਤੇਜ ਕੀਤਾ ਜਾਵੇਗਾ।

ਉਨ੍ਹਾਂ ਵੱਲੋਂ ਸਮੂਹ ਕਿਸਾਨਾਂ ਮਜਦੂਰਾਂ ਔਰਤਾਂ ਨੌਜਵਾਨਾਂ ਅਤੇ ਹੋਰ ਕਿਰਤੀ ਲੋਕਾਂ ਨੂੰ ਇਨ੍ਹਾਂ ਮੰਗਾਂ ਲਈ ਅੰਦੋਲਨ ਵਿੱਚ ਵਧ ਚੜ੍ਹ ਕੇ ਸਾਮਲ ਹੋਣ ਦਾ ਜੋਰਦਾਰ ਸੱਦਾ ਦਿੱਤਾ ਗਿਆ।

ਕਈ ਥਾਵਾਂ 'ਤੇ ਭਰਾਤਰੀ ਹਮਾਇਤ ਵਜੋਂ ਖੇਤ ਮਜਦੂਰਾਂ, ਸਨਅਤੀ ਮਜਦੂਰਾਂ,ਜਲ ਸਪਲਾਈ ਕਾਮਿਆਂ, ਬਿਜਲੀ ਕਾਮਿਆਂ, ਬੇਰੁਜਗਾਰਾਂ, ਠੇਕਾ ਕਾਮਿਆਂ, ਵਿਦਿਆਰਥੀਆਂ, ਨੌਜਵਾਨਾਂ ਅਤੇ ਕਲਾਕਾਰਾਂ ਦੇ ਨੁਮਾਇੰਦੇ ਵੀ ਛੋਟੇ ਵੱਡੇ ਕਾਫਲੇ ਲੈ ਕੇ ਜਾਮ ਧਰਨਿਆਂ ਵਿੱਚ ਸਾਮਲ ਹੋਏ। ਇਨ੍ਹਾਂ ਵਿਚੋਂ ਪ੍ਰਮੁੱਖ ਸੰਬੋਧਨ ਕਰਤਾ ਜੋਰਾ ਸਿੰਘ ਨਸਰਾਲੀ, ਹਰਜਿੰਦਰ ਸਿੰਘ ਲੁਧਿਆਣਾ, ਵਰਿੰਦਰ ਸਿੰਘ ਮੋਮੀ, ਦਿਗਵਿਜੇ ਸਰਮਾ, ਲਾਭ ਸਿੰਘ ਆਦਿ ਸਨ।

# Letter to MPP Amarjot Singh Sandhu by students AZ driver

( Since long time students of AZ truck drivers of Brampton are facing problem at driving test centers. One of the student has sent a request letter to Amarjot Sandhu, MPP-Ontario for his immediate attention)

To

Amarjot Sandhu

MPP -Ontario (from Brampton West)

Subject: Request from AZ driving students

Respected sir,

I want you to have a look in this matter seriously. People who wants to take AZ driving license all suffered many many days to do drive test again and again especially in CAA centre brampton.some kind of monopoly is going on there by the SOME examiners..!!Evan we can provide you name.

Many people suggested to driver students go some others locations in Ontario to get the AZ license you can't get here in CAA centre because of some monopoly. My question is this if we go and get the license from any other location can that license is not valid for brampton city???

So why that situation created by some people.

Also we heard some examiner have only G license who took the test for AZ driver?? Thats is totally wrong?

Student do all the test after long waiting time and paid heavy fee to truck traning schools. And examiner said very nicely to students try next time… even students doing 2,3,4,5 times test.some students even more time.even students did minor mistakes which is allowed by MTO.

For Examiner is very easy to say TRY NEXT TIME. But they don't feel the pain of students who is giving test,road,inspections, back etc. some are jobless not have money to paying rent and food they go on walking or taking busses spend too much time.for paying fee again and again.

And all Drive test have big lines hundreds of people,and serving staff are very less. People have to sit or stand hrs and hrs for work of five minutes.

Respected sir every person have different story and pain.my request to you please do something Regarding this issue or suggest .

people who want to work hard for this amazing country and fulfill there dreams are very suffered from some different mentality of people, who they want to suffered people and let them go to hypertension, under stress,depression and anxiety.

And sir in corona Emergency time AZ drivers working to transport medicine and food etc.for the people of this world. Many people want to speak in this issue but they don't know where they go what to do??

OR is this all system is for making money from the poor people??

I hope you understand the pain of people I explain.

Please do some investigation on this matter sir ASAP.

Waiting for your Action,

Regards

**Dilbag Singh**
**(Representative of students of AZ drivers)**

--------------

**Number 2 letter**

**Open Letter to Hon. Doug Ford, Ontario Premier and Brampton MPPs .**

As seen on print and electronic media everyday that City Of Brampton elected Council is unfortunately divided in two factions.

They are unnecessarily spending the tax payer money on unwanted litigations / responses to sought out their differences, whereas they have been send to City Hall by Brampton residents to make policy decisions to bring jobs, industry, citizen safety, hospital and a University to the city. In turn but they are fighting each other for their personal egos.

We, as Brampton city residents request the Provincial government to please dissolve the current council/ Mayor, seize their functioning power for their remaining term and hand over the Brampton city affairs to Ministry of Municipal Affairs because due to their infighting.

City Council meetings have come to a halt, which in turn affecting the projects being finalized for the development of the city.

Please fix this problem.

Hoping for a favorable response and appropriate action to put and end the mismanagement crisis.

**Regards,**
**Kuldip Boparai 6475712800**
**and harbans singh 4168177142**
**Sarokaran Di Awaz**

*ਤੇਰ੍ਹਵਾਂ ਸ਼ਹੀਦੀ ਜਥਾ*

# ਜੈਤੋਂ ਦੇ ਮੋਰਚੇ ਦੇ ਜਥੇ ਦੇ ਬੋਲ, "ਭਗਤ ਸਿੰਘ ਪਿਆਰੇ ਨੇ, ਰੱਖ ਲੀ ਲਾਜ ਹਮਾਰੀ"

....ਸਹੀਦੀ ਜੱਥਿਆਂ ਦਾ ਪ੍ਰੋਗਰਾਮ ਬਹੁਤ ਈ ਸਫਲ ਰਿਹਾ। ਉਹਨਾਂ ਦੀਆਂ ਕੁਰਬਾਨੀਆਂ ਤੇ ਤਿਆਗ ਨੂੰ ਦੇਖ ਕੇ ਬਰਤਾਨੀਆ ਸਰਕਾਰ ਵੀ ਘਬਰਾ ਗਈ। ਤੇ ਪੁਲਸ ਵਾਲੇ ਪਿੰਡ ਪਿੰਡ ਜਾ ਕੇ ਲੋਕਾਂ ਨੂੰ ਵੱਖ ਵੱਖ ਤਰੀਕਿਆਂ ਨਾਲ ਡਰਾਓਣ ਲੱਗ ਪਏ ਸਨ। ਉਹਨਾਂ ਨੂੰ ਡਰਾਵੇ ਦੇਂਦੇ ਸਨ ਕਿ ਜੇ ਕਿਸੇ ਨੇ ਜੱਥਿਆਂ ਦੇ ਬੰਦਿਆਂ ਨੂੰ ਪਾਣੀ ਵੀ ਪਿਆਇਆ ਤਾਂ ਉਹਨਾਂ ਦੀ ਜਾਇਦਾਦ ਜਬਤ ਕਰ ਲਈ ਜਾਵੇਗੀ ਤੇ ਸਖਤ ਸਜਾਵਾਂ ਦਿੱਤੀਆਂ ਜਾਣਗੀਆਂ।ਪਰ ਜੱਥੇਦਾਰ ਆਪਣੇ ਜੱਥੇ ਦੇ ਤੁਰਨ ਅਤੇ ਉਹਨਾਂ ਥਾਵਾਂ ਦਾ ਐਲਾਨ ਪਹਿਲਾਂ ਈ ਕਰ ਦੇਂਦੇ ਸਨ, ਜਿਥੇ ਉਹਨਾਂ ਨੇ ਰਾਤ ਕੱਟਣੀ ਹੁੰਦੀ ਸੀ। ਇਹ ਸੂਚਨਾ ਗੁਪਤ ਪੁਚਾਈ ਜਾਂਦੀ ਸੀ। ਉਹਨਾਂ ਥਾਵਾਂ ਵਿਚ ਸਰਦਾਰ ਭਗਤ ਸਿੰਘ ਦਾ ਜਨਮ ਸਥਾਨ ਬੰਗਾ ਵੀ ਸਾਮਲ ਸੀ। ਪਰ ਪੁਲਸ ਦੇ ਫੋਰਸ ਦੀਆਂ ਧਮਕੀਆਂ ਕਰ ਕੇ ਲੋਕ ਡਰੇ ਹੋਏ ਸਨ। ਉਹਨਾਂ ਦੇ ਮਨਾਂ 'ਚ ਜੱਥੇ ਦੀ ਸੇਵਾ ਦੀ ਭਾਵਨਾ ਸੀ, ਪਰ ਉਹ ਪੁਲਸ ਤੋਂ ਵੀ ਡਰਦੇ ਸਨ। ਤਦੇ ਜੱਥੇਦਾਰਾਂ ਦਾ ਇਕ ਮੰਡਲ ਸਰਦਾਰ ਕਿਸਨ ਸਿੰਘ ਕੋਲ ਲਾਹੌਰ ਆਇਆ। ਤੇ ਉਹਨਾਂ ਨੂੰ ਬੇਨਤੀ ਕੀਤੀ ਕਿ ਉਹ ਜੱਥੇ ਦੇ ਜਲ ਪਾਣੀ ਦੀ ਸੇਵਾ ਲਈ ਆਪ ਬੈਗਾ ਆ ਕੇ ਪ੍ਰਬੰਧ ਕਰਨ। ਜੇ ਤੁਸੀਂ ਉਥੇ ਨਾ ਹੋਏ ਤਾਂ ਸਾਇਦ ਸਾਡਾ ਕੰਮ ਸਿਰੇ ਨਾ ਚੜ੍ਹ ਸਕੇ। ਓਸ ਵੇਲੇ ਤਕ ਸਰਦਾਰ ਭਗਤ ਸਿੰਘ ਕਾਨਪੁਰ ਤੋਂ ਮੁੜ ਆਏ ਸਨ। ਸਰਦਾਰ ਕਿਸਨ ਸਿੰਘ ਨੂੰ ਉਸ ਦਿਨ ਕਿਸੇ ਜਰੂਰੀ ਕੰਮ ਲਈ ਕਿਤੇ ਬਾਹਰ ਜਾਣਾ ਪੈਣਾ ਸੀ, ਤਾਂ ਉਹਨਾਂ ਨੇ ਏਸ ਕੰਮ 'ਚ ਸਹਾਇਤਾ ਕਰਨ ਲਈ ਸਰਦਾਰ ਭਗਤ ਸਿੰਘ ਨੂੰ ਉਹਨਾਂ ਦੇ ਨਾਲ ਤੋਰ ਦਿੱਤਾ। ਉਹਨਾਂ ਨੇ ਜੱਥੇਦਾਰਾਂ ਨੂੰ ਕਿਹਾ ਕਿ ਤੁਸੀਂ ਫਿਕਰ ਨਾ ਕਰੋ, ਭਗਤ ਸਿੰਘ ਇਹ ਕੰਮ ਮੇਰੇ ਨਾਲੋਂ ਵੀ ਚੰਗੀ ਤਰ੍ਹਾਂ ਕਰੇਗਾ।

ਸਰਦਾਰ ਭਗਤ ਸਿੰਘ ਜੱਥੇਦਾਰਾਂ ਦੇ ਨਾਲ ਨਨਕਾਣਾ ਸਾਹਿਬ ਪਹੁੰਚੇ। ਜਿੱਥੇ ਉਹਨਾਂ ਨੇ ਜੱਥੇ ਦਾ ਸਾਰਾ ਪ੍ਰੋਗਰਾਮ ਤੈਅ ਕੀਤਾ ਤੇ ਮੁੜ ਬੰਗਾ 'ਚ ਦਾਦੀ ਜੀ ਕੋਲ ਆ ਗਏ। ਦਾਦੀ ਪੋਤੇ ਨੂੰ ਮਿਲ ਕੇ ਬਹੁਤ ਖੁਸ ਹੋਈ। ਤੇ ਫੇਰ ਬਿਮਾਰ ਦਾਦੀ ਦੀ ਸਿਹਤ ਚੰਗੀ ਹੋਣ ਲੱਗ ਪਈ । ਫੇਰ ਉਹਨਾਂ ਨੇ ਸਾਰੇ ਪਿੰਡ ਦੇ ਹਾਲਾਤ ਨੂੰ ਜਾਣਿਆ ਤੇ ਸਮਝਿਆ। ਪਿੰਡ ਵਿਚ ਡਰ ਦਾ ਮਾਹੌਲ ਸੀ। ਉਹਨਾਂ ਦੇ ਤਾਇਆ ਜੀ ਸਰਦਾਰ ਬਹਾਦਰ ਦਿਲਬਾਗ ਸਿੰਘ ਆਪਣੇ ਨੰਬਰਦਾਰ ਭਰਾ ਸਰਦਾਰ ਮੰਗਲ ਸਿੰਘ ਦੇ ਨਾਲ ਮਿਲ ਕੇ ਲੋਕਾਂ ਨੂੰ ਸਰਕਾਰ ਦੇ ਖੁਲ੍ਹੇ ਅਖਤਿਆਰਾਂ ਬਾਰੇ ਦੱਸਣ ਲੱਗੇ ਹੋਏ ਸਨ। ਉਹਨਾਂ ਨੇ ਆਪਣੇ ਵੱਡੇ ਅਫਸਰਾਂ ਨਾਲ ਵਾਅਦਾ ਕੀਤਾ ਹੋਇਆ ਸੀ ਕਿ ਬੰਗਾ ਵਿਚ ਕਿਸੇ ਵੀ ਜੱਥੇ ਨੂੰ ਕਿਸੇ ਕਿਸਮ ਦੀ ਰਸਦ ਨਹੀਂ ਮਿਲੇਗੀ। ਹੁਣ ਉਹ ਏਸ ਵਾਅਦੇ ਨੂੰ ਪੂਰਾ ਕਰਨ ਤੇ ਲੱਗੇ ਹੋਏ ਸਨ। ਪਿੰਡ 'ਚ ਇਹ ਅਫਵਾਹ ਫੈਲੀ ਹੋਈ ਸੀ ਕਿ ਜਿਹੜਾ ਵੀ ਬੰਦਾ ਅਕਾਲੀ ਜੱਥੇ ਨੂੰ ਕਿਸੇ ਕਿਸਮ ਦੀ ਸਹਾਹਿਤਾ ਦੇਵੇਗਾ, ਉਹਨੂੰ ਸਜਾ ਦਿੱਤੀ ਜਾਵੇਗੀ। ਉਹਦੀ ਜਮੀਨ ਜਾਇਦਾਦ ਜਬਤ ਕਰ ਲਈ ਜਾਵੇਗੀ ਤੇ ਏਸੇ ਲਈ ਸਰਕਾਰ ਏਥੇ ਪੁਲਸ ਚੌਕੀ ਬਹਾ ਦੇਵੇਗੀ, ਜੀਹਦਾ ਖਰਚਾ ਪਿੰਡ ਵਾਲਿਆਂ ਨੂੰ ਭਰਨਾ ਪੈਣਾ ਏ।

ਭਾਵੇਂ ਪਿੰਡ ਦੇ ਲੋਕ ਡਰੇ ਹੋਏ ਸਨ, ਪਰ ਉਹਨਾਂ ਨੂੰ ਅਕਾਲੀ ਜੱਥੇ ਨਾਲ ਹਮਦਰਦੀ ਵੀ ਸੀ। ਉਹਨਾਂ ਨੇ ਆਟੇ, ਦਾਲ ਤੇ ਗੁੜ ਦੀਆਂ ਬੋਰੀਆਂ ਗੰਨੇ ਦੇ ਖੇਤਾਂ ਵਿਚ ਲੁਕਾ ਕੇ ਰੱਖੀਆਂ ਹੋਈਆਂ ਸਨ।ਤਾਂ ਜੋ ਜਦ ਜੱਥਾ ਆਵੇ ਤਾਂ ਉਹਨੂੰ ਚੋਰੀਓ ਰਸਦ ਦੇ ਦਿੱਤੀ ਜਾਵੇ। ਜੱਥੇ ਨੂੰ ਰਸਦ ਵੀ ਮਿਲ ਜਾਵੇ ਤੇ ਕਿਸੇ ਨੂੰ ਪਤਾ ਵੀ ਨਾ ਲੱਗੇ ਕਿ ਰਸਦ ਕੀਹਨੇ ਦਿੱਤੀ ਏ। ਪਿੰਡ ਦੇ ਕੁਝ ਈ ਬੰਦੇ ਅਜਿਹੇ ਸਨ, ਜਿਨ੍ਹਾਂ ਨੇ ਇਹ ਖੁਫੀਆ ਕੰਮ ਕੀਤਾ ਸੀ। ਉਹਨਾਂ ਵਿਚੋਂ ਈ ਕਿਸੇ ਬੰਦੇ ਨੇ ਪੁਲਸ ਨੂੰ ਦੱਸ ਕੇ ਉਹ ਰਸਦ ਫੜਵਾ ਦਿੱਤੀ।

ਜਦ ਸਰਦਾਰ ਸਾਹਿਬ ਪਹੁੰਚੇ ਤਾਂ ਸਭ ਕੁਝ ਹੋ ਚੁੱਕਿਆ ਸੀ। ਉਹਨਾਂ ਨੇ ਪਿੰਡ ਦੇ ਨੌਜਵਾਨਾਂ ਦੀ ਇਕ ਮੀਟਿੰਗ ਆਪਣੇ ਘਰ ਵਿਚ ਬੁਲਾਈ। ਤੇ ਉਹਨਾਂ ਨੂੰ ਕਿਹਾ ਕਿ ਜੇ ਤੁਸੀਂ ਰਸਦ ਜੱਥੇ ਨੂੰ ਪੁਚਾਓਣਾ ਚਾਹੁੰਦੇ ਹੋ ਤਾਂ ਸਾਹਮਣੇ ਹੋ ਕੇ ਮੈਦਾਨ ਵਿਚ ਨਿੱਕਲੋ।ਜੇ ਹਿੰਮਤ ਨਹੀਂ ਏ ਤਾਂ ਏਸ ਕੰਮ ਨੂੰ ਜਾਣ ਦਿਓ। ਮੈਂ ਇਕੱਲਾ ਈ ਜੋ ਕੁਝ ਹੋ ਸਕਿਆ, ਕਰ ਦਿਆਂਗਾ। ਥੋੜ੍ਹੀ ਦੇਰ ਤਕ ਮੀਟਿੰਗ ਵਿਚ ਸੁੰਨ ਜਾਂ ਪੱਸਰੀ ਰਹੀ।ਪਰ ਬਾਅਦ 'ਚ ਨੌਜਵਾਨਾਂ ਨੇ ਅਕਾਲੀ ਜੱਥੇ ਦਾ ਸੁਆਗਤ ਕਰਨ ਦਾ ਫੈਸਲਾ ਕਰ ਲਿਆ। ਜਦ ਜੱਥਾ ਪਿੰਡ 'ਚ ਵੜਿਆ ਤਾਂ ਉਹਦਾ ਸ਼ਾਨਦਾਰ ਸੁਆਗਤ ਕੀਤਾ ਗਿਆ। ਜੱਥੇ ਦਾ ਪਿੰਡ ਵਿਚ ਜਲੂਸ ਕੱਢਿਆ ਗਿਆ। ਫੇਰ ਪਿੰਡ ਤੋਂ ਬਾਹਰ ਦੇ ਗੁਰਦਵਾਰੇ ਵਿਚ ਜੱਥੇ ਨੇ ਡੇਰਾ ਲਾ ਲਿਆ। ਪੁਲਸ ਵੀ ਆਪਣੇ ਹਥਿਆਰਾਂ ਨਾਲ ਅਤੇ ਇਕ ਮੈਜਿਸਟਰੇਟ ਨੂੰ ਨਾਲ ਲੈ ਕੇ ਪਿੰਡ ਵਿਚ ਆਈ ਹੋਈ ਸੀ। ਜੀਹਨੂੰ ਦੇਖ ਕੇ ਲੋਕ ਡਰ ਗਏ। ਸਰਦਾਰ ਭਗਤ ਸਿੰਘ ਨੇ ਇਕ ਵੱਡੀ ਪਰਾਤ ਵਿਚ ਆਟਾ ਤੇ ਦਾਲ ਵਗੈਰਾ ਪਾ ਕੇ ਆਪਣੇ ਸਿਰ 'ਤੇ ਚੁੱਕ ਕੇ ਗੁਰਦਵਾਰੇ ਵੱਲ ਚੱਲਣਾ ਸੁਰੂ ਕਰ ਦਿੱਤਾ। ਏਸ ਦ੍ਰਿਸ ਨੂੰ ਦੇਖਣ ਲਈ ਪਹਿਲਾਂ ਤਾਂ ਕੁਝ ਜਣੇ ਉਹਦੇ ਪਿੱਛੇ ਪਿੱਛੇ ਤੁਰ ਪਏ। ਪਰ ਜਿਵੇਂ ਜਿਵੇਂ ਗੁਰਦਵਾਰਾ ਨੇੜੇ ਪਹੁੰਚੇ ਤਾਂ ਨੌਜਵਾਨ ਖਿਲਰਣ ਲੱਗ ਪਏ। ਪਿੰਡ 'ਚ ਇਹ ਅਫਵਾਹ ਫੈਲੀ ਹੋਈ ਸੀ ਕਿ ਜਿਹੜਾ ਵੀ ਰਸਦ ਲੈ ਕੇ ਜਾਵੇਗਾ, ਉਹਨੂੰ ਗੋਲੀ ਨਾਲ ਉਡਾ ਦਿੱਤਾ ਜਾਵੇਗਾ. ਗੁਰਦਵਾਰੇ ਦੇ ਨੇੜੇ ਬਹੁਤ ਸਾਰੀ ਪੁਲਸ ਹਥਿਆਰ ਲਈ ਖੜ੍ਹੀ ਸੀ। ਲੋਕ ਸਮਝਦੇ ਸੀ ਕਿ ਹੁਣ ਭਗਤ ਸਿੰਘ 'ਤੇ ਗੋਲੀ ਚੱਲੀ ਤੇ ਹੁਣੇ ਉਹ ਮਾਰਿਆ ਗਿਆ।ਪਰ ਸਰਦਾਰ ਭਗਤ ਸਿੰਘ ਨੇ ਪੁਲਸ ਦੇ ਕੋਲੋਂ ਦੀ ਲੰਘਦੇ ਨੇ ਉੱਚੀ ਅਵਾਜ 'ਚ ਕਿਹਾ, "ਮੈਂ ਇਹ ਰਸਦ ਸਹੀਦੀ ਜੱਥੇ ਵਾਸਤੇ ਲੈ ਕੇ ਜਾ ਰਿਹਾ ਹਾਂ। ਜੇ ਕਿਸੇ 'ਚ ਹਿਮਤ ਏ ਤਾਂ ਮੈਨੂੰ ਗੋਲੀ ਨਾਲ ਉਡਾ ਦਿੱਤਾ ਜਾਵੇ। ਫੇਰ ਨਾ ਕਹਿਣਾ ਕਿ ਸਾਨੂੰ ਖਬਰ ਨਹੀਂ ਹੋਈ ਕਿ ਮੈਂ ਰਸਦ ਲੈ ਕੇ ਕਦ ਲੰਘਿਆ ਸੀ।... ਮੈਂ ਜੱਥੇ ਲਈ ਰਸਦ ਲੈ ਜਾਣ ਦਾ ਜ਼ਿੰਮੇਵਾਰ ਹਾਂ। ਮੇਰੀ ਜਾਇਦਾਦ ਜਬਤ ਕਰ ਲਓ। ਮੇਰੇ ਘਰ 'ਤੇ ਪੁਲਸ ਦੀ ਚੌਕੀ ਬਹਾ ਦਿਓ। ਮੇਰੇ 'ਤੇ ਜੁਰਮਾਨਾ ਲਾ ਦਿਓ। ਮੈਂ ਇਹ ਲੰਗਰ ਦਾ ਸਮਾਨ ਲਈ ਜਾਂਦਾ ਹਾਂ। ਉਥੇ ਲੰਗਰ ਪੈਕੇਗਾ ਤੇ ਜੱਥਾ ਇਕ ਦਿਨ ਦੀ ਥਾਂ ਦੋ ਦਿਨ ਠਹਿਰੇਗਾ।"

ਪੁਲਸ ਚੁੱਪ ਚਾਪ ਖੜੀ ਦੇਖਦੀ ਰਹੀ। ਮੈਜਿਸਟਰੇਟ ਨੇ ਸਰਦਾਰ ਬਹਾਦਰ ਤੋਂ ਪੁੱਛਿਆ ਕਿ ਇਹ ਕੌਣ ਏ ? ਕਿਸੇ ਨੇ ਨੇੜੇ ਈ ਖੜ੍ਹੇ ਨੇ ਕਿਹਾ ਕਿ ਜੀ ਇਹ ਤੁਹਾਡਾ ਈ ਭਤੀਜਾ ਏ। ਮੈਜਿਸਟਰੇਟ ਨੇ ਕੌੜੀਆਂ ਨਜਰਾਂ ਨਾਲ ਸਰਦਾਰ ਬਹਾਦਰ ਵੱਲ ਦੇਖਿਆ। ਫੇਰ ਭੈੜੀ ਨਜਰ ਨਾਲ ਦੇਖਦਿਆਂ ਪੁੱਛਿਆ ਕਿ ਤੁਸੀਂ ਤਾਂ ਕਹਿੰਦੇ ਸੀ ਕਿ ਤੁਹਾਡੇ ਪਿੰਡ 'ਚ ਜੱਥੇ ਨੂੰ ਕੋਈ ਪੁੱਛੇਗਾ ਵੀ ਨਹੀਂ ? ਪਰ ਏਥੇ ਤੁਹਾਡਾ ਭਤੀਜਾ ਈ ਜੱਥੇ ਦੀ ਅਗਵਾਈ ਕਰ ਰਿਹਾ ਏ। ਸਰਦਾਰ ਬਹਾਦਰ ਨੇ ਕਿਹਾ ਕਿ ਹਾਲੇ ਤਾਂ ਇਹ ਬੱਚਾ ਈ ਏ। ਲੋਕਾਂ ਦੀਆਂ ਗੱਲਾਂ 'ਚ ਆ ਗਿਆ ਏ। ਓਸ ਵੇਲੇ ਸਰਦਾਰ ਬਹਾਦਰ ਦੀਆਂ ਨਜ਼ਰਾਂ ਨੀਵੀਆਂ ਸਨ।ਲੋਕ ਖੁਲ੍ਹੇ ਆਮ ਰਸਦ ਲੈ ਕੇ ਗੁਰਦਵਾਰੇ ਵੱਲ ਜਾਂਦੇ ਰਹੇ।ਤੇ ਰਸਦ ਪਾ ਕੇ ਮੁੜ ਆਉਂਦੇ ਸੀ।ਉਹਨਾਂ ਵਿਚ ਡਰ ਭੈਅ ਦੀ ਥਾਂ ਜੋਸ ਭਰਿਆ ਦਿੱਸਦਾ ਸੀ।

ਜੱਥੇ ਨੂੰ ਵਿਦਾਅ ਕਰਨ ਵੇਲੇ ਸਰਦਾਰ ਭਗਤ ਸਿੰਘ ਨੇ ਜੱਥੇ ਤੇ ਲੋਕਾਂ ਨੂੰ ਜੋਸ ਭਰਿਆ ਭਾਸਣ ਦਿੱਤਾ। ਸਭ ਤੋਂ ਪਹਿਲਾਂ ਉਹਨਾਂ ਨੇ ਉਹਨਾਂ ਸਹੀਦਾਂ ਨੂੰ ਸਲਾਮ ਕੀਤਾ, ਜਿਹੜੇ ਏਸ ਲਹਿਰ 'ਚ ਮਾਰੇ ਗਏ ਸਨ। ਫੇਰ ਉਹਨਾਂ ਨੇ ਸਹੀਦ ਗੋਪੀ ਨਾਥ ਸਾਹਾ, ਜਿਨ੍ਹਾਂ ਨੂੰ 7 ਮਾਰਚ 1924 ਨੂੰ ਫਾਂਸੀ ਦਿੱਤੀ ਗਈ ਸੀ ਤੇ ਸਹੀਦ ਖੁਦੀ ਰਾਮ ਬੋਸ (1889–1908) ਦੀ ਕੁਰਬਾਨੀ ਤੇ ਬਹਾਦਰੀ ਦੀ ਤਾਰੀਫ ਕੀਤੀ।

ਜਦ ਜੱਥਾ ਆਪਣੇ ਰਾਹ ਪੈ ਗਿਆ ਤਾਂ ਦੇਖਿਆ ਕਿ ਓਸ ਸਹੀਦੀ ਜੱਥੇ ਵਿਚ ਪੰਜ ਸੌ ਅਕਾਲੀ ਕਾਲੀਆਂ ਪੱਗਾਂ ਬੰਨ੍ਹ ਕੇ ਤੇ ਆਪਣੇ ਸਿਰ ਤਲੀ 'ਤੇ ਧਰ ਕੇ ਸਿੱਖ ਕੌਮ ਦੀ ਇੱਜਤ, ਬਹਾਦਰੀ, ਤੇ ਸਿਰ ਧੜ ਦੀ ਬਾਜੀ ਲਾਓਣ ਲਈ ਗੁਰੂ ਗੋਬਿੰਦ ਸਿੰਘ ਜੀ ਦੇ ਪੜ੍ਹਾਏ ਹੋਏ ਕੁਰਬਾਨੀ ਦਾ ਇਮਤਿਹਾਨ ਦੇਣ ਨਿੱਕਲੇ ਸਨ। ਪੰਥ ਦੀ ਸਾਨ ਸਭ ਨੂੰ ਪਿਆਰੀ ਸੀ। ਮੌਤ ਦੀ ਪਰਵਾਹ ਕਿਸੇ ਨੂੰ ਨਹੀਂ ਸੀ। ਉਹ ਸਹੀ ਅਰਥਾਂ 'ਚ ਗੁਰੂ ਗੋਬਿੰਦ ਸਿੰਘ ਦੀ ਪੈਦਾ ਕੀਤੀਆਂ ਹੋਈਆਂ ਰੂਹਾਂ ਲਈ ਫਿਰਦੇ ਸਨ। ਸਰਦਾਰ ਭਗਤ ਸਿੰਘ ਦੇ ਹੱਥਾਂ 'ਚ ਪੰਥਕ ਝੰਡਾ ਫੜ੍ਹਿਆ ਹੋਇਆ ਸੀ। ਉਹ ਸਭ ਤੋਂ ਅੱਗੇ ਅੱਗੇ ਟੁਰ ਰਹੇ ਸਨ।ਜੱਥਾ ਇਹ ਬੋਲ ਸਬਦ ਵਾਂਗੂੰ ਗਾਉਂਦਾ ਹੋਇਆ ਜਾ ਰਿਹਾ ਸੀ, "ਭਗਤ ਸਿੰਘ ਪਿਆਰੇ ਨੇ, ਰੱਖ ਲੀ ਲਾਜ ਹਮਾਰੀ"




ਅਗਲੇ ਪਿੰਡ ਤਕ ਉਹ ਜੱਥੇ ਨੂੰ ਵਿਦਾਅ ਕਰਨ ਗਏ। ਹੁਣ ਜੱਥੇ ਦਾ ਹਰੇਕ ਪਿੰਡ 'ਚ ਸੁਆਗਤ ਹੋਣ ਲੱਗਿਆ।ਪਿੰਡ ਬੰਗਾ ਵਿਚ ਜੱਥੇ ਦਾ ਸੁਆਗਤ ਨੌਜਵਾਨ ਭਗਤ ਸਿੰਘ ਵੱਲੋਂ ਕਰਨ ਦੀਆਂ ਖਬਰਾਂ ਸਾਰੇ ਉੱਤਰੀ ਹਿੰਦੋਸਤਾਨ ਵਿਚ ਫੈਲ ਗਈਆਂ। ਲੋਕਾਂ ਵਿਚ ਜਿਹੜਾ ਡਰ ਪੈਦਾ ਹੋਇਆ ਸੀ, ਉਹਦਾ ਨਾਂ ਨਿਸਾਨ ਨਾ ਰਿਹਾ।ਹਰੇਕ ਸਿੰਘ ਨੇ ਜੱਥੇ ਦੀ ਸੇਵਾ ਕਰਨਾ ਆਪਣਾ ਧਰਮ ਬਣਾ ਲਿਆ।

ਇੱਕ ਜਲਸੇ ਵਿੱਚ ਭਾਸਣ ਦੇਣ 'ਤੇ ਸਰਕਾਰ ਨੇ ਸਰਦਾਰ ਭਗਤ ਸਿੰਘ ਦੇ ਖਿਲਾਫ ਦਫਾ 124 ਦੇ ਅਧੀਨ ਕੇਸ ਬਣਾ ਕੇ ਵਾਰੰਟ ਗਰਿਫਤਾਰੀ ਜਾਰੀ ਕਰ ਦਿੱਤਾ। ਪਰ ਜੱਥੇ ਨੂੰ ਵਿਦਾਅ ਕਰ ਕੇ ਉਹ ਛੇਤੀ ਈ ਲਾਹੌਰ ਚਲੇ ਗਏ ਸੀ। ਪੁਲਸ ਉਹਨਾਂ ਨੂੰ ਪਿੰਡ ਦੇ ਇਲਾਕੇ ਵਿਚ ਫੜਨ ਦੀਆਂ ਕੋਸ਼ਿਸ਼ਾਂ ਕਰਦੀ ਰਹੀ।

ਕੋਈ ਛੇ ਕੁ ਦਿਨਾਂ ਬਾਅਦ ਸਰਦਾਰ ਭਗਤ ਸਿੰਘ ਲਾਹੌਰ ਵਿਚ ਆਪਣੇ ਪਿਤਾ ਜੀ ਦੇ ਨਾਲ ਸਾਇਕਲ 'ਤੇ ਸਵਾਰ ਹੋ ਕੇ ਜਾ ਰਹੇ ਸਨ। ਰਸਤੇ ਵਿਚ ਉਹਨਾਂ ਦੇ ਤਾਇਆ ਜੀ ਸਰਦਾਰ ਬਹਾਦਰ ਦਿਲਬਾਗ ਸਿੰਘ ਮਿਲ ਗਏ। ਉਹਨਾਂ ਨੇ ਦੱਸਿਆ ਕਿ ਪੁਲਸ ਤੁਹਾਡੀ ਗ੍ਰਿਫਤਾਰੀ ਦੇ ਵਾਰੰਟ ਲਈ ਲੱਭ ਰਹੀ ਏ ਤੇ ਤੂੰ ਏਸ ਤਰ੍ਹਾਂ ਨਿਡਰ ਹੋ ਕੇ ਫਿਰ ਰਿਹਾ ਏਂ। ਉਹ ਏਨੀ ਗੱਲ ਕਹਿ ਕੇ ਚਲੇ ਗਏ। ਤਦ ਸਰਦਾਰ ਕਿਸਨ ਸਿੰਘ ਨੇ ਸਰਦਾਰ ਭਗਤ ਸਿੰਘ ਨੂੰ ਪੰਜਾਬ ਤੋਂ ਬਾਹਰ ਚਲੇ ਜਾਣ ਦੀ ਸਲਾਹ ਦਿੱਤੀ। ਉਹ ਚੁੱਪ ਕਰ ਕੇ ਲਾਹੌਰ ਤੋਂ ਭਗੌੜੇ ਹੋ ਕੇ ਫਿਰ ਕਾਨਪੁਰ ਚਲੇ ਗਏ।


**ਗੁਰਦਵਾਰਾ ਲਹਿਰ ਦਾ ਅੰਤ -**

ਸਰਦਾਰ ਭਗਤ ਸਿੰਘ ਦੇ ਕਾਨਪੁਰ ਚਲੇ ਜਾਣ ਦੇ ਬਾਅਦ 21 ਜੁਲਾਈ 1925 ਈ. ਨੂੰ ਕੈਨੇਡਾ ਦੇ ਸਹੀਦੀ ਜੱਥੇ ਦੇ ਜੈਤੋ ਪਹੁੰਚਣ 'ਤੇ ਰਿਆਸਤੀ ਸਰਕਾਰ ਅਤੇ ਅਕਾਲੀਆਂ ਵਿਚਕਾਰ ਸਮਝੌਤਾ ਹੋ ਗਿਆ। ਪੰਜਾਬ ਸਰਕਾਰ ਨੇ ਗੁਰਦਵਾਰਾ ਐਕਟ ਪਾਸ ਕਰ ਦਿੱਤਾ। ਅਕਾਲੀਆਂ ਨੇ ਜੈਤੋ ਵਿਚ ਗੁਰਦਵਾਰੇ ਵਿਚ ਅਖੰਡ ਪਾਠ 'ਚ ਰੁਕਾਵਟ ਪੈਦਾ ਕੀਤੀ ਸੀ। ਸੋ ਉਥੇ ਅਖੰਡ ਪਾਠ ਕੀਤਾ ਗਿਆ। ਗੁਰਦਵਾਰਾ ਲਹਿਰ ਦੇ ਸਾਰੇ ਕੇਸ ਵਾਪਸ ਲੈ ਲਏ ਗਏ। ਸਰਦਾਰ ਭਗਤ ਸਿੰਘ ਦੇ ਖਿਲਾਫ ਜਾਰੀ ਵਰੰਟ ਗਰਿਫਤਾਰੀ ਰੱਦ ਕਰ ਦਿੱਤੇ ਗਏ।

**(ਕਿਤਾਬ "ਸਰਦਾਰ ਭਗਤ ਸਿੰਘ ਦੀ ਜੀਵਨੀ", ਲੇਖਕ ਰਣਬੀਰ ਸਿੰਘ (ਭਗਤ ਸਿੰਘ ਦੇ ਛੋਟੇ ਭਰਾ) ਸੰਕਲਨ ਅਤੇ ਸੰਪਾਦਨ: ਹਰੀਸ ਜੈਨ, ਪੰਨਾ 71 ਤੋਂ 74)**

*23 ਜੁਲਾਈ ਇਤਿਹਾਸਕ ਦਿਨ 'ਤੇ ਵਿਸ਼ੇਸ਼*

# ਕੈਨੇਡਾ ਦੀ ਧਰਤੀ ਤੋਂ ਜਬਰੀ ਮੋੜੇ ਗਏ ਗੁਰੂ ਨਾਨਕ ਜਹਾਜ਼ ਦੇ ਮੁਸਾਫਿਰਾਂ ਦੀ ਦਰਦ ਭਰੀ ਗਾਥਾ









ਡਾ. ਗੁਰਵਿੰਦਰ ਸਿੰਘ
001-604-825 1550


ਸੰਸਾਰ ਦੇ ਇਤਿਹਾਸ ਵਿੱਚ ਸਮੁੰਦਰੀ ਬੇੜੇ ਕਾਮਾਗਾਟਾਮਾਰੂ ਦੇ ਦੁਖਾਂਤ ਦੀ ਘਟਨਾ ਖ਼ਾਸ ਮਹੱਤਵ ਰੱਖਦੀ ਹੈ। ਜਦੋਂ ਨਸਲਵਾਦੀ ਸਰਕਾਰ ਨੇ ਮਨੁੱਖੀ ਹੱਕਾਂ ਦੀਆਂ ਧੱਜੀਆਂ ਉਡਾਉਂਦੇ ਹੋਏ ਸਮੁੰਦਰੀ ਬੇੜੇ ਨੂੰ, ਕੈਨੇਡਾ ਦੀ ਵੈਨਕੂਵਰ ਬੰਦਰਗਾਹ 'ਤੇ ਜਬਰੀ ਰੋਕੀ ਰੱਖਿਆ ਅਤੇ ਮੁਸਾਫਰਾਂ ਨੂੰ ਬਾਹਰ ਨਾ ਨਿਕਲਣ ਦਿੱਤਾ।

ਦਰਅਸਲ 108 ਵਰ੍ਹੇ ਪਹਿਲਾਂ ਦੇ ਕੈਨੇਡਾ ਦੀ ਨਸਲੀ ਸਰਕਾਰ ਨੇ 376 ਮੁਸਾਫ਼ਿਰਾਂ ਵਾਲੇ ਸਮੁੰਦਰੀ ਬੇੜੇ 'ਗੁਰੂ ਨਾਨਕ ਜਹਾਜ਼' ( ਜਿਸ ਨੂੰ ਉਸ ਦੇ ਜਾਪਾਨੀ ਨਾਂਅ ਕਾਮਾਗਾਟਾਮਾਰੂ ਨਾਲ ਹੀ ਜਾਣਿਆ ਜਾਂਦਾ ਹੈ, ਪਰ ਜਹਾਜ ਖਰੀਦਣ ਮਗਰੋਂ ਇਸ ਦਾ ਨਾਮ ਗੁਰੂ ਨਾਨਕ ਜਹਾਜ਼ ਰੱਖਿਆ ਗਿਆ ਸੀ) ਜਬਰੀ ਭਾਰਤ ਵਾਪਸ ਮੋੜ ਦਿੱਤਾ ਸੀ। ਬਾਬਾ ਗੁਰਦਿੱਤ ਸਿੰਘ ਸਰਹਾਲੀ ਵੱਲੋਂ ਅਣਥੱਕ ਯਤਨਾਂ ਨਾਲ ਇਥੇ ਲਿਆਂਦੇ ਸਮੁੰਦਰੀ ਜਹਾਜ਼ ਦੇ ਮੁਸਾਫ਼ਿਰਾਂ ਨੂੰ 23 ਮਈ 1914 ਤੋਂ ਲੈ ਕੇ 23 ਜੁਲਾਈ 1914 ਤੱਕ ਦੋ ਮਹੀਨੇ ਵੈਨਕੂਵਰ ਦੀ ਬੰਦਰਗਾਹ 'ਤੇ ਬੰਦੀ ਬਣਾਈ ਰੱਖਿਆ। ਜ਼ੁਲਮ-ਸਿਤਮ ਦੀ ਇਹ ਹੱਦ ਸੀ ਕਿ ਮੁਸਾਫ਼ਿਰਾਂ ਨਾਲ ਅਣਮਨੁੱਖੀ ਵਰਤਾਉ ਕੀਤਾ ਗਿਆ ਤੇ ਇਕ ਹੋਰ ਜਹਾਜ਼ ਰਾਹੀਂ ਹਮਲਾ ਕਰਕੇ, ਕਾਮਾਗਾਟਾਮਾਰੂ ਬੇੜੇ ਨੂੰ ਡੋਬਣ ਦੀ ਵੀ ਸਾਜ਼ਿਸ਼ ਰਚੀ ਗਈ।

ਨਸਲੀ ਵਰਤਾਓ ਤੇ ਧੱਕੇਸ਼ਾਹੀ ਕਰਦਿਆਂ ਜਹਾਜ਼ ਨੂੰ ਭਾਰਤ ਵਾਪਸ ਮੋੜ ਦਿੱਤਾ ਗਿਆ, ਜਿਥੇ 28 ਸਤੰਬਰ 1914 ਨੂੰ ਕੋਲਕਾਤਾ ਦੇ ਬਜਬਜ ਘਾਟ 'ਤੇ ਬ੍ਰਿਟਿਸ਼ ਸਰਕਾਰ ਵੱਲੋਂ ਮੁਸਾਫ਼ਿਰਾਂ 'ਤੇ ਗੋਲੀਆਂ ਵਰ੍ਹਾਈਆਂ ਗਈਆਂ। ਨਤੀਜੇ ਵਜੋਂ 19 ਵਿਅਕਤੀ ਸ਼ਹੀਦ ਹੋ ਗਏ ਤੇ ਅਨੇਕਾਂ ਨੂੰ ਸਖ਼ਤ ਸਜ਼ਾਵਾਂ ਹੋਈਆਂ। ਕੈਨੇਡਾ ਦੀ ਧਰਤੀ 'ਤੇ ਕਾਮਾਗਾਟਾਮਾਰੂ ਦੁਖਾਂਤ ਲਈ ਮੁਆਫ਼ੀ ਦੀ ਮੰਗ ਨਿਰੰਤਰ ਉੱਠਦੀ ਰਹੀ। ਗ਼ਦਰੀ ਬਾਬਿਆਂ ਦੀ ਸੋਚ ਵਿਰੋਧੀ ਨਕਲੀ ਵਾਰਿਸਾਂ ਨੇ ਚਾਹੇ ਮੁਆਵਜੇ ਤੱਕ ਸਵੀਕਾਰ ਕਰ ਲਏ, ਪਰ ਅਸਲੀ ਵਾਰਸਾਂ ਵੱਲੋਂ ਮੁਆਵਜ਼ੇ ਦੀ ਪੇਸ਼ਕਸ਼ ਠੁਕਰਾ ਕੇ, ਮੁਆਫ਼ੀ ਲਈ ਹੀ ਆਵਾਜ਼ ਉਠਾਈ ਗਈ। ਗ਼ਦਰੀ ਬਾਬਿਆਂ ਦੇ ਮੇਲੇ 'ਚ ਆ ਕੇ ਚਾਹੇ ਸਾਬਕਾ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨੇ ਮੁਆਫ਼ੀ ਮੰਗੀ, ਪਰ ਕੈਨੇਡਾ ਦੀ ਪਾਰਲੀਮੈਂਟ 'ਚ ਅਜਿਹਾ ਸੰਭਵ ਨਾ ਹੋਇਆ,ਹਾਲਾਂ ਕਿ ਬ੍ਰਿਟਿਸ਼ ਕੋਲੰਬੀਆ ਦੀ ਸੂਬਾਈ ਵਿਧਾਨ ਸਭਾ 'ਚ ਪਹਿਲਾਂ ਹੀ ਅਜਿਹਾ ਕੀਤਾ ਗਿਆ।ਆਖ਼ਰਕਾਰ ਕੈਨੇਡਾ ਦੀ ਮੌਜੂਦਾ ਲਿਬਰਲ ਸਰਕਾਰ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਵਿਸਾਖੀ ਦੇ ਜਸ਼ਨਾਂ ਮੌਕੇ ਮੁਆਫ਼ੀ ਮੰਗਣ ਲਈ 18 ਮਈ, 2016 ਦੇ ਦਿਨ ਦਾ ਐਲਾਨ ਕਰਕੇ ਨਵਾਂ ਅਧਿਆਇ ਸਿਰਜ ਦਿੱਤਾ, ਜਿਸ ਦਾ ਸਭ ਪਾਸਿਓਂ ਸਵਾਗਤ ਹੋਇਆ।

ਕੈਨੇਡਾ ਦੀ ਪਾਰਲੀਮੈਂਟ 'ਚ ਇਤਿਹਾਸਕ ਗ਼ਲਤੀਆਂ 'ਤੇ ਮੁਆਫ਼ੀ ਮੰਗਣ ਅਤੇ ਉਨ੍ਹਾਂ ਤੋਂ ਸਬਕ ਸਿੱਖਣ ਦਾ ਇਹ ਕਦਮ ਇਥੇ ਵਸੇ ਪ੍ਰਵਾਸੀਆਂ ਨੂੰ ਮਾਨਤਾ ਦੇਣ ਦੇ ਸੰਦਰਭ 'ਚ ਖ਼ਾਸ ਮਹੱਤਵ ਰੱਖਦਾ ਹੈ। ਚਾਹੇ ਗੁਰੂ ਨਾਨਕ ਜਹਾਜ਼ ਕਾਮਾਗਾਟਾਮਾਰੂ ਲਈ ਮੁਆਫ਼ੀ ਤੋਂ ਪਹਿਲਾਂ ਹੀ ਪ੍ਰਧਾਨ ਮੰਤਰੀ ਟਰੂਡੋ ਨੇ ਬਾਹਰੋਂ ਆ ਕੇ ਇਥੇ ਵਸੇ ਭਾਈਚਾਰਿਆਂ ਨੂੰ ਵੱਡਾ ਸਨਮਾਨ ਦਿੱਤਾ ਤੇ ਆਪਣੀ ਵਜ਼ਾਰਤ 'ਚ ਚਾਰ ਮੰਤਰੀ ਸਿੱਖ ਭਾਈਚਾਰੇ 'ਚੋਂ ਸ਼ਾਮਿਲ ਕੀਤੇ ਹਨ। ਇਨ੍ਹਾਂ ਨੂੰ ਦਿੱਤੇ ਗਏ ਮਹਿਕਮਿਆਂ 'ਚ ਦੇਸ਼ ਦੀ ਰੱਖਿਆ, ਆਰਥਿਕਤਾ, ਸਨਅਤ ਤੇ ਵਪਾਰ ਆਦਿ ਨਾਲ ਸਬੰਧਤ ਅਹਿਮ ਮਹਿਕਮੇ ਸ਼ਾਮਿਲ ਹਨ। ਫੇਰ ਸੰਸਦ 'ਚ ਮੁਆਫ਼ੀ ਮੰਗ ਕੇ ਉਨ੍ਹਾਂ ਕੈਨੇਡਾ ਦਾ ਅਕਸ ਕੌਮਾਂਤਰੀ ਪੱਧਰ 'ਤੇ ਹੋਰ ਵੀ ਮਜ਼ਬੂਤ ਕੀਤਾ। ਉਨ੍ਹਾਂ ਦੇ ਪਿਤਾ ਸਾਬਕਾ ਪ੍ਰਧਾਨ ਮੰਤਰੀ ਏਲੀਅਟ ਪੀਅਰੇ ਟਰੂਡੋ ਵੱਲੋਂ 'ਚਾਰਟਰ ਆਫ ਰਾਈਟਸ' ਦੇ ਉਪਰਾਲੇ ਰਾਹੀਂ ਕੈਨੇਡਾ ਨੂੰ 'ਮਨੁੱਖੀ





ਅਧਿਕਾਰਾਂ ਦਾ ਚੈਂਪੀਅਨ' ਬਣਾਇਆ ਗਿਆ ਸੀ, ਜਦਕਿ ਜਸਟਿਨ ਟਰੂਡੋ ਨੇ ਇਕ ਕਦਮ ਹੋਰ ਅੱਗੇ ਵਧਦਿਆਂ 108 ਸਾਲ ਪਹਿਲਾਂ ਮਿਲੇ ਜ਼ਖ਼ਮਾਂ 'ਤੇ ਵੀ ਮਲ੍ਹਮ ਲਾ ਕੇ ਮਾਨਵਵਾਦੀ ਦ੍ਰਿਸ਼ਟੀਕੋਣ ਦੀ ਮਿਸਾਲ ਕਾਇਮ ਕੀਤੀ।

ਸੰਸਾਰ ਭਰ 'ਚ ਆਮ ਕਰਕੇ ਅਤੇ ਭਾਰਤ 'ਚ ਖ਼ਾਸ ਕਰਕੇ ਕੈਨੇਡਾ ਦੀ ਪਾਰਲੀਮੈਂਟ 'ਚ ਮੁਆਫ਼ੀ ਮੰਗੇ ਜਾਣ ਦੀ ਚਰਚਾ ਕੀਤੀ ਗਈ ਅਤੇ ਇਸ ਸਬੰਧੀ ਵੱਖ -ਵੱਖ ਸਰਕਾਰਾਂ ਨੇ ਬਿਆਨ ਵੀ ਦਰਜ ਕੀਤੇ । ਜਿਥੇ ਇਹ ਚੰਗੀ ਗੱਲ ਸੀ, ਉਥੇ ਇਸ ਤੋਂ ਸਬਕ ਸਿੱਖਣ ਦੀ ਵੀ ਲੋੜ ਹੈ। ਜੇਕਰ ਕੈਨੇਡਾ 'ਚੋਂ ਕਾਮਾਗਾਟਾਮਾਰੂ ਜਹਾਜ਼ ਵਾਪਸ ਮੋੜਿਆ ਗਿਆ, ਤਾਂ ਕੈਨੇਡਾ ਨੇ ਉਸ ਗ਼ਲਤੀ ਦਾ ਸੰਸਦ 'ਚ ਪਛਤਾਵਾ ਕੀਤਾ ਹੈ। ਕੈਨੇਡਾ ਤੋਂ ਭਾਰਤ ਪੁੱਜਣ 'ਤੇ ਇਸ ਜਹਾਜ਼ ਦੇ 19 ਮੁਸਾਫ਼ਿਰਾਂ ਨੂੰ ਗੋਲੀਆਂ ਮਾਰ ਕੇ ਸ਼ਹੀਦ ਕੀਤਾ ਗਿਆ, ਇਹ ਉਸ ਤੋਂ ਵੀ ਵੱਡਾ ਦੁਖਾਂਤ ਸੀ। ਕੈਨੇਡਾ ਤੋਂ ਸੇਧ ਲੈ ਕੇ ਭਾਰਤ ਦੀ ਸੰਸਦ 'ਚ ਵੀ ਕਾਮਾਗਾਟਾਮਾਰੂ ਦੇ ਦੁਖਾਂਤ ਸਬੰਧੀ ਮਤਾ ਪੇਸ਼ ਕੀਤਾ ਜਾਣਾ ਬਣਦਾ ਹੈ ਤੇ ਇਸ ਦੇ ਮੁਸਾਫ਼ਿਰਾਂ ਦੀ ਕੁਰਬਾਨੀ ਨੂੰ ਵੀ ਚੇਤੇ ਕੀਤਾ ਜਾਣਾ ਚਾਹੀਦਾ ਹੈ। ਇੰਜ ਹੀ ਬ੍ਰਿਟਿਸ਼ ਕੋਲੰਬੀਆ ਵਿਧਾਨ ਸਭਾ ਵਾਂਗ ਪੰਜਾਬ ਦੀ ਵਿਧਾਨ ਸਭਾ 'ਚ ਵੀ ਅਜਿਹਾ ਕਦਮ ਚੁੱਕਿਆ ਜਾਣਾ ਅਹਿਮ ਹੈ, ਕਿਉਂਕਿ ਕਾਮਾਗਾਟਾਮਾਰੂ ਦੇ ਲਗਪਗ ਸਾਰੇ ਮੁਸਾਫ਼ਿਰ ਅਣਵੰਡੇ ਪੰਜਾਬ ਨਾਲ ਸਬੰਧਤ ਸਨ।

ਕੈਨੇਡਾ ਦੀ ਪਹਿਲਕਦਮੀ ਇਹ ਵੀ ਸੁਨੇਹਾ ਦਿੰਦੀ ਹੈ ਕਿ ਜੇਕਰ ਸਰਕਾਰਾਂ ਇਤਿਹਾਸ ਦੀਆਂ ਗ਼ਲਤੀਆਂ ਤੋਂ ਸਬਕ ਲੈ ਕੇ, ਮੁੜ ਗ਼ਲਤੀਆਂ ਨਾ ਦੁਹਰਾਉਣ ਦਾ ਤਹੱਈਆ ਕਰਨ, ਤਾਂ ਇਹ ਸਹੀ ਅਰਥਾਂ 'ਚ ਨਵੀਆਂ ਲੀਹਾਂ ਪਾਉਣ ਦੇ ਬਰਾਬਰ ਹੁੰਦਾ ਹੈ। ਜੇਕਰ ਘੱਲੂਘਾਰਿਆਂ, ਨਸਲਕੁਸ਼ੀਆਂ ਅਤੇ ਦੇਸ਼ ਪੱਧਰੀ ਦੁਖਾਂਤਾਂ ਲਈ ਇਤਿਹਾਸਕ ਗ਼ਲਤੀਆਂ ਦਾ ਪਛਤਾਵਾ ਹੋਵੇ, ਦੋਸ਼ੀਆਂ ਨੂੰ ਸਜ਼ਾਵਾਂ ਮਿਲਣ ਅਤੇ ਘੱਟ-ਗਿਣਤੀਆਂ ਸੁਰੱਖਿਅਤ ਹੋਣ, ਤਦ ਹੀ ਕਾਮਾਗਾਟਾਮਾਰੂ ਦੀ ਕੈਨੇਡਾ 'ਚ ਮੰਗੀ ਮੁਆਫ਼ੀ ਦਾ ਸਾਡੇ ਲੀਡਰਾਂ ਵੱਲੋਂ ਸਵਾਗਤ ਅਰਥ ਰੱਖਦਾ ਹੈ, ਨਹੀਂ ਤਾਂ ਇਹ ਮਹਿਜ਼ ਸਿਆਸੀ ਬਿਆਨਬਾਜ਼ੀ ਤੋਂ ਵੱਧ ਕੁਝ ਨਹੀਂ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਦੁਨੀਆ ਦੇ ਆਗੂਆਂ ਨੂੰ ਇਹ ਸੁਨੇਹਾ ਦਿੱਤਾ ਕਿ ਕੋਈ ਮੁਲਕ ਬੀਤੇ 'ਚ ਹੋਏ ਗੁਨਾਹਾਂ ਦੀ ਮੁਆਫ਼ੀ ਮੰਗਣ ਨਾਲ ਛੋਟਾ ਨਹੀਂ ਹੁੰਦਾ, ਬਲਕਿ ਉਸ ਦਾ ਸਨਮਾਨ ਹੋਰ ਵੀ ਉੱਚਾ ਹੁੰਦਾ ਹੈ।

ਬ੍ਰਿਟਿਸ਼ ਕੋਲੰਬੀਆ ਦੇ ਪੰਜਾਬੀਆਂ ਦੀ ਸੰਘਣੀ ਵਸੋਂ ਵਾਲੇ ਸ਼ਹਿਰ ਸਰੀ ਦੇ ਮੇਅਰ ਡੱਗ ਮੈਕੱਲਮ ਨੇ ਵੀ ਕਾਮਾਗਾਟਾ ਮਾਰੂ ਯਾਦਗਾਰੀ ਦਿਵਸ ਮਨਾਉਣ ਦਾ ਉਪਰਾਲਾ ਵੀ ਕੀਤਾ। ਇਹ ਵਿਚਾਰ ਅਤੇ ਉਪਰਾਲੇ ਸ਼ਲਾਘਾਯੋਗ ਹਨ, ਪਰ ਜ਼ਰੂਰਤ ਇਸ ਗੱਲ ਦੀ ਹੈ ਕਿ ਕਿਤੇ ਵੀ ਮੂਲ ਵਾਸੀ ਲੋਕਾਂ ਜਾਂ ਪ੍ਰਵਾਸੀਆਂ ਨਾਲ ਰੰਗ ਨਸਲ ਜਾਤ ਧਰਮ ਅਤੇ ਬੋਲੀ ਦੇ ਆਧਾਰ ਤੇ ਵਿਤਕਰਾ ਨਹੀਂ ਕੀਤਾ ਜਾਣਾ ਚਾਹੀਦਾ। ਗੁਰੂ ਨਾਨਕ ਜਹਾਜ਼ ਬਨਾਮ ਕਾਮਾਗਾਟਾਮਾਰੂ ਦੇ 376 ਮੁਸਾਫਰਾਂ ਵਿੱਚ 337 ਸਿੱਖਾਂ ਤੋਂ ਇਲਾਵਾ ਸਿੱਖਾਂ 12 ਹਿੰਦੂ ਅਤੇ 27 ਮੁਸਲਮਾਨ ਵੀ ਸਵਾਰ ਸਨ, ਪਰ ਸਭ ਨੇ ਆਪੋ -ਆਪਣੇ ਅਕੀਦੇ ਅਤੇ ਧਰਮਾਂ ਨੂੰ ਨਿੱਜੀ ਪੱਧਰ 'ਤੇ ਰੱਖਿਆ ਅਤੇ ਕੈਨੇਡਾ ਦੇ ਨਸਲਵਾਦ ਅਤੇ ਭਾਰਤ ਦੇ ਬਸਤੀਵਾਦ ਖਿਲਾਫ ਲੜੇ।

ਅਫ਼ਸੋਸ ਇਸ ਗੱਲ ਦਾ ਹੈ ਕਿ ਭਾਰਤ ਨੂੰ ਬ੍ਰਿਟਿਸ਼ ਬਸਤੀਵਾਦ ਤੋਂ ਆਜ਼ਾਦ ਕਰਵਾਉਣ ਲਈ ਤਾਂ ਸਾਰਿਆਂ ਨੇ ਮਿਲ ਕੇ ਕੁਰਬਾਨੀਆਂ ਕੀਤੀਆਂ, ਪਰ ਹੁਣ ਜਿਸ ਤਰੀਕੇ ਨਾਲ ਘੱਟ ਗਿਣਤੀਆਂ ਨਾਲ ਧੱਕਾ ਹੋ ਰਿਹਾ ਹੈ ਅਤੇ ਉਨ੍ਹਾਂ ਨੂੰ ਬੇਗਾਨਗੀ ਦਾ ਅਹਿਸਾਸ ਕਰਵਾਇਆ ਜਾ ਰਿਹਾ ਹੈ, ਇਸ ਤੋਂ ਵੱਡੀ ਦੁਖਦਾਈ ਗੱਲ ਹੋਰ ਕੁੱਝ ਨਹੀਂ ਹੋ ਸਕਦੀ। ਇਹ ਆਜ਼ਾਦੀ ਲਈ ਲੜਨ ਵਾਲੇ ਯੋਧਿਆਂ, ਕਾਮਾਗਾਟਾ ਮਾਰੂ ਜਹਾਜ਼ ਦੇ ਮੁਸਾਫ਼ਰਾਂ ਅਤੇ ਸਮੂਹ ਗਦਰੀ ਬਾਬਿਆਂ ਨਾਲ ਧਰੋਹ ਵੀ ਹੈ ਅਤੇ ਉਨ੍ਹਾਂ ਦੀ ਸੋਚ ਦਾ ਅਪਮਾਨ ਵੀ। ਨਵ-ਬਸਤੀਵਾਦ ਦੀ ਸਥਾਪਨਾ ਦੀ ਫਾਸ਼ੀਵਾਦੀ ਸੋਚ ਖਿਲਾਫ ਸਭ ਨੂੰ ਇਕੱਠੇ ਹੋਣਾ ਚਾਹੀਦਾ ਹੈ, ਤਦ ਹੀ ਕਾਮਾਗਾਟਾਮਾਰੂ ਦੇ ਮੁਸਾਫਰਾਂ ਦੇ ਅਨਿਆਂ ਸਬੰਧੀ ਆਵਾਜ ਉਠਾਉਣਾ ਕੋਈ ਅਰਥ ਰੱਖਦਾ ਹੈ, ਨਹੀਂ ਤਾਂ ਆਪਣੇ- ਆਪ ਵਿੱਚ ਇਹ ਦੋਗਲੀ ਨੀਤੀ ਤੋਂ ਵੱਧ ਕੁਝ ਨਹੀਂ ਹੈ। ਬੀਤੇ ਸਮੇਂ ਦਾ ਕੈਨੇਡਾ ਅੱਜ 'ਮਨੁੱਖੀ ਹੱਕਾਂ ਦਾ ਚੈਂਪੀਅਨ' ਅਖਵਾਉਂਦਾ ਹੈ, ਪਰ ਬੀਤੇ ਸਮੇਂ ਦੀ ਬਸਤੀ ਭਾਰਤ ਅੱਜ ਜਿਸ ਦਿਸ਼ਾ ਵਲ ਵੱਧ ਰਿਹਾ ਹੈ, ਉਸ ਦੇ ਨਤੀਜੇ ਅਨੇਕਾਂ ਹੋਰ ਕਾਮਾਗਾਟਾਮਾਰੂ ਦੁਖਾਂਤ ਨੂੰ ਜਨਮ ਦੇ ਸਕਦੇ ਹਨ। ਨਵ ਬਸਤੀਵਾਦ ਦੀ ਧਾਰਨੀ ਫਾਸ਼ੀਵਾਦੀ ਸਰਕਾਰ ਵੱਲੋਂ ਆਪਣੇ ਵਿਰੋਧੀਆਂ ਪ੍ਰੋਫੈਸਰਾਂ, ਐਕਟੀਵਿਸਟਾਂ, ਵਕੀਲਾਂ, ਪੱਤਰਕਾਰਾਂ ਨੂੰ ਜੇਲ੍ਹਾਂ ਚ ਸੁੱਟਿਆ ਜਾ ਰਿਹਾ ਹੈ, ਜੋ ਕਿਸੇ ਕਾਮਾਗਾਟਾ ਮਾਰੂ ਦੇ ਦੁਖਾਂਤ ਤੋਂ ਘੱਟ ਨਹੀਂ। ਸੱਤਾ 'ਤੇ ਕਾਬਜ਼ ਇਹ ਜ਼ਾਲਮ ਲੋਕ ਸਵਰਕਰ ਦੇ ਪੈਰੋਕਾਰ ਤਾਂ ਹਨ, ਪਰ ਗ਼ਦਰੀ ਬਾਬਿਆਂ ਅਤੇ ਗੁਰੂ ਨਾਨਕ ਜਹਾਜ਼ ਦੇ ਮੁਸਾਫਰਾਂ ਦੇ ਪੈਰੋਕਾਰ ਨਹੀਂ ਹੋ ਸਕਦੇ।

# ਗਾਂਧੀਵਾਦੀ ਹਿਮਾਂਸ਼ੂ ਕੁਮਾਰ ਨੂੰ ਜੁਰਮਾਨਾ ਅਤੇ ਨਿਆਂਪਸੰਦਾਂ ਲਈ ਇਸ ਦੇ ਮਾਇਨੇ



ਬੂਟਾ ਸਿੰਘ
ਮਹਿਮੂਦਪੁਰ
94634-74342




ਹਾਲ ਹੀ ਵਿਚ 14 ਜੁਲਾਈ ਨੂੰ ਭਾਰਤ ਦੀ ਸੁਪਰੀਮ ਕੋਰਟ ਨੇ ਗੋਂਪਾੜ ਅਤੇ ਗਚਨਪੱਲੀ ਕਤਲੇਆਮਾਂ ਦੀ ਜਾਂਚ ਸੀ.ਬੀ.ਆਈ. ਤੋਂ ਕਰਾਏ ਜਾਣ ਦੀ ਪਟੀਸ਼ਨ ਨੂੰ ਰੱਦ ਕਰਦਿਆਂ ਪਟੀਸ਼ਨ ਕਰਤਾ ਗਾਂਧੀਵਾਦੀ ਹਿਮਾਂਸ਼ੂ ਕੁਮਾਰ ਨੂੰ ਹੀ ਦੋਸ਼ੀ ਕਰਾਰ ਦੇ ਦਿੱਤਾ ਹੈ। ਬੈਂਚ ਨੇ ਫ਼ੈਸਲਾ ਸੁਣਾਇਆ, 'ਪਟੀਸ਼ਨ ਵਿਚ ਕੀਤੇ ਸਾਰੇ ਦਾਅਵੇ ਪਹਿਲੀ ਨਜ਼ਰੇ ਹੀ ਝੂਠੇ ਅਤੇ ਮਨਘੜਤ ਹਨ। ਅਦਾਲਤ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਘਟਨਾਵਾਂ ਦੇ ਬਿਰਤਾਂਤ ਨੂੰ ਬਦਲਣ ਯਾਨੀ ਖ਼ੂੰਖ਼ਾਰ ਖੱਬੇਪੱਖੀ ਇੰਤਹਾਪਸੰਦਾਂ (ਨਕਸਲੀਆਂ) ਨੂੰ ਸੁਰੱਖਿਆ ਬਲਾਂ ਹੱਥੋਂ ਕਤਲ ਹੋ ਰਹੇ ਬੇਕਸੂਰ ਆਦਿਵਾਸੀ ਪੀੜਤ ਬਣਾ ਕੇ ਪੇਸ਼ ਕਰਨ ਦੀ ਬਦਨੀਅਤ ਨਾਲ ਪੁਲਿਸ ਅਤੇ ਨੀਮ-ਫ਼ੌਜੀ ਬਲਾਂ ਉੱਪਰ ਝੂਠੇ ਦੋਸ਼ ਲਗਾਏ ਗਏ ਹਨ ਜਿਨ੍ਹਾਂ ਨੇ ਮੁਲਕ ਦੇ ਸੁਰੱਖਿਆ ਬਲਾਂ ਵਿਰੁੱਧ ਹਥਿਆਰਬੰਦ ਬਗ਼ਾਵਤ ਕੀਤੀ ਹੋਈ ਹੈ ਅਤੇ ਜੋ ਮੁਲਕ ਦੀ ਪ੍ਰਭੂਸੱਤਾ ਅਤੇ ਅਖੰਡਤਾ ਲਈ ਖ਼ਤਰਾ ਹਨ। .... ਸੰਖੇਪ 'ਚ, ਬਚਾਓ ਪੱਖ ਮੁਤਾਬਿਕ ਮਾਮਲਾ ਇਹ ਹੈ ਕਿ ਪੂਰੀ ਰਿੱਟ ਪਟੀਸ਼ਨ ਹੀ ਅਦਾਲਤ ਨਾਲ ਧੋਖਾਧੜੀ ਤੋਂ ਸਿਵਾਏ ਕੁਝ ਨਹੀਂ ਹੈ।' ਹਿਮਾਂਸ਼ੂ ਕੁਮਾਰ ਨੂੰ ਪੰਜ ਲੱਖ ਰੁਪਏ ਜੁਰਮਾਨਾ ਕਰਦਿਆਂ ਸੁਪਰੀਮ ਕੋਰਟ ਨੇ ਛੱਤੀਸਗੜ੍ਹ ਸਰਕਾਰ ਨੂੰ ਖੁੱਲ੍ਹੀ ਛੁੱਟੀ ਦੇ ਦਿੱਤੀ ਹੈ ਕਿ ਉਹ ਚਾਹੇ ਤਾਂ ਉਸ ਵਿਰੁੱਧ ਆਈ.ਪੀ.ਸੀ. ਦੀ ਧਾਰਾ 211 (ਝੂਠੇ ਦੋਸ਼ ਲਗਾਉਣ ਸਬੰਧੀ) ਤਹਿਤ ਕੇਸ ਦਰਜ ਕਰ ਸਕਦੀ ਹੈ ਅਤੇ ਇਹ ਵੀ ਕਹਿ ਦਿੱਤਾ ਹੈ ਕਿ ਉਸ ਵਿਰੁੱਧ ਮੁਜਰਮਾਨਾ ਸਾਜ਼ਿਸ਼ ਰਚਣ ਦੀ ਕਾਰਵਾਈ ਵੀ ਕੀਤੀ ਜਾ ਸਕਦੀ ਹੈ। ਬੈਂਚ ਨੇ ਇਹ ਵੀ ਕਿਹਾ ਹੈ ਕਿ ਜੇ ਸੀ.ਬੀ.ਆਈ. ਚਾਹੇ ਤਾਂ ਆਪਣੇ ਤੌਰ 'ਤੇ ਵੀ ਇਸ ਕੇਸ ਨੂੰ ਹੱਥ ਲੈ ਕੇ ਕਾਰਵਾਈ ਕਰ ਸਕਦੀ ਹੈ। ਇੰਞ ਬੈਂਚ ਨੇ ਕੇਂਦਰ ਸਰਕਾਰ ਲਈ ਹਿਮਾਂਸ਼ੂ ਕੁਮਾਰ ਨੂੰ ਜੇਲ੍ਹ ਭਿਜਵਾਉਣ ਦਾ ਰਾਹ ਖੋਲ੍ਹ ਦਿੱਤਾ ਹੈ। ਯਾਦ ਰਹੇ ਇਹ ਫ਼ੈਸਲਾ ਜਸਟਿਸ ਖ਼ਾਨਵਿਲਕਰ ਦੇ ਬੈਂਚ ਨੇ ਸੁਣਾਇਆ ਹੈ ਜਿਸ ਦੀ ਅਗਵਾਈ ਹੇਠਲੇ ਬੈਂਚ ਨੇ ਪਿਛਲੇ ਦਿਨੀਂ ਗੁਜਰਾਤ ਕਤਲੇਆਮ ਵਿਚ ਨਰਿੰਦਰ ਮੋਦੀ ਨੂੰ ਕਲੀਨ ਚਿੱਟ ਦਿੰਦਿਆਂ ਤੀਸਤਾ ਸੀਤਲਵਾੜ ਅਤੇ ਆਰ.ਬੀ. ਸ੍ਰੀਕੁਮਾਰ ਵਿਰੁੱਧ ਕੇਸ ਦਰਜ ਕਰਨ ਦਾ ਆਦੇਸ਼ ਦਿੱਤਾ ਸੀ। ਜਸਟਿਸ ਖ਼ਾਨਵਿਲਕਰ ਅਗਲੇ ਦਿਨਾਂ 'ਚ ਰਿਟਾਇਰ ਹੋਣ ਵਾਲੇ ਹਨ ਅਤੇ ਰਿਟਾਇਰਮੈਂਟ ਤੋਂ ਪਹਿਲਾਂ ਅਜਿਹੇ ਹਕੂਮਤ ਪੱਖੀ ਫ਼ੈਸਲੇ ਭਵਿੱਖ 'ਚ ਹਕੂਮਤ ਤੋਂ ਬਖ਼ਸ਼ਿਸ਼ਾਂ ਹਾਸਲ ਕਰਨ ਦੇ ਸੂਚਕ ਬਣ ਚੁੱਕੇ ਹਨ।

1 ਅਕਤੂਬਰ 2009 ਦੇ ਦਿਨ ਛੱਤੀਸਗੜ੍ਹ ਦੇ ਮਾਓਵਾਦੀ ਗੜ੍ਹ ਬਸਤਰ ਦੇ ਇਕ ਪਿੰਡ ਗੋਂਪਾੜ ਵਿਚ ਵਰਦੀਧਾਰੀਆਂ ਨੇ ਆਦਿਵਾਸੀਆਂ ਨੂੰ ਬਹੁਤ ਹੀ ਬੇਕਿਰਕੀ ਨਾਲ ਛੁਰਿਆਂ ਨਾਲ ਵੱਢ-ਟੁੱਕ ਕੇ ਮਾਰਿਆ ਸੀ। ਇਹ ਵਰਦੀਧਾਰੀ ਸੀ.ਆਰ.ਪੀ.ਐੱਫ. ਦੀ ਕੋਬਰਾ ਬਟਾਲੀਅਨ ਦੇ ਸਨ। ਕਤਲੇਆਮ ਵਿਚ ਤਿੰਨ ਔਰਤਾਂ ਅਤੇ ਇਕ 12 ਸਾਲ ਦੀ ਲੜਕੀ ਸਮੇਤ 9 ਆਦਿਵਾਸੀ ਮਾਰੇ ਗਏ ਸਨ। ਇਕ ਬਜ਼ੁਰਗ ਔਰਤ ਦੀਆਂ ਛਾਤੀਆਂ ਵੱਢ ਦਿੱਤੀਆਂ ਗਈਆਂ ਅਤੇ ਡੇਢ ਸਾਲ ਦੇ ਬੱਚੇ ਮਾੜਵੀ ਮੁਕੇਸ਼ ਦੀਆਂ ਉਂਗਲਾਂ ਇਹ ਕਹਿੰਦੇ ਹੋਏ ਕੱਟ ਦਿੱਤੀਆਂ ਗਈਆਂ ਸਨ ਕਿ ਇਹ ਵੱਡਾ ਹੋ ਕੇ ਨਕਸਲੀ ਬਣੇਗਾ। ਇਸ ਤੋਂ ਪਹਿਲਾਂ ਗਚਨਪੱਲੀ ਪਿੰਡ 'ਚ 6 ਆਦਿਵਾਸੀਆਂ ਨੂੰ ਇਸੇ ਤਰ੍ਹਾਂ ਛੁਰਿਆਂ ਨਾਲ ਵੱਢ ਕੇ ਗੋਲੀਆਂ ਨਾਲ ਭੁੰਨ ਗਿਆ ਸੀ। ਇਹ ਕਤਲੇਆਮ ਮਨਮੋਹਣ ਸਿੰਘ-ਚਿਦੰਬਰਮ ਦੀ ਯੂ.ਪੀ.ਏ. ਸਰਕਾਰ ਵੱਲੋਂ ਜੰਗਲਾਂ-ਪਹਾੜਾਂ ਉੱਪਰ ਕਾਰਪੋਰੇਟਾਂ ਦਾ ਕਬਜ਼ਾ ਕਰਾਉਣ ਲਈ ਸ਼ੁਰੂ ਕੀਤੇ ਓਪਰੇਸ਼ਨ ਗ੍ਰੀਨ ਹੰਟ ਦੇ ਨਾਂ ਹੇਠ ਆਦਿਵਾਸੀਆਂ ਦੀ ਨਸਲਕੁਸ਼ੀ ਅਤੇ ਉਨ੍ਹਾਂ ਦੇ ਪਿੰਡਾਂ ਦੀ ਸਾੜਫੂਕ, ਉਜਾੜੇ ਅਤੇ ਆਦਿਵਾਸੀ ਔਰਤਾਂ ਨਾਲ ਸਮੂਹਿਕ ਬਲਾਤਕਾਰਾਂ ਦੀ ਹਕੂਮਤੀ ਮੁਹਿੰਮ ਦਾ ਹਿੱਸਾ ਸਨ। ਆਦਿਵਾਸੀਆਂ ਦੀ ਨਸਲਕੁਸ਼ੀ ਅੱਜ ਵੀ ਜਾਰੀ ਹੈ ਅਤੇ ਬਸਤਰ ਦੀ ਸਖ਼ਤ ਘੇਰਾਬੰਦੀ ਕਾਰਨ ਕੋਈ ਵੀ ਜਾਣਕਾਰੀ ਬਾਹਰ ਨਹੀਂ ਆ ਰਹੀ।

ਇਸ ਰਾਜਕੀ ਦਹਿਸ਼ਤਵਾਦ ਵਿਰੁੱਧ ਗਾਂਧੀਵਾਦੀ ਹਿਮਾਂਸ਼ੂ ਕੁਮਾਰ ਨੇ ਆਵਾਜ਼ ਉਠਾਈ ਅਤੇ ਉਨ੍ਹਾਂ ਨੇ ਕਤਲੇਆਮ ਦੇ ਪੀੜਤਾਂ ਨੂੰ ਨਿਆਂ ਦਿਵਾਉਣ ਲਈ ਬੁਰੀ ਤਰ੍ਹਾਂ ਜ਼ਖ਼ਮੀ ਸੋਡੀ ਸੰਭੋ ਸਮੇਤ 12 ਚਸ਼ਮਦੀਦੀ ਗਵਾਹਾਂ ਨੂੰ ਨਾਲ ਲੈ ਕੇ ਸੁਪਰੀਮ ਕੋਰਟ 'ਚ ਪਟੀਸ਼ਨ ਦਾਇਰ ਕਰਕੇ ਮੰਗ ਕੀਤੀ ਕਿ ਇਨ੍ਹਾਂ ਕਤਲੇਆਮਾਂ ਦੀ ਜਾਂਚ ਸਿੱਟ ਬਣਾ ਕੇ ਸੀ.ਬੀ.ਆਈ. ਤੋਂ ਕਰਾਈ ਜਾਵੇ। ਵਿਸ਼ੇਸ਼ ਜਾਂਚ ਇਸ ਕਰਕੇ ਜ਼ਰੂਰੀ ਸੀ ਕਿ ਪੁਲਿਸ ਐੱਫ.ਆਈ.ਆਰ. ਦਰਜ ਨਹੀਂ ਕਰ ਰਹੀ ਸੀ ਸਗੋਂ ਕਤਲੇਆਮ ਦੇ ਸਬੂਤ ਖ਼ਤਮ ਕਰਨ 'ਚ ਜੁੱਟੀ ਹੋਈ ਸੀ। ਜ਼ਖ਼ਮੀਆਂ ਅਤੇ ਹੋਰ ਚਸ਼ਮਦੀਦ ਗਵਾਹਾਂ ਨੂੰ ਦਹਿਸ਼ਤਜ਼ਦਾ ਕਰਕੇ ਉਨ੍ਹਾਂ ਨੂੰ ਜ਼ੁਬਾਨ ਬੰਦ ਰੱਖਣ ਲਈ ਧਮਕਾਇਆ ਜਾ ਰਿਹਾ ਸੀ। ਪੱਤਰਕਾਰਾਂ ਨੂੰ ਡਰਾ-ਧਮਕਾ ਕੇ ਪਿੰਡ 'ਚ ਜਾਣ ਤੋਂ ਰੋਕਿਆ ਜਾ ਰਿਹਾ ਸੀ ਤਾਂ ਜੁ ਉਹ ਪਿੰਡ ਵਾਸੀਆਂ ਦਾ ਪੱਖ ਨਾ ਜਾਣ ਸਕਣ। ਤਮਾਮ ਰੋਕਾਂ ਦੇ ਬਾਵਜੂਦ ਖੋਜੀ ਪੱਤਰਕਾਰਾਂ ਅਤੇ ਕਾਰਕੁੰਨਾਂ ਦੀਆਂ ਤੱਥ ਖੋਜ ਟੀਮਾਂ ਨੇ ਇਨ੍ਹਾਂ ਕਤਲੇਆਮ ਦਾ ਸੱਚ ਸਾਹਮਣੇ ਲਿਆਂਦਾ। ਛੱਤੀਸਗੜ੍ਹ ਸਰਕਾਰ ਅਤੇ ਬਸਤਰ ਪੁਲਿਸ ਹਿਮਾਂਸ਼ੂ ਕੁਮਾਰ ਤੋਂ ਬੇਹੱਦ ਖ਼ਫ਼ਾ ਸੀ ਕਿਉਂਕਿ ਉਨ੍ਹਾਂ ਦਾ 'ਵਣਵਾਸੀ ਚੇਤਨਾ ਆਸ਼ਰਮ' ਹੀ ਪੁਲਿਸ ਅਤੇ ਸੁਰੱਖਿਆ ਬਲਾਂ ਦੀਆਂ ਧੱਕੇਸ਼ਾਹੀਆਂ ਦੀ ਜਾਣਕਾਰੀ ਪੱਤਰਕਾਰਾਂ ਅਤੇ ਜਾਂਚ ਟੀਮਾਂ ਨੂੰ ਦਿੰਦਾ ਸੀ। ਜਦੋਂ ਹਿਮਾਂਸ਼ੂ ਕੁਮਾਰ ਨੇ ਕਥਿਤ ਵਿਕਾਸ ਅਤੇ ਓਪਰੇਸ਼ਨ ਗ੍ਰੀਨ ਹੰਟ ਵਿਰੁੱਧ ਬਸਤਰ ਵਿਚ 'ਲੋਕ ਸੁਣਵਾਈ' ਆਯੋਜਿਤ ਕਰਨ ਦੀ ਕੋਸ਼ਿਸ਼ ਕੀਤੀ ਤਾਂ ਹਕੂਮਤ ਹੋਰ ਵੀ ਬੌਖਲਾ ਗਈ।

ਇਸੇ ਕਤਲੇਆਮ ਸਬੰਧੀ ਇਕ ਵੱਖਰੀ ਪਟੀਸ਼ਨ 6 ਜਨਵਰੀ 2010 ਨੂੰ ਪੀ. ਯੂ. ਸੀ. ਐੱਲ. ਅਤੇ ਪੀ.ਯੂ.ਡੀ.ਆਰ. ਵੱਲੋਂ ਪਾਈ ਗਈ ਸੀ। ਜਿਸ ਰਾਹੀਂ ਸੁਪਰੀਮ ਕੋਰਟ ਦੇ ਧਿਆਨ ਵਿਚ ਲਿਆਂਦਾ ਗਿਆ ਕਿ ਗੋਂਪਾੜ ਕਤਲੇਆਮ 'ਚ ਜ਼ਖ਼ਮੀ ਹੋਈ ਆਦਿਵਾਸੀ ਸੋਡੀ ਸਾਂਭੋ ਨੂੰ ਪੁਲਿਸ ਵੱਲੋਂ ਉਪਰੋਕਤ ਪਟੀਸ਼ਨ ਵਾਪਸ ਲੈਣ ਲਈ ਡਰਾਇਆ ਧਮਕਾਇਆ ਜਾ ਰਿਹਾ ਹੈ ਅਤੇ ਉਸੇ ਪੁਲਿਸ ਵੱਲੋਂ 'ਸੁਰੱਖਿਆ' ਦੇ ਨਾਂ ਹੇਠ ਅਗਵਾ ਕਰਕੇ ਰੱਖਿਆ ਜਾ ਰਿਹਾ ਹੈ ਜਿਸ ਉੱਪਰ ਕਤਲੇਆਮ ਦੋਸ਼ ਸਨ। ਪੀ. ਯੂ. ਡੀ. ਆਰ. ਨੇ ਪ੍ਰਧਾਨ ਮੰਤਰੀ ਦੇ ਨਾਂ ਇਕ ਖੁੱਲ੍ਹੀ ਚਿੱਠੀ ਵੀ ਲਿਖੀ ਸੀ ਜਿਸ ਵਿਚ ਬਸਤਰ ਦੇ ਭਿਆਨਕ ਹਾਲਾਤ ਬਿਆਨ ਕੀਤੇ ਗਏ ਸਨ। ਪਟੀਸ਼ਨ ਵਿਚ ਬਸਤਰ ਦੇ ਹਾਲਾਤ ਬਾਰੇ ਇਹ ਤੱਥ ਸੁਪਰੀਮ ਕੋਰਟ ਦੇ ਧਿਆਨ 'ਚ ਲਿਆਂਦੇ ਗਏ ਕਿ ਪੁਲਿਸ, ਐੱਸ.ਪੀ.ਓਜ਼ ਅਤੇ ਸੁਰੱਖਿਆ ਬਲਾਂ ਨੇ ਬਸਤਰ ਵਿਚ ਬੇਹੱਦ ਦਹਿਸ਼ਤ ਦਾ ਮਾਹੌਲ ਪੈਦਾ ਕਰ ਰੱਖਿਆ ਹੈ। ਕਿ ਦਿੱਲੀ ਯੂਨੀਵਰਸਿਟੀ ਦੇ ਦੋ ਪ੍ਰੋਫੈਸਰਾਂ ਨੰਦਿਨੀ ਸੁੰਦਰ ਅਤੇ ਉਜਵਲ ਕੁਮਾਰ ਸਿੰਘ ਨੇ ਜਦੋਂ 29-31 ਦਸੰਬਰ ਨੂੰ ਦਾਂਤੇਵਾੜਾ ਦਾ ਦੌਰਾ ਕੀਤਾ ਤਾਂ ਹਥਿਆਰਬੰਦ ਐੱਸ. ਪੀ. ਓਜ਼. ਨੇ ਉਨ੍ਹਾਂ ਘੇਰ ਲਿਆ ਅਤੇ ਉਨ੍ਹਾਂ ਦਾ ਪਿੱਛਾ ਕਰਦੇ ਰਹੇ। ਕਿ ਹਿਮਾਂਸ਼ੂ ਕੁਮਾਰ ਵੱਲੋਂ 'ਵਣਵਾਸੀ ਚੇਤਨਾ ਆਸ਼ਰਮ' ਵਿਖੇ ਆਯੋਜਿਤ ਕੀਤੀ ਪੈਦਲ ਯਾਤਰਾ ਅਤੇ ਲੋਕ ਸੁਣਵਾਈ ਨਹੀਂ ਹੋਣ ਦਿੱਤੀ ਗਈ। ਇਨ੍ਹਾਂ ਪ੍ਰੋਗਰਾਮਾਂ 'ਚ ਹਿੱਸਾ ਲੈਣ ਜਾ ਰਹੇ ਪੱਤਰਕਾਰਾਂ ਅਤੇ ਕਾਰਕੁੰਨਾਂ ਨੂੰ ਉੱਥੋਂ ਜਾਣ ਤੋਂ ਰੋਕ ਦਿੱਤਾ ਗਿਆ ਅਤੇ ਕਈਆਂ ਦੀ ਕੁੱਟਮਾਰ ਵੀ ਕੀਤੀ ਗਈ। ਕਿ ਦੰਤੇਵਾੜਾ ਜਾ ਰਹੀ ਔਰਤਾਂ ਦੀ ਨੈਸ਼ਨਲ ਟੀਮ ਨੂੰ ਰਾਏਪੁਰ 'ਚ ਹੀ ਜ਼ਲੀਲ ਕਰਕੇ ਉੱਥੋਂ ਵਾਪਸ



ਮੋੜ ਦਿੱਤਾ ਗਿਆ। ਕਿ ਪੁਲਿਸ ਦੀ ਸਰਪ੍ਰਸਤੀ ਵਾਲੇ 'ਮਾਂ ਦੰਤੇਸ਼ਵਰੀ ਸਵੈਭਿਮਾਨ ਮੰਚ' ਦੇ ਹਜੂਮ ਨੇ ਨੈਸ਼ਨਲ ਅਲਾਇੰਸ ਆਫ ਪੀਪਲਜ਼ ਮੂਵਮੈਂਟਸ ਦੇ ਕਾਰਕੁੰਨਾਂ ਮੇਧਾ ਪਟਕਰ ਅਤੇ ਪ੍ਰੋਫੈਸਰ ਸੰਦੀਪ ਪਾਂਡੇ ਉੱਪਰ ਆਂਡੇ ਅਤੇ ਗੰਦਗੀ ਸੁੱਟ ਕੇ ਅਤੇ ਹਮਲਾ ਕਰਕੇ ਲੋਕ ਸੁਣਵਾਈ 'ਚ ਸਰੇਆਮ ਖ਼ਲਲ ਪਾਇਆ। ਇੱਥੋਂ ਤੱਕ ਕਿ ਜਦੋਂ ਦਿੱਲੀ ਦੇ ਏਮਜ਼ ਵਿਚ ਇਲਾਜ ਲਈ ਦਾਖ਼ਲ ਕਰਾਈ ਜ਼ਖ਼ਮੀ ਆਦਿਵਾਸੀ ਸੋਡੀ ਸੰਭੋ ਨੂੰ ਹੱਕਾਂ ਦੇ ਕਾਰਕੁੰਨਾਂ ਅਤੇ ਪੱਤਰਕਾਰਾਂ ਨੇ ਮਿਲਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨੂੰ ਮਿਲਣ ਨਹੀਂ ਦਿੱਤਾ ਗਿਆ। ਸੋਡੀ ਸੰਭੋ ਦੇ ਵਕੀਲਾਂ ਨੂੰ ਵੀ ਉਸ ਨੂੰ ਮਿਲਣ ਲਈ ਅਦਾਲਤ ਦਾ ਸਹਾਰਾ ਲੈਣਾ ਪਿਆ ਅਤੇ ਇਹ ਹੁਕਮ ਆਉਣ ਤੋਂ ਇਕ ਪਹਿਲਾਂ ਹੀ ਪੁਲਿਸ ਨੇ ਉਸ ਨੂੰ ਏਮਜ਼ ਤੋਂ ਗ਼ਾਇਬ ਕਰ ਦਿੱਤਾ।

ਮਜ਼ਲੂਮਾਂ ਨੂੰ ਸਰਵਉੱਚ ਅਦਾਲਤ ਤੋਂ ਨਿਆਂ ਦਾ ਇੰਤਜ਼ਾਰ ਸੀ। ਹੁਣ 13 ਸਾਲ ਬਾਦ ਉਸ ਪਟੀਸ਼ਨ ਉੱਪਰ ਸੁਪਰੀਮ ਕੋਰਟ ਦਾ ਫ਼ੈਸਲਾ ਆਇਆ ਹੈ। ਸੁਪਰੀਮ ਕੋਰਟ ਨੇ ਬਿਨਾਂ ਕੋਈ ਜਾਂਚ ਕਰਾਏ ਇਹ ਫ਼ਤਵਾ ਦੇ ਕੇ ਪਟੀਸ਼ਨ ਖਾਰਜ ਕਰ ਦਿੱਤੀ ਕਿ 'ਜਾਂਚ ਵਿਚ ਰੱਤੀ ਭਰ ਵੀ ਐਸੀ ਸਮੱਗਰੀ ਨਹੀਂ ਮਿਲੀ ਜਿਸ ਦੇ ਆਧਾਰ 'ਤੇ ਪੁਲਿਸ ਫੋਰਸ ਦੇ ਮੈਂਬਰਾਂ ਵੱਲ ਉਂਗਲੀਂ ਵੀ ਕੀਤੀ ਜਾ ਸਕੇ।' ਪੁਲਿਸ ਵੱਲੋਂ ਪੇਸ਼ ਕੀਤੀ ਇਸ ਝੂਠੀ ਕਹਾਣੀ ਨੂੰ ਮੰਨ ਲਿਆ ਗਿਆ ਕਿ ਛੇ ਆਦਿਵਾਸੀਆਂ ਨੇ ਦਿੱਲੀ ਦੀ ਸਥਾਨਕ ਅਦਾਲਤ 'ਚ ਬਿਆਨ ਦਿੱਤਾ ਸੀ ਕਿ ਕਤਲੇਆਮ ਅਣਪਛਾਤੇ ਬੰਦੂਕਧਾਰੀਆਂ ਵੱਲੋਂ ਕੀਤਾ ਗਿਆ ਅਤੇ ਸੁਰੱਖਿਆ ਬਲਾਂ ਉੱਪਰ ਲਾਏ ਇਲਜ਼ਾਮ ਝੂਠੇ ਹਨ। ਜੱਜਾਂ ਨੇ ਹਿਮਾਂਸ਼ੂ ਕੁਮਾਰ ਅਤੇ ਉਸ ਦੇ ਸਾਥੀਆਂ ਵੱਲੋਂ ਜ਼ਖ਼ਮੀ ਸੋਡੀ ਸੰਭੋ ਨੂੰ ਦੰਤੇਵਾੜਾ ਤੋਂ ਇਲਾਜ ਅਤੇ ਕਾਨੂੰਨੀ ਚਾਰਾਜੋਈ ਲਈ ਰਾਏਪੁਰ ਲਿਜਾਣ 'ਚ ਬਸਤਰ ਪੁਲਿਸ ਵੱਲੋਂ ਖੜ੍ਹੀਆਂ ਕੀਤੀਆਂ ਦਹਿਸ਼ਤ ਪਾਊ ਰੁਕਾਵਟਾਂ ਨੂੰ ਵੀ ਦਰਕਿਨਾਰ ਕਰ ਦਿੱਤਾ। ਬਸਤਰ ਦੀ ਪੁਲਿਸ ਨੂੰ ਕਲੀਨ ਚਿੱਟ ਦੇ ਰਹੇ ਜੱਜ ਯਾਦ ਨਹੀਂ ਰੱਖਣਾ ਚਾਹੁੰਦੇ ਕਿ ਇਹ ਉਹੀ ਪੁਲਿਸ ਹੈ ਜਿਸ ਦੇ ਪੁਲਿਸ ਅਧਿਕਾਰੀ ਅੰਕਿਤ ਗਰਗ ਨੇ ਪੁਲਿਸ ਹਿਰਾਸਤ 'ਚ ਆਦਿਵਾਸੀ ਕਾਰਕੁਨ ਸੋਨੀ ਸੋਰੀ ਦੇ ਗੁਪਤ ਅੰਗਾਂ 'ਚ ਪੱਥਰ ਤੁੰਨ ਦਿੱਤੇ ਸਨ। ਜਿਸ ਪੁਲਿਸ ਨੇ ਮੁਕਾਬਲਿਆਂ ਦੀ ਜਾਂਚ ਲਈ ਬਸਤਰ 'ਚ ਗਈ ਸੀ.ਬੀ.ਆਈ. ਦੀ ਟੀਮ ਅਤੇ ਸਵਾਮੀ ਅਗਨੀਵੇਸ਼ ਉੱਪਰ ਵੀ ਹਮਲਾ ਕਰ ਦਿੱਤਾ ਸੀ ਅਤੇ ਉਹ ਮਸਾਂ ਜਾਨ ਬਚਾ ਕੇ ਉੱਥੋਂ ਆਏ ਸਨ। ਪਹਿਲਾਂ ਹੀ ਇਹ ਸੰਕੇਤ ਆ ਰਹੇ ਸਨ ਕਿ ਕੇਂਦਰ ਸਰਕਾਰ ਗੋਂਪਾੜ ਕਤਲੇਆਮ 'ਚ ਦਾਇਰ ਕੀਤੀ ਪਟੀਸ਼ਨ ਨੂੰ ਰੱਦ ਕਰਾਉਣ ਲਈ ਹਰ ਹਰਬਾ ਵਰਤ ਰਹੀ ਹੈ। ਮਾਰਚ ਮਹੀਨੇ ਪਟੀਸ਼ਨ ਦਾ ਵਿਰੋਧ ਕਰਨ ਦੇ ਨਾਲ ਨਾਲ ਹਕੂਮਤ ਵੱਲੋਂ ਹਲਫ਼ਨਾਮਾ ਦਾਇਰ ਕਰਕੇ ਮੰਗ ਕੀਤੀ ਗਈ ਕਿ ਪਟੀਸ਼ਨ ਕਰਤਾਵਾਂ ਵਿਰੁੱਧ ਝੂਠੀ ਗਵਾਹੀ ਦੇਣ ਲਈ ਕਾਰਵਾਈ ਕੀਤੀ ਜਾਵੇ। ਦਲੀਲ ਇਹ ਦਿੱਤੀ ਗਈ ਕਿ ਇਨ੍ਹਾਂ ਖੇਤਰਾਂ 'ਚ ਆਦਿਵਾਸੀ ਲੋਕ ਖੱਬੇਪੱਖੀ ਹਿੰਸਾ ਅਤੇ ਬੇਇਨਸਾਫ਼ੀ ਦੇ ਸ਼ਿਕਾਰ ਹਨ ਪਰ ਕੁਝ ਵਿਅਕਤੀ ਭੋਲੇਭਾਲੇ ਆਦਿਵਾਸੀਆਂ ਨੂੰ ਵਰਗਲਾ ਕੇ ਖੱਬੇਪੱਖੀ ਅੱਤਵਾਦੀਆਂ ਨੂੰ ਸੁਰੱਖਿਆ ਬਲਾਂ ਹੱਥੋਂ ਮਾਰੇ ਜਾ ਰਹੇ ਬੇਕਸੂਰ ਆਦਿਵਾਸੀ ਬਣਾ ਕੇ ਪੇਸ਼ ਕਰਨ ਦੀ ਬਦਨੀਅਤ ਨਾਲ ਮਾਨਯੋਗ ਅਦਾਲਤ ਨੂੰ ਧੋਖਾ ਦੇ ਰਹੇ ਹਨ। 2009 ਤੋਂ ਹੀ ਬਸਤਰ ਪੁਲਿਸ ਅਤੇ ਛੱਤੀਸਗੜ੍ਹ ਸਰਕਾਰ ਇਹ ਬਿਰਤਾਂਤ ਸਿਰਜ ਰਹੀ ਸੀ ਕਿ ਕੋਈ ਵੀ ਆਦਿਵਾਸੀ ਗਵਾਹੀ ਦੇਣ ਲਈ ਅੱਗੇ ਨਹੀਂ ਆਇਆ। ਜਦਕਿ ਪਟੀਸ਼ਨ ਦਾਇਰ ਕਰਨ ਵਾਲੇ 12 ਵਿਅਕਤੀਆਂ 'ਚ ਚਸ਼ਮਦੀਦ ਗਵਾਹ ਸੋਡੀ ਸੰਭੋ ਵੀ ਸ਼ਾਮਿਲ ਸੀ ਜਿਸ ਨੇ ਆਪਣੀਆਂ ਅੱਖਾਂ ਨਾਲ ਸੁਰੱਖਿਆ ਬਲਾਂ ਅਤੇ ਪੁਲਿਸ ਨੂੰ ਆਪਣੇ ਪਰਿਵਾਰ ਮੈਂਬਰਾਂ ਨੂੰ ਕਤਲ ਕਰਦੇ ਦੇਖਿਆ ਸੀ। ਸਿਤਮਜ਼ਰੀਫ਼ੀ ਇਹ ਹੈ ਕਿ ਸੁਪਰੀਮ ਕੋਰਟ ਦੇ ਜੱਜ ਨਿਆਂਸ਼ਾਸਤਰ ਨੂੰ ਦਰਕਿਨਾਰ ਕਰਕੇ ਹੁਕਮਰਾਨ ਧਿਰ ਦੇ ਝੂਠ ਨੂੰ ਸਵੀਕਾਰ ਕਰ ਰਹੇ ਹਨ ਜਦਕਿ ਨਿਆਂ ਦਾ ਤਕਾਜ਼ਾ ਮੰਗ ਕਰਦਾ ਹੈ ਕਿ ਮਜ਼ਲੂਮਾਂ ਦੀਆਂ ਦਰਖ਼ਾਸਤਾਂ ਦਾ ਫ਼ੈਸਲਾ ਤੱਥਾਂ ਅਤੇ ਉਨ੍ਹਾਂ ਸਮੁੱਚੇ ਹਾਲਾਤ ਨੂੰ ਮੁੱਖ ਰੱਖ ਕੇ ਲਿਆ ਜਾਂਦਾ ਜਿਨ੍ਹਾਂ 'ਚ ਚਸ਼ਮਦੀਦ ਗਵਾਹ ਅਤੇ ਪੀੜਤ ਪੁਲਿਸ ਤਸ਼ੱਦਦ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦੇ ਦਬਾਓ ਹੇਠ ਪੁਲਿਸ ਦੀ ਮਰਜ਼ੀ ਅਨੁਸਾਰ ਬਿਆਨ ਦੇਣ ਲਈ ਮਜਬੂਰ ਹੋ ਜਾਂਦੇ ਹਨ।

ਹਿਮਾਂਸ਼ੂ ਕੁਮਾਰ ਇਹ ਫ਼ੈਸਲਾ ਆਉਣ 'ਤੇ ਭੈਭੀਤ ਨਹੀਂ ਹੋਏ। ਉਹ ਹਿੱਕ ਠੋਕ ਕੇ ਕਹਿੰਦੇ ਹਨ ਕਿ ਉਨ੍ਹਾਂ ਵੱਲੋਂ ਸੁਪਰੀਮ ਕੋਰਟ ਦੇ ਧਿਆਨ 'ਚ ਲਿਆਂਦੇ ਐਸੇ 519 ਕੇਸਾਂ ਵਿੱਚੋਂ ਜਾਂਚ ਦੌਰਾਨ ਇਕ ਵੀ ਕੇਸ ਝੂਠਾ ਸਾਬਤ ਨਹੀਂ ਹੋਇਆ। ਉਹ ਸੱਚ 'ਤੇ ਡੱਟੇ ਹੋਏ ਹਨ ਅਤੇ ਇਹ ਉਨ੍ਹਾਂ ਉੱਪਰ ਸਟੇਟ ਦਾ ਪਹਿਲਾ ਹਮਲਾ ਨਹੀਂ ਹੈ। 2010 'ਚ ਬਸਤਰ ਦੇ ਦੰਤੇਵਾੜਾ 'ਚ ਉਨ੍ਹਾਂ ਦਾ ਆਸ਼ਰਮ ਪੁਲਿਸ ਵੱਲੋਂ ਬੁਲਡੋਜ਼ਰ ਨਾਲ ਢਾਹ ਦਿੱਤਾ ਗਿਆ ਸੀ। ਬਸਤਰ ਪੁਲਿਸ ਦੇ ਅਧਿਕਾਰੀਆਂ ਦੀ ਯੋਜਨਾ ਉਸ ਨੂੰ ਕਤਲ ਕਰਨ ਦੀ ਸੀ। ਪਰ ਉਹ ਅਗੇਤੀ ਸੂਚਨਾ ਮਿਲ ਜਾਣ ਕਾਰਨ ਕਿਸੇ ਤਰ੍ਹਾਂ ਰਾਤ ਦੇ ਹਨੇਰੇ 'ਚ ਆਪਣੀ ਜਾਨ ਬਚਾ ਕੇ ਉੱਥੋਂ ਨਿੱਕਲ ਆਏ ਸਨ। ਹਿਮਾਂਸ਼ੂ ਕੁਮਾਰ ਉੱਪਰ ਝੂਠੇ ਦੋਸ਼ ਲਗਾਉਣ ਦਾ ਠੱਪਾ ਹਕੂਮਤ ਨੇ ਪਹਿਲੀ ਵਾਰ ਨਹੀਂ ਲਗਾਇਆ। ਜਦੋਂ ਉਨ੍ਹਾਂ ਨੇ ਸਲਵਾ ਜੁਡਮ ਦੌਰਾਨ ਦੰਤੇਵਾੜਾ ਜ਼ਿਲ੍ਹੇ ਦੇ ਪਿੰਡ ਸਾਮਸੇਤੀ ਦੀਆਂ ਚਾਰ ਆਦਿਵਾਸੀ ਕੁੜੀਆਂ ਨਾਲ ਬਲਾਤਕਾਰ ਕਰਨ ਵਾਲੇ ਐੱਸ.ਪੀ.ਓਜ਼. ਵਿਰੁੱਧ ਕੇਸ ਦਰਜ ਕਰਾਉਣ ਲਈ ਬਿਲਾਸਪੁਰ ਹਾਈਕੋਰਟ 'ਚ ਪਹੁੰਚ ਕੀਤੀ ਸੀ ਤਾਂ ਸੁਣਵਾਈ ਤੋਂ ਪਹਿਲਾਂ ਹੀ ਉਨ੍ਹਾਂ ਹੀ ਐੱਸ.ਪੀ.ਓਜ਼ ਨੇ ਪੀੜਤ ਕੁੜੀਆਂ ਨੂੰ ਅਗਵਾ ਕਰ ਲਿਆ ਸੀ ਅਤੇ ਉਨ੍ਹਾਂ ਨੂੰ ਪੰਜ ਦਿਨ ਥਾਣੇ 'ਚ ਗ਼ੈਰਕਾਨੂੰਨੀ ਹਿਰਾਸਤ 'ਚ ਰੱਖਕੇ ਉਨ੍ਹਾਂ ਤੋਂ ਕੋਰੇ ਕਾਗਜ਼ਾਂ ਉੱਪਰ ਜ਼ਬਰਦਸਤੀਂ ਅੰਗੂਠੇ ਲਗਵਾ ਕੇ ਇਹ ਲਿਖ ਲਿਆ ਸੀ ਕਿ ਹਿਮਾਂਸ਼ੂ ਕੁਮਾਰ ਉਨ੍ਹਾਂ ਉੱਪਰ ਬਲਾਤਕਾਰ ਦੇ ਦੋਸ਼ ਲਗਾਉਣ ਲਈ ਦਬਾਓ ਪਾ ਰਿਹਾ ਹੈ। ਹਿਮਾਂਸ਼ੂ ਕੁਮਾਰ ਨੇ ਹੁਣ ਵੀ ਸੁਪਰੀਮ ਕੋਰਟ ਵੱਲੋਂ ਸਵੀਕਾਰ ਕੀਤੀ ਹਕੂਮਤ ਦੀ ਝੂਠੀ ਕਹਾਣੀ ਨੂੰ ਤੱਥਾਂ ਸਹਿਤ ਚੁਣੌਤੀ ਦਿੱਤੀ ਹੈ ਕਿ ਸੋਡੀ ਸ਼ੰਭੋ ਸਮੇਤ ਪਟੀਸ਼ਨ ਕਰਤਾਵਾਂ ਵਿੱਚੋਂ ਛੇ ਆਦਿਵਾਸੀਆਂ ਨੂੰ ਪੁਲਿਸ ਨੇ ਅਗਵਾ ਕੀਤਾ ਸੀ ਜਿਸ ਦੇ ਉਨ੍ਹਾਂ ਕੋਲ ਪੱਤਰਕਾਰਾਂ ਵੱਲੋਂ ਮੌਕੇ 'ਤੇ ਬਣਾਏ ਵੀਡੀਓ ਦੇ ਸਬੂਤ ਮੌਜੂਦ ਹਨ। ਪੁਲਿਸ ਨੇ ਉਨ੍ਹਾਂ ਆਦਿਵਾਸੀਆਂ ਨੂੰ ਦਿੱਲੀ ਲਿਆ ਕੇ ਤੀਸ ਹਜ਼ਾਰੀ ਅਦਾਲਤ 'ਚ ਬਿਆਨ ਦਿਵਾਇਆ ਕਿ ਕਤਲੇਆਮ ਅਣਪਛਾਤੇ ਵਰਦੀਧਾਰੀਆਂ ਨੇ ਕੀਤਾ ਸੀ ਜਦਕਿ ਉਸ ਸਮੇਂ ਦੀਆਂ ਮੀਡੀਆ ਰਿਪੋਰਟਾਂ ਅਤੇ ਆਜ਼ਾਦਾਨਾ ਤੱਥ ਖੋਜ ਰਿਪੋਰਟਾਂ ਇਸ ਦਾ ਸਬੂਤ ਹਨ ਕਿ ਗੋਂਪਾੜ ਕਾਂਡ ਸੁਰੱਖਿਆ ਦਸਤਿਆਂ ਦਾ ਕਾਰਾ ਸੀ। ਓਪਰੇਸ਼ਨ ਗ੍ਰੀਨ ਹੰਟ ਦੇ ਪਹਿਲੇ ਦੋ ਮਹੀਨਿਆਂ 'ਚ ਹੀ ਸੈਂਕੜੇ ਆਦਿਵਾਸੀਆਂ ਨੂੰ ਕਤਲ ਕਰ ਦਿੱਤਾ ਗਿਆ ਸੀ। ਇਸ ਤੋਂ ਪਹਿਲਾਂ ਸਲਡਾ ਜੁਡਮ ਦੌਰਾਨ 644 ਆਦਿਵਾਸੀ ਪਿੰਡ ਸਰਕਾਰੀ ਸਰਪ੍ਰਸਤੀ ਵਾਲੇ ਗ਼ੈਰਕਾਨੂੰਨੀ ਗਰੋਹਾਂ ਅਤੇ ਪੁਲਿਸ ਨੇ ਸਾੜ ਦਿੱਤੇ ਸਨ ਅਤੇ ਸੈਂਕੜੇ ਔਰਤਾਂ ਨਾਲ ਸਮੂਹਿਕ ਬਲਾਤਕਾਰ ਕੀਤੇ ਗਏ ਸਨ।

ਹਿਮਾਂਸ਼ੂ ਕੁਮਾਰ ਦੀ ਦਲੀਲ 'ਚ ਦਮ ਹੈ ਕਿ ਅਸੀਂ ਜਾਂਚ ਦੀ ਮੰਗ ਕਰ ਰਹੇ ਸੀ, ਸੁਪਰੀਮ ਕੋਰਟ ਦਾ ਫਰਜ਼ ਸੀ ਜਾਂਚ ਕਰਾਉਣਾ। ਜਾਂਚ ਕਰਾਏ ਬਿਨਾਂ ਹੀ ਸੁਪਰੀਮ ਕੋਰਟ ਦਾ ਬੈਂਚ ਸਰਕਾਰ ਦੀ ਕਹਾਣੀ ਨੂੰ ਸਵੀਕਾਰ ਕਰਕੇ ਕਿਵੇਂ ਕਹਿ ਸਕਦਾ ਹੈ ਕਿ ਪਟੀਸ਼ਨ ਕਰਤਾਵਾਂ ਨੂੰ ਵਰਗਲਾ ਕੇ ਲਿਆਂਦਾ ਗਿਆ ਸੀ। ਬਹੁਤ ਸਾਰੇ ਕਤਲੇਆਮ ਹਨ ਜਿਨ੍ਹਾਂ ਵਿਚ ਪੁਲਿਸ ਅਤੇ ਸਰਕਾਰ ਦੇ ਮਾਓਵਾਦੀਆਂ ਨਾਲ ਮੁਕਾਬਲਿਆਂ, ਮਾਓਵਾਦੀਆਂ ਵੱਲੋਂ ਆਦਿਵਾਸੀਆਂ ਦੇ ਕਤਲਾਂ ਤੇ ਉਨ੍ਹਾਂ ਦੇ ਘਰ ਸਾੜਨ ਦੇ ਦਾਅਵੇ ਝੂਠੇ ਸਾਬਤ ਹੋਏ। ਜਾਂਚ ਰਿਪੋਰਟਾਂ 'ਚ ਸਾਹਮਣੇ ਆਇਆ ਕਿ ਮਾਰੇ ਗਏ ਲੋਕ ਹਥਿਆਰਬੰਦ ਮਾਓਵਾਦੀ ਨਹੀਂ ਦਰਅਸਲ ਬੇਕਸੂਰ ਆਦਿਵਾਸੀ ਸਨ। ਸਿੰਗਾਰਾਮ 'ਚ 19 ਆਦਿਵਾਸੀ ਮਰਦਾਂ-ਔਰਤਾਂ ਨੂੰ ਕਤਲ ਕਰਨ ਤੋਂ ਪਹਿਲਾਂ ਚਾਰ ਆਦਿਵਾਸੀ ਲੜਕੀਆਂ ਨਾਲ ਬਲਾਤਕਾਰ ਦੇ ਕੇਸ 'ਚ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੀ ਰਿਪੋਰਟ ਕਹਿੰਦੀ ਹੈ ਕਿ ਆਮ ਆਦਿਵਾਸੀਆਂ ਨੂੰ ਕਤਲ ਕਰਕੇ ਨਕਸਲੀ ਕਰਾਰ ਦੇ ਦਿੱਤਾ ਗਿਆ। ਸਰਕੇਗੁੜਾ ਕਤਲੇਆਮ ਬਾਰੇ ਜੁਡੀਸ਼ੀਅਲ ਕਮਿਸ਼ਨ ਦੀ

ਰਿਪੋਰਟ ਹੈ ਕਿ ਮਾਰੇ ਗਏ 17 ਵਿਅਕਤੀ ਬੇਕਸੂਰ ਆਦਿਵਾਸੀ ਸਨ। ਏੜਮਮੇਟਾ ਕਾਂਡ ’ਚ ਵੀ ਜੁਡੀਸ਼ੀਅਲ ਕਮਿਸ਼ਨ ਦੀ ਰਿਪੋਰਟ ਹੈ ਕਿ ਮਾਰੇ ਗਏ ਅੱਠ ਆਦਿਵਾਸੀ ਨਕਸਲੀ ਨਹੀਂ ਸਨ। ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੀ ਇਕ ਹੋਰ ਰਿਪੋਰਟ ਕਹਿੰਦੀ ਹੈ ਕਿ ਸੁਰੱਖਿਆ ਬਲਾਂ ਨੇ 16 ਆਦਿਵਾਸੀ ਔਰਤਾਂ ਨਾਲ ਸਮੂਹਿਕ ਬਲਾਤਕਾਰ ਕੀਤਾ ਜਿਸ ਦੇ ਸਾਫ਼ ਸਬੂਤ ਮੌਜੂਦ ਹਨ। ਮਾਰਚ 2011 ’ਚ ਟਾੜਮੇਟਲਾ ਪਿੰਡ ’ਚ ਆਦਿਵਾਸੀਆਂ ਦੇ 160 ਘਰ ਜਲਾਏ ਜਾਣ ਬਾਰੇ ਬਸਤਰ ਪੁਲਿਸ ਨੇ ਦਾਅਵਾ ਕੀਤਾ ਸੀ ਕਿ ਇਹ ਮਾਓਵਾਦੀਆਂ ਨੇ ਜਲਾਏ ਸਨ। ਪਰ ਸੀ.ਬੀ.ਆਈ. ਨੇ ਜਾਂਚ ਕਰਨ ਤੋਂ ਬਾਦ ਸੁਪਰੀਮ ਕੋਰਟ ’ਚ ਰਿਪੋਰਟ ਪੇਸ਼ ਕੀਤੀ ਕਿ ਇਹ ਸੁਰੱਖਿਆ ਬਲਾਂ ਨੇ ਜਲਾਏ ਸਨ।

ਦਰਅਸਲ, ਆਰ.ਐੱਸ.ਐੱਸ.-ਭਾਜਪਾ ਸਰਕਾਰ ਨਿਆਂ ਦੀ ਹਰ ਕੋਸ਼ਿਸ਼ ਨੂੰ ਕੁਚਲ ਦੇਣਾ ਚਾਹੁੰਦੀ ਹੈ। ਉੱਚ ਅਦਾਲਤਾਂ ’ਚ ਪੁਲਿਸ, ਨੀਮਫ਼ੌਜੀ ਲਸ਼ਕਰਾਂ ਅਤੇ ਫ਼ੌਜ ਵਿਰੁੱਧ ਦਰਜ ਉਹ ਸਾਰੇ ਕੇਸ ਰਫ਼ਾ-ਦਫ਼ਾ ਕਰਵਾਏ ਜਾ ਰਹੇ ਹਨ ਜੋ ਮਜ਼ਲੂਮਾਂ ਵੱਲੋਂ ਨਿਆਂ ਲੈਣ ਦੀ ਕੋਸ਼ਿਸ਼ ’ਚ ਲੜੇ ਜਾ ਰਹੇ ਸਨ। ਚੋਟੀ ਦੇ ਕਾਨੂੰਨੀ ਮਾਹਰਾਂ ਨੂੰ ਲਗਾ ਕੇ ਕੇਂਦਰ ਸਰਕਾਰ ਨੇ ਜ਼ਕੀਆ ਜਾਫ਼ਰੀ ਦੀ ਪਟੀਸ਼ਨ ਰੱਦ ਕਰਵਾਈ ਅਤੇ ਤੀਸਤਾ ਸੀਤਲਵਾੜ ਦੀ ਗ੍ਰਿਫ਼ਤਾਰੀ ਦਾ ਰਾਹ ਪੱਧਰਾ ਕਰਵਾਇਆ। ਇਸੇ ਤਰ੍ਹਾਂ ਗੋਂਪਾੜ ਕਤਲੇਆਮ ਕੇਸ ’ਚ ਕਰਵਾਇਆ ਗਿਆ। ਇਹ ਸਪਸ਼ਟ ਹੈ ਕਿ ਕੇਂਦਰ ਸਰਕਾਰ ਪੁਲਿਸ ਤੇ ਹੋਰ ਸਰਕਾਰੀ ਲਸ਼ਕਰਾਂ ਵਿਰੁੱਧ ਜਾਇਜ਼ ਕਾਨੂੰਨੀ ਲੜਾਈ ਨੂੰ ਹਰ ਹੀਲੇ ਕੁਚਲਣ ’ਤੇ ਤੁਲੀ ਹੋਈ ਹੈ ਕਿਉਂਕਿ ਇਹ ਤਾਕਤਾਂ ਅਮਨ-ਕਾਨੂੰਨ ਦੇ ਨਾਂ ਹੇਠ ਲੋਕਾਂ ਦੇ ਵਿਰੋਧ ਨੂੰ ਦਬਾਉਣ ਅਤੇ ਹਕੂਮਤ ਦੀਆਂ ਨੀਤੀਆਂ ਨੂੰ ਲਾਗੂ ਕਰਾਉਣ ਦਾ ਸੰਦ ਹਨ।

ਇਕ ਤਰ੍ਹਾਂ ਨਾਲ ਇਹ ਫ਼ੈਸਲਾ ਗੁਜਰਾਤ ਕਤਲੇਆਮ ਦੇ ਮਾਮਲੇ ਵਿਚ ਤੀਸਤਾ ਸੀਤਲਵਾੜ ਅਤੇ ਦੋ ਪੁਲਿਸ ਅਧਿਕਾਰੀਆਂ ਵਿਰੁੱਧ ਫ਼ੈਸਲੇ ਦੀ ਅਗਲੀ ਕੜੀ ਹੀ ਹੈ। ਭੀਮਾ-ਕੋਰੇਗਾਓਂ ਕੇਸ ’ਚ ਡੇਢ ਦਰਜਨ ਬੁੱਧੀਜੀਵੀਆਂ ਨੂੰ ਗ੍ਰਿਫ਼ਤਾਰ ਕਰਕੇ ਪਹਿਲਾਂ ਹੀ ਸਾਢੇ ਚਾਰ ਸਾਲ ਤੋਂ ਜੇਲ੍ਹ ’ਚ ਡੱਕਿਆ ਹੋਇਆ ਹੈ। ਕਸ਼ਮੀਰ ਦੇ ਪੱਤਰਕਾਰ ਅਤੇ ਮਨੁੱਖੀ ਹੱਕਾਂ ਦੇ ਕਾਰਕੁਨ ਲਗਾਤਾਰ ਹਮਲੇ ਦੀ ਮਾਰ ਹੇਠ ਹਨ। ਪਿਛਲੇ ਦਿਨੀਂ ਤੀਸਤਾ ਸੀਤਲਵਾੜ ਅਤੇ ਸਾਬਕਾ ਡੀ.ਜੀ.ਪੀ. ਆਰ.ਬੀ. ਸ੍ਰੀਕੁਮਾਰ ਨੂੰ ਵੀ ਜੇਲ੍ਹ ’ਚ ਡੱਕ ਦਿੱਤਾ ਗਿਆ ਕਿਉਂਕਿ ਉਹ ਗੁਜਰਾਤ ਕਤਲੇਆਮ ’ਚ ਨਿਆਂ ਦੀ ਲੜਾਈ ਲੜ ਰਹੇ ਸਨ। ਪੱਤਰਕਾਰ ਮੁਹੰਮਦ ਜ਼ੂਬੈਰ ਨੂੰ ਇਸ ਕਰਕੇ ਜੇਲ੍ਹ ’ਚ ਡੱਕ ਦਿੱਤਾ ਗਿਆ ਕਿਉਂਕਿ ਉਹ ਜਾਅਲੀ ਪੋਸਟਾਂ ਅਤੇ ਸੰਘ ਬਰਗੇਡ ਦੇ ਨਫ਼ਰਤੀ ਭਾਸ਼ਣਾਂ ਦਾ ਪਰਦਾਫਾਸ਼ ਕਰਦੇ ਸਨ। ਡੈਮਾਂ ਰਾਹੀਂ ਉਜਾੜੇ ਲੋਕਾਂ ਲਈ ਲੜ ਰਹੀ ਮਸ਼ਹੂਰ ਕਾਰਕੁਨ ਮੇਧਾ ਪਟਕਰ ਉੱਪਰ ਵੀ ਮੁਕੱਦਮਾ ਦਰਜ ਕਰ ਲਿਆ ਗਿਆ ਹੈ। ਅਦਾਲਤੀ ਪ੍ਰਣਾਲੀ ਉਨ੍ਹਾਂ ਨੂੰ ਹੀ ਦੋਸ਼ੀ ਠਹਿਰਾ ਰਹੀ ਹੈ ਜੋ ਸੱਤਾ ਦੀਆਂ ਮਨਮਾਨੀਆਂ ਵਿਰੁੱਧ ਅਦਾਲਤਾਂ ਵਿਚ ਜਾਣ ਦੀ ਹਿੰਮਤ ਕਰ ਰਹੇ ਹਨ ਅਤੇ ਮਜ਼ਲੂਮਾਂ ਦਾ ਸਾਥ ਦੇ ਰਹੇ ਹਨ। ਦਰਅਸਲ ਕਤਲੇਆਮ ਅਤੇ ਸਾੜਸਤੀ ਦਾ ਸ਼ਿਕਾਰ ਹੋਏ ਮਜ਼ਲੂਮਾਂ ਨੂੰ ਕਈ ਕਈ ਸਾਲ ਅਦਾਲਤਾਂ ’ਚ ਰੋਲ਼ ਕੇ ਨਾ ਸਿਰਫ਼ ਨਿਆਂ ਤੋਂ ਵਾਂਝੇ ਕੀਤਾ ਜਾ ਰਿਹਾ ਹੈ ਸਗੋਂ ਤੱਥਾਂ ਨੂੰ ਖ਼ਤਮ ਕਰਕੇ ਸੱਤਾ ਵੱਲੋਂ ਹਾਸ਼ੀਏ ’ਤੇ ਧੱਕੇ ਭਾਈਚਾਰਿਆਂ ਅਤੇ ਘੱਟਗਿਣਤੀਆਂ ਦੇ ਕਤਲੇਆਮ ਦਾ ਇਤਿਹਾਸ ਵੀ ਬਦਲਿਆ ਜਾ ਰਿਹਾ ਹੈ।

ਸੁਪਰੀਮ ਕੋਰਟ ਦਾ ਮਜ਼ਲੂਮਾਂ ਦੇ ਹੱਕ ਵਿਚ ਡੱਟਣ ਵਾਲਿਆਂ ਨੂੰ ਹੀ ਕਟਹਿਰੇ ਵਿਚ ਖੜ੍ਹੇ ਕਰਦੇ ਜਾਣਾ ਇਕ ਉੱਭਰ ਰਿਹਾ ਖ਼ਤਰਨਾਕ ਰੁਝਾਨ ਹੈ ਜੋ ਹੱਕਾਂ ਲਈ ਆਵਾਜ਼ ਉਠਾਉਣ ਵਾਲਿਆਂ ਨੂੰ ਜ਼ੁਬਾਨਬੰਦੀ ਕਰ ਲੈਣ ਦਾ ਸੰਦੇਸ਼ ਹੈ। ਫ਼ੈਸਲਾ ਹੁਣ ਜਾਗਦੀਆਂ ਜਮੀਰਾਂ ਵਾਲਿਆਂ ਦੇ ਹੱਥ ਵਿਚ ਹੈ ਉਨ੍ਹਾਂ ਨੇ ਸੱਤਾ ਦੀ ਧੌਂਸ ਅਤੇ ਨਿਆਂ ਪ੍ਰਣਾਲੀ ਦੇ ਅਨਿਆਂ ਤੋਂ ਖੌਫ਼ਜ਼ਦਾ ਹੋ ਕੇ ਜ਼ੁਬਾਨਬੰਦੀ ਕਰਨੀ ਹੈ ਜਾਂ ਨਿਆਂ ਲਈ ਸੰਘਰਸ਼ ਨੂੰ ਹੋਰ ਵੀ ਹਿੰਮਤ ਅਤੇ ਧੜੱਲੇ ਨਾਲ ਅੱਗੇ ਵਧਾਉਣਾ ਹੈ।

**31 ਜੁਲਾਈ ਸ਼ਹੀਦੀ ਦਿਵਸ ਮੌਕੇ ਵਿਸ਼ੇਸ਼**

# ਬਰਤਾਨਵੀ ਸਾਮਰਾਜ ਨੂੰ ਕੌਮੀ ਗੈਰਤ ਦੀ ਕਰਾਰੀ ਸੱਟ ਮਾਰਨ ਵਾਲਾ ਗਦਰੀ-ਸ਼ਹੀਦ ਊਧਮ ਸਿੰਘ ਸੁਨਾਮ




ਜਸਦੇਵ ਸਿੰਘ ਲਲਤੋਂ
96464-02470

ਸ਼ੇਰ ਸਿੰਘ (ਊਧਮ ਸਿੰਘ) ਦਾ ਜਨਮ 26 ਦਸੰਬਰ 1899 ਨੂੰ ਸੁਨਾਮ ਵਿਖੇ ਮਾਤਾ ਨਰੈਣੀ (ਹਰਨਾਮ ਕੌਰ) ਤੇ ਪਿਤਾ ਚੂਹੜ ਰਾਮ (ਟਹਿਲ ਸਿੰਘ) ਦੇ ਘਰ ਹੋਇਆ। ਆਪ ਦੇ ਪਿਤਾ ਪਹਿਲਾਂ ਸਬਜ਼ੀਆਂ ਦੀ ਖੇਤੀ, ਫਿਰ ਨਹਿਰੀ ਮਹਿਕਮੇ ਦੀ ਨੌਕਰੀ, ਉਪਲੀ ਰੇਲਵੇ ਫਾਟਕ ਦੀ ਨੌਕਰੀ ਕਰਦੇ ਸਨ ਪ੍ਰੰਤੂ ਪਿਛੋਂ ਇਹ ਨੌਕਰੀ ਛੱਡ ਕੇ ਅੰਮ੍ਰਿਤਸਰ ਕੰਮ ਦੀ ਭਾਲ ਲਈ ਚਲੇ ਗਏ। ਜਿੱਥੇ ਜਾ ਕੇ ਉਨ੍ਹਾਂ ਦੀ ਮੌਤ ਹੋ ਗਈ । ਮਾਤਾ ਪਹਿਲਾਂ ਹੀ ਗੁਜ਼ਰ ਚੁੱਕੀ ਸੀ। 24.10.1907 ਤੋਂ ਊਧਮ ਸਿੰਘ ਤੇ ਵੱਡਾ ਭਰਾ ਸਾਧੂ ਸਿੰਘ ਸਿੱਖ ਸੈਂਟਰਲ ਯਤੀਮ ਘਰ ਅੰਮ੍ਰਿਤਸਰ ਵਿਖੇ ਦਾਖਲ ਹੋ ਗਏ। ਯਤੀਮ ਘਰ ’ਚ ਬੱਚਿਆਂ ਨੂੰ ਪੜ੍ਹਾਈ, ਖੇਡਾਂ ਤੋਂ ਇਲਾਵਾ ਤਰਖਾਣਾ, ਰੰਗ ਰੋਗਨ ਆਦਿ ਕੰਮ ਵੀ ਸਿਖਾਏ ਜਾਂਦੇ ਸਨ। ਊਧਮ ਸਿੰਘ ਤਾਕਤਵਰ, ਬੁੱਧੀ ਤੌਰ ’ਤੇ ਤੇਜ਼, ਮਿਹਨਤੀ ਤੇ ਸਿਰੜੀ ਹੋਣ ਕਰਕੇ ਆਪਣੇ ਗਰੁੱਪ ਦੇ ਬੱਚਿਆਂ ਦਾ ਮੋਹਰੀ ਬਣ ਗਿਆ। ਉਸਦਾ ਆਪਣਾ ਬਿਆਨ ਹੈ ਕਿ ਉਸਨੇ ਕੋਈ ਪੜ੍ਹਾਈ ਨਹੀਂ ਕੀਤੀ। ਬੇਸ਼ੱਕ ਉਹ ਤਿੰਨ ਬੋਲੀਆਂ-ਗੁਰਮੁੱਖੀ, ਉਰਦੂ, ਅੰਗਰੇਜ਼ੀ ਲਿਖਣ ਬੋਲਣ ਦਾ ਵਧੀਆ ਮਾਹਰ ਸੀ । ਯਤੀਮਖਾਨੇ ਰਹਿੰਦਿਆਂ ਉਸ ਨੇ ਸਿੱਖ ਇਤਿਹਾਸ ’ਚ ਹੋਈਆਂ ਕੁਰਬਾਨੀਆਂ ਦਾ ਭਰਪੂਰ ਗਿਆਨ ਪ੍ਰਾਪਤ ਕੀਤਾ। ਉਹ ਸਥਾਨਕ ਦੇਸ਼ ਭਗਤ ਪੰਡਤ ਹਰੀ ਚੰਦ ਦੀਆਂ ਸਭਾਵਾਂ ’ਚ ਤੇ ਗੁਪਤ ਮੀਟਿੰਗਾਂ ’ਚ ਵੀ ਜਾਣ ਲੱਗਿਆ। 1917 ’ਚ ਵੱਡੇ ਭਰਾ ਸਾਧੂ ਸਿੰਘ ਦੀ ਨਮੂਨੀਏ ਨਾਲ ਹੋਈ ਮੌਤ ਨੇ ਉਸ ਨੂੰ ਕਾਫੀ ਵੱਡਾ ਸਦਮਾ ਪਹੁੰਚਾਇਆ। ਯਤੀਮ ਘਰ ਦੀ ਸਹਾਇਤਾ ਨਾਲ ਉਹ ਉਤੱਰੀ ਪੱਛਮੀ ਰੇਲਵੇ ’ਚ ਡਰਾਈਵਰ ਦੇ ਸਹਾਇਕ ਦੇ ਰੂਪ ’ਚ ਕੰਮ ਕਰਨ ਲੱਗਿਆ।

1918 ’ਚ ਪੂਰਬੀ ਅਫਰੀਕਾ ਦੇ ਸ਼ਹਿਰ ਮੋਬਾਸਾ ਪੁੱਜਾ। ਨੈਰੋਬੀ ’ਚ ਇੱਕ ਜਰਮਨ ਕੰਪਨੀ ’ਚ ਮੋਟਰ ਮਨੈਨਿਕ ਦੀ ਨੌਕਰੀ ਕੀਤੀ 18 ਮਹੀਨੇ। ਜੂਨ 1919 ਨੂੰ ਭਾਰਤ ਵਾਪਸ ਆਇਆ। ਅੰਮ੍ਰਿਤਸਰ ਆ ਕੇ ਉਸ ਨੇ 13 ਅਪ੍ਰੈਲ 1919 ਜਲਿਆਂ ਵਾਲੇ ਬਾਗ ਦੇ ਕਤਲੇਆਮ ਦੀ ਅਤੇ ਪੂਰਾ ਅਪ੍ਰੈਲ ਮਹੀਨਾ ਪੰਜਾਬ ਦੇ ਜ਼ਿਲਿਆਂ-ਅੰਮ੍ਰਿਤਸਰ, ਲਹੌਰ, ਗੁਜਰਾਂਵਾਲਾ, ਲਾਇਲਪੁਰ ਤੇ ਗੁਜਰਾਤ ਦੇ ਸ਼ਹਿਰਾਂ ਅਤੇ ਸੈਂਕੜੇ ਪਿੰਡਾਂ ’ਚ ਲੱਗੇ ਮਾਰਸ਼ਲ ਲਾਅ ਦੌਰਾਨ ਹੋਈ ਬੇਦੋਸ਼ੇ ਤੇ ਮਾਸੂਮ ਲੋਕਾਂ ਤੇ ਹੋਈ ਗੋਲੀਬਾਰੀ, ਕਤਲੋਗਾਰਦ, ਜਬਰ-ਤਸ਼ੱਦਦ, ਗ੍ਰਿਫਤਾਰੀਆਂ ਦਾ ਦਮਨ ਚੱਕਰ ਬਾਰੇ ਮੁਕੰਮਲ ਤੇ ਦਰਦਨਾਕ ਕਹਾਣੀ ਸੁਣ ਕੇ ਉਸਦਾ ਕੋਮਲ ਭਾਵੀ ਹਿਰਦਾ ਵਲੂੰਧਰਿਆ ਗਿਆ ਤੇ ਉਸ ਨੇ ਆਪਣੇ ਮਨ ਦੇ ਅੰਦਰ ਹੀ ਇਸ ਦਾ ਬਦਲਾ ਚੁਕਾਉਣ ਦੀ ਸੌਂਹ ਖਾਧੀ। (ਉਸ ਨੇ ਆਪਣੇ 5 ਜੂਨ 1940 ਦੇ ਬਿਆਨ ’ਚ ਦੱਸਿਆ ਕਿ ਜਲਿਆਂ ਵਾਲੇ ਬਾਗ ਦੇ ਸਾਕੇ ਵੇਲੇ ਉਹ ਪੂਰਬੀ ਅਫਰੀਕਾ ’ਚ ਸੀ ਤੇ ਉਸ ਨੂੰ ਇਸਦੀ ਜਾਣਕਾਰੀ ਵਾਪਸ ਆ ਕੇ ਹੀ ਮਿਲੀ ਸੀ)

ਦਸੰਬਰ 1919 ’ਚ ਇੰਡੀਅਨ ਨੈਸ਼ਨਲ ਕਾਂਗਰਸ ਦੇ ਅੰਮ੍ਰਿਤਸਰ ਸੈਸ਼ਨ ’ਚ ਬਤੌਰ ਵਲੰਟੀਅਰ ਸ਼ਾਮਲ ਹੋਇਆ ਅਤੇ ਬਹੁਤ ਹੀ ਤਿਖੀ ਸੂਝ ਦਾ ਮਾਲਕ ਹੋਣ ਕਰਕੇ ਇਸ ਸਿੱਟੇ ਤੇ ਪੁੱਜਿਆ ਕਿ ਕਾਂਗਰਸ ਪਾਰਟੀ ਅੰਗਰੇਜ਼ਾਂ ਲਈ ਕੋਈ ਚੁਨੌਤੀ ਨਹੀਂ। ਸੋ ਇਸ ਨਾਲੋਂ ਨਾਤਾ ਤੋੜ ਲਿਆ।

ਊਧਮ ਸਿੰਘ ਗਦਰ ਸਾਹਿਤ ਦੀ ਪ੍ਰਾਪਤੀ ਲਈ ਤੇ ਮਾਸਟਰ ਮੋਤਾ ਸਿੰਘ ਨੂੰ ਮਿਲਣ ਲਈ ਪਤਾਰਾ (ਜ਼ਿਲ੍ਹਾ ਜਲੰਧਰ) ਗਿਆ, ਲੇਕਿਨ ਫੜੋ-ਫੜੀ ਦਾ ਦੌਰ ਹੋਣ ਕਰਕੇ, ਕੋਈ ਭੇਤ ਨਾ ਲੱਗ ਸਕਿਆ।



ਊਧਮ ਸਿੰਘ ਨੇ ਆਪਣੀ ਉਕਤ ਫੋਟੋ 13.03.1940 ਤੋਂ ਕੁੱਝ ਦਿਨ ਪਹਿਲਾਂ ਬਾਵਾ ਨਨਕਾਣਾ ਮਿਸ਼ਨ ਦੇ ਕੈਲੀਫੋਰਨੀਆਂ ਵਾਲੇ ਪਤੇ ਤੇ ਭੇਜੀ ਸੀ, ਜਿਸਦੇ ਪਿਛਲੇ ਪਾਸੇ ਲਿਖਿਆ ਹੈ, “ਆਪਨੂੰ ਯਾਦਗਾਰ ਭੇਜਦਾ ਹਾਂ ਕਦੀ ਇਸ ਨੂੰ ਦੇਖ ਲਿਆ ਕਰਨਾ।”

ਕੁੱਝ ਮਹੀਨਿਆਂ ਬਾਅਦ ਊਧਮ ਸਿੰਘ ਮੁੜ ਪੂਰਬੀ ਅਫਰੀਕਾ ਗਿਆ, ਜਿੱਥੇ 2 ਸਾਲ ਯੁਗਾਂਡਾ ਰੇਲਵੇ ਵਰਕਸ਼ਾਪ ’ਚ ਮਕੈਨਿਕ ਵਜੋਂ ਨੌਕਰੀ ਕੀਤੀ। ਮੁੜ ਫੇਰ ਭਾਰਤ ਪਰਤ ਆਇਆ। ਜਲਦੀ ਹੀ 1922 ’ਚ ਪ੍ਰੀਤਮ ਸਿੰਘ ਨਾਲ ਲੰਡਨ, ਫਿਰ ਮੈਕਸੀਕੋ ਗਿਆ। 2 ਸਾਲ ਕੈਲੇਫੋਰਨੀਆਂ ਕੰਮ ਕੀਤਾ, ਕੁੱਝ ਮਹੀਨੇ ਡੈਟਰੋਇਟ, ਸ਼ਿਕਾਗੋ ਤੇ ਨਿਊਯਾਰਕ ਵੀ। ਕੈਲੇਫੋਰਨੀਆਂ ’ਚ ਉਹ ਗਦਰ ਪਾਰਟੀ ਦਾ ਮੈਂਬਰ ਬਣ ਗਿਆ ਅਤੇ ਇਸ ਦੀਆਂ ਸਰਗਰਮੀਆਂ ’ਚ ਹਿੱਸਾ ਲੈਣ ਲੱਗਾ, ਜੋ ਕਿ ਅੰਤ ਤੱਕ ਜਾਰੀ ਰਿਹਾ। 1923 ’ਚ ਸੈਫ-ਉਦ-ਦੀਨ ਕਿਚਲੂ ਰਾਹੀਂ ਉਸਦੀ ਮਿਲਣੀ ਕਾਬਲ ਵਿੱਚ ਮਾਸਟਰ ਮੋਤਾ ਸਿੰਘ ਨਾਲ ਹੋਈ। ਵਾਪਸ ਸੁਨਾਮ ਆ ਕੇ ਆਪਣੇ ਮਿੱਤਰਾਂ ਤੇ ਸਕੇ ਸੰਬਧੀਆਂ ਨਾਲ ਮਿਲਣੀਆਂ ਕੀਤੀਆਂ। ਅੰਮ੍ਰਿਤਸਰ ਆ ਕੇ ਇੱਕ ਦੁਕਾਨ ਲਈ ਜਿਸ ਤੇ ’ਰਾਮ ਮੁਹੰਮਦ ਸਿੰਘ ਅਜ਼ਾਦ’ ਲਿਖਿਆ ਹੋਇਆ ਸੀ। ਇਹ ਦੁਕਾਨ ਕਾਫੀ ਦੇਰ ਇਨਕਲਾਬੀਆਂ ਦੇ ਤਾਲਮੇਲ ਦਾ ਕੇਂਦਰ ਬਣੀ ਰਹੀ। ਊਧਮ ਸਿੰਘ ਇਨਕਲਾਬੀ ਸਾਹਿਤ ਪੜ੍ਹਦਾ ਤੇ ਵੱਡੀ ਕੁਰਬਾਨੀ ਲਈ ਆਪਣੇ ਆਪ ਨੂੰ ਤਿਆਰ ਕਰਦਾ। ਇੱਥੇ ਹੀ ਉਸਦੀ ਮੁਲਾਕਾਤ ਭਗਤ ਸਿੰਘ ਨਾਲ ਹੋਈ।

ਇਸ ਤੋਂ ਬਾਅਦ ਊਧਮ ਸਿੰਘ ਬਬਰ ਅਕਾਲੀ ਲਹਿਰ ’ਚ ਸ਼ਾਮਲ ਹੋ ਗਿਆ। ਉਸ ਨੇ ਤੇ ਸ਼ੇਰਜੰਗ ਨੇ ਆਪਣੇ ਨਾਲ 15-16 ਸਾਥੀ ਹੋਰ ਤਿਆਰ ਕਰ ਲਏ ਤੇ ਬੱਬਰ ਸਰਗਰਮੀਆਂ ’ਚ ਰੋਲ ਨਿਭਾਉਣ ਲੱਗੇ। ਇਸ ਤੋਂ ਬਾਅਦ ਊਧਮ ਸਿੰਘ ਨੇ ਮੁੜ ਭਗਤ ਸਿੰਘ ਨਾਲ ਸੰਪਰਕ ਕਾਇਮ ਕੀਤਾ। ਇਨ੍ਹਾਂ ਦਿਨਾਂ ’ਚ ਉਹ ਗਦਰ ਪਾਰਟੀ ਦੇ ਆਗੂ ਬਾਬਾ ਭਾਗ ਸਿੰਘ ਨੂੰ ਵੀ ਮਿਲੇ। ਰਾਵਲ ਪਿੰਡੀ ਵਿਖੇ ਆਪ ਦੀ ਬਸੰਤ ਸਿੰਘ ਤੇ ਸ. ਅਜੀਤ ਸਿੰਘ ਮੁਲਾਕਾਤ ਹੋਈ। ਊਧਮ ਸਿੰਘ ਨੂੰ ਇਨਕਲਾਬੀ ਸਾਹਿਤ ਦੀ ਸਪਲਾਈ ਲਈ ਅਮਰੀਕਾ ਭੇਜਣ ਦਾ ਫੈਸਲਾ ਹੋਇਆ। ਸੋ ਆਪ 1924 ’ਚ ਅਮਰੀਕਾ ਪੁੱਜੇ। ਉਸ ਨੇ ਵੱਖ-ਵੱਖ ਦੇਸ਼ਾਂ ਵਿੱਚ ਗਦਰ ਪਾਰਟੀ ਦੇ ਕਾਰਕੁੰਨਾਂ ਨਾਲ ਮੁੜ ਸੰਪਰਕ ਬਹਾਲ ਕੀਤੇ ਤੇ ਗਦਰ ਸਾਹਿਤ ਭੇਜਣਾ ਸ਼ੁਰੂ ਕੀਤਾ। ਅਮਰੀਕਾ ’ਚ ਰਹਿੰਦਿਆਂ ਊਧਮ ਸਿੰਘ ਨੇ “ਆਜ਼ਾਦ ਪਾਰਟੀ” ਕਾਇਮ ਕੀਤੀ ਜੋ ਕਿ ਗਦਰ ਪਾਰਟੀ ਦੀ ਹੀ ਸਹਾਇਕ ਸੀ। ਉਹ ਗੁਜਾਰੇ ਲਈ 6 ਘੰਟੇ ਕੰਮ ਕਰਦਾ ਤੇ ਬਾਕੀ ਸਮਾਂ ਪਾਰਟੀ ਲਈ ਲਗਾਉਂਦਾ। 1927 ਦੇ ਸ਼ੁਰੂ ’ਚ ਉਸ ਨੂੰ ਭਗਤ ਸਿੰਘ ਦਾ ਪੱਤਰ ਮਿਲਿਆ। ਜਿਸ ਬਾਰੇ ਉਸ ਨੇ ਆਪਣੀ ਪਾਰਟੀ ਨਾਲ ਵਿਚਾਰ ਕੀਤੀ ਤੇ ਫੈਸਲਾ ਕੀਤਾ ਕਿ ਉਸਦੇ ਨਾਲ 25 ਮੈਂਬਰ ਭਾਰਤ ਜਾਣਗੇ, ਜਿੰਨਾਂ ’ਚ ਇੱਕ ਜਰਮਨ ਔਰਤ ਵੀ ਸੀ। ਵਰਣਨਯੋਗ ਹੈ ਕਿ ਉਸ ਨੇ ਦੱਖਣੀ ਇੰਗਲੈਂਡ ਦੇ ਆਈਲ ਆਫ ਵਾਈਟ ’ਚ ਇੰਗਲਿਸ਼ ਚੈਨਲ ਦੇ ਸਮੁੰਦਰੀ ਡਾਕੂਆਂ ਤੋਂ ਹੱਥਿਆਰ ਖਰੀਦੇ ਤੇ ਜਮ੍ਹਾਂ ਕੀਤੇ। ਭਾਰਤ ਵਾਪਸੀ ਮੌਕੇ ਉਹ ਲਾਲਾ ਹਰਦਿਆਲ ਦਾ ਇੱਕ ਪੱਤਰ ਸੁਭਾਸ਼ ਚੰਦਰ ਬੋਸ ਦੇ ਨਾਮ ਲੈ ਕੇ ਆਇਆ। ਆਪਣੇ ਜੱਥੇ ਸਮੇਤ ਉਹ ਸੁਨਾਮ ਪੁੱਜੇ ਤੇ ਆਪਣੇ ਘਰ ਹੀ ਦਫਤਰ ਕਾਇਮ ਕੀਤਾ। ਉਹ ਮੋਟਰ ਸਾਈਕਲ ਤੇ ਅੰਮ੍ਰਿਤਸਰ ਤੇ ਲਾਹੌਰ ਜਾਂਦਾ ਉਸ ਨੇ ਮਾਨਾਂ ਵਾਲਾ ਸਟੇਸ਼ਨ ਦੇ ਨੇੜੇ ਰਾਤ ਨੂੰ ਇੱਕ ਵੱਡਾ ਬਕਸਾ ਸੌਂਪਿਆ ਜਿਸ ਵਿੱਚ ਭਾਰੀ ਕਰੰਸੀ ਤੇ ਪਿਸਤੌਲ ਸਨ। 30.08.1927 ਨੂੰ ਅੰਗਰੇਜ਼ੀ ਭੇਸ ਵਿੱਚ ਉਹ ਅਸਲੇ ਸਮੇਤ ਕਟੜਾ ਸ਼ੇਰ ਸਿੰਘ (ਅੰਮ੍ਰਿਤਸਰ) ਤੋਂ ਫੜਿਆ ਗਿਆ। ਅੰਗਰੇਜ਼ ਪੁਲਿਸ ਨੇ ਉਸ ਤੇ ਭਾਰੀ ਤਸ਼ਦਦ ਢਾਹਿਆ ਪਰ ਉਹ ਆਪਣੇ ਮਿਸ਼ਨ ਤੇ ਅਡੋਲ ਰਿਹਾ। ਮੁਕੱਦਮੇ ਉਪਰੰਤ 1928 ’ਚ ਨੂੰ 5 ਸਾਲ ਦੀ ਕੈਦ ਹੋਈ। ਜੇਲ੍ਹ ’ਚ ਤਿੰਨ ਵਾਰ ਕੋਰੜੇ ਮਾਰੇ ਗਏ। ਉਹ ਪਿਸ਼ਾਵਰ ਤੇ ਮੁਲਤਾਨ ਜੇਲਾਂ ’ਚ ਰਿਹਾ ਜਿੱਥੇ ਉਹ ਗਦਰੀ ਬਾਬਾ ਜਵਾਲਾ ਸਿੰਘ ਵੱਲੋਂ ਪੜ੍ਹਾਏ ਗਦਰ ਸਾਹਿਤ ਨੂੰ ਬਹੁਤ ਧਿਆਨ ਨਾਲ ਸੁਣਦਾ। 23 ਮਾਰਚ 1931 ਨੂੰ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦੀ ਫਾਂਸੀ ਤੇ ਉਹ ਰੋਇਆ, ਉਦਾਸ ਤੇ ਗੰਭੀਰ ਹੋਇਆ। 23.10.1931 ਨੂੰ ਰਿਹਾਈ ਤੋਂ ਬਾਅਦ ਉਹ ਸਿੱਧਾ ਹੁਸੈਨੀਵਾਲੇ ਤੇ ਫਿਰ ਸੁਨਾਮ ਪੁੱਜਿਆ।

ਮਨੁੱਖੀ ਸਬੰਧ ਕਲਾ ਦਾ ਉਹ ਚੋਟੀ ਦਾ ਕਲਾਕਾਰ ਸੀ। ਪਹਿਲਾਂ ਵਰਣਨ ਕੀਤੀਆਂ ਹਸਤੀਆਂ ਤੋਂ ਬਿਨ੍ਹਾਂ ਮਹਾਨ ਇਨਕਲਾਬੀ ਅਬਦੁਲ ਸਿੰਧੀ ਨੇ ਉਸ ਨੂੰ ਰਾਜਾ ਮਹਿੰਦਰ ਪ੍ਰਤਾਪ ਕੋਲ ਚਿੱਠੀ ਦੇ ਕੇ ਮਦਦ ਵਾਸਤੇ ਭੇਜਿਆ। ਨਾਨਾ ਫਰਨਵੀਸ, ਸੁਭਾਸ਼ ਚੰਦਰ ਬੋਸ, ਪ੍ਰਜਾ ਮੰਡਲ ਲਹਿਰ ਦੇ ਭਗਵਾਨ ਸਿੰਘ, ਡਾ. ਕਿਚਲੂ ਨਾਲ ਉਸ ਦੇ ਨੇੜਲੇ ਸਬੰਧ ਸਨ। ਸਬੰਧ ਕਲਾ ਦੀ ਇਹ ਸਿਖਰ ਹੀ ਸੀ ਕਿ ਉਸਨੇ ਗੁਪਤ ਭੇਦ ਹਾਸਲ ਕਰਨ ਲਈ ਉਸਨੇ ਜਰਨਲ ਡਾਇਰ ਦੀ ਲੜਕੀ ਨਾਲ ਸਮਾਜਿਕ ਸਬੰਧ ਸਥਾਪਿਤ ਕੀਤੇ ਤੇ ਆਪਣੇ ਸ਼ਿਕਾਰ-ਅਡਵਾਇਰ ਨਾਲ 6-7 ਮੁਲਾਕਾਤਾਂ ਕੀਤੀਆਂ ਤੇ ਇੱਕ ਵਾਰ ਉਸ ਨੂੰ ਆਪਣੀ ਕਾਰ ’ਚ ਸਮੁੰਦਰੀ ਕੰਢੇ ਸੈਰ ਵੀ ਕਰਵਾਈ। ਉਸ ਦੇ ਆਇਰਿਸ਼ ਦੇਸ਼ ਭਗਤਾਂ ਨਾਲ ਵੀ ਗੁਪਤ ਸਬੰਧ ਸਨ ।

ਜੂਨ 1932 ’ਚ ਊਧਮ ਸਿੰਘ ਸਾਧੂ “ਬਾਵਾ” ਦੇ ਭੇਸ ’ਚ ਜੰਮੂ ਤੋਂ ਸ਼੍ਰੀ ਨਗਰ ਪੈਦਲ ਗਿਆ। 20.03.1933 ਉਹ ਲਾਹੌਰ ਤੋਂ ਊਧਮ ਸਿੰਘ ਦੇ ਨਾਮ ਤੇ ਨਵਾਂ ਪਾਸਪੋਰਟ ਹਾਸਲ ਕਰਨ ’ਚ ਸਫਲ ਹੋਇਆ। 1934 ’ਚ ਉਹ ਮੁੜ ਇੰਗਲੈਂਡ ਪੁੱਜਾ। ਉਹ ਇੰਨਾਂ ਸਾਧਨ ਸੰਪੰਨ, ਆਕਰਸ਼ਕ, ਤਕੜਾ ਤੇ ਘੁਮੱਕੜ ਸੀ ਕਿ ਉਹ 4 ਮਹਾਦੀਪਾਂ ਦੇ ਕਰੀਬ 40 ਦੇਸ਼ਾਂ ’ਚ ਘੁੰਮਿਆ। ਹਰ ਥਾਂ ਗੁਜ਼ਾਰੇ ਲਈ ਨਵੇਂ-ਨਵੇਂ ਕੰਮ ਲੱਭ ਲੈਂਦਾ। ਕੰਮ ਤੋਂ ਵੱਧ ਕੇ ਨਵੇਂ-ਨਵੇਂ ਲੋਕਾਂ ਨਾਲ ਸਬੰਧ ਬਣਾਉਣ ਤੇ ਘੁੰਮਣ ਤੇ ਜ਼ੋਰ ਰੱਖਦਾ। 1937 ’ਚ ਗੋਰਿਆਂ ਦੀ ਸੀ.ਆਈ.ਡੀ. ਨੂੰ ਪਤਾ ਲੱਗਾ ਕਿ ਸ਼ੇਰ ਸਿੰਘ, ਉਦੈ ਸਿੰਘ, ਊਧਮ ਸਿੰਘ, ਮੁਹੰਮਦ ਸਿੰਘ ਅਜ਼ਾਦ ਇੱਕੋ ਹੀ ਬੰਦਾ ਹੈ। ਆਪਣੀ ਰਣ ਨੀਤੀ ਅਨੁਸਾਰ ਭਾਰਤੀ ਵਸੋਂ ਦੀ ਬਜਾਏ ਗੋਰਾਂ ਵਸੋਂ ’ਚ ਹੀ ਕਿਰਾਏ ਦੇ ਮਕਾਨਾਂ ’ਚ ਰਹਿੰਦਾ। ਸਰਕਾਰ ਵਿਰੋਧੀ ਖੁੱਲੇ ਇੱਕਠਾਂ ’ਚ ਆਉਣ ਦੀ ਬਜਾਏ ਭਾਰਤੀ ਆਗੂਆਂ ਨੂੰ ਇੱਕਲੇ ਤੌਰ ਤੇ ਹੀ ਮਿਲਦਾ।

ਊਧਮ ਸਿੰਘ ਨੇ 12 ਮਾਰਚ 1940 ਨੂੰ ਆਪਣੇ ਨਜ਼ਦੀਕੀ ਦੋਸਤਾਂ ਨੂੰ ਰਸਮੀ ਵਿਦਾਇਗੀ ਦਿੱਤੀ ਤੇ ਆਖਿਆ, “ਕਲ ਦੀ ਸ਼ਾਮ ਲੰਡਨ ਦੇ ਲੋਕ ਇੱਕ ਅਦਭੁੱਤ ਨਜ਼ਾਰਾ ਦੇਖਣਗੇ ਜੋ ਅੰਗਰੇਜ਼ ਸਾਮਰਾਜ ਦੀ ਨੀਂਹ ਹਿਲਾ ਕੇ ਰੱਖ ਦੇਵੇਗਾ । ਇਹ ਤੁਹਾਡੇ ਪਿਆਰੇ “ਬਾਵੇ” ਲਈ ਸ਼ੁਭ ਦਿਨ ਹੋਵੇਗਾ।” 13 ਮਾਰਚ ਸ਼ਾਮ ਨੂੰ ਨਵਾਂ ਸੂਟ ਪਹਿਨ ਕੇ, ਹੈਟ ਲੈ ਕੇ, ਉਵਰਕੋਟ ਦੀ ਅੰਦਰਲੀ ਜੇਬ ’ਚ ਕਾਰਤੂਸਾਂ ਨਾਲ ਭਰਿਆ ਪਿਸਤੌਲ ਲੈ ਕੇ ਊਧਮ ਸਿੰਘ ਮੀਟਿੰਗ ਤੋਂ ਪਹਿਲਾਂ ਕੈਕਸਟਨ ਹਾਲ (ਲੰਡਨ) ਵਿਖੇ ਪੁੱਜਾ । ਸੀਟਾਂ ਦੀ ਘਾਟ ਕਾਰਨ ਉਹ ਖੜੇ ਲੋਕਾਂ ’ਚ ਸੱਜੇ ਪਾਸੇ ਪਹਿਲੀ ਕਤਾਰ ਦੇ ਨੇੜੇ ਖੜ੍ਹਾ ਹੋਇਆ। ਹੋਰਨਾਂ ਤੋਂ ਇਲਾਵਾ ਸਰ ਮਾਈਕਲ ਓਡਵਾਇਰ ਨੇ 1913-16 ’ਚ ਭਾਰਤ ’ਚ ਆਪਣੇ ਰੋਲ ਬਾਰੇ ਹੰਕਾਰੀ ਭਾਸ਼ਨ ਕੀਤਾ। ਮੀਟਿੰਗ ਮੁੱਕਦੇਸਾਰ ਹੀ ਊਧਮ ਸਿੰਘ ਨੇ ਕੱਢ ਕੇ ਪਿਸਤੌਲ ਚਲਾਈਆਂ 6 ਗੋਲੀਆਂ ਓਡਵਾਇਰ ਮੌਕੇ ਤੇ ਹੀ ਮਾਰਿਆ ਗਿਆ। ਲਾਰਡ ਜੈਟ ਲੈਂਡ, ਲਾਰਡ ਲਮਿੰਗਟਨ, ਸਰ ਲੂਇਸ ਡੇਨ ਫੱਟੜ ਹੋਏ। ਗੋਰਿਆਂ ’ਚ ਭਗਦੜ ਮਚੀ, ਊਧਮ ਸਿੰਘ ਗੇਟ ਤੇ ਫੜਿਆ ਗਿਆ। ਉਹ ਪੂਰਾ ਸ਼ਾਂਤ, ਖੁਸ਼ ਤੇ ਸੰਤੁਸ਼ਟ ਸੀ। ਉਸ ਨੇ ਓਡਵਾਇਰ ਦੀ ਲਾਸ਼ ਵੱਲ ਇਸ਼ਾਰਾ ਕਰਕੇ ਕਿਹਾ, “ਆਹ ਪਿਆ”। ਰਾਤ ਨੂੰ 9 ਵਜੇ ਬੀਬੀਸੀ ਨੇ ਪਹਿਲੀ ਸੰਖੇਪ ਖਬਰ ਦਿੱਤੀ। 9:15 ਤੇ ਜਰਮਨ ਰੇਡੀਓ ਨੇ ਵੱਡੀ ਖਬਰ ਦਿੱਤੀ। ਅਗਲੇ ਦਿਨ ਅਖਬਾਰਾਂ, ਰੇਡੀਓ ਰਾਹੀਂ ਇਹ ਖਬਰ ਪੂਰੀ ਦੁਨੀਆਂ ਵਿੱਚ ਜੰਗਲ ਦੀ ਅੱਗ ਵਾਂਗ ਫੈਲ ਗਈ। 13 ਮਾਰਚ ਦੀ ਰਾਤ ਨੂੰ 10:30 ਵਜੇ ਊਧਮ ਸਿੰਘ ਤੇ ਕਤਲ ਦਾ ਮੁਕੱਦਮਾ ਦਰਜ ਕਰ ਲਿਆ ਗਿਆ। ਮਹੀਨਾ ਭਰ ਉਸਨੂੰ ਅੰਗਰੇਜ਼ੀ ਪੁਲਿਸ ਨੇ ਭਾਰੀ ਤਸੀਹੇ ਦਿੱਤੇ ਪ੍ਰੰਤੂ ਉਹ ਆਪਣੇ ਮਿਸ਼ਨ ਤੇ ਡਟਿਆ ਰਿਹਾ। 26 ਅਪ੍ਰੈਲ ਤੋਂ 7 ਜੂਨ ਤੱਕ ਭੁੱਖ ਹੜਤਾਲ ਕਾਰਨ ਉਸਦਾ ਵਜਨ 24 ਪੌਂਡ ਘੱਟ ਗਿਆ। 5-6 ਜੂਨ ਨੂੰ ਹੋਈ ਅਦਾਲਤੀ ਕਾਰਵਾਈ ਦੌਰਾਨ ਉਸ ਨੇ ਆਪਣਾ ਲਿਖਤੀ ਬਿਆਨ 12 ਮੈਂਬਰੀ ਜਿਊਰੀ ਸਾਹਮਣੇ ਪੜ੍ਹਨਾ ਸ਼ੁਰੂ ਕੀਤਾ, ਪਰੰਤੂ ਉਸਨੂੰ ਜੱਜਾਂ ਨੇ ਬਾਰ-ਬਾਰ ਟੋਕਿਆ। ਊਧਮ ਸਿੰਘ ਗਰਜਿਆ, “ਅਸੀ ਅੰਗਰੇਜ਼ੀ ਗੁਲਾਮੀ ਤੋਂ ਪੀੜ੍ਹਤ ਹਾਂ ਮੈਨੂੰ ਮਰਨ ਦਾ ਕੋਈ ਡਰ ਨਹੀ ਹੈ।..... ਮੈਨੂੰ ਆਪਣੀ ਇਸ ਮੌਤ ’ਤੇ ਨਾਜ਼ ਹੈ, ਜੋ ਮੇਰੀ ਮਾਤਭੂਮੀ ਦੀ ਆਜ਼ਾਦੀ ਖਾਤਰ ਹੈ, ਅਤੇ ਆਸ ਕਰਦਾ ਹਾਂ ਕਿ ਜਦੋਂ ਮੈ ਜਾ ਚੁੱਕਾ ਹੋਵਾਂਗਾ, ਤਾਂ ਮੇਰੀ ਥਾਂ ਮੱਲਣ ਲਈ ਮੇਰੇ ਹਜ਼ਾਰਾਂ ਹਮਵਤਨ ਮੈਦਾਨ ਵਿਚ ਨਿਤਰਨਗੇ। ਤਾਂ ਜੁ ਤੁਹਾਨੂੰ (ਅੰਗਰੇਜ਼ੀ) ਗੰਦੇ ਕੁਤਿਆਂ ਨੂੰ ਮਾਰ ਭਜਾ ਕੇ ਮੇਰੇ ਵਤਨ ਨੂੰ ਆਜ਼ਾਦ ਕਰਾ ਸਕਣ।.... ਤੁਸੀ ਲੋਕ ਜਦੋਂ ਹਿੰਦ ਤੋਂ ਵਾਪਸ ਪਰਤਦੇ ਹੋ, ਤਾਂ ਤੁਹਾਨੂੰ ਸਨਮਾਨਿਤ ਕੀਤਾ ਜਾਂਦਾ ਹੈ, ਤੇ ਪਾਰਲੀਮੈਂਟ ਵਿਚ ਨਿਵਾਜਿਆ ਜਾਂਦਾ ਹੈ। ਅਸੀ ਇੰਗਲੈਂਡ ਆਉਂਦੇ ਹਾਂ, ਤਾਂ ਮੌਤ ਦੀ ਸਜਾ ਪਾਉਂਦੇ ਹਾਂ।..... ਅੰਤ ’ਚ ਊਧਮ ਸਿੰਘ ਨੇ ਨਾਅਰਾ ਲਾਇਆ, “ਅੰਗਰੇਜ਼ ਸਾਮਰਾਜ ਵਾਦ ਮੁਰਦਾਬਾਦ।” ਉਨਾ ਦਲੀਲ, ਨਾ ਵਕੀਲ, ਨਾ ਅਪੀਲ” ਵਾਲੇ ਸਾਮਰਾਜੀ ਪ੍ਰਬੰਧ ਨੇ ਉਸ ਨੂੰ ਫਾਂਸੀ ਦੇਣਾ ਪਹਿਲਾਂ ਹੀ ਤਹਿ ਕਰ ਲਿਆ ਸੀ । ਸੋ ਐਨਕਿਨਸਨ ਨੇ ਜਿਊਰੀ ਵਲੋਂ ਫਾਂਸੀ ਦਾ ਹੁਕਮ ਸੁਣਾ ਦਿੱਤਾ। ਆਖਰ 31.07.1940 ਨੂੰ ਸਵੇਰੇ 9:00 ਵਜੇ ਪੈਨਟਨਵਿਲ ਜੇਲ ਵਿੱਚ ਉਸ ਨੂੰ ਫਾਂਸੀ ਦੇ ਦਿੱਤੀ ਗਈ। ਦੇਸ਼ ਲਈ ਦਿੱਤੀਆਂ ਮਹਾਨ ਸੇਵਾਵਾਂ ਤੇ ਕੀਤੀਆਂ ਭਾਰੀ ਕੁਰਬਾਨੀਆਂ ਬਦਲੇ ਗਦਰੀ ਸ਼ਹੀਦ ਊਧਮ ਸਿੰਘ ਸਦਾ-ਸਦਾ ਲਈ ਅਮਰ ਰਹੇਗਾ। ਸਾਮਰਾਜੀ ਲੁੱਟ, ਜ਼ੁਲਮ ਤੇ ਸਰਕਾਰੀ ਦਹਿਸ਼ਤਗਰਦੀ ਵਿਰੁੱਧ ਜੂਝਣ ਦਾ ਪੈਗਾਮ ਦਿੰਦਾ ਰਹੇਗਾ ।

*ਇਤਿਹਾਸਕ ਪ੍ਰਸੰਗ*

# ਭਗਤ ਸਿੰਘ ਦੇ ਸੰਦਰਭ ਵਿਚ ਇਤਿਹਾਸ ਦੀ ਜ਼ੁਬਾਨੀ



ਡਾ. ਕੁਲਦੀਪ ਸਿੰਘ
98151-15429



*ਇਤਿਹਾਸ ਬੜਾ ਬੇਬਾਕ ਹੁੰਦਾ ਹੈ। ਇਹ ਪਤਾ ਨਹੀਂ ਕਦੋਂ ਕਿਸ ਰੂਪ ਵਿਚ ਕਿਸ ਨੂੰ ਲੋਕਾਂ ਦੇ ਸਨਮੁਖ ਕਰ ਦੇਵੇ। ਪਰ ਇਤਿਹਾਸਕ ਸੱਚਾਈਆਂ ਵਾਰ-ਵਾਰ ਗਵਾਹੀ ਭਰਦੀਆਂ ਹਨ ਕਿ ਇਤਿਹਾਸ ਨੂੰ ਮੋੜ ਦੇਣ ਵਾਲੇ ਆਪਣੀ ਤਾਕਤ ਇਤਿਹਾਸ ਦੇ ਵੱਖ-ਵੱਖ ਮੋੜਾਂ 'ਤੇ ਦਰਸਾ ਦਿੰਦੇ ਹਨ। ਇਤਿਹਾਸ ਦੇ ਪ੍ਰਸੰਗਾਂ ਨੂੰ ਉਸ ਸਮੇਂ ਦੀਆਂ ਪ੍ਰਸਥਿਤੀਆਂ ਅਤੇ ਸੰਘਰਸ਼ਾਂ ਦੇ ਸੰਦਰਭ ਵਿਚ ਰੱਖ ਕੇ ਪੇਸ਼ ਕਰਨਾ, ਮੁਲਾਂਕਣ ਕਰਨਾ, ਪ੍ਰਸੰਗਿਕਤਾ ਦੇਖਣੀ ਅਹਿਮ ਕਾਰਜ ਹੁੰਦਾ ਹੈ। ਇਸੇ ਕਰਕੇ ਤਾਂ ਕਿਹਾ ਜਾਂਦਾ ਹੈ ਕਿ ਹਮੇਸ਼ਾ ਹੀ ਇਤਿਹਾਸ ਦੇ ਵੱਡੇ ਪਾਤਰਾਂ ਨੂੰ ਸਮੁੱਚਤਾ ਵਿਚ ਦੇਖਿਆ ਜਾਵੇ ਨਾ ਕਿ ਟੁਕੜਿਆਂ ਵਿਚ। ਇਸ ਪਹਿਲੂ ਨੂੰ ਦੇਖਣ ਹਿੱਤ ਉਪਰੋਕਤ ਬੁਨਿਆਦਾਂ ਦੀਆਂ ਕੁਝ ਨੀਹਾਂ ਦੇ ਪਹਿਲੂ ਦਰਸਾਏ ਗਏ ਹਨ ਕਿ ਕਿਸ ਤਰ੍ਹਾਂ ਸ਼ਹਾਦਤਾਂ ਦੇ ਅੰਤਲੇ ਕਦਮਾਂ ਤੱਕ ਬੇਡੌਲ ਵੱਡੇ ਇਨਸਾਨ ਖੜ੍ਹਦੇ ਰਹੇ ਹਨ।*

ਫਾਂਸੀ ਤੋਂ ਤਿੰਨ ਦਿਨ ਪਹਿਲਾਂ 20 ਮਾਰਚ 1931 ਨੂੰ ਸ਼ਹੀਦ-ਏ-ਆਜ਼ਮ ਭਗਤ ਸਿੰਘ ਨੇ ਗਵਰਨਰ ਪੰਜਾਬ ਨੂੰ ਖਤ ਲਿਖਦਿਆਂ ਕਿਹਾ, "ਅਸੀਂ ਐਲਾਨ ਕਰਦੇ ਹਾਂ ਕਿ ਇਕ ਯੁੱਧ ਚੱਲ ਰਿਹਾ ਹੈ ਤੇ ਇਹ ਉਸ ਸਮੇਂ ਤੱਕ ਚਲਦਾ ਰਹੇਗਾ ਜਦੋਂ ਤੱਕ ਕੁਝ ਤਾਕਤਵਰ ਲੋਕ ਭਾਰਤੀ ਮਿਹਨਤਕਸ਼ ਲੋਕਾਂ ਨੂੰ ਅਤੇ ਉਨ੍ਹਾਂ ਦੇ ਆਮਦਨ ਦੇ ਵਸੀਲਿਆਂ ਨੂੰ ਲੁੱਟਦੇ ਰਹਿਣਗੇ। ਉਹ ਲੁਟੇਰੇ ਭਾਵੇਂ ਨਿਰੋਲ ਅੰਗਰੇਜ਼ ਸਮਰਾਏਦਾਰ ਹੋਣ ਜਾਂ ਨਿਰੋਲ ਭਾਰਤੀ ਸਰਮਾਏਦਾਰ ਜਾਂ ਦੋਵੇਂ ਰਲੇ ਹੋਏ, ਚਾਹੇ ਉਹ ਜਨਤਾ ਦਾ ਖ਼ੂਨ ਚੂਸਣ ਲਈ ਨਿਰੋਲ ਭਾਰਤੀ ਨੌਕਰਸ਼ਾਹੀ ਜਾਂ ਸਾਂਝੀ ਰਲੀਮਿਲੀ ਨੌਕਰਸ਼ਾਹੀ ਦੀ ਮਸ਼ੀਨ ਨੂੰ ਵਰਤਣ ਇਸ ਨਾਲ ਕੋਈ ਫਰਕ ਨਹੀਂ ਪੈਂਦਾ।...ਹੋ ਸਕਦਾ ਹੈ ਤਬਦੀਲੀ ਲਈ ਯੁੱਧ ਵੱਖ-ਵੱਖ ਪੜਾਵਾਂ ਵਿਚ ਵੱਖ-ਵੱਖ ਰੂਪ ਧਾਰੇ।...ਕਦੇ ਇਹ ਜੰਗ ਐਨੀ ਭਿਆਨਕ ਵੀ ਹੋਵੇ ਕਿ ਜੀਵਨ ਤੇ ਮੌਤ ਦੀ ਬਾਜ਼ੀ ਲੱਗ ਜਾਵੇ।...ਜੰਗ ਨਾ ਤਾਂ ਸਾਡੇ ਤੋਂ ਸ਼ੁਰੂ ਹੋਈ ਹੈ ਅਤੇ ਨਾ ਹੀ ਸਾਡੇ ਜੀਵਨ ਨਾਲ ਖਤਮ ਹੋਣੀ ਹੈ। ਇਹ ਤਾਂ ਇਤਿਹਾਸਕ ਕਾਰਨਾਂ ਅਤੇ ਆਲੇ ਦੁਆਲੇ ਦੀਆਂ ਪ੍ਰਸਥਿਤੀਆਂ ਦਾ ਜ਼ਰੂਰੀ ਨਤੀਜਾ ਹੈ। ...ਸਾਡੀ ਨਿਗੂਣੀ ਜਿਹੀ ਕੁਰਬਾਨੀ ਇਤਿਹਾਸਕ ਲੜੀ ਦੀ ਇਕ ਕੜੀ ਹੈ।" ਉਪਰੋਕਤ ਇਕਬਾਲੀਆ ਕਿਸਮ ਦੀਆਂ ਸਤਰਾਂ ਇਹ ਦਰਸਾਉਂਦੀਆਂ ਹਨ ਕਿ ਕਿਸ ਤਰ੍ਹਾਂ ਭਗਤ ਸਿੰਘ ਦੀ ਸੋਚ, ਸਮਝਣ ਅਤੇ ਇਤਿਹਾਸਕਮਈ ਦ੍ਰਿਸ਼ਟੀ ਦੇ ਕੁਝ ਬੁਨਿਆਦੀ ਪਹਿਲੂ ਦਰਸਾਉਂਦੀਆਂ ਹਨ।

ਜਿਸ ਕਿਸਮ ਨਾਲ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਉਪਰ ਅੰਗਰੇਜ਼ਾਂ ਖਿਲਾਫ਼ ਜੰਗ ਛੇੜਣ ਦਾ ਦੋਸ਼ ਲਗਾਇਆ ਗਿਆ ਤਾਂ ਉਸ ਦਾ ਜਵਾਬ ਦਿੰਦਿਆਂ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਮੰਗ ਕੀਤੀ ਕਿ ਸਾਡੇ ਨਾਲ ਜੰਗ ਕੈਦੀਆਂ ਵਾਲਾ ਸਲੂਕ ਹੀ ਕੀਤਾ ਜਾਵੇ। ਯਾਨੀਕਿ ਫਾਂਸੀ 'ਤੇ ਲਟਕਾਉਣ ਦੀ ਬਜਾਏ ਫੌਜੀ ਵਿਭਾਗ ਨੂੰ ਹੁਕਮ ਦੇ ਕੇ ਗੋਲੀਆਂ ਨਾਲ ਉਡਾਉਣ ਦਾ ਤਰੀਕਾ ਅਪਣਾਇਆ ਜਾਵੇ ਜੋ ਜੰਗੀ ਕੈਦੀਆਂ ਲਈ ਬਣਦਾ ਹੈ। ਤੱਤ ਰੂਪ ਵਿਚ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀ ਇਕ ਵੱਡੇ ਇਤਿਹਾਸਕ ਦੌਰ ਦੀ ਤਬਦੀਲੀ ਦੀ ਲੜਾਈ ਲੜ ਰਹੇ ਸਨ। ਜਿਸ ਦਾ ਮੂਲ ਸਰੋਕਾਰ ਰਾਜਨੀਤਕ ਖੇਤਰ ਵਿਚ ਵੱਡੀ ਤਬਦੀਲੀ ਲਿਆਉਣ ਨਾਲ ਹੀ ਸੰਭਵ ਸੀ। ਭਗਤ ਸਿੰਘ ਦੀਆਂ ਲਿਖਤਾਂ ਦੇ ਆਰ-ਪਾਰ ਵਿਚਰਦਿਆਂ ਇਹ ਸਪਸ਼ਟ ਦਿਖਾਈ ਦਿੰਦਾ ਹੈ ਕਿ ਉਨ੍ਹਾਂ ਨੇ ਆਪਣੀ ਜ਼ਿੰਦਗੀ ਦੇ ਸਮੁੱਚੇ ਪਲ ਰਾਜਨੀਤਕ ਖੇਤਰ ਦੀਆਂ ਘਟਨਾਵਾਂ, ਪ੍ਰਸਥਿਤੀਆਂ ਅਤੇ ਸੰਭਾਵਨਾਵਾਂ ਨੂੰ ਅੰਗਣ ਅਤੇ ਇਕ ਬਦਲਵਾਂ ਰਾਜਨੀਤਕ ਵਿਚਾਰ ਅਤੇ ਮਾਡਲ ਵਿਕਸਿਤ ਕਰਨ ਲਈ ਲਗਾਏ। ਇਸ ਕਾਰਜ ਦੀ ਪੂਰਤੀ ਲਈ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਦੁਨੀਆਂ ਭਰ ਦੇ ਤਜਰਬਿਆਂ ਅਤੇ ਉਨ੍ਹਾਂ ਉਪਰ ਲਿਖੀਆਂ ਲਿਖਤਾਂ ਨੂੰ ਵਿਚਾਰਦਿਆਂ, ਆਪਣੇ ਸੰਘਰਸ਼ਾਂ ਨੂੰ ਸੋਝੀ ਅਤੇ ਦ੍ਰਿਸ਼ਟੀ ਵਿਕਸਿਤ ਕਰਨ ਲਈ ਇਸਤੇਮਾਲ ਕੀਤਾ, ਜਿਨ੍ਹਾਂ ਦਾ ਜ਼ਿਕਰ ਭਗਤ ਸਿੰਘ ਦੀਆਂ ਜੇਲ੍ਹ ਡਾਇਰੀਆਂ ਤੋਂ ਸਪਸ਼ਟ ਦਿਖਾਈ ਦਿੰਦਾ ਹੈ। ਭਗਤ ਸਿੰਘ ਦੇ ਸੋਚਣ ਢੰਗ ਦੀ ਦ੍ਰਿਸ਼ਟੀ ਅੱਜ ਵੀ ਰਾਜਨੀਤਕ ਖੇਤਰ 'ਚ ਵੱਡੀ ਤਬਦੀਲੀ ਲਈ ਲੜਨ ਵਾਲੇ ਹਿੱਸਿਆਂ ਨੂੰ ਦਿਸ਼ਾ ਪ੍ਰਦਾਨ ਕਰਦੀ ਹੈ ਅਤੇ ਸਮਝਣ ਦੀ ਦ੍ਰਿਸ਼ਟੀ ਦਿੰਦੀ ਹੈ। ਇਸ ਕਰਕੇ ਹਰੇਕ ਸੰਘਰਸ਼ ਵਿਚ ਭਗਤ ਸਿੰਘ ਅਚੇਤ ਜਾਂ ਸੁਚੇਤ ਰੂਪ ਵਿਚ ਸੰਘਰਸ਼ਸ਼ੀਲ ਲੋਕਾਂ ਦਾ ਹਿੱਸਾ ਬਣ ਜਾਂਦਾ ਹੈ।

ਜਿਸ ਸਮੇਂ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀ ਲਾਹੌਰ ਦੀ ਕੇਂਦਰੀ ਜੇਲ੍ਹ ਵਿਚ ਸਨ ਗਦਰ ਲਹਿਰ ਦੇ ਪ੍ਰਧਾਨ ਬਾਬਾ ਸੋਹਨ ਸਿੰਘ ਭਕਨਾ ਵੀ ਉਥੇ ਸਨ। ਬਾਬਾ ਜੀ ਨੇ ਉਨ੍ਹਾਂ ਦਿਨਾਂ ਬਾਰੇ ਕੁਝ ਸ਼ਬਦ ਇੰਝ ਲਿਖੇ ਹਨ, "ਕਿਸੇ ਨਾ ਕਿਸੇ ਢੰਗ ਨਾਲ ਮੈਂ ਤੇ ਭਗਤ ਸਿੰਘ ਇਕੱਠੇ ਹੋ ਜਾਂਦੇ ਅਤੇ ਵਿਚਾਰ-ਵਟਾਂਦਰਾ ਕਰਦੇ।" ਮੈਂ ਭਗਤ ਸਿੰਘ ਪੁੱਛਿਆ, "ਤੂੰ ਇਤਨਾ ਛੋਟਾ ਹੈਂ, ਪੜ੍ਹਿਆ ਲਿਖਿਆ ਅਤੇ ਅਮੀਰ ਪਰਿਵਾਰ ਵਿਚੋਂ ਹੈਂ, ਇਹ ਉਮਰ ਤੇਰੇ ਹੱਸਣ ਖੇਡਣ ਦੀ ਹੈ ਤੂੰ ਇਸ ਪਾਸੇ ਕਿਵੇਂ ਚੱਲ ਪਿਆ?" ਇਸ ਦਾ ਜਵਾਬ ਭਗਤ ਸਿੰਘ ਨੇ ਇਕ ਸ਼ਰਾਰਤੀ ਮੁਸਕਰਾਹਟ ਨਾਲ ਦਿੰਦਿਆਂ ਕਿਹਾ ਸੀ, "ਅਸਲ ਵਿਚ ਇਸ ਦਾ ਦੋਸ਼ ਤੁਹਾਡੇ ਅਤੇ ਤੁਹਾਡੇ ਸਾਥੀਆਂ 'ਤੇ ਲੱਗਦਾ ਹੈ।" ਕਿਵੇਂ? ਭਗਤ ਸਿੰਘ ਨੇ ਜਵਾਬ ਦਿੱਤਾ, "ਜੇਕਰ ਕਰਤਾਰ ਸਿੰਘ ਅਤੇ ਉਸ ਦੇ ਸਾਥੀਆਂ ਨੇ ਹੱਸ ਹੱਸ ਕੇ ਫਾਂਸੀ ਦੇ ਰੱਸਿਆਂ ਨੂੰ ਨਾ ਚੁੰਮਿਆ ਹੁੰਦਾ ਅਤੇ ਜੇਕਰ ਤੁਹਾਡੇ ਵਰਗੇ ਯੋਧੇ ਕਾਲੇਪਾਣੀ ਦੀਆਂ ਕਾਲ ਕੋਠੜੀਆਂ ਦੇ ਕੁੰਭੀ ਨਰਕ ਵਿਚ ਨਾ ਰਹੇ ਹੁੰਦੇ ਤਾਂ ਮੈਂ ਅੱਜ ਇਥੇ ਨਹੀਂ ਸੀ ਹੋਣਾ।" ਜਦੋਂ ਵੀ ਮੈਂ ਭਗਤ ਸਿੰਘ ਨੂੰ ਮਿਲਿਆ, "ਉਸ ਵਿਚੋਂ ਮੈਨੂੰ ਸਰਾਭੇ ਵਾਲੇ ਲੱਛਣ ਦਿਖਾਈ ਦਿੱਤੇ ਉਹ ਦੂਜਾ ਸਰਾਭਾ ਸੀ।" ਭਗਤ ਸਿੰਘ ਅਤੇ ਉਸ ਦੇ ਸਾਥੀਆਂ 'ਤੇ ਉਹ ਹੀ ਮੁਕੱਦਮਾ ਚਲਾਇਆ ਗਿਆ ਜੋ ਪਹਿਲਾਂ ਗਦਰੀ ਬਾਬਿਆਂ ਉਪਰ ਧਾਰਾ 121 ਮੁਤਾਬਕ ਚਲਾਇਆ ਗਿਆ ਸੀ ਜਿਸ ਦਾ ਭਾਵ ਬਾਦਸ਼ਾਹ ਵਿਰੁੱਧ ਜੰਗ ਛੇੜਨਾ ਸੀ। ਮੁਕੱਦਮਾ ਚਲਦੇ ਦੌਰਾਨ ਉਸ ਸਮੇਂ ਭਾਰਤ ਦੇ ਵਾਇਸਰਾਏ ਲਾਰਡ ਇਰਵਨ ਨੇ ਵੀ ਇਹ ਮੰਨਿਆ ਸੀ ਕਿ ਅਸੈਂਬਲੀ ਵਿਚ ਕੀਤਾ ਗਿਆ ਬੰਬ ਧਮਾਕਾ, ਕਿਸੇ ਦੀ ਜਾਨ ਲੈਣ ਲਈ ਨਹੀਂ ਸੀ ਕੀਤਾ ਗਿਆ। ਭਗਤ ਸਿੰਘ ਨੇ ਅਦਾਲਤ ਦੇ ਸਾਹਮਣੇ 'ਇਨਕਲਾਬ' ਦੇ ਅਰਥ ਸਪਸ਼ਟ ਕਰਦਿਆਂ ਦੱਸਿਆ ਸੀ ਕਿ ਇਨਕਲਾਬ ਲਈ ਖ਼ੂਨ ਖਰਾਬਾ ਜਾਂ ਕਿਸੇ ਵਿਅਕਤੀ ਵਿਰੁੱਧ ਮਾਰਨ ਦੀ ਕਾਰਵਾਈ ਲਾਜ਼ਮੀ ਨਹੀਂ ਹੁੰਦੀ। ਇਨਕਲਾਬ ਵਿਚ ਬੰਬ ਜਾਂ ਪਿਸਤੌਲ ਹੀ ਸਭ ਕੁਝ ਨਹੀਂ ਹੁੰਦਾ। ਇਨਕਲਾਬ ਦਾ ਅਰਥ ਇਹ ਹੈ ਕਿ ਅਨਿਆਂ ਉਤੇ ਆਧਾਰਤ ਮੌਜੂਦਾ ਵਿਵਸਥਾ ਨੂੰ ਬਦਲਿਆ ਜਾਵੇ। ਹੋਰ ਤਾਂ ਹੋਰ ਲਾਹੌਰ ਹਾਈਕੋਰਟ ਦੇ ਜੱਜਾਂ ਨੇ ਵੀ ਭਗਤ ਸਿੰਘ ਨੂੰ ਇਕ ਸੁਹਿਰਦ ਇਨਕਲਾਬੀ ਦੱਸਿਆ ਸੀ।

ਅੰਗਰੇਜ਼ਾਂ ਖਿਲਾਫ਼ 20ਵੀਂ ਸਦੀ ਦੇ ਸ਼ੁਰੂਆਤ ਦੌਰ ਵਿਚ ਸ਼ੁਰੂ ਹੋਈ ਗਦਰ ਲਹਿਰ ਤੇ 1914-15 ਦੀ ਬਗਾਵਤ ਦੇ ਸ਼ਹੀਦਾਂ ਤੇ ਨਾਇਕਾਂ ਦੀ ਯਾਦ ਪੰਜਾਬ ਦੀ ਫਿਜ਼ਾ ਵਿਚ ਇਤਿਹਾਸਕਾਰੀ ਤੋਂ ਲੈ ਕੇ ਸਾਹਿਤਕ ਖੇਤਰ ਦੀ ਹਰੇਕ ਵੰਨਗੀ ਵਿਚ ਕਾਰਜਸ਼ੀਲ ਹੈ। ਪ੍ਰੰਤੂ ਅਜੋਕੇ ਦੌਰ ਦੀ ਸਭ ਤੋਂ ਵੱਡੀ ਤਰਾਸਦੀ ਇਹ ਹੈ ਕਿ ਪੰਜਾਬ ਸਮੇਤ ਭਾਰਤ ਵਿਚ ਹਰ ਥਾਂ ਇਥੋਂ ਤੱਕ ਜ਼ਿੰਦਗੀ ਅਤੇ ਸਿਆਸਤ ਦੇ ਹਰੇਕ ਖੇਤਰ ਵਿਚ ਵੇਲ਼ਾ ਵਹਾ ਚੁੱਕੇ ਤੇ ਬੇਹੇ ਹੋ ਚੁੱਕੇ ਵਿਚਾਰ ਮਾਹੌਲ ਨੂੰ ਪਲੀਤ ਕਰ ਰਹੇ ਹਨ। ਮੁਲਕ ਦੀ ਭਾਰੂ ਰਾਜਨੀਤੀ ਅਤੇ ਇਸ ਦਾ ਸਭਿਆਚਾਰ ਹਰੇਕ ਖੇਤਰ ਵਿਚ ਖੋਟ ਰਲਾ ਰਿਹਾ ਹੈ। ਇਥੋਂ ਤੱਕ ਅਜੋਕੀ ਸੌੜੀ ਦ੍ਰਿਸ਼ਟੀ ਵਾਲੇ ਉਨ੍ਹਾਂ ਬੌਣਿਆਂ ਦੀ ਤੁਲਨਾ ਵਿਚ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਤੇ ਗਦਰੀ ਬਾਬਿਆਂ ਅਤੇ ਭਗਤ ਸਰਾਭੇ ਦਾ ਕੱਦ ਜ਼ਾਹਰਾ ਤੌਰ 'ਤੇ ਕਿੰਨਾ ਵੱਡਾ ਹੈ। ਪ੍ਰੰਤੂ ਸੌੜੀ ਦ੍ਰਿਸ਼ਟੀ ਵਾਲੇ ਇਹ ਬੌਣੇ ਮੁਲਕ ਦੇ ਅਸਲ ਵਾਰਸ ਬਣੇ ਬੈਠੇ ਹਨ। ਹਕੀਕਤ ਵਿਚ ਲੰਬੇ ਸਮੇਂ ਤੋਂ ਸੰਤਾਪ ਭੋਗ ਰਹੀ ਮਿੱਟੀ ਅੱਜ ਬਹੁਤ ਹੰਭ ਹਾਰ ਗਈ ਹੈ ਵਿਡੰਵਨਾ ਇਹ ਹੈ ਕਿ ਇਸ ਮਿੱਟੀ ਵਿਚੋਂ ਹੁਣ ਅਜਿਹੇ ਜ਼ਿੰਦਾਦਿਲ ਇਨਸਾਨ ਜਨਮ ਨਹੀਂ ਲੈ ਰਹੇ। ਜੋ ਮੁਲਕ ਨੂੰ ਮੁੜ ਲੀਹਾਂ 'ਤੇ ਲਿਆ ਸਕਣ।

ਅਜੋਕੇ ਦੌਰ ਵਿਚ ਲੋੜ ਤਾਂ ਇਸ ਗੱਲ ਸੀ ਕਿ ਇਨਕਲਾਬੀ ਰਵਾਇਤ ਨੂੰ ਚੇਤੇ ਰੱਖਿਆ ਜਾਂਦਾ ਤੇ ਉਚਾ ਕੀਤਾ ਜਾਂਦਾ, ਇਸ ਨੂੰ ਸੰਭਾਲਿਆ ਜਾਂਦਾ, ਇਸ ਰਵਾਇਤ ਦੇ ਲਾਇਕ ਬਣਿਆ ਜਾਂਦਾ। ਕਿਉਂਕਿ ਇਹ ਰਵਾਇਤ ਚੋਟੀ ਦੇ ਇਨਕਲਾਬੀਆਂ, ਧੁਰ ਅੰਦਰੋਂ ਧਰਮਨਿਰਪੱਖ, ਜਮਹੂਰੀਅਤ, ਬਿਹਤਰੀਨ ਇਨਸਾਨ ਅਤੇ ਵਿਦਰੋਹੀ ਪੈਦਾ ਕਰਦੀ ਹੈ ਜੋ ਭਾਰਤ ਦੀ ਸਿਆਸਤ ਵਿਚ ਵੱਖਰੇ ਕਿਸਮ ਦੀ ਤਬਦੀਲੀ ਨੂੰ ਜਨਮ ਦਿੰਦੀ ਹੈ। ਪ੍ਰੰਤੂ ਮੌਜੂਦਾ ਹੁਕਮਰਾਨਾ ਅਤੇ ਵਿਗੜੇ ਹੋਏ ਭਾਰਤੀ ਸਰਮਾਏਦਾਰਾਨਾ ਵਿਕਾਸ ਨੇ ਅਜਿਹੀ ਸਥਿਤੀ ਬਣਾ ਦਿੱਤੀ ਹੈ ਕਿ ਪਹਿਲਾਂ ਹੀ ਬਿਮਾਰੀਆਂ ਨਾਲ ਗ੍ਰਸਿਆ ਮੁਲਕ ਨਵੀਆਂ ਬਿਮਾਰੀਆਂ ਦੀ ਲਪੇਟ ਵਿਚ ਵਧਦਾ ਜਾ ਰਿਹਾ ਹੈ। ਜਿਸ ਦੀਆਂ ਮੂਲ ਬਿਮਾਰੀਆਂ ਗੈਰਬਰਾਬਰਤਾ, ਬੇਰੁਜ਼ਗਾਰੀ, ਸਮਾਜਿਕ ਤਣਾਅ ਆਦਿ ਅਤੇ ਭਾਰਤ ਦੀ ਸਮੁੱਚੀ ਜਮਹੂਰੀਅਤ ਦੇ ਜਿਸਮ ਨੂੰ ਬੁਰੀ ਤਰ੍ਹਾਂ ਖੋਖਲਾ ਕਰ ਦਿੱਤਾ ਹੈ ਇਹ ਅਲਾਮਤਾਂ ਸਾਡੇ ਇਖਲਾਕ ਅਤੇ ਸਭਿਆਚਾਰ ਉਪਰ ਵੀ ਭਾਰੂ ਹੋ ਰਹੀਆਂ ਹਨ ਅਤੇ ਇਕ ਮਾੜੀ ਛਾਪ ਜੀਵਨ ਦੇ ਹਰੇਕ ਖੇਤਰ ਉਪਰ ਛੱਡ ਰਹੀਆਂ ਹਨ। ਫਿਰਕੂ ਅਤੇ ਅਪਰਾਧੀ ਰੰਗਾਂ 'ਚ ਰੰਗੇ ਹੁਕਮਰਾਨ ਜੋ ਬੁਰੀ ਤਰ੍ਹਾਂ ਭ੍ਰਿਸ਼ਟ ਹੋ ਗਏ ਹਨ ਉਹ ਦੇਸ਼ ਦੀ ਪਾਰਲੀਮੈਂਟ ਦਾ ਸ਼ਿੰਗਾਰ ਬਣੇ ਬੈਠੇ ਹਨ। ਸੰਸਦੀ ਸਿਆਸਤ ਦੇ ਤਰੀਕਿਆਂ ਨਾਲ ਭ੍ਰਿਸ਼ਟ ਹੋ ਚੁੱਕੇ ਇਨ੍ਹਾਂ ਹੁਕਮਰਾਨਾਂ ਬਾਰੇ ਪ੍ਰਸਿੱਧ ਰਾਜਨੀਤਕ ਵਿਦਵਾਨ ਲਾਸਕੀ ਨੇ ਲਿਖਿਆ ਸੀ ਕਿ, "ਪਾਰਲੀਮੈਂਟ ਅਜਿਹਾ ਸਥਾਨ ਹੁੰਦਾ ਹੈ ਜਿਥੇ ਜਾ ਕੇ ਕਹਿੰਦੇ ਕਹਾਉਂਦੇ 'ਇਨਕਲਾਬੀ' ਵੀ ਸਭਿਅਕ ਬਣ ਜਾਂਦੇ ਹਨ ਅਤੇ ਉਸ ਦੀ ਸਹੁੰ ਚੁੱਕਦੇ ਹਨ। ਦੇਖਣ ਨੂੰ ਤਾਂ ਉਹ 'ਇਨਕਲਾਬੀ' ਅਤੇ ਗਰਮ ਨਾਅਰਿਆਂ ਵਾਲੇ ਜਾਪਦੇ ਹਨ ਪ੍ਰੰਤੂ ਉਹ ਪੂੰਜੀਵਾਦ ਦੀ ਉਪਰਲੀ ਕਾਨੂੰਨੀ ਘੜਨੀ ਦਾ ਹਿੱਸਾ ਹੁੰਦੇ ਹਨ।"

ਜਿਸ ਕਿਸਮ ਨਾਲ ਇਤਿਹਾਸ ਨੂੰ ਤੋੜਿਆ ਮਰੋੜਿਆ ਜਾ ਰਿਹਾ ਹੈ ਹਰੇਕ ਸਿੱਖਿਆ ਨੀਤੀ ਤੋਂ ਲੈ ਕੇ ਸਭਿਆਚਾਰਕ ਅਦਾਰੇ ਤੱਕ ਨੂੰ ਹਿੰਦੂਤਵ ਦੀ ਪੁੱਠ ਚਾੜ੍ਹੀ ਜਾ ਰਹੀ ਹੈ ਅਤੇ ਉਸ ਦੀਆਂ ਹੀ ਕਈ ਵੰਨਗੀਆਂ ਵੱਖ-ਵੱਖ ਰਾਜਾਂ ਵਿਚ ਦਿਖਾਈ ਦੇ ਰਹੀਆਂ ਹਨ। ਉਸ ਸਮੇਂ ਭਗਤ ਸਿੰਘ ਦੀ ਸਮੁੱਚੀ ਵਿਚਾਰਧਾਰਾ ਦੇ ਬੁਨਿਆਦੀ ਸਰੋਕਾਰਾਂ ਨੂੰ ਉਭਾਰਨ ਦੀ ਥਾਂ ਇਸ ਕਿਸਮ ਦਾ ਪ੍ਰਵਚਨ ਉਭਾਰਿਆ ਜਾ ਰਿਹਾ ਹੈ ਜਿਵੇਂ ਭਗਤ ਸਿੰਘ ਇਕ 'ਦਹਿਸ਼ਤਪਸੰਦ' ਪੈਦਾ ਕਰਨ ਵਾਲਾ ਵਿਅਕਤੀ ਹੋਵੇ। ਇਹ ਇਤਿਹਾਸਕ ਭੰਨ ਤੋੜ ਤੱਤ ਰੂਪ ਵਿਚ ਅਜੋਕੇ ਹੁਕਮਰਾਨਾਂ ਨੂੰ ਚੰਗੀ ਤਰ੍ਹਾਂ ਰਾਸ ਆਉਂਦਾ ਹੈ। ਜਿਹੜੇ ਚਾਹੁੰਦੇ ਹਨ ਕਿ ਸਮਾਜ ਨੂੰ ਬਦਲਣ ਅਤੇ ਦ੍ਰਿਸ਼ਟੀ ਦੇਣ ਵਾਲੇ ਵਿਚਾਰਾਂ ਅਤੇ ਸ਼ਖਸੀਅਤਾਂ ਨੂੰ ਇਤਿਹਾਸਕ ਪਟਲ ਤੋਂ ਪਰ੍ਹੇ ਕੀਤਾ ਜਾਵੇ ਅਤੇ ਉਨ੍ਹਾਂ ਵਿਚ ਇਸ ਕਿਸਮ ਦਾ ਖੋਟ ਰਲਾ ਦਿੱਤਾ ਜਾਵੇ ਤਾਂ ਕਿ ਲੋਕ ਉਨ੍ਹਾਂ ਦੀਆਂ ਕ੍ਰਾਂਤੀਕਾਰੀ ਕੁਰਬਾਨੀਆਂ ਤੋਂ ਲੈ ਕੇ ਵਿਚਾਰਧਾਰਕ ਦੇਣਾਂ ਨੂੰ ਆਪਣੇ ਸੰਘਰਸ਼ਾਂ ਦਾ ਹਿੱਸਾ ਨਾ ਬਣਾ ਲੈਣ। ਪ੍ਰੰਤੂ ਹਕੀਕਤ ਇਹ ਹੈ ਭਗਤ ਸਿੰਘ ਦੇ ਸ਼ਹਾਦਤ ਤੋਂ ਪਹਿਲਾਂ ਦਿੱਤੇ ਇਤਿਹਾਸਕ ਪੈਗਾਮ ਅਨੁਸਾਰ ਅੱਜ ਵੀ ਇੰਝ ਸੋਚਣ ਦੀ ਲੋੜ ਹੈ, "ਜਦ ਤੱਕ ਸਮਾਜਵਾਦੀ ਲੋਕ ਰਾਜ ਸਥਾਪਤ ਨਹੀਂ ਹੋ ਜਾਂਦਾ ਤੇ ਸਮਾਜ ਦਾ ਵਰਤਮਾਨ ਢਾਂਚਾ ਖਤਮ ਕਰਕੇ ਉਸ ਦੀ ਥਾਂ ਸਮਾਜਿਕ ਖੁਸ਼ਹਾਲੀ ਉਤੇ ਆਧਾਰਤ ਸਮਾਜ ਢਾਂਚਾ ਨਹੀਂ ਉਸਰ ਜਾਂਦਾ...ਜੰਗ ਹੋਰ ਨਵੇਂ ਜੋਸ਼, ਹੋਰ ਵਧੇਰੀ ਨਿਡਰਤਾ, ਬਹਾਦਰੀ ਅਤੇ ਅਟਲ ਇਰਾਦੇ ਨਾਲ ਲੜੀ ਜਾਂਦੀ ਰਹੇਗੀ।" ਸੱਚਾਈ ਇਹ ਹੈ ਕਿ ਸਰਮਾਏਦਾਰੀ ਤੋਂ ਅੱਕੇ ਲੋਕ ਹਰੇਕ ਖੇਤਰ ਵਿਚ ਲੜਾਈਆਂ ਲੜ ਰਹੇ ਹਨ ਉਨ੍ਹਾਂ ਲੜਾਈਆਂ ਦਾ ਹਿੱਸਾ ਭਗਤ ਸਿੰਘ ਅਚੇਤ ਅਤੇ ਸੁਚੇਤ ਰੂਪ ਵਿਚ ਹੀ ਬਣ ਜਾਂਦਾ ਹੈ ਕਿਉਂਕਿ ਭਗਤ ਸਿੰਘ ਦੇ ਵਿਚਾਰ ਤੱਤ ਰੂਪ ਵਿਚ ਲੜਨ ਵਾਲੇ ਲੋਕਾਂ ਨਾਲ ਜਾ ਕੇ ਜੁੜ ਜਾਂਦੇ ਹਨ, ਉਨ੍ਹਾਂ ਨੂੰ ਦ੍ਰਿਸ਼ਟੀ ਦਿੰਦੇ ਹਨ। ਅਜੋਕੇ ਇਤਿਹਾਸਕ ਮੋੜ 'ਤੇ ਸਮਾਜਿਕ ਤਬਦੀਲੀ ਲਈ ਭਗਤ ਸਿੰਘ ਦੀ ਵਾਪਸੀ ਪਹਿਲੇ ਸਮਿਆਂ ਨਾਲੋਂ ਵੀ ਮਹੱਤਤਾ ਰੱਖਦੀ ਹੈ। ਇਹ ਹੀ ਇਤਿਹਾਸਕ ਸੱਚ ਹੈ।

ਭਗਤ ਸਿੰਘ ਦੁਨੀਆ ਦੇ ਕ੍ਰਾਂਤੀਕਾਰੀਆਂ ਵਿਚ ਗਿਣਿਆ ਜਾਂਦਾ ਹੈ। ਜਿਸ ਕਿਸਮ ਨਾਲ ਗਦਰ ਦੇ ਨਾਇਕ 1914-15 ਵਿਚ ਵੱਡੀ ਬਗਾਵਤ ਕਰਕੇ ਨਾਇਕਾਂ ਦੇ ਤੌਰ 'ਤੇ ਆਪਣਾ ਇਤਿਹਾਸ ਵਿਚ ਨਾਂ ਦਰਜ ਕਰਾ ਗਏ ਸੀ। ਜਦੋਂ ਵੀ ਦੇਸ਼ ਭਗਤ ਯਾਦਗਾਰੀ ਹਾਲ ਵਿਚ ਵਿਚਰਨ ਦਾ ਮੌਕਾ ਮਿਲਦਾ ਹੈ ਤਾਂ ਚਾਰ ਚੁਫੇਰੇ ਗਦਰ ਲਹਿਰ ਦੇ ਅਨੇਕਾਂ ਸ਼ਹੀਦਾਂ ਦੀ ਚੰਗੇਰ ਯਾਦ ਆ ਜਾਂਦੀ ਹੈ ਕਿ ਕਿਸ ਤਰ੍ਹਾਂ ਦੀਆਂ ਇਨਕਲਾਬੀ ਸੂਰਮਗਤੀ, ਸ਼ਹਾਦਤਾਂ ਦੀ ਕੁਆਲਟੀ ਅਤੇ ਝੜੀ, ਸੰਘਰਸ਼ ਅਤੇ ਕੁਰਬਾਨੀਆਂ ਦਾ ਲਗਾਤਾਰਤਾ ਦੁਨੀਆ ਭਰ ਦੇ ਇਨਕਲਾਬੀ ਅਮਲ ਦੇ ਇਤਿਹਾਸ ਅੰਦਰ ਦਿਖਾਈ ਦਿੰਦੀ ਹੈ। ਇਨ੍ਹਾਂ ਸ਼ਹੀਦਾਂ ਵਿਚ ਸਾਰੇ ਫਿਰਕਿਆਂ ਦੇ ਸ਼ਾਨਾਮੱਤੇ ਚਿਹਰਿਆਂ ਵਾਲੇ ਗਦਰੀ ਬਾਬੇ ਭਾਵੇਂ ਵੱਧ ਗਿਣਤੀ ਸਿੱਖਾਂ ਦੀ ਹੈ ਪਰ ਇਨ੍ਹਾਂ ਵਿਚ ਦੇਸ਼ ਭਰ ਦੇ ਇਨਕਲਾਬੀ ਵੀ ਸ਼ਾਮਲ ਹਨ। ਜਿਨ੍ਹਾਂ ਨੇ ਮੌਤ ਨੂੰ ਮਾਹੌਲਾਂ ਕਰਦਿਆਂ, ਹੱਸਦਿਆਂ ਫਾਂਸੀ ਦੇ ਫੰਦੇ 'ਤੇ ਚੜ੍ਹ ਕੇ ਦੁਨੀਆ ਦੇ ਇਤਿਹਾਸ ਨੂੰ ਦਿਖਾ ਦਿੱਤਾ ਕਿ ਕ੍ਰਾਂਤੀਕਾਰੀ ਸਮਾਜ ਦੀ ਤਬਦੀਲੀ ਲਈ ਕਿਸ ਕਦਰ ਆਪਣੀ ਜਾਨ ਵਾਰ ਸਕਦੇ ਹਨ। ਇਥੋਂ ਤੱਕ ਆਪਣੀ ਤਾਉਮਰ ਅੰਡੇਮਾਨ ਦੀਆਂ ਜੇਲ੍ਹਾਂ ਵਿਚ ਲੰਬੀਆਂ ਸਜ਼ਾਵਾਂ ਕੱਟਦਿਆਂ, ਕੰਧਾਂ ਨਾਲ ਸੰਗਲਾਂ ਨਾਲ ਨੂੜ ਕੇ, ਹੱਥਕੜੀਆਂ ਤੇ ਪੈਰਾਂ ਵਿ ਬੇੜੀਆਂ ਵਿਚ ਜਕੜ ਕੇ, ਲੋਹੇ ਦੇ ਪਿੰਜਰਿਆਂ ਵਿਚ ਬੰਦ ਰਹਿ ਕੇ ਇਥੋਂ ਤੱਕ ਕਾਲ ਕੋਠੜੀਆਂ ਵਿਚ ਦਹਾਕੇ ਗੁਜ਼ਾਰ ਦਿੱਤੇ। ਜਿਨ੍ਹਾਂ ਨੇ ਕਿਸੇ ਵੀ ਤਰ੍ਹਾਂ ਦੇ ਤਸੀਹਿਆਂ ਅੱਗੇ ਈਨ ਨਹੀਂ ਮੰਨੀ। ਜਿਨ੍ਹਾਂ ਨੇ ਲਹੂ ਲੁਹਾਨ ਹੋ ਕੇ ਵੀ ਸਿਰ ਨੀਵਾਂ ਨਹੀਂ ਕੀਤਾ। ਜਿਨ੍ਹਾਂ ਨੇ ਸਭ ਕੁਝ ਜਰ ਲਿਆ ਪਰ ਜਦੋ-ਜਹਿਦ ਨਹੀਂ ਛੱਡੀ। ਇਸ ਸਿਦਕੀ ਤੇ ਅਡੋਲ ਸੂਰਮੇ ਮੁੜ ਫਿਰ ਲੜਾਈ ਵਿਚ ਕੁੱਦ ਪਏ ਸਨ। ਇਸੇ ਕਰਕੇ ਸ਼ਹੀਦ ਭਗਤ ਸਿੰਘ ਲਈ ਇਹ ਸਤਿਕਾਰਤ ਸਨ। ਜਿਸ ਕਰਕੇ ਕਰਤਾਰ ਸਿੰਘ ਸਰਾਭਾ ਨੂੰ ਭਗਤ ਸਿੰਘ ਆਪਣਾ ਨਾਇਕ ਸਮਝਦਾ ਸੀ। ਉਹ ਅਸਲੀ ਇਨਕਲਾਬੀ ਮਾਡਲ ਸੀ। ਇਸ ਕਿਸਮ ਦੀ ਪ੍ਰੰਪਰਾ ਦੁਨੀਆ ਦੇ ਵੱਖ-ਵੱਖ ਕੋਨਿਆਂ ਵਿਚ ਚੀ ਗਵੇਰਾ ਨੇ ਵੀ ਪਾਈ ਅਤੇ ਕੌਮਾਂਤਰੀ ਪੱਧਰ 'ਤੇ ਬੇਹੱਦ ਖਤਰਨਾਕ ਸੰਭਾਵਨਾਵਾਂ ਤੇ ਹਲਾਤਾਂ ਨਾਲ ਮੜਿਕਣ ਲਈ ਹਜ਼ਾਰਾਂ ਨੌਜਵਾਨਾਂ ਨੂੰ ਪ੍ਰੇਰਣਾ ਪ੍ਰਦਾਨ ਕੀਤੀ। ਅੱਜ ਦੀ ਦੁਨੀਆ ਜਦੋਂ ਇਕ ਵੱਡੀ ਤਬਦੀਲੀ ਦੀ ਮੰਗ ਕਰਦੀ ਹੈ ਉਸ ਵੇਲੇ ਦੁਨੀਆ ਭਰ ਵਿਚ ਵਿਸ਼ੇਸ਼ ਕਰਕੇ ਭਾਰਤ ਵਿਚ ਇਕ ਖਤਰਨਾਕ ਕਿਸਮ ਦਾ ਪਿਛਲਮੋੜਾ ਆਇਆ ਹੋਇਆ ਹੈ। ਇਥੋਂ ਤੱਕ ਕਿ ਮਜ਼੍ਹਬ ਰਾਜਨੀਤੀ ਦਾ ਅਟੁੱਟ ਅੰਗ ਬਣ ਗਿਆ ਹੈ। ਇਕ ਕਿਸਮ ਨਾਲ ਸਮਾਜਿਕ ਤਬਦੀਲੀਆਂ ਲਈ ਦੂਹਰੀ ਚੁਣੌਤੀ ਉਤਪੰਨ ਹੋ ਗਈ ਹੈ। ਇਕ ਪਾਸੇ ਸਰਮਾਏਦਾਰੀ ਦੇ ਖਿਲਾਫ਼ ਲੜਾਈ ਅਤੇ ਦੂਜੇ ਪਾਸੇ ਫਿਰਕੂ ਮਾਹੌਲ ਪੈਦਾ ਕਰਨ ਲਈ ਆਪਸੀ ਵੰਡ ਲਈ ਧਰਮ ਦਾ ਸਹਾਰਾ ਲੈ ਕੇ ਰਾਜਨੀਤੀ ਦੀ ਖੇਡ ਖੇਡੀ ਜਾ ਰਹੀ ਹੈ। ਹਾਲਾਂਕਿ ਮਈ 1928 ਵਿਚ ਭਗਤ ਸਿੰਘ ਨੇ 'ਮਜ਼੍ਹਬ ਅਤੇ ਅਜ਼ਾਦੀ ਦੀ ਜੰਗ' ਤੇ 'ਫਿਰਕੂ ਫਸਾਦ ਅਤੇ ਉਨ੍ਹਾਂ ਦਾ ਇਲਾਜ' ਆਦਿ ਲਿਖਤਾਂ ਵਿਚ ਸਪਸ਼ਟ ਜ਼ਿਕਰ ਕੀਤਾ ਹੈ ਕਿ ਹਿੰਦੋਸਤਾਨ ਦੇ ਹਾਲਾਤ ਇਸ ਕਿਸਮ ਦੇ ਬਣਦੇ ਜਾ ਰਹੇ ਹਨ ਕਿ ਦੇਸ਼ ਦਾ ਭਵਿੱਖ ਬੜਾ ਕਾਲਾ ਨਜ਼ਰ ਆ ਰਿਹਾ ਹੈ। ਇਨ੍ਹਾਂ ਧਰਮਾਂ ਨੇ ਭਾਰਤ ਵਰਸ਼ ਦਾ ਬੇੜਾ ਗਰਕ ਕਰ ਦਿੱਤਾ ਹੈ ਅਤੇ ਅਜੇ ਪਤਾ ਇਹ ਧਾਰਮਿਕ ਫਸਾਦ ਭਾਰਤ ਵਰਸ਼ ਦਾ ਕਦੋਂ ਖਹਿੜਾ ਛੱਡਣਗੇ। ਇਨ੍ਹਾਂ ਫਸਾਦਾਂ ਨੇ ਸੰਸਾਰ ਦੀਆਂ ਅੱਖਾਂ ਵਿਚ ਹਿੰਦੋਸਤਾਨ ਨੂੰ ਬਦਨਾਮ ਕਰ ਛੱਡਿਆ ਹੈ ਅਤੇ ਅੰਧਵਿਸ਼ਵਾਸੀ ਵੈਣ ਵਿਚ ਸਭ ਬਹਿ ਜਾਂਦੇ ਹਨ। ਕੋਈ ਵਿਰਲਾ ਹੀ ਹਿੰਦੂ, ਮੁਸਲਮਾਨ ਜਾਂ ਸਿੱਖ ਹੁੰਦਾ ਹੈ ਜਿਹੜਾ ਆਪਣਾ ਦਿਮਾਗ ਠੰਡਾ ਰੱਖਦਾ ਹੈ। ਹਕੀਕਤ ਵਿਚ 1947 ਦੌਰਾਨ ਅਜਿਹਾ ਹੀ ਕੁਝ ਵਾਪਰਿਆ। ਮੁਲਕ ਦੀ ਤਰਾਸਦਿਕ ਵੰਡ ਹੋ ਗਈ ਅਤੇ ਇਕ ਵਾਰੀ ਕੁਰਬਾਨੀਆਂ ਦੇ ਰਾਹੀਂ ਜਿਸ ਕਿਸਮ ਦਾ ਮੁਲਕ ਬਣਨਾ ਸੀ ਉਹ ਤਰਾਸਦੀਆਂ ਵਿਚ ਬਦਲ ਗਿਆ। ਅੱਜ 2022 ਵਿਚ ਵੀ ਅਜਿਹੀ ਹੀ ਸਥਿਤੀ ਹੈ। ਦੁਨੀਆ ਭਰ ਵਿਚ ਸਰਮਾਏਦਾਰਾਨਾ ਅਤੇ ਸਾਮਰਾਜੀ ਪ੍ਰਬੰਧ ਬੇਹੱਦ ਡੂੰਘੇ ਸੰਕਟ ਦੀ ਲਪੇਟ ਵਿਚ ਹੈ। ਲੋਕਾਂ ਦਾ ਵਿਸ਼ਵਾਸ ਰਾਜ ਪ੍ਰਬੰਧ ਅਤੇ ਹੁਕਮਰਾਨ ਪਾਰਟੀਆਂ ਤੋਂ ਭੰਗ ਹੋ ਚੁੱਕਿਆ ਹੈ। ਇਸ ਕਰਕੇ ਲੋੜ ਇਸ ਗੱਲ ਹੈ ਕਿ ਮੁੜ ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੀ ਰਾਜਨੀਤਕ ਸੋਝੀ ਦੇ ਅਧਾਰ 'ਤੇ ਸਮਾਜਵਾਦੀ ਮਾਡਲ ਲਈ ਵੱਖ ਵੱਖ ਖੇਤਰਾਂ ਵਿਚ ਵਿਚਾਰਾਂ ਦਾ ਸਿਲਸਿਲਾ ਤੋਰਿਆ ਜਾਵੇ ਅਤੇ ਲੋਕਾਂ ਵਿਚ ਵਿਚਾਰਧਾਰਕ ਪਕਆਈ ਉਤਪੰਨ ਕੀਤੀ ਜਾਵੇ ਇਹ ਹੀ ਸਮੇਂ ਦੀ ਲੋੜ ਹੈ।

# ਸ਼ਹੀਦ ਊਧਮ ਸਿੰਘ ਨੂੰ ਕੌਮੀ ਸ਼ਹੀਦ ਦਾ ਦਰਜਾ ਦਿੱਤਾ ਜਾਵੇ : ਮੰਚ



## ਸ਼ਹੀਦ ਦਾ ਸਮਾਨ ਮਿਊਜ਼ੀਅਮ ਰੱਖਿਆ ਜਾਵੇ

ਗਦਰੀ ਸ਼ਹੀਦ ਊਧਮ ਸਿੰਘ ਵਿਚਾਰ ਮੰਚ ਦੇ ਆਗੂਆਂ ਵੱਲੋਂ ਮੀਟਿੰਗ ਕਰਕੇ ਕਿ ਬਿਆਨ ਜਾਰੀ ਕਰਦਿਆਂ ਕਿਹਾ ਕਿ ਦੇਸ ਦੀ ਆਜ਼ਾਦੀ ਲਈ ਜ਼ਿੰਦਗੀ ਕੁਰਬਾਨ ਕਰਨ ਵਾਲੇ ਸ਼ਹੀਦ ਊਧਮ ਸਿੰਘ ਨੂੰ ਕੌਮੀ ਸ਼ਹੀਦ ਦਾ ਦਰਜਾ ਦਿੱਤਾ ਜਾਣਾ ਚਾਹੀਦਾ ਹੈ।

ਸਰਕਾਰ ਵੱਲੋ ਅੰਗਰੇਜ਼ਾਂ ਦੇ ਭਾਰਤ ਵਿਚੋਂ ਜਾਣ ਦੇ 75 ਸਾਲ ਬਾਅਦ ਵੀ ਸ਼ਹੀਦ ਊਧਮ ਸਿੰਘ ਦਾ ਸਮਾਨ ਰੁਲਣਾ ਦੇਸ ਲਈ ਸਰਮ ਦੀ ਗੱਲ ਹੈ। ਮੰਚ ਆਗੂਆਂ ਨੇ ਕਿਹਾ ਕਿ ਸੁਨਾਮ ਊਧਮ ਸਿੰਘ ਵਾਲਾ ਵਿੱਚ ਸ਼ਹੀਦ ਦਾ ਮਿਊਜ਼ੀਅਮ 31 ਜੁਲਾਈ 2021 ਨੂੰ ਬਣਾਇਆ ਗਿਆ ਸੀ ਜਿਸ ਨੂੰ ਬਣੇ ਸਾਲ ਹੋਣ ਵਾਲਾ ਹੈ ਪਰ ਅੱਜ ਤੱਕ ਸ਼ਹੀਦ ਨਾਲ ਸਬੰਧਤ ਇੱਕ ਵੀ ਸਮਾਨ ਮਿਊਜ਼ੀਅਮ ਵਿੱਚ ਲਿਆ ਕਿ ਨਹੀਂ ਰੱਖਿਆ ਗਿਆ। ਸ਼ਹੀਦ ਦੀਆਂ ਅਸਥੀਆਂ ਦੇ ਦੋ ਕਲਸ ਅੱਜ ਵੀ ਸੁਨਾਮ ਊਧਮ ਸਿੰਘ ਵਾਲਾ ਦੇ ਸਰਕਾਰੀ ਕਾਲਜ ਦੀ ਲਾਇਬ੍ਰੇਰੀ ਵਿੱਚ ਰੁਲ ਰਹੇ ਹਨ। ਸ਼ਹੀਦ ਦਾ ਉਸੇ ਤਰ੍ਹਾਂ ਹੋਰ ਸਮਾਨ ਅੱਜ ਵੀ ਦੇਸ ਤੇ ਵਿਦੇਸ਼ਾਂ ਵਿਚ ਰੁੱਲ ਰਿਹਾ ਹੈ।

ਮੰਚ ਆਗੂਆਂ ਨੇ ਦੱਸਿਆ ਕਿ ਅਸੀਂ ਇਸ ਲਈ ਪ੍ਰਸਾਸ਼ਨ ਨੂੰ ਮਿਲ ਕੇ ਧਿਆਨ ਵਿੱਚ ਲਿਆ ਚੁੱਕੇ ਹਾਂ ਤੇ ਐਮ.ਐਲ.ਏ. ਅਮਨ ਅਰੋੜਾ ਜਿਹੜੇ ਹੁਣ ਮੰਤਰੀ ਬਣ ਗਏ ਹਨ, ਨੂੰ ਪਬਲਿਕ ਮਿਲਣੀ ਦੌਰਾਨ ਮੰਗ ਪੱਤਰ ਦੇ ਚੁੱਕੇ ਹਾਂ।

ਮੁੱਖ ਮੰਤਰੀ ਭਗਵੰਤ ਮਾਨ ਨੂੰ ਵੀ ਅਸੀਂ ਸਮਾਂ ਲੈਣ ਲਈ ਪੱਤਰ ਲਿਖ ਚੁੱਕੇ ਹਾਂ ਉਹਨਾਂ ਦੇ ਸਮਾਂ ਦੇਣ ਦਾ ਇੰਤਜ਼ਾਰ ਕਰ ਰਹੇ ਹਾਂ।

ਮੰਚ ਦੇ ਸਕੱਤਰ ਵਿਸ਼ਵ ਕਾਂਤ ਨੇ ਕਿਹਾ ਕਿ ਸ਼ਹੀਦ ਦੇ ਨਵੇਂ ਬਣੇ ਮੈਮੋਰੀਅਲ ਵਿਚ ਸ਼ਹੀਦ ਊਧਮ ਸਿੰਘ ਜੀ ਦਾ ਜਿਹੜਾ ਬੁੱਤ ਸਰਕਾਰ ਦੇ ਸੈਰ ਸਪਾਟਾ ਤੇ ਸਭਿਆਚਾਰਕ ਮਾਮਲੇ ਵਿਭਾਗ ਵੱਲੋਂ ਲਗਾਇਆ ਗਿਆ ਹੈ ਉਹ ਵੀ ਸ਼ਹੀਦ ਦੀ ਸ਼ਕਲ ਨਾਲ ਨਹੀਂ ਮਿਲਦਾ ਜਦੋਂ ਕਿ ਸਹੀਦ ਦੀਆਂ ਅਸਲੀ ਫੋਟੋਆਂ ਮੌਜੂਦ ਹਨ।

ਆਗੂਆਂ ਨੇ ਦੱਸਿਆ ਕਿ ਭਾਵੇ ਸਰਕਾਰ ਨੇ ਸਹਿਰ ਦਾ ਨਾਂਅ ਬਦਲ ਕੇ ਸੁਨਾਮ ਊਧਮ ਸਿੰਘ ਵਾਲਾ ਕੀਤੇ ਕਈ ਸਾਲ ਹੋ ਗਏ ਪਰ ਅਜੇ ਵੀ ਕੁਝ ਵਿਭਾਗ ਸਹਿਰ ਦਾ ਨਾਮ ਸੁਨਾਮ ਹੀ ਲਿਖ ਰਹੇ ਹਨ।

ਇਸ ਮੀਟਿੰਗ ਵਿੱਚ ਅਨਿਲ ਕੁਮਾਰ, ਦਾਤਾ ਸਿੰਘ ਨਮੋਲ, ਬਲਵੀਰ ਚੰਦ ਲੌਂਗੋਵਾਲ, ਵਿਸਵ ਕਾਂਤ, ਦਵਿੰਦਰ ਸਿੰਘ, ਪਵਨ ਛਾਜਲਾ, ਰਾਕੇਸ ਕੁਮਾਰ, ਸੰਜੀਵ ਕੁਮਾਰ, ਵਿਪਨ ਕੁਮਾਰ, ਪਦਮ ਸਿੰਘ ਤੇ ਹੋਰ ਕਈ ਆਗੂ ਮੌਜੂਦ ਸਨ।

-ਦਾਤਾ ਸਿੰਘ

# ਤਰਕਸ਼ੀਲ ਸੁਸਾਇਟੀ ਵੱਲੋਂ ਕਰਵਾਏ ਸੈਮੀਨਾਰ ਦੌਰਾਨ ਬੀਜੇਪੀ ਦੀ ਫਿਰਕੂ ਫਾਂਸੀਵਾਦੀ ਵਿਚਾਰਧਾਰਾ ਨੂੰ ਤੱਥਾਂ ਦੇ ਜਬਾਨੀ ਨੰਗਾ ਕੀਤਾ

-ਬਲਜਿੰਦਰ ਸਿੰਘ-

ਗਦਰੀ ਸ਼ਹੀਦ ਬਾਬਾ ਭਾਨ ਸਿੰਘ ਯਾਦਗਾਰ ਲੁਧਿਆਣਾ ਵਿਖੇ ਤਰਕਸ਼ੀਲ ਸੁਸਾਇਟੀ ਪੰਜਾਬ (ਇਕਾਈ ਲੁਧਿਆਣਾ) ਵੱਲੋਂ ਸੈਮੀਨਾਰ ਕਰਵਾਇਆ ਗਿਆ। ਸੈਮੀਨਾਰ ਦੇ ਮੁੱਖ ਬੁਲਾਰੇ ਤੇ ਉੱਘੇ ਸਮਾਜ ਚਿੰਤਕ ਬੂਟਾ ਸਿੰਘ ਮਹਿਮੂਦਪੁਰ ਨੇ ਬੀਜੇਪੀ ਦੀ ਫਿਰਕੂ ਤੇ ਫਾਸੀਵਾਦੀ ਵਿਚਾਰਧਾਰਾ ਬਾਰੇ ਸਪਸਟ ਕੀਤਾ। ਉਹਨਾਂ ਕਿਹਾ ਕਿ ਬੀਜੇਪੀ ਵੱਲੋਂ ਹਿੰਦੂ ਤਬਕੇ ’ਚ ਡਰ ਪੈਦਾ ਕਰਕੇ ਇਹ ਭੰਡੀ ਪ੍ਰਚਾਰ ਕੀਤਾ ਜਾ ਰਿਹਾ ਹੈ, ਕਿ ਉਹਨਾਂ ਅਤੇ ਹਿੰਦੂ ਧਰਮ ਬੀਜੇਪੀ ਦੇ ਰਾਜ ਵਿੱਚ ਹੀ ਸੁਰੱਖਿਅਤ ਹਨ। ਦੂਜੇ ਪਾਸੇ ਉਸ ਵੱਲੋਂ ਹੋਰ ਘੱਟ ਗਿਣਤੀਆਂ, ਮੁਸਲਮਾਨਾਂ ਤੇ ਦਲਿਤਾਂ ਨਾਲ ਦੁਸਮਣਾਨਾ ਸਲੂਕ ਕੀਤਾ ਜਾ ਰਿਹਾ ਹੈ। ਉਹਨਾਂ ਇਸ ਗੱਲ ਤੇ ਵੀ ਚਿੰਤਾ ਜਾਹਰ ਕੀਤੀ ਕਿ ਇੱਕ ਪਾਸੇ ਸਾਈਬਾਬਾ, ਗੌਤਮ ਨਵਲੱਖਾ, ਤੀਸਤਾ ਸੀਤਲਵੜ ਵਰਗੇ



ਕਿੰਨੇ ਹੀ ਲੋਕ ਪੱਖੀ ਬੁੱਧੀ-ਜੀਵੀਆਂ ਨੂੰ ਜੇਲ੍ਹੀਂ ਡੱਕਿਆ ਜਾ ਰਿਹਾ ਹੈ, ਪਰ ਦੂਜੇ ਪਾਸੇ ਭਗਵੇਂ ਅਪਰਾਧੀਆਂ ਤੇ ਦੰਗਾਕਾਰੀ ਕਾਤਲਾਂ ਨੂੰ ਮੀਡੀਆ ਸਾਹਮਣੇ ਆਪਣੇ ਅਪਰਾਧਾਂ ਨੂੰ ਮੰਨ ਲੈਣ ਤੇ ਵੀ ਖੁੱਲ੍ਹਾ ਛੱਡਿਆ ਹੋਇਆ ਹੈ। ਕੇਂਦਰ ਦੀ ਸੱਤ੍ਹਾਧਾਰੀ ਇਹ ਪਾਰਟੀ ਇੱਕ ਝੂਠ ਨੂੰ ਸੌ ਵਾਰ ਬੋਲਕੇ ਉਸ ਨੂੰ ਸੱਚ ਬਣਾਉਣ ਲੱਗੀ ਹੋਈ ਹੈ। ਸੋਸਲ ਤੇ ਗੋਦੀ ਮੀਡੀਆ ਰਾਹੀਂ ਫਿਰਕੂ ਨਫਰਤ ਅਤੇ ਹਿੰਸਾ ਨੂੰ ਫੈਲਾਕੇ ਲੋਕਾਂ ਨੂੰ ਉਹਨਾਂ ਦੇ ਅਸਲ ਮੁੱਦਿਆਂ ਤੋਂ ਭਟਕਾਇਆ ਜਾ ਰਿਹਾ ਹੈ। ਦੂਜੇ ਪਾਸੇ ਸਰਕਾਰ ਦੀ ਅਲੋਚਨਾ ਕਰਨ ਵਾਲਿਆਂ ਨੂੰ ਝੂਠੇ ਕੇਸਾਂ ਅਤੇ ਧਮਕੀਆਂ ਰਾਹੀਂ ਖਾਮੋਸ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।ਹਿੰਦੂ ਧਰਮ ਸੰਸਦ ਵਰਗੇ ਮੰਚਾਂ ਤੋਂ ਹਥਿਆਰ ਚੁੱਕਣ, ਕਤਲੇਆਮ ਤੇ ਬਲਾਤਕਾਰ ਕਰਨ ਦੇ ਸੱਦੇ ਦੇਣ ਵਾਲੇ ਅਖੌਤੀ ਧਰਮ ਗੁਰੂਆਂ ਨੂੰ ਖੁੱਲ੍ਹੀ ਛੁੱਟੀ ਦੇ ਰੱਖੀ ਹੈ। ਸੈਮੀਨਾਰ ਨੇ ਸਾਰੀਆਂ ਲੋਕ ਪੱਖੀ ਸਕਤੀਆਂ ਨੂੰ ਇਕੱਠੇ ਹੋ ਕੇ ਫਿਰਕੂ ਫਾਸੀਵਾਦ ਦਾ ਟਾਕਰਾ ਅਤੇ ਆਪਣੇ ਅਧਿਕਾਰਾਂ ਦੀ ਰਾਖੀ ਕਰਨ ਦਾ ਸੱਦਾ ਦਿੱਤਾ।

ਇਸ ਸਮੇਂ ਸਰਵਸੰਮਤੀ ਨਾਲ ਮਤਾ ਪਾਸ ਕਰਕੇ ਬੁੱਧੀਜੀਵੀਆਂ, ਪੱਤਰਕਾਰਾਂ, ਅਲੋਚਕਾਂ ਅਤੇ ਸਜਾ ਪੂਰੀ ਕਰ ਚੁੱਕੇ ਕੈਦੀਆਂ ਦੀ ਰਿਹਾਈ ਦੀ ਮੰਗ ਕੀਤੀ। ਸਮੁੱਚਾ ਸਟੇਜ ਸੰਚਾਲਨ ਤਰਕਸੀਲ ਆਗੂ ਜਸਵੰਤ ਜੀਰਖ ਨੇ ਨਿਭਾਇਆ। ਇਸ ਮੌਕੇ ਲੋਕ ਪੱਖੀ ਸਖਸੀਅਤਾਂ ਵਿੱਚ ਮਾ ਪ੍ਰਮਜੀਤ ਪਨੇਸਰ, ਪ੍ਰਿੰਸੀਪਲ ਹਰਭਜਨ ਸਿੰਘ, ਕਸਤੂਰੀ ਲਾਲ, ਐਡਵੋਕੇਟ ਹਰਪ੍ਰੀਤ ਜੀਰਖ, ਡਾ ਮੋਹਨ ਸਿੰਘ, ਡਾ ਮਨਿੰਦਰ ਸਿੰਘ, ਪ੍ਰਿੰਸੀਪਲ ਅਜਮੇਰ ਦਾਖਾ, ਮਾ ਨਿਰਪਾਲ ਸਿੰਘ ਜਲਾਲਦੀਵਾਲ, ਮਨਜੀਤ ਸਿੰਘ, ਕੈਪਟਨ ਗੁਰਦੀਪ ਸਿੰਘ, ਸੁਬੇਗ ਸਿੰਘ, ਮਾ. ਟੇਕ ਚੰਦ ਕਾਲੀਆ, ਸੁਖਵਿੰਦਰ ਲੀਲ, ਬਲਰਾਜ ਸਿੰਘ ਹਲਵਾਰਾ, ਸਮਸ਼ੇਰ ਨੂਰਪੁਰੀ, ਆਤਮਾ ਸਿੰਘ, ਧਰਮਪਾਲ ਸਿੰਘ ਹਾਜ਼ਰ ਸਨ। ਪ੍ਰਬੰਧਕੀ ਤੌਰ ’ਤੇ ਨੌਜਵਾਨ ਸਭਾ ਦੇ ਆਗੂ ਅਰੁਣ ਕੁਮਾਰ, ਰਾਕੇਸ ਆਜ਼ਾਦ, ਪ੍ਰਮਜੀਤ ਸਿੰਘ, ਮਹੇਸ ਕੁਮਾਰ ਨੇ ਮੁੱਖ ਜੁੰਮੇਵਾਰੀ ਨਿਭਾਈ।


NEW SERVICE BY CARE INC

Calgary 403-605-6300

ਸੋਮਵਾਰ ਤੋ ਸ਼ਨੀਵਾਰ 10 ਵਜੇ ਤੋ 6 ਵਜੇ ਤੱਕ
ਐਤਵਾਰ ਬੰਦ

CARE AUDIOLOGY

ਕੀ ਤੁਸੀਂ ਜਾਣਦੇ ਹੋ ਕਿ ਵਡੇਰੀ ਉਮਰ ਵਿੱਚ ਤੰਦਰੁਸਤ ਰਹਿਣ ਲਈ ਸੁਣਨ ਸ਼ਕਤੀ ਦਾ ਪੂਰਾ ਹੋਣਾ ਬਹੁਤ ਹੀ ਜਰੂਰੀ ਹੈ....??

ਦੁਨੀਆਂ ਦੀ ਪ੍ਰਸਿੱਧ ਮੈਡੀਕਲ ਯੂਨੀਵਰਸਿਟੀ ਦੀ ਖੋਜ ਮੁਤਾਬਿਕ ਜੇਕਰ ਘੱਟ ਸੁਣਨ ਦਾ ਇਲਾਜ ਨਾ ਕੀਤਾ ਜਾਵੇ ਤਾਂ ਉਦਾਸੀ, ਦਿਮਾਗੀ ਕਮਜ਼ੋਰੀ, ਦਿਲ ਦਾ ਦੌਰਾ ਅਤੇ ਡਿੱਗਣ ਦੇ ਖਤਰੇ ਵੱਧ ਜਾਂਦੇ ਹਨ।

ਸ਼ੁਨਣ ਸ਼ਕਤੀ ਕਮਜ਼ੋਰ ਹੋਵੇ ਤਾਂ ਵੱਡੀ ਗਲਤਫ਼ਹਿਮੀ ਹੋ ਸਕਦੀ ਹੈ। ਬਜ਼ੁਰਗਾਂ ਨੂੰ ਵੱਖੋ-ਵੱਖ ਸੇਵਾਵਾਂ ਦੇਣ ਵਾਲੇ Care Inc. ਨੇ ਹੁਣ ਖੋਲ ਦਿੱਤੀ ਹੈ Care Audiology! ਜਿੱਥੇ ਦੁਨਿਆਂ ਦੀਆਂ Latest ਮਸ਼ੀਨਾ ਨਾਲ ਕੰਨਾ ਦਾ hearing test ਕੀਤਾ ਜਾਂਦਾ ਹੈ। ਤੁਸੀਂ ਮੁਫਤ hearing aid ਲੈਣ ਵਾਸਤੇ ਵੀ ਕੁਆਲੀਫਾਈ ਕਰ ਸਕਦੇ ਹੋ। 19 ਸਾਲ ਤੋਂ ਵੱਧ ਉਮਰ ਵਾਲਿਆਂ ਦਾ hearing test free ਕਰਦੇ ਨੇ।

‘ਕੇਅਰ ਇੰਕ’
ਤੁਹਾਡੀ ਸੇਫਟੀ, ਸਾਡਾ ਵਿਸ਼ਵਾਸ
Payment Plans Available



www.careinc.ca

Calgary Store: #124 - 4774 Westwinds Drive N.E., Calgary Alberta, Canada
Phone: 403-605-6300 Fax : 403-536-4057 Email : calgary@careinc.ca



Sun Life

Advice from someone you trust.

It's important to protect yourself and your family from the financial impact of lost income due to accident, illness or disability. Do you have a plan in place?

Critical illness insurance • Life insurance • Personal Health Insurance



Harvinder Singh
587-574-0029
harvinder.h.singh@sunlife.com

Sun Life Assurance Company of Canada is a member of the Sun Life group of companies.
© Sun Life Assurance Company of Canada, 2021.





Avon Accounting & Tax Services

ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ ’ਤੇ ਆਪਣੇ ਬਿਜਨਿਸ ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।

ਸੇਵਾਵਾਂ ਵੀਕ ਐਂਡ ’ਤੇ ਵੀ ਉਪਲਬਧ

Personal Tax Returns (TI)
Self Employed
Taxi Business

Corporate Tax Returns (T2)
GST/Payrolls/ROE
WCB Returns

Tax Planning & Advisory Services
Weekends/Evenings Services also available.

Tel. : 403-479-4220, 403-561-9011
pandher_2004@yahoo.com or singhh73@gmail.com

# ਲੋਕ ਸੰਗਰਾਮਾਂ ਦਾ ਪ੍ਰਤੀਕ ਪ੍ਰਿਥੀਪਾਲ ਸਿੰਘ ਰੰਧਾਵਾ



ਗੁਰਮੇਲ ਸਿੰਘ ਬੌਡੇ
98143-04213

ਅੱਜ ਦੇ ਦਿਨ ਸ਼ਹੀਦ ਪ੍ਰਿਥੀਪਾਲ ਸਿੰਘ ਰੰਧਾਵਾ ਜੀ ਦੀ ਸ਼ਹਾਦਤ ਦਾ ਦਿਨ ਵਿਦਿਆਰਥੀ ਵਰਗ ਲਈ ਪ੍ਰਰਨਾਂ ਸ੍ਰੋਤ ਹੈ ਜਿੰਨਾ ਨੇ ਆਪਣੇ ਬੌਧਿਕ ਚੇਤਨਤਾ ਨਾਲ ਬਰਾਬਰੀ ਦਾ ਸਮਾਜ ਸਿਰਜਣਾ ਹੈ। ਅਸੀਂ ਸ਼ਹੀਦ ਪ੍ਰਿਥੀਪਾਲ ਸਿੰਘ ਰੰਧਾਵਾ ਜੀ ਦੀ ਸ਼ਹੀਦੀ ਦੇ ਉਸ ਸਮੇਂ ਦੇ ਉਨ੍ਹਾਂ ਦੇ ਸਾਥੀ ਹਾਂ, ਉਸ ਸਮੇਂ 17/07/1979 ਦੀ ਰਾਤ ਨੂੰ ਬਾਦਲ ਸਰਕਾਰ ਦੇ ਅਨੈਤਿਕ ਕਿਰਦਾਰ ਦੀ ਇਹ ਝੂਠੇ ਪੁਲਿਸ ਮੁਕਾਬਲਿਆਂ ਵਰਗੀ ਉਦਾਹਰਣ ਸੀ। ਜਦੋਂ ਪ੍ਰਿਥੀਪਾਲ ਸਿੰਘ ਰੰਧਾਵਾ ਜੀ ਨੂੰ ਲੁਧਿਆਣੇ ਘਰ ਵਿੱਚੋਂ ਅਕਾਲੀ ਦਲ ਦੇ ਐਮ ਐਲ ਏ ਪਵਾਹ ਅਤੇ ਨਿਰਲੇਪ ਕੌਰ ਦੇ ਟੁੱਕੜਬੋਚਾਂ ਨੇ ਰਾਤ ਵੇਲੇ ਸਿਰ ਨੂੰ ਸੱਬਲਾਂ ਮਾਰ ਕੇ ਫੇਹ ਦਿੱਤਾ ਸੀ ਅਤੇ ਲੱਤਾਂ ਬਾਹਾਂ ਨੂੰ ਲੋਹੇ ਦੀਆਂ ਰਾਡਾਂ ਮਾਰ ਕੇ ਭੰਨ ਦਿੱਤਾ ਸੀ ਅਤੇ ਲਾਸ਼ ਨੂੰ ਨਿਰਵਸਤਰ ਕਰਕੇ ਝਾਂਡੇ ਪਿੰਡ ਵਾਲੀ ਸੜਕ ਉੱਤੇ ਸੁੱਟ ਦਿੱਤਾ ਸੀ। ਕਸੂਰ ਸਿਰਫ ਏਹੀ ਸੀ ਕਿ ਉਹ ਪੰਜਾਬ ਵਿੱਚ ਭਵਿੱਖ ਦੀ ਇਨਕਲਾਬੀ ਲਹਿਰ ਦੀ, ਬੌਧਿਕ ਚੇਤਨਤਾ ਦਾ ਪਤੀਕ ਸੀ। ਜਿਸਨੇ ਇਸ ਨਿਹੱਥੇ ਅਤੇ ਨਿਹੱਕੇ ਕਤਲ ਤੇ ਪੰਜਾਬ ਵਿੱਚ ਕਿਰਤੀ ਲੋਕਾਂ ਦੇ ਰੋਹ ਅਤੇ ਸੰਘਰਸ ਨੇ ਵਿਦਰੋਹ ਪੈਦਾ ਕਰ ਦਿੱਤਾ ਸੀ।

ਪ੍ਰਿਥੀਪਾਲ ਸਿੰਘ ਰੰਧਾਵਾ ਜੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਐਮ ਐਸ ਸੀ ਦੇ ਗੋਲਡ ਮੈਡਲਿਸਟ ਅਤੇ ਜਹੀਨ ਵਿਦਵਾਨ ਸਨ। ਉਸ ਉਨ੍ਹਾਂ ਦੇ ਇਸ ਡਿਗਰੀ ਵਿੱਚੋਂ ਪਪਤ ਅੰਕ ਉਸ ਸਮੇਂ ਦੇ ਖੇਤੀਬਾੜੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਨਾਲੋਂ ਵੀ ਵੱਧ ਸਨ। ਉਹ 1972 ਦੇ ਮੋਗਾ ਗੋਲੀਕਾਂਡ ਤੋਂ ਬਾਅਦ ਪੰਜਾਬ ਸਟੂਡੈਂਟਸ ਯੂਨੀਅਨ ਦੇ ਜਨਰਲ ਸਕੱਤਰ ਸਨ ਜਿਨ੍ਹਾਂ ਦੀ ਅਗਵਾਈ ਵਿੱਚ ਪੰਜਾਬ ਦੇ ਵਿਦਿਆਰਥੀਆਂ ਨੇ ਮਾਣਮੱਤੀਆਂ ਪਪਤੀਆਂ ਕੀਤੀਆਂ ਅਤੇ ਸਰਕਾਰ ਕੋਲੋ ਸੰਘਰਸ ਕਰ ਕੇ ਅਨੇਕਾਂ ਰਿਆਇਤਾਂ ਲਈਆਂ ਤਾਂ ਜੋ ਗਰੀਬ ਘਰਾਂ ਦੇ ਬੱਚੇ ਵੀ ਉੱਚ ਵਿਦਿਆ ਪ੍ਰਾਪਤ ਕਰ ਸਕਣ। ਲੋਕਾਂ ਨੂੰ ਅਨਪੜ੍ਹ ਅਤੇ ਗੁਰਬਤ ਵਿੱਚ ਸਿਰਫ ਵੋਟ ਦੀ ਪਰਚੀ ਬਣਾਉਣ ਲਈ ਸਰਕਾਰ ਲਈ ਇਹ ਲਹਿਰ ਉਨ੍ਹਾਂ ਦੀ ਸਥਾਪਤੀ ਦੀ ਬਰਕਰਾਰੀ ਦੇ ਸੰਘ ਦੀ ਹੱਡੀ ਸੀ। ਜਿਸਨੂੰ ਉਸ ਸਮੇਂ ਦੀ ਸਰਕਾਰ ਨੇ ਬੜੇ ਕੁੱਢਰ ਢੰਗ ਨਾਲ ਇਹ ਕਤਲ ਕਰਕੇ ਵਿਦਿਆਰਥੀ ਲਹਿਰ ਨੂੰ ਖਤਮ ਕਰਨ ਦਾ ਭਰਮ ਪਾਲਿਆ ਸੀ। ਪਰ ਇਸ ਵਰਤਾਰੇ ਨੇ ਬਾਦਲ ਸਰਕਾਰ ਦੀ ਕੁਰਸੀ ਦੀਆਂ ਚੂਲਾਂ ਹਿਲਾ ਕੇ ਰੱਖ ਦਿਤੀਆਂ ਸਨ। ਇਸ ਕਤਲ ਨੇ ਸਮਾਜ ਦੇ ਸਾਰੇ ਮਿਹਨਤਕਸ ਵਰਗਾਂ ਨੂੰ ਇੱਕ ਲੜੀ ਵਿੱਚ ਪਰੋ ਦਿੱਤਾ ਸੀ।

ਅਸੀਂ ਉਸ ਸਮੇਂ ਦੇ ਇਸ ਵਿਦਿਆਰਥੀ ਲਹਿਰ ਦੀ ਇਤਿਹਾਸਕ ਘਟਨਾ ਦੇ ਚਸ਼ਮਦੀਦ ਗਵਾਹ ਹਾਂ। ਉਸ ਸਮੇਂ ਮੋਗਾ ਜ਼ਿਲ੍ਹਾ ਫਰੀਦਕੋਟ ਜਿਲ੍ਹੇ ਦੀ ਤਹਿਸੀਲ ਸੀ ਅਤੇ ਸਿਮਰਨਜੀਤ ਸਿੰਘ ਮਾਨ 1978-79 ਵਿੱਚ ਫਰੀਦਕੋਟ ਜਿਲ੍ਹੇ ਦੇ ਸੀਨੀਅਰ ਪੁਲਿਸ ਕਪਤਾਨ ਸਨ ਜੋ ਕਿ ਆਪਣੇ ਜਬਰ ਦਾ ਕਹਿਰ ਢਾਹੁਣ ਵਿੱਚ ਬਾਦਲ ਸਰਕਾਰ ਦੇ ਅਹਿਲਕਾਰ ਸਨ ਅਤੇ ਸਰਾਏਨਾਗਾ ਵਿੱਚ ਚਾਰ ਨਹਿੰਗ ਸਿੰਘਾਂ ਜੋ ਕਿ ਸਰਾਵਾਂ ਵਾਲੇ ਕਾਕੇ ਦੇ ਤਬੇਲੇ ਦੀ ਸਰੋਵਰ ਵੱਲ ਆ ਰਹੀ ਮੁਤਰਾਲ ਦਾ ਵਿਰੋਧ ਕਰ ਰਹੇ ਸਨ। ਜਿੰਨਾ ਨੂੰ ਇਸ ਐਸ ਐਸ ਪੀ ਨੇ ਸ਼ ਗੁਰੂ ਗ੍ਰੰਥ ਸਾਹਿਬ ਜੀ ਦੀ ਕਸਮ ਖਾ ਕੇ ਆਤਮ ਸਮਰਪਣ ਕਰਨ ਲਈ ਕਿਹਾ ਅਤੇ ਉਨ੍ਹਾਂ ਨੇ ਇਸਨੂੰ ਗੁਰਸਿੱਖ ਭਾਈ ਦੀ ਸੱਚੀ ਕਸਮ ਸਮਝ ਕੇ ਆਤਮ ਸਮਰਪਣ ਕਰ ਦਿੱਤਾ ਅਤੇ ਸਿਮਰਨਜੀਤ ਸਿੰਘ ਮਾਨ ਨੇ ਉਨ੍ਹਾਂ ਨਹਿੰਗ ਸਿੰਘਾਂ ਨੂੰ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਸੀ। ਇਸ ਖਿਲਾਫ ਲੋਕਾਂ ਨੇ, ਪੰਜਾਬ ਸਟੂਡੈਂਟਸ ਯੂਨੀਅਨ ਨੇ ਫਰੀਦਕੋਟ ਜਿਲ੍ਹੇ ਵਿੱਚ ਰੋਸ ਮੁਜਾਹਰੇ ਕੀਤੇ ਪਰ ਇਸ ਨੂੰ ਬਾਦਲ ਸਰਕਾਰ ਦਾ ਥਾਪੜਾ ਸੀ ਅਤੇ ਇਸ ਮਾਮਲੇ ਵਿੱਚ ਵੀ ਅਤੇ ਮਈ 1978 ਵਿੱਚ ਪੁਲਿਸ ਮੁਲਾਜਮਾਂ ਦੀ ਹੜਤਾਲ ਵਿੱਚ ਵੀ ਪੰਜਾਬ ਸਟੂਡੈਂਟਸ ਯੂਨੀਅਨ ਦੀ ਸ਼ਮੂਲੀਅਤ ਸਰਕਾਰ ਨੂੰ ਰੜਕਦੀ ਸੀ ਜਿਸਦਾ ਕੇਂਦਰ ਬਿੰਦੂ ਵਿਦਿਆਰਥੀ ਆਗੂ ਪ੍ਰਿਥੀਪਾਲ ਸਿੰਘ ਰੰਧਾਵਾ ਜੀ ਸਨ ਅਤੇ ਬੇਰੁਜਗਾਰ ਅਧਿਆਪਕ ਯੂਨੀਅਨ ਦੇ ਸੰਘਰਸ ਦੌਰਾਨ ਪੰਜਾਬ ਸਟੂਡੈਂਟਸ ਯੂਨੀਅਨ ਵੱਲੋਂ ਗਫਤਾਰੀਆਂ ਦੇਣਾ ਵੀ ਰੜਕ ਰਿਹਾ ਸੀ।



ਇਸ ਕਤਲ ਖਿਲਾਫ ਉੱਠੇ ਲੋਕ ਰੋਹ ਅਤੇ ਪੁਲਿਸ ਨਾਲ ਵਿਦਿਆਰਥੀਆਂ ਦੀਆਂ ਝੜਪਾਂ ਕਾਰਨ ਬਾਦਲ ਸਰਕਾਰ ਨੇ ਪੰਜਾਬ ਦੇ ਪੰਜਾਬ ਸਟੂਡੈਂਟਸ ਯੂਨੀਅਨ ਦੇ ਅਗਵਾਈ ਕਰਨ ਵਾਲੇ ਸੂਬਾ ਕਮੇਟੀ ਦੇ ਆਗੂਆਂ ਦੇ ਵਰੰਟ ਕੱਢ ਦਿੱਤੇ ਅਤੇ ਉਨ੍ਹਾਂ ਦੇ ਸਿਰਾਂ ਉੱਤੇ ਇਨਾਮ ਰੱਖ ਦਿੱਤੇ ਅਤੇ ਉਨ੍ਹਾਂ ਨੂੰ ਰੂਪੋਸ ਹੋਣਾ ਪਿਆ ਅਤੇ ਇਸ ਤਰ੍ਹਾਂ ਇਹ ਅਗਵਾਈ ਹੇਠਲੀ ਲੀਡਰਸ਼ਿਪ ਨੇ ਕੀਤੀ ਉਸ ਸਮੇਂ ਮੈਂ ਡੀ ਐਮ ਕਾਲਜ ਮੋਗਾ ਦੀ ਲੀਡਰਸ਼ਿਪ ਦਾ ਸੱਤ ਮੈਂਬਰੀ ਕਾਰਜਕਾਰੀ ਕਮੇਟੀ ਦਾ ਮੈਂਬਰ ਸੀ ਅਤੇ ਅਸੀਂ ਮੋਗਾ ਤਹਿਸੀਲ ਦੇ ਸੱਤ ਅੱਠ ਕਾਲਜਾਂ ਦੀ ਅਗਵਾਈ ਕਰਦੇ ਸੀ। ਰਾਤ ਨੂੰ ਕਿਸੇ ਨਾ ਕਿਸੇ ਪਿੰਡ ਵਿੱਚ ਜਨਤਕ ਲਾਮਬੰਦੀ ਲਈ ਗੁਰਸ਼ਰਨ ਭਾਅ ਜੀ ਦੇ ਨਾਟਕ ਖੇਡੇ ਜਾਂਦੇ ਅਤੇ ਦਿਨ ਵੇਲੇ ਕਾਲਜਾਂ ਵਿੱਚ ਹੁੰਦੇ। ਉਸ ਸਮੇਂ ਅਸੀਂ ਨਾਟਕਾਂ ਦੇ ਪਾਤਰ ਵੀ ਬਣਦੇ ਅਤੇ ਮੰਚ ਸੰਚਾਲਨ ਕਰਦੇ ਇਨਕਲਾਬੀ ਕਵਿਤਾਵਾਂ ਅਤੇ ਗੀਤ ਪੇਸ ਕਰਦੇ ਭੇਸ ਵਟਾਅ ਕੇ ਸੂਬੇ ਦੇ ਆਗੂ ਲੋਕਾਂ ਨੂੰ, ਵਿਦਿਆਰਥੀਆਂ ਨੂੰ ਸੰਬੋਧਨ ਵੀ ਕਰ ਜਾਂਦੇ ਸਨ ਅਤੇ ਸ਼ਹਿਰਾਂ ਵਿੱਚ ਪੁਲਿਸ ਦਾ ਮੁਕਾਬਲਾ ਕਰਨ ਲਈ ਵਿਦਿਆਰਥੀਆਂ ਨੇ ਡਾਂਗਾ ਹੱਥਾਂ ਵਿੱਚ ਫੜਕੇ ਮੁਜਾਹਰੇ ਕਰਦੇ ਅਤੇ ਵਿਦਿਆਰਥਣਾਂ ਏਨਾ ਦੀ ਅਗਵਾਈ ਕਰਦੀਆਂ।

ਉਸ ਸਮੇਂ ਮੈਂ ਸਰੀਰਕ ਤੌਰ ਤੇ ਬਿਲਕੁਲ ਠੀਕ ਸੀ। ਕਾਲਜ ਮੈਗਜੀਨ ਦਾ ਸੰਪਾਦਕ ਹੋਣ ਦੀ ਹੈਸੀਅਤ ਵਿੱਚ ਚੰਗੀਆਂ ਅਤੇ ਲੋਕ ਪੱਖੀ ਸੰਗਰਾਮੀ ਰਚਨਾਵਾਂ ਵਿਦਿਆਰਥੀਆਂ ਵਿੱਚ ਉਸਾਰੂ ਸਾਹਿਤ ਪੜਨ ਅਤੇ ਲਿਖਣ ਲਈ ਉਤਸਾਹਿਤ ਕਰਦੀਆਂ। ਇਸ ਸੰਘਰਸ ਦੌਰਾਨ ਹੀ ਵਿਦਿਆਰਥੀਆਂ ਵਿੱਚ ਸਹਿਮ ਪੈਦਾ ਕਰਨ ਲਈ ਉਸ ਸਮੇਂ ਦੇ ਬਾਘਾਪੁਰਾਣਾ ਥਾਣੇ ਦੇ ਮੁੱਖੀ ਵੱਲੋਂ ਨਵੰਬਰ ਦੇ ਅਖੀਰ ਵਿੱਚ ਪੁਲਿਸ ਨਾਲ ਪੌਲਿਟਿਕਨਕ ਕਾਲਜ ਦੇ ਹੋਸਟਲ ਵਿੱਚ ਵੜ ਕੇ ਵਿਦਿਆਰਥਣਾਂ ਨਾਲ ਬਦ ਤਮੀਜੀ ਕੀਤੀ ਅਤੇ ਉਨ੍ਹਾਂ ਨੂੰ ਧੱਕੇ ਮਾਰ ਕੇ ਕਮਰਿਆਂ ਵਿੱਚੋਂ ਬਾਹਰ ਸੁਟਿਆ ਗਿਆ। ਇਸ ਬਰਬਰਤਾ ਨੇ ਸ਼ਹੀਦ ਪ੍ਰਿਥੀਪਾਲ ਸਿੰਘ ਰੰਧਾਵਾ ਜੀ ਦੇ ਕਾਤਲਾਂ ਨੂੰ ਗਫਤਾਰ ਕਰਵਾਉਣ ਲਈ ਪੰਜ ਮਹੀਨਿਆਂ ਤੋਂ ਚੱਲ ਰਹੇ ਘੋਲ ਨੂੰ ਪਚੰਡ ਕਰਨ ਲਈ ਤੀਲੀ ਲਗਾ ਕੇ ਬਲਦੀ ਉੱਤੇ ਤੇਲ ਪਾਉਣ ਦਾ ਕੰਮ ਕੀਤਾ।

ਵਿਦਿਆਰਥੀਆਂ ਦੀ ਹੰਗਾਮੀ ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਇਸ ਧੱਕੇਸਾਹੀ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ ਅਤੇ ਹਾਜਰ ਵਿਦਿਆਰਥੀਆਂ ਨੇ ਆਪਣੀਆਂ ਉਂਗਲੀਆਂ ਵਿੱਚ ਸੂਈ ਪਿੰਨ ਮਾਰ ਕੇ ਲਹੂ ਨਾਲ ਦਸਤਖਤ ਕੀਤੇ ਗਏ ਜਿਸ ਵਿੱਚ ਮੇਰੇ ਦਸਤਖਤ ਵੀ ਸਨ। ਅਗਲੇ ਦਿਨ ਬੀ ਐੱਡ ਕਾਲਜ ਵਿੱਚ ਦਸ ਵਜੇ ਸਵੇਰੇ ਮੀਟਿੰਗ ਸੀ ਕਿਉਂ ਕਿ ਧੁੰਦ ਦਾ ਮੌਸਮ ਸੀ। ਅਗਲੇ ਦਿਨ 20/12/1979 ਨੂੰ ਮੈਂ ਸਵੇਰੇ ਘਰੋਂ ਸਾਢੇ ਕੁ ਸੱਤ ਤੋਂ ਬਾਅਦ ਰਵਾਨਾ ਹੋਇਆ ਤਾਂ ਬੱਸ ਸੇਵਾ ਬਹੁਤ ਘੱਟ ਅਤੇ ਲੇਟ ਸੀ। ਫੇਰ ਮੇਰੇ ਗੁਆਂਢੀ ਦੇ ਵਾਕਫ ਵਿਦਿਆਰਥੀ ਦਾ ਸਾਥੀ ਮੋਟਰਸਾਇਕਲ ਤੇ ਪਹੁੰਚਿਆ ਅਤੇ ਉਸਨੂੰ ਵੇਖਿਆ ਅਤੇ ਮੋਟਰਸਾਇਕਲ ਤੇ ਬੈਠਾ ਲਿਆ ਅਤੇ ਮੈਂ ਏਨਾ ਦੋਹਾਂ ਦੇ ਪਿੱਛੇ ਬੈਠਾ ਸੀ ਕਿ ਲਿੰਕ ਸੜਕ ਹੋਣ ਕਰਕੇ ਦੂਸਰਾ ਧੁੰਦ ਅਤੇ ਤੀਸਰਾ ਬੱਸ ਵੱਲੋਂ ਕੋਈ ਸਾਧਨ ਪਾਰ ਕਰਨ ਤੇ ਉਡਾਈ ਧੂੜ ਵਿੱਚ ਮੋਟਰਸਾਇਕਲ ਚਾਲਕ ਤੋਂ ਮੋਟਰਸਾਇਕਲ ਸੜਕ ਦੇ ਵਿਚਕਾਰ ਖੜਾਈ ਟਰਾਲੀ ਦੇ ਪਿੱਛੇ ਵੱਜਿਆ ਅਤੇ ਅਸੀਂ ਬੇਹੋਸ ਹੋ ਗਏ। ਪਿੰਡ ਪਤਾ ਲੱਗਣ ਤੇ ਮੋਗਾ ਦੇ ਹਸਪਤਾਲਾਂ ਨੇ ਗੰਭੀਰ ਕੇਸ ਹੋਣ ਕਰਕੇ ਸੀ ਐਮ ਸੀ ਲੁਧਿਆਣੇ ਭੇਜ ਦਿੱਤਾ ਗਿਆ ਅਤੇ ਮੈਂ ਤੀਸਰੇ ਦਿਨ ਹੋਸ਼ ਵਿੱਚ ਆਇਆ ਅਤੇ ਮੈਂ ਦਿਮਾਗੀ ਪੱਖੋਂ ਠੀਕ ਸੀ ਅਤੇ ਐਕਸੀਡੈਂਟ ਕਿਵੇਂ ਹੋਇਆ ਸਭ ਦੱਸ ਦਿੱਤਾ। ਅਗਲੇ ਦਿਨ ਲੱਤ ਦੀ ਟੁੱਟੀ ਹੋਈ ਹੱਡੀ ਦੇ ਜਖਮ ਵਿੱਚ ਗੈਂਗਰੀਨ (ਪਲਮ) ਫੈਲਣ ਲੱਗੀ ਜੋ ਕਿ ਕਾਬੂ ਨਾ ਹੋ ਸਕੀ ਅਤੇ 31/12/1979 ਨੂੰ ਮੇਰੀ ਖੱਬੀ ਲੱਤ ਗੋਡੇ ਦੇ ਉਪਰੋਂ ਕੱਟਣੀ ਪਈ। ਮਹੀਨੇ ਬਾਅਦ ਹਸਪਤਾਲੋਂ ਛੁੱਟੀ ਮਿਲੀ ਅਤੇ ਦੋ ਮਹੀਨੇ ਜਖਮੀ ਹਾਲਤਾਂ ਵਿੱਚ ਰਹਿਣ ਕਾਰਨ ਯੂਨੀਵਰਸਿਟੀ ਦੇ ਪੇਪਰ ਦੇਣ ਤੋਂ ਅਸਮਰੱਥ ਹੋ ਗਿਆ। ਹੁਣ ਭਵਿੱਖ ਵਿੱਚ ਕਾਲਜ ਕਿਵੇਂ ਜਾਵਾਂਗਾ, ਪੰਜਾਬ ਸਟੂਡੈਂਟਸ ਯੂਨੀਅਨ ਦੇ ਮੁਜਾਹਰਿਆਂ ਦੀ ਅਗਵਾਈ, ਨਾਹਰੇ ਲਿਖਣੇ, ਪੋਸਟਰ ਲਗਾਉਣੇ, ਸਾਈਕਲ, ਸਕੂਟਰ ਕਿਵੇਂ ਚਲਾਵਾਂਗਾ। ਕਾਲਜ ਵਿੱਚ ਕਿਵੇਂ ਦੌੜਾਂਗਾ ਜਾਂ ਹਾਕੀ ਟੀਮ ਵਿੱਚ ਲੈਫਟ ਆਊਟ ਪੁਜੀਸਨ ਤੇ ਕਿਵੇਂ ਖੇਡਾਂਗਾ ਏਨਾ ਸਵਾਲਾਂ ਨੇ ਜ਼ਿੰਦਗੀ ਦਾ ਰਾਹ ਮੱਲ ਲਿਆ ਪਰ ਇਸ ਨਾਜੁਕ ਸਮੇਂ ਸਾਹਿਤ ਨੇ ਉਂਗਲੀ ਫੜੀ ਅਤੇ "ਅਸਲੀ ਇਨਸਾਨ ਦੀ ਕਹਾਣੀ" ਅਤੇ "ਮਾਂ" ਨਾਵਲ ਨੇ ਰਹਿਨੁਮਾਈ ਕੀਤੀ ਅਤੇ ਉਸੇ ਸਾਲ 15/07/1980 ਵਿੱਚ ਮੋਗਾ ਦੇ ਬੀ ਐੱਡ ਕਾਲਜ ਵਿੱਚ ਹੋਏ ਪੰਜਾਬ ਸਟੂਡੈਂਟਸ ਯੂਨੀਅਨ ਦੇ ਡੈਲੀਗੇਟ ਇਜਲਾਸ ਵਿੱਚ ਮੈਨੂੰ ਸਤਿਕਾਰ ਵੱਜੋਂ ਪੰਜਾਬ ਸਟੂਡੈਂਟਸ ਯੂਨੀਅਨ ਦਾ ਪਰਚਮ ਭੇਟ ਕੀਤਾ ਗਿਆ।

ਇਹ ਪਰਚਮ ਅੱਜ ਵੀ ਮੇਰੀ ਜ਼ਿੰਦਗੀ ਦਾ ਸਭ ਤੋਂ ਵੱਡਾ ਸਨਮਾਨ ਹੈ। ਸਾਹਿਤ ਦੀ ਅਗਵਾਈ ਵਿੱਚ ਮੈ ਦੋਹਾਂ ਬਗਲਾਂ ਹੇਠਾਂ ਫੌਹੜੀਆਂ ਸਹਾਰੇ ਤੁਰ ਕੇ ਅਤੇ ਬਹੁਤ ਕੁਝ ਤਿਆਗ ਕੇ ਜੋ ਸਰਗਰਮੀਆਂ ਸਰੀਰਕ ਸੰਪੂਰਨਤਾ ਨਾਲ ਸਬੰਧਿਤ ਸਨ ਅੰਦਰੇ ਅੰਦਰ ਦਬਾ ਕੇ ਰਹਿ ਗਈ ਕਲਾਸ ਪਾਸ ਕੀਤੀ ਪਰ ਮੈਂ ਕਾਲਜ ਵਿੱਚ ਪੰਜਾਬ ਸਟੂਡੈਂਟਸ ਯੂਨੀਅਨ ਦਾ ਕਾਰਜਕਾਰੀ ਕਮੇਟੀ ਦਾ ਮੈਂਬਰ ਵੀ ਰਿਹਾ ਅਤੇ ਕਾਲਜ ਮੈਗਜੀਨ ਦਾ ਸੰਪਾਦਕ ਅਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਫੈਸਟੀਵਲਾਂ, ਕਾਲਜ ਸਟੇਜਾਂ ਤੇ ਕਾਵਿ ਉਚਾਰਨ ਅਤੇ ਭਾਸ਼ਨ ਮੁਕਾਬਲਿਆਂ ਵਿੱਚ ਜੇਤੂ ਰਿਹਾ। ਫੇਰ ਬਨਾਵਟੀ ਲੱਤ ਲਗਵਾ ਕੇ ਪੰਜਾਬ ਸਟੂਡੈਂਟਸ ਯੂਨੀਅਨ ਦੇ ਮੁਜਾਹਰਿਆਂ ਵਿੱਚ ਭਾਗ ਲੈਂਦਾ ਰਿਹਾ। 1983 ਵਿੱਚ ਬੀ ਏ ਕਰਕੇ ਅਤੇ 1985 ਵਿੱਚ ਬੀ ਐੱਡ ਕਰਕੇ ਜੂਨ 1988 ਵਿੱਚ ਸਰਕਾਰੀ ਅਧਿਆਪਕ ਬਣ ਗਿਆ ਅਤੇ 1989 ਵਿੱਚ ਸ਼ਾਦੀ ਹੋ ਗਈ ਅਤੇ ਫੇਰ ਜੀਵਨ ਸਾਥਣ ਨੂੰ ਪਲੱਸ ਟੂ ਤੋਂ ਬਾਅਦ ਬੀ ਏ ਬੀ ਐੱਡ ਫੇਰ ਐਮ ਏ ਪੰਜਾਬੀ ਸਾਹਿਤ ਕਰਵਾਈ ਅਤੇ ਖੁਦ ਐਮ ਏ ਇਤਿਹਾਸ ਅਤੇ ਐਮ ਐੱਡ ਪਾਸ ਕਰਕੇ 2012 ਵਿੱਚ ਲੈਕਚਰਾਰ ਇਤਿਹਾਸ ਵਿੱਚ ਪਦ ਉਨਤ ਹੋ ਕੇ 32 ਸਾਲ ਅਧਿਆਪਨ ਕਾਰਜ ਨਿਭਾ ਕੇ ਮਾਰਚ 2020 ਵਿੱਚ ਸੇਵਾ ਮੁਕਤ ਹੋਇਆ ਹਾਂ। ਇਸ ਉਪਰੰਤ ਸਕੂਲ ਵਿੱਚ ਲੈਕਚਰਾਰ ਦੀ ਕੋਈ ਵੀ ਅਸਾਮੀ ਨਾਂ ਹੋਣ ਕਰਕੇ ਗਰੀਬ ਘਰਾਂ ਅਤੇ ਮਜਦੂਰਾਂ ਦੇ ਬੱਚਿਆਂ ਨੂੰ ਦੋ ਸਾਲ ਮੁਫਤ ਸੇਵਾਵਾਂ ਦੇ ਕੇ ਕਈ ਵਿਸ਼ੇ ਪੜਾਏ ਅਤੇ ਨਵੰਬਰ 2021 ਅਤੇ ਜਨਵਰੀ 2022 ਵਿੱਚ ਇਤਹਾਸ ਦਾ ਲੈਕਚਰਾਰ ਆਉਣ ਤੇ 31/03/22 ਨੂੰ ਸੇਵਾ ਮੁਕਤ ਹੋਇਆ ਹਾਂ ਜਿਸਦੀ ਬੁਨਿਆਦ ਪੰਜਾਬ ਸਟੂਡੈਂਟਸ ਯੂਨੀਅਨ ਦਾ ਸੰਦੇਸ ਅਤੇ ਪ੍ਰਿਥੀਪਾਲ ਸਿੰਘ ਰੰਧਾਵਾ ਜੀ ਦੇ ਭਾਸ਼ਨਾ ਦਾ ਪਭਾਵ ਹੈ। ਅਧਿਆਪਨ ਕਾਰਜ ਦੌਰਾਨ ਪੰਜਾਬੀ ਸਾਹਿਤ ਦੀਆਂ ਵੱਖ ਵੱਖ ਵਿਧਾਵਾਂ ਤੇ 24 ਪੁਸਤਕਾਂ ਲਿਖੀਆਂ ਅਤੇ ਕੌਮਾਂਤਰੀ ਪੱਧਰ ਤੇ ਪਸਿੱਧ ਅੰਗਹੀਣਾਂ ਦੀਆਂ ਪਪਤੀਆਂ ਤੇ ਲਿਖੀ ਪੁਸਤਕ ਨੂੰ ਭਾਸ਼ਾ ਵਿਭਾਗ ਪਟਿਆਲਾ ਪੰਜਾਬ ਵੱਲੋਂ ਸ਼ਮਣੀ ਸਾਹਿਤਕਾਰ ਭਾਈ ਵੀਰ ਸਿੰਘ ਵਾਰਤਿਕ ਅਤੇ ਟੀਕਾਕਾਰੀ ਦਾ ਪੁਰਸਕਾਰ ਵੀ ਮਿਲਿਆ ਹੈ।

ਅੱਜ ਜਦੋਂ ਆਪਣੇ ਹਾਣੀ ਸਾਥੀਆਂ ਨੂੰ ਜੋ ਕਿ ਪ੍ਰਿਥੀਪਾਲ ਸਿੰਘ ਰੰਧਾਵਾ ਐਜੀਟੇਸਨ ਦੇ ਬਹਾਦਰ ਸੰਗਰਾਮੀ ਹਨ ਉਨ੍ਹਾਂ ਨੂੰ ਵੱਖ ਵੱਖ ਸੈਮੀਨਾਰਾਂ ਵਿੱਚ ਸੰਗਰਾਮੀ ਗੀਤ ਗਾਉਂਦੇ ਸੁਣ ਕੇ ਆਪਣਾ ਸਮਾਂ ਯਾਦ ਆ ਗਿਆ ਜੋ ਕਿ ਜ਼ਿੰਦਗੀ ਦੀ ਕਮਾਈ ਜਾਂ ਸਰਮਾਇਆ ਕਹਿ ਸਕਦੇ ਹਾਂ ਉਸਦੀ ਪੋਟਲੀ ਆਪਣੇ ਸਾਥੀਆਂ ਨਾਲ ਸਾਂਝੀ ਕਰ ਲਈ ਹੈ ਕਿ ਪ੍ਰਿਥੀਪਾਲ ਸਿੰਘ ਰੰਧਾਵਾ ਅੱਜ ਲੋਕ ਸੰਗਰਾਮਾਂ ਦਾ ਪਤੀਕ ਹੈ। ਜਿਸ ਦੇ ਨਾਲ ਰਹੇ ਸਾਥੀਆਂ ਨੇ ਇਤਿਹਾਸਕ ਕਿਸਾਨੀ ਘੋਲ ਨੂੰ ਹੁਲਾਰਾ ਦੇ ਕੇ ਸ਼ਹੀਦ ਪ੍ਰਿਥੀਪਾਲ ਸਿੰਘ ਰੰਧਾਵਾ ਜੀ ਦੇ ਜੁਲਾਈ 1979 ਦੇ ਪਹਿਲੇ ਹਫਤੇ ਪੰਜਾਬ ਸਟੂਡੈਂਟਸ ਯੂਨੀਅਨ ਦੇ ਰਾਮਪੁਰਾ ਫੂਲ ਵਿੱਚ ਹੋਏ ਡੈਲੀਗੇਟ ਇਜਲਾਸ ਵਿੱਚ ਸੰਬੋਧਨ ਕਰਦਿਆਂ ਕਿਹਾ ਸੀ ਕਿ "ਜੇ ਅਸੀਂ ਲੋਕ ਘੋਲਾਂ ਵਿੱਚ ਲੋਕਾਂ ਉਪਰ ਵਿਸਵਾਸ ਕਰਕੇ ਚੱਲ ਪਈਏ ਤਾਂ ਲੋਕ ਕਦੇ ਵੀ ਧੋਖਾ ਨਹੀਂ ਦਿੰਦੇ"

**ਰੀਟਾਇਰਡ ਲੈਕਚਰਾਰ ਇਤਿਹਾਸ**

## ਸ਼ਹੀਦ ਕਾਮਰੇਡ ਅਵਤਾਰ ਸਿੰਘ ਢੁੱਡੀਕੇ

ਅੱਜ ਤੋਂ ਉਨਤਾਲੀ ਸਾਲ ਪਹਿਲਾਂ ਪੱਚੀ ਜੁਲਾਈ ਨੂੰ ਕਿਸਾਨਾਂ, ਮਜਦੂਰਾਂ ਅਤੇ ਮਿਹਨਤਕਸ ਲੋਕਾਂ ਦੇ ਮਸੀਹਾ ਸਰਕਾਰਾਂ ਦੀਆਂ ਮਾੜੀਆਂ ਅਤੇ ਲੋਕ ਮਾਰੂ ਨੀਤੀਆਂ ਖਿਲਾਫ ਨਿਧੜਕ ਹੋ ਕੇ ਪੁਲੀਸ ਦਾ ਜਬਰ ਆਪਣੇ ਸਰੀਰ ਤੇ ਝੱਲਣ ਵਾਲੇ ਸਹੀਦ ਕਾਮਰੇਡ ਅਵਤਾਰ ਸਿੰਘ ਢੁੱਡੀਕੇ ਨੂੰ ਗੁੰਡਾ ਗਰੋਹ ਵੱਲੋਂ ਕਤਲ ਕਰਕੇ ਸਹੀਦ ਕਰ ਦਿੱਤਾ ਸੀ। ਜੁਲਾਈ ਮਹੀਨੇ ਦੇ ਸਹੀਦਾਂ ਸ਼ਹੀਦ ਪ੍ਰਿਥੀਪਾਲ ਸਿੰਘ ਰੰਧਾਵਾ ਸ਼ਹੀਦ ਲਾਲਇੰਦਰ ਲਾਲੀ ਚੁਗਾਵਾਂ ਅਤੇ ਕਾਮਰੇਡ ਚਾਰੂ ਮਜੂਮਦਾਰ ਦੇ ਸੰਬੰਧ ਵਿੱਚ ਮੋਗਾ ਵਿਖੇ ਹੋ ਰਹੇ ਸਰਧਾਂਜਲੀ ਸਮਾਰੋਹ ਵਿੱਚ ਸ਼ਾਮਲ ਹੋ ਕੇ ਉਨ੍ਹਾਂ ਨੂੰ ਸਰਧਾਂਜਲੀ ਦੇਈਏ ਅਤੇ ਸਰਕਾਰਾਂ ਦੀਆਂ ਲੋਕ ਮਾਰੂ ਨੀਤੀਆਂ ਅਤੇ ਫਿਰਕੂ ਜਨੂੰਨੀਆਂ ਖਿਲਾਫ ਜਿਹੜੇ ਭਰਾ ਮਾਰ ਲੜਾਈ ਸ਼ੁਰੂ ਕਰਵਾਉਣ ਦੀ ਤਾਕ ਵਿੱਚ ਹਨ ਲੜਨ ਦਾ ਐਲਾਨ ਕਰੀਏ। ਇਹੋ ਹੀ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ ।




-ਜਗਮੋਹਨ ਗਿੱਲ






ਸ਼ਹੀਦ ਊਧਮ ਸਿੰਘ ਨੂੰ ਸਮਰਪਿਤ ਸੈਮੀਨਾਰ

# ਫਾਸ਼ੀਵਾਦੀ ਵਿਰੋਧੀ ਸਾਂਝੇ ਜਨਤਕ ਮੋਰਚੇ ਦੀ ਲੋੜ : ਕੰਵਲਜੀਤ ਖੰਨਾ



ਬਰੈਂਪਟਨ/ਕੈਨੇਡਾ (ਮਨਦੀਪ) : ਬਰੈਂਪਟਨ ਦੇ ਕੈਸੀ ਕੈਂਬਲ ਸੈਂਟਰ 'ਚ 'ਮੌਂਟਰੀਅਲ ਨੌਜਵਾਨ-ਵਿਦਿਆਰਥੀ ਆਰਗੇਨਾਈਜੇਸਨ' ਵੱਲੋਂ ਸਹੀਦ ਊਧਮ ਸਿੰਘ ਦੇ ਸਹੀਦੀ ਦਿਵਸ ਨੂੰ ਸਮਰਪਿਤ ਸੈਮੀਨਾਰ ਕਰਵਾਇਆ ਗਿਆ। ਇਸ ਸਮੇਂ ਪੰਜਾਬ ਤੋਂ ਇਨਕਲਾਬੀ ਲਹਿਰ ਦੇ ਆਗੂ ਕੰਵਲਜੀਤ ਖੰਨਾ ਮੁੱਖ ਬੁਲਾਰੇ ਵਜੋਂ ਸਾਮਲ ਹੋਏ। ਉਹਨਾਂ ਨੇ ਵੱਡੀ ਗਿਣਤੀ ਵਿੱਚ ਪਹੁੰਚੇ ਸਮਾਜਿਕ ਕਾਰਕੁੰਨਾਂ ਨਾਲ 'ਨਿਘਰ ਰਿਹਾ ਸੰਸਾਰ ਅਰਥਚਾਰਾ ਅਤੇ ਲਹਿਰ ਦੀ ਮਜਬੂਤੀ ਤੇ ਏਕਤਾ' ਵਿਸੇ ਤੇ ਆਪਣੇ ਵਿਚਾਰ ਸਾਂਝੇ ਕੀਤੇ। ਉਹਨਾਂ ਕਿਹਾ ਕਿ ਇਸ ਸਮੇਂ ਪੂਰਾ ਸੰਸਾਰ ਆਰਥਿਕ ਸੰਕਟ ਦੇ ਮੁਹਾਣ ਤੇ ਖੜਾ ਹੈ। ਕਰੋਨਾ ਕਾਲ ਅਤੇ ਯੂਕਰੇਨ ਜੰਗ ਨੇ ਵਿਸਵ ਆਰਥਿਕ ਸੰਕਟ ਨੂੰ ਹੋਰ ਵੱਧ ਗਹਿਰਾ ਕਰ ਦਿੱਤਾ ਹੈ। ਸ੍ਰੀਲੰਕਾ, ਅਰਜਨਟੀਨਾ, ਵੈਨਜੂਏਲਾ, ਲਿਬਨਾਨ ਆਦਿ ਸੰਸਾਰ ਦੇ ਪੱਛੜੀਆਂ ਆਰਥਿਕਤਾਵਾਂ ਵਾਲੇ ਦੇਸ ਘੋਰ ਆਰਥਿਕ ਮੰਦੀ ਦਾ ਸਾਹਮਣਾ ਕਰ ਰਹੇ ਹਨ। ਇਹਨਾਂ ਮੁਲਕਾਂ ਉੱਤੇ ਸਾਮਰਾਜੀ ਬਹੁਕੌਮੀ ਕੰਪਨੀਆਂ, ਸੰਸਾਰ ਵਪਾਰ ਸੰਸਥਾ ਤੇ ਆਈਐਮਐਫ ਦੇ ਭਾਰੀ ਕਰਜ਼?ਆਂ ਦਾ ਬੋਝ ਹੈ। ਸਾਮਰਾਜੀ ਮੁਲਕਾਂ ਦੀਆਂ ਦਿਸਾ ਨਿਰਦੇਸ ਨਵਉਦਾਰਵਾਦੀ ਨੀਤੀਆਂ ਨੇ ਦੁਨੀਆਂ ਦੇ ਇਹਨਾਂ ਪੱਛੜੇ ਮੁਲਕਾਂ ਦੇ ਪਬਲਿਕ ਸੈਕਟਰ ਨੂੰ ਤਬਾਹ ਕਰਕੇ ਨਿੱਜੀ ਕਾਰਪੋਰੇਟਾਂ ਦੇ ਰਹਿਮੋ-ਕਰਮ ਉੱਤੇ ਛੱਡ ਦਿੱਤਾ ਹੈ। ਨਿੱਜੀ ਕਾਰਪੋਰੇਟ ਕੰਪਨੀਆਂ ਦੇ ਮੁਨਾਫੇ ਵਧਾਉਣ ਲਈ ਉਹਨਾਂ ਨੂੰ ਸਬਸਿਡੀਆਂ, ਕਰਜਾ ਮੁਆਫੀ, ਕਰਾਂ ਵਿੱਚ ਛੋਟ ਦਿੱਤੀ ਜਾ ਰਹੀ ਹੈ ਜਿਸ ਕਾਰਨ ਦੁਨੀਆਂ ਵਿੱਚ ਅਮੀਰੀ-ਗਰੀਬੀ ਦਾ ਪਾੜਾ ਵੱਧ ਰਿਹਾ ਹੈ। ਚੰਦ ਕੁ ਹੱਥਾਂ ਵਿੱਚ ਦੌਲਤ ਇਕੱਠੀ ਹੋ ਰਹੀ ਹੈ ਅਤੇ ਬਹੁਗਿਣਤੀ ਘੋਰ ਗੁਰਬਤ ਵਿੱਚ ਗੁਜਰ-ਬਸਰ ਕਰਨ ਲਈ ਮਜਬੂਰ ਹੋ ਰਹੀ ਹੈ। ਸੰਸਾਰ ਭਰ ਵਿੱਚ ਮਹਿੰਗਾਈ ਅਤੇ ਸਮਾਜਿਕ ਅਨਿਆਂ ਵੱਧ ਰਿਹਾ ਹੈ। ਵਾਤਾਵਰਣ ਤੇ ਖਾਦ ਸੰਕਟ ਦੇ ਨਾਲ-ਨਾਲ ਰੀਅਲ ਅਸਟੇਟ, ਖੇਤੀਬਾੜੀ ਅਤੇ ਮੈਨੂਫੈਕਚਰਿੰਗ ਖੇਤਰ ਸੰਕਟ ਵਿੱਚ ਆਇਆ ਹੋਇਆ ਹੈ। ਭਾਰਤ ਵੀ ਵਿਸਵ ਆਰਥਿਕਤਾ ਦਾ ਇੱਕ ਅੰਗ ਹੈ। ਭਾਰਤ ਦੇ ਰੁਪਈਏ ਦੀ ਕੀਮਤ ਦਿਨੋਂ ਦਿਨ ਡਿੱਗ ਰਹੀ ਹੈ ਅਤੇ ਭਾਰਤ ਦਾ ਵਿੱਤੀ ਘਾਟਾ, ਚਾਲੂ ਖਾਤੇ ਦਾ ਘਾਟਾ ਤੇ ਵਿਦੇਸੀ ਵਪਾਰ ਦਾ ਘਾਟਾ ਲਗਾਤਾਰ ਵਧਣ ਕਾਰਨ ਭਾਰਤ ਦੇ ਵਿਦੇਸੀ ਰਿਜਰਵ ਲਗਾਤਾਰ ਲਗਾਤਾਰ ਘਟ ਰਹੇ ਹਨ। ਭਾਰਤ ਅੰਦਰ ਮੋਦੀ ਹਕੂਮਤ ਵੱਲੋਂ ਜਮਹੂਰੀ ਹੱਕਾਂ ਦੇ ਕਾਰਕੁੰਨਾਂ (ਸੀਤਲਾਵਾੜ, ਹਿਮਾਂਸੂ ਕੁਮਾਰ ਆਦਿ) ਨੂੰ ਜੇਲ੍ਹਾਂ ਅੰਦਰ ਡੱਕਿਆ ਜਾ ਰਿਹਾ ਹੈ । ਤਿੰਨ ਖੇਤੀ ਕਾਨੂੰਨਾਂ ਵਿਰੁੱਧ ਅੰਦੋਲਨ ਦੀ ਅਗਵਾਈ ਕਰਦੇ ਪੰਜਾਬ ਦੇ ਕਿਸਾਨ ਆਗੂ ਮੋਦੀ ਹਕੂਮਤ ਦੀਆਂ ਅੱਖਾਂ ਵਿੱਚ ਰੜਕ ਰਹੇ ਹਨ ਹੁਣ ਆਉਣ ਵਾਲੇ ਸਮੇਂ ਅੰਦਰ ਭਾਜਪਾ ਦਾ ਪੂਰਾ ਜੋਰ ਪੰਜਾਬ ਅੰਦਰ ਸਿਆਸੀ ਪਾਵਰ ਕੈਪਚਰ ਕਰਨ 'ਤੇ ਲੱਗਿਆ ਹੋਇਆ ਹੈ। ਪੰਜਾਬ ਅੰਦਰ ਮੋਦੀ ਹਕੂਮਤ ਵੱਲੋਂ ਸਿਆਸੀ ਸੱਤਾ ਹਾਸਲ ਕਰਨ 'ਤੇ ਪੰਜਾਬ ਅੰਦਰ ਵੱਡਾ ਦਹਿਸਤੀ ਹਮਲਾ ਹੋ ਸਕਦਾ ਹੈ ਅਤੇ ਪੰਜਾਬ ਅੰਦਰ ਜਮਹੂਰੀ ਹੱਕਾਂ ਦੀ ਹਾਲਤ ਬਹੁਤ ਮਾੜੀ ਹੋ ਸਕਦੀ ਹੈ। ਇਸ ਹਾਲਤ ਸਨਮੁੱਖ ਕਮਿਊਨਿਸਟ ਇਨਕਲਾਬੀਆਂ ਅਤੇ ਖਰੀਆਂ ਜਮਹੂਰੀ ਸਕਤੀਆਂ ਨੂੰ ਇਸ ਹਮਲੇ ਵਿਰੁੱਧ ਹੁਣੇ ਤੋਂ ਹੀ ਜੋਰਸੋਰ ਨਾਲ ਤਿਆਰੀ ਵਿੱਢ ਦੇਣੀ ਚਾਹੀਦੀ ਹੈ। ਇਸ ਕਰਕੇ ਸਾਨੂੰ ਇਸ ਘਿਨਾਉਣੇ ਫਿਰਕੂ ਫਾਸੀਵਾਦ ਹਮਲੇ ਵਿਰੁੱਧ ਮੌਜੂਦਾ ਫਾਸੀਵਾਦੀ ਵਿਰੋਧੀ ਫਰੰਟ ਦੇ ਨਾਲ-ਨਾਲ ਵਿਸਾਲ ਤੋਂ ਵਿਸਾਲ ਸਾਂਝਾ ਜਨਤਕ ਮੋਰਚਾ ਬਣਾ ਕੇ ਵੱਧ ਤੋਂ ਵੱਧ ਲੋਕਾਂ ਨੂੰ ਸਰਗਰਮ ਕਰਨਾ ਚਾਹੀਦਾ ਹੈ ਅਤੇ ਪੰਜਾਬ ਦੀਆਂ ਸਾਰੀਆ ਡੈਮੋਕਰੇਟਿਕ ਸਕਤੀਆਂ ਨੂੰ ਇੱਕ ਪਲੇਟਫਾਰਮ 'ਤੇ ਇੱਕੱਠੇ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਪੰਜਾਬ ਅੰਦਰ ਸਾਰੀਆਂ ਜਨਤਕ ਜਥੇਬੰਦੀਆਂ ਦਾ ਆਪੋ-ਆਪਣੇ ਸੰਘਰਸ ਲੜਨ ਸਮੇਂ ਵੀ ਸਾਰਾ ਜੋਰ ਫਾਸ਼?ਜਮ ਵਿਰੁੱਧ ਘੋਲ 'ਤੇ ਰਹਿਣਾ ਚਾਹੀਦਾ ਹੈ। ਸਾਨੂੰ ਪੰਜਾਬ ਦਾ ਫਾਸ਼?ਜਮ ਵਿਰੋਧੀ ਘੋਲ ਇਸ ਤਰ੍ਹਾਂ ਵਿਕਸਤ ਕਰਨਾ ਚਾਹੀਦਾ ਹੈ ਕਿ ਇਹ ਕਿਸਾਨ ਅੰਦੋਲਨ ਵਾਂਗ ਸਾਰੇ ਭਾਰਤ ਲਈ ਮਿਸਾਲ ਬਣ ਜਾਵੇ।

ਇਸ ਸਮੇਂ ਵਿਦਿਆਰਥੀ ਆਗੂ ਮਨਪ੍ਰੀਤ ਕੌਰ, ਹਰਿੰਦਰ ਸਿੰਘ, ਨੌਜਵਾਨ ਸਪੋਰਟ ਨੈੱਟਵਰਕ ਦੇ ਆਗੂ ਬਿਕਰਮ ਕੁੱਲੇਵਾਲ ਨੇ ਆਪਣੇ ਵਿਚਾਰ ਸਾਂਝੇ ਕੀਤੇ। ਮਾਸਟਰ ਰਾਮ ਕੁਮਾਰ ਭਦੌੜ ਨੇ ਇਨਕਲਾਬੀ ਗੀਤ ਸੁਣਾਕੇ ਸਹੀਦ ਊਧਮ ਸਿੰਘ ਨੂੰ ਸਰਧਾ ਦੇ ਫੁੱਲ ਭੇਂਟ ਕੀਤੇ। ਨੌਜਵਾਨ ਆਗੂ ਮਨਦੀਪ ਨੇ ਮੌਜੂਦਾ ਵਿਸਵ ਆਰਥਿਕਤਾ ਤੇ ਸਹੀਦ ਊਧਮ ਸਿੰਘ ਬਾਰੇ ਵਿਚਾਰ ਸਾਂਝੇ ਕੀਤੇ ਅਤੇ ਸਟੇਜ ਸਕੱਤਰ ਦੀ ਭੂਮਿਕਾ ਨਿਭਾਈ। ਤਰਕਸੀਲ ਆਗੂ ਬਲਦੇਵ ਰਹਿਪਾ ਨੇ ਸੈਮੀਨਾਰ ਵਿੱਚ ਹਾਜਰ ਸ੍ਰੋਤਿਆਂ ਦਾ ਧੰਨਵਾਦ ਕੀਤਾ। ਇਸ ਸਮੇਂ ਤਰਕਸੀਲ ਆਗੂ ਬਲਵਿੰਦਰ ਬਰਨਾਲਾ, ਡਾ. ਬਲਜਿੰਦਰ ਸੇਖੋਂ, ਸੁਰਜੀਤ ਦੌਧਰ, ਬਲਰਾਜ ਸੋਕਰ ਤੋਂ ਇਲਾਵਾ ਮਾਸਟਰ ਰਾਮ ਕੁਮਾਰ, ਚਰਨਜੀਤ ਬਰਾੜ, ਕੁਲਵਿੰਦਰ ਖਹਿਰਾ, ਰਵਿੰਦਰ ਸਹਿਰਾਅ, ਪੱਤਰਕਾਰ ਸਤਪਾਲ ਜੌਹਲ, ਬਲਦੇਵ ਸਹਿਦੇਵ, ਕੁਲਦੀਪ ਰੰਧਾਵਾ, ਕੁਲਦੀਪ ਬੋਪਾਰਾਏ, ਅਮਰਜੀਤ ਬਾਈ, ਨਾਹਰ ਸਿੰਘ ਔਜਲਾ, ਗੁਰਤੇਜ ਖੋਖਰ, ਦੇਵਿੰਦਰ ਤੂਰ, ਜੰਗੀਰ ਸਿੰਘ ਸੈਂਭੀ, ਜੰਗੀਰ ਜੋਗਾ, ਬਲਜੀਤ ਬੈਂਸ, ਖੁਸਪਾਲ ਗਰੇਵਾਲ, ਵਰੁਣ ਖੰਨਾ ਆਦਿ ਵੱਖ-ਵੱਖ ਖੇਤਰ ਨਾਲ ਸਬੰਧਿਤ ਨਾਮਵਰ ਸਖਸੀਅਤਾਂ ਹਾਜਰ ਸਨ।

## ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਨ 'ਤੇ ਸ਼ਰਧਾਂਜਲੀ ਸਮਾਗਮ ਕਰਵਾਇਆ

ਬਰੈਂਪਟਨ : ਅੱਜ ਸ਼ਹੀਦ ਊਧਮ ਸਿੰਘ ਸੁਨਾਮ ਦੇ 83ਵੇਂ ਸ਼ਹੀਦੀ ਦਿਨ ਉਤੇ ਪੰਜਾਬੀ ਸਭਿਆਚਾਰ ਮੰਚ ਟਰਾਂਟੋ ਵੱਲੋਂ ਕੈਸੀ ਕੈਂਬਲ ਪਾਰਕ ਬਰੈਂਪਟਨ (ਕੈਨੇਡਾ) ਵਿਖੇ ਪ੍ਰਭਾਵਸ਼ਾਲੀ ਸਮਾਗਮ ਕਰਕੇ ਉਹਨਾਂ ਨੂੰ ਸਰਧਾਂਜਲੀ ਅਰਪਿਤ ਕੀਤੀ ਗਈ। ਸਮਾਗਮ ਵਿੱਚ ਜੁੜੇ ਲੋਕਾਂ ਨੇ ਭਾਰਤ ਦੇਸ਼ ਦੇ ਅਜ਼ਾਦੀ ਸੰਗਰਾਮ ਦੇ ਪਰਵਾਨਿਆਂ ਤੇ ਸ਼ਹੀਦਾਂ ਦੇ ਇਤਹਾਸ ਨੂੰ ਤੋੜ ਮਰੋੜਕੇ ਪੇਸ਼ ਕਰਨ ਤੇ ਗੱਦਾਰਾਂ ਨੂੰ ਚਮਕਾਉਣ ਅਤੇ ਸਹੀਦ-ਏ-ਆਜਮ ਭਗਤ ਸਿੰਘ ਨੂੰ ਅੱਤਵਾਦੀ ਕਹਿਕੇ ਉਸਦੀਆ ਫੋਟੋਆਂ ਉਤਰਵਾਉਣ ਵਰਗੀਆਂ ਦੇਸ ਧ੍ਰੋਹੀ ਕਾਰਵਾਈਆਂ ਦੀ ਸਖਤ ਨਿੰਦਿਆ ਕੀਤੀ ਗਈ। ਜਥੇਬੰਦੀ ਦੇ ਪ੍ਰਧਾਨ ਬਲਦੇਵ ਸਹਿਦੇਵ ਤੇ ਜੰਗੀਰ ਸਿੰਘ ਸੈਂਭੀ ਦੀ ਪ੍ਰਧਾਨਗੀ ਹੇਠ ਹੋਏ ਇਸ ਸਮਾਗਮ ਨੂੰ ਸੀਪੀਆਈ ਦੇ ਕੌਮੀ ਆਗੂ ਜਗਜੀਤ ਸਿੰਘ ਜੋਗਾ, ਮੰਚ ਦੇ ਪ੍ਰਧਾਨ ਬਲਦੇਵ ਸਹਿਦੇਵ ਤੇ ਸਕੱਤਰ ਸੁਖਦੇਵ ਸਿੰਘ ਧੂਰਕੋਟ, ਉੱਘੇ ਸਾਹਿਤਕਾਰ ਹਰਚੰਦ ਬਾਸੀ, ਤਰਕਸ਼ੀਲ ਆਗੂ ਬਲਦੇਵ ਰਹਿਪਾ, ਡਾ: ਬਲਜਿੰਦਰ ਸੇਖੋਂ ਤੇ ਸੁਰਜੀਤ ਦੌਧਰ, ਵਿਦਿਆਰਥੀ ਆਗੂ ਸੁਮੀਤ ਵਲਟੋਹਾ ਤੇ ਬਲਵੀਰ ਸਿੰਘ ਨੇ ਸੰਬੋਧਨ ਕੀਤਾ। ਬੁਲਾਰਿਆਂ ਨੇ ਭਾਰਤ ਵਿਚੋ ਲੁੱਟ ਖਸੁੱਟ ਦਾ ਰਾਜ ਖਤਮ ਕਰਕੇ ਸ਼ਹੀਦਾਂ ਦੀ ਸੋਚ ਅਨੁਸਾਰ ਮਿਹਨਤਕਸ਼ ਲੋਕਾਂ ਦੀ ਸਾਮਰਾਜ ਵਿਰੋਧੀ, ਧਰਮ ਨਿਰਪੱਖ ਤੇ ਲੋਕ ਰਾਜੀ ਰਾਜ-ਸੱਤਾ ਕਾਇਮ ਕਰਨ ਦੀ ਅਪੀਲ ਕੀਤੀ।



SHAHEED BHAGAT SINGH BOOK CENTRE
Calgary Canada

ਸ਼ਹੀਦ ਭਗਤ ਸਿੰਘ ਬੁੱਕ ਸੈਂਟਰ
A Non-Profit, Volunteer Service to Promote New Readership & Encourage New Writers!
Book Exhibition & Sale!
Contact: Master Bhajan Singh at 403-455-4220

Est. 1989
The Mortgage Centre
For Excellent Mortgage Service
Access to Multiple Lenders Including major banks
* New Purchase * Refinance * Preapprovals
* Debt Consolidation * New Immigrants
* Self Employed

Sukhvinder S Toor
Mortgage Associate
The Mortgage Centre Elevo Mortgages
Cell : 403-919-1444
Office : 403-264-7750 | Fax : 403-264-7752
Elevo Mortgages Unit 210, 6424-36 Street NE, Calgary, AB. T3J 4C8
Email : toor.s@mortgagecentre.com | www.toormortgage.com

KRAFTSMAN ELECTRIC LTD.
ELECTRIC
Residential & Commercial
Licensed, Bonded & Insured
CERTIFIED ELECTRICIAN
BBB ACCREDITED BUSINESS
www.kraftsmanelectric.ca
kelectric17@gmail.com
778-883-1313



ਬੂਟਾ ਸਿੰਘ
ਮਹਿਮੂਦਪੁਰ
94634-74342

# ਆਦਿਵਾਸੀ ਦੇ ਰਾਸ਼ਟਰਪਤੀ ਬਣਨ ਨਾਲ ਨਹੀਂ ਬਦਲੇਗੀ ਆਦਿਵਾਸੀਆਂ ਦੀ ਤਕਦੀਰ







ਜਿਸ ਦਿਨ ਆਦਿਵਾਸੀ ਦ੍ਰੋਪਦੀ ਮੁਰਮੂ ਦੇ ਸਿਰ ਰਾਸ਼ਟਰਪਤੀ ਦਾ ਤਾਜ ਸਜਾਉਣ ਲਈ ਵੋਟਾਂ ਪੈ ਰਹੀਆਂ ਸਨ, ਉਸੇ ਦਿਨ ਜਗਦਲਪੁਰ (ਛੱਤੀਸਗੜ੍ਹ) ਦੀ ਵਿਸ਼ੇਸ਼ ਐੱਨ.ਆਈ.ਏ. ਅਦਾਲਤ ਵੱਲੋਂ 121 ਬੇਕਸੂਰ ਆਦਿਵਾਸੀਆਂ ਨੂੰ ਬਰੀ ਕੀਤੇ ਜਾਣ ਦੀ ਖ਼ਬਰ ਵੀ ਆਈ। ਉਹ ਪੰਜ ਸਾਲ ਤੋਂ ਬਿਨਾਂ ਜ਼ਮਾਨਤ ਜੇਲ੍ਹ 'ਚ ਬੰਦ ਸਨ। ਉਨ੍ਹਾਂ ਨੂੰ 2017 'ਚ ਸੁਰੱਖਿਆ ਬਲਾਂ ਉੱਪਰ ਮਾਓਵਾਦੀ ਛਾਪਾਮਾਰਾਂ ਵੱਲੋਂ ਕੀਤੇ ਹਮਲੇ 'ਚ ਸਹਿਯੋਗ ਦੇਣ ਦੇ ਦੋਸ਼ 'ਚ ਗ੍ਰਿਫ਼ਤਾਰ ਕੀਤਾ ਗਿਆ ਸੀ। ਬੁਰਕਾਪਾਲ ਪਿੰਡ ਲਾਗੇ ਹਮਲੇ 'ਚ ਸੀਆਰਪੀਐੱਫ ਦੇ 25 ਜਵਾਨ ਮਾਰੇ ਗਏ ਸਨ। ਬੌਖਲਾਹਟ ਵਿਚ ਆਈ ਪੁਲਿਸ ਨੇ ਆਲੇ ਦੁਆਲੇ ਦੇ ਛੇ ਪਿੰਡਾਂ ਉੱਪਰ ਧਾਵਾ ਬੋਲ ਕੇ ਆਪਣੇ ਕੰਮਕਾਰ ਕਰ ਰਹੇ 125 ਆਦਿਵਾਸੀਆਂ ਨੂੰ ਗ੍ਰਿਫ਼ਤਾਰ ਕਰ ਲਿਆ, ਉਨ੍ਹਾਂ ਨੂੰ ਮਾਓਵਾਦੀ ਹਮਲੇ ਦੇ ਕੇਸ 'ਚ ਨਾਮਜ਼ਦ ਕਰ ਲਿਆ ਅਤੇ ਯੂਏਪੀਏ, ਛੱਤੀਸਗੜ੍ਹ ਸਪੈਸ਼ਲ ਸਕਿਊਰਿਟੀ ਐਕਟ ਤੇ ਹੋਰ ਕਾਲੇ ਕਾਨੂੰਨ ਲਗਾ ਕੇ ਜੇਲ੍ਹ ਭੇਜ ਦਿੱਤਾ ਤਾਂ ਜੁ ਉਨ੍ਹਾਂ ਦੀ ਜ਼ਮਾਨਤ ਨਾ ਹੋ ਸਕੇ। 125 ਵਿੱਚੋਂ ਸਿਰਫ਼ 3 ਨਾਬਾਲਗ ਬੱਚਿਆਂ ਨੂੰ ਜ਼ਮਾਨਤ ਦਿੱਤੀ ਗਈ। ਇਕ ਆਦਿਵਾਸੀ ਦੀ ਜੇਲ੍ਹ ਵਿਚ ਮੌਤ ਹੋ ਗਈ। ਬਾਕੀ 121 ਆਦਿਵਾਸੀਆਂ ਨੂੰ ਪੰਜ ਸਾਲ ਜੇਲ੍ਹ ਵਿਚ ਸਾੜਿਆ ਗਿਆ। ਉਨ੍ਹਾਂ ਵਿਰੁੱਧ ਕੋਈ ਚਾਰਜਸ਼ੀਟ ਪੇਸ਼ ਨਹੀਂ ਕੀਤੀ ਗਈ। ਪੁਲਿਸ ਉਨ੍ਹਾਂ ਦੇ ਕਥਿਤ ਜੁਰਮ ਦਾ ਕੋਈ ਵੀ ਸਬੂਤ ਪੇਸ਼ ਨਹੀਂ ਕਰ ਸਕੀ ਅਤੇ ਜਦੋਂ ਚਾਰ ਸਾਲ ਬਾਦ ਮੁਕੱਦਮਾ ਚੱਲਿਆ ਤਾਂ ਅਦਾਲਤ ਨੇ ਉਨ੍ਹਾਂ ਨੂੰ ਬਰੀ ਕਰ ਦਿੱਤਾ। ਇਸੇ ਤਰ੍ਹਾਂ ਦੇ ਇਕ ਹੋਰ ਕੇਸ ਵਿਚ 'ਚ 9 ਆਦਿਵਾਸੀਆਂ ਨੂੰ ਵੀ ਅਦਾਲਤ ਵੱਲੋਂ ਬਰੀ ਕਰ ਦਿੱਤਾ ਗਿਆ ਜਿਨ੍ਹਾਂ ਨੂੰ ਪੁਲਿਸ ਨੇ ਬੰਬ ਧਮਾਕੇ ਦੀ ਪੂਰੀ ਤਰ੍ਹਾਂ ਝੂਠੀ ਕਹਾਣੀ ਘੜ ਕੇ ਫਸਾਇਆ ਸੀ। ਉਨ੍ਹਾਂ ਨੂੰ ਵੀ ਪੰਜ ਸਾਲ ਜੇਲ੍ਹ 'ਚ ਗੁਜ਼ਾਰਨੇ ਪਏ। ਛੱਤੀਸਗੜ੍ਹ, ਝਾਰਖੰਡ ਅਤੇ ਉੜੀਸਾ ਦੀਆਂ ਜੇਲ੍ਹਾਂ ਬੇਕਸੂਰ ਆਦਿਵਾਸੀਆਂ ਨਾਲ ਭਰੀਆਂ ਪਈਆਂ ਹਨ। ਆਦਿਵਾਸੀਆਂ ਨੂੰ ਮੁਫ਼ਤ ਕਾਨੂੰਨੀ ਸਹਾਇਤਾ ਦੇਣ ਲਈ ਬਣਾਏ ਗਏ ਜਗਦਲਪੁਰ ਲੀਗਲ ਏਡ ਗਰੁੱਪ ਦੇ ਅਧਿਐਨ ਅਨੁਸਾਰ ਛੱਤੀਸਗੜ੍ਹ ਦੀ ਜਗਦਲਪੁਰ ਜੇਲ੍ਹ ਵਿਚ ਕੁਲ ਕੈਦੀਆਂ 'ਚੋਂ 62%, ਕਾਂਕੇਰ ਜੇਲ੍ਹ ਵਿਚ 97.5% ਅਤੇ ਦੰਤੇਵਾੜਾ ਜੇਲ੍ਹ ਵਿਚ 99.5% ਵਿਚਾਰ-ਅਧੀਨ ਕੈਦੀ ਸਨ।

121 ਆਦਿਵਾਸੀਆਂ ਦੀ ਰਿਹਾਈ ਰਾਜਕੀ ਦਹਿਸ਼ਤਵਾਦ ਨੂੰ ਬੇਪਰਦ ਕਰਦੀ ਹੈ ਜਿਸ ਤਹਿਤ ਪੁਲਿਸ ਅਤੇ ਸੁਰੱਖਿਆ ਬਲ ਖ਼ਾਸ ਖੇਤਰਾਂ ਵਿਚ ਗਿਣ-ਮਿੱਥ ਕੇ ਬੇਤਹਾਸ਼ਾ ਗ੍ਰਿਫ਼ਤਾਰੀਆਂ ਕਰਦੇ ਹਨ ਅਤੇ ਬੇਕਸੂਰ ਲੋਕਾਂ ਨੂੰ ਜੇਲ੍ਹਾਂ 'ਚ ਸੁੱਟਦੇ ਹਨ। ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਰਾਜ ਸਭਾ 'ਚ ਪੇਸ਼ ਕੀਤੇ ਅੰਕੜੇ ਯੂ.ਏ.ਪੀ.ਏ. ਕੇਸਾਂ ਦੀ ਹਕੀਕਤ ਬਿਆਨ ਕਰਦੇ ਹਨ। ਗ੍ਰਹਿ ਰਾਜ ਮੰਤਰੀ ਨਿਤਿਆਨੰਦ ਰਾਏ ਨੇ ਰਾਜ ਸਭਾ 'ਚ ਜਾਣਕਾਰੀ ਦਿੱਤੀ ਕਿ 2016 ਤੋਂ ਲੈ ਕੇ 2020 ਤੱਕ ਮੁਲਕ ਦੇ ਵੱਖ-ਵੱਖ ਹਿੱਸਿਆਂ 'ਚ 24134 ਲੋਕਾਂ ਵਿਰੁੱਧ ਯੂ.ਏ.ਪੀ.ਏ. ਤਹਿਤ 5027 ਕੇਸ ਦਰਜ ਕੀਤੇ ਗਏ। ਉਨ੍ਹਾਂ ਵਿੱਚੋਂ ਸਿਰਫ਼ 212 ਨੂੰ ਦੋਸ਼ੀ ਕਰਾਰ ਦਿੱਤਾ ਗਿਆ। 386 ਲੋਕ ਸਾਫ਼ ਬਰੀ ਕਰ ਦਿੱਤੇ ਗਏ। ਇਸ ਤਰ੍ਹਾਂ ਦਹਿਸ਼ਤਵਾਦ ਵਿਰੋਧੀ ਕਾਨੂੰਨ ਤਹਿਤ ਗ੍ਰਿਫ਼ਤਾਰ ਕੀਤੇ 97.5ਫ਼ੀ ਸਦੀ ਵਿਚਾਰ-ਅਧੀਨ ਕੈਦੀ ਸਿਰਫ਼ ਮੁਕੱਦਮਾ ਚਲਾਏ ਜਾਣ ਦੀ ਇੰਤਜ਼ਾਰ 'ਚ ਹੀ ਐਨੇ ਸਾਲ ਜੇਲ੍ਹ 'ਚ ਸੜਦੇ ਰਹੇ ਅਤੇ ਸੜ ਰਹੇ ਹਨ। ਜਗਦਲਪੁਰ ਲੀਗਲ ਏਡ ਗਰੁੱਪ ਨੇ ਆਪਣੇ ਅਧਿਐਨ 'ਚ ਖ਼ੁਲਾਸਾ ਕੀਤਾ ਸੀ ਕਿ ਬਸਤਰ ਵਿਚ ਇਨ੍ਹਾਂ ਕੇਸਾਂ 'ਚ ਬਰੀ ਹੋਣ ਦੀ ਔਸਤ ਦਰ 95.7ਫ਼ੀ ਸਦੀ ਹੈ।


ਯੂ.ਏ.ਪੀ.ਏ. ਵਰਗੇ ਕਾਨੂੰਨ ਖ਼ਾਸ ਤੌਰ 'ਤੇ ਬਣਾਏ ਹੀ ਇਸੇ ਮਕਸਦ ਲਈ ਗਏ ਹਨ। ਯੂ.ਏ.ਪੀ.ਏ. ਕਾਨੂੰਨ ਮਨਮੋਹਣ ਸਿੰਘ-ਸੋਨੀਆ ਗਾਂਧੀ ਦੀ ਸਰਕਾਰ ਨੇ ਬਣਾਇਆ ਸੀ। ਫਿਰ ਕਾਂਗਰਸ ਅਤੇ ਭਾਜਪਾ ਸਰਕਾਰਾਂ ਵੱਲੋਂ ਸੋਧਾਂ ਕਰਕੇ ਇਸ ਨੂੰ ਇਸ ਤਰੀਕੇ ਨਾਲ ਅਤਿਅੰਤ ਬੇਕਿਰਕ ਬਣਾਇਆ ਗਿਆ ਤਾਂ ਜੁ ਗ੍ਰਿਫ਼ਤਾਰ ਵਿਅਕਤੀ ਦੀ ਜ਼ਮਾਨਤ ਨਾ ਹੋ ਸਕੇ। ਹਕੂਮਤ ਜਿੰਨਾ ਸਮਾਂ ਚਾਹੇ ਉਸ ਨੂੰ ਬਿਨਾਂ ਮੁਕੱਦਮਾ ਚਲਾਏ ਜੇਲ੍ਹ ਵਿਚ ਰੱਖ ਸਕਦੀ ਹੈ ਕਿਉਂਕਿ ਕਾਨੂੰਨ ਕਹਿੰਦਾ ਹੈ ਕਿ ਜੇ ਅਦਾਲਤ ਨੂੰ ਪਹਿਲੀ ਨਜ਼ਰੇ ਹੀ (ਬਿਨਾਂ ਮੁਕੱਦਮੇ ਚਲਾਏ) ਦੋਸ਼ ਸੱਚ ਜਾਪਦੇ ਹਨ ਤਾਂ ਮੁਲਜ਼ਮ ਨੂੰ ਜ਼ਮਾਨਤ ਨਹੀਂ ਦਿੱਤੀ ਜਾ ਸਕਦੀ। 2019 'ਚ ਆਰ.ਐੱਸ.ਐੱਸ.-ਭਾਜਪਾ ਸਰਕਾਰ ਨੇ ਇਸ ਵਿਚ ਵਿਸ਼ੇਸ਼ ਸੋਧ ਕਰਕੇ ਇਸ ਦਾ ਘੇਰਾ ਹੋਰ ਵਿਸ਼ਾਲ ਕਰ ਲਿਆ। ਪਹਿਲਾਂ ਪੁਲਿਸ ਜਾਂ ਜਾਂਚ ਏਜੰਸੀ ਨੂੰ ਯੂ.ਏ.ਪੀ.ਏ. ਲਗਾਉਣ ਲਈ ਗ੍ਰਿਫ਼ਤਾਰ ਕੀਤੇ ਵਿਅਕਤੀ ਦਾ ਸਬੰਧ ਕਿਸੇ ਗ਼ੈਰਕਾਨੂੰਨੀ ਜਥੇਬੰਦੀ ਨਾਲ ਦਿਖਾਉਣਾ ਪੈਂਦਾ ਸੀ। ਨਵੀਂ ਸੋਧ ਰਾਹੀਂ ਜਥੇਬੰਦੀ ਨਾਲ ਸਬੰਧਾਂ ਦਾ ਦੋਸ਼ ਲਗਾਉਣ ਦਾ ਝੱਭ ਹੀ ਨਿਬੇੜ ਦਿੱਤਾ ਗਿਆ, ਹੁਣ ਵਿਅਕਤੀ ਨੂੰ ਹੀ ਦਹਿਸ਼ਤਗਰਦ ਕਰਾਰ ਦੇ ਕੇ ਗ੍ਰਿਫ਼ਤਾਰ ਕੀਤਾ ਜਾ ਸਕਦਾ ਹੈ। ਇਸ ਕਾਨੂੰਨ ਤਹਿਤ 'ਪ੍ਰਕਿਰਿਆ ਹੀ ਸਜ਼ਾ' ਹੈ। ਇਹ 'ਪ੍ਰਕਿਰਿਆ' ਐਨੀ ਬੇਕਿਰਕ ਹੈ ਕਿ ਭਾਰਤ ਦੇ ਮੌਜੂਦਾ ਚੀਫ਼ ਜਸਟਿਸ ਐਨ.ਵੀ. ਰਾਮੰਨਾ ਨੂੰ ਵੀ ਇਸ ਉੱਪਰ ਚਿੰਤਾ ਜ਼ਾਹਿਰ ਕਰਨੀ ਪਈ ਹੈ।

ਬੇਗੁਨਾਹਾਂ ਦੀ ਜੇਲ੍ਹਬੰਦੀ ਹਕੂਮਤ ਦੇ ਇਸ਼ਾਰੇ 'ਤੇ ਉਨ੍ਹਾਂ ਕੌਮੀਅਤਾਂ ਅਤੇ ਦੱਬੇਕੁਚਲੇ ਭਾਈਚਾਰਿਆਂ ਨੂੰ ਸਬਕ ਸਿਖਾਉਣ ਦੀ ਰਾਜਕੀ ਨੀਤੀ ਦਾ ਹਿੱਸਾ ਹੈ ਜੋ ਸਵੈਨਿਰਣੇ ਦਾ ਹੱਕ ਲੈਣ, ਆਪਣੀ ਜਲ-ਜੰਗਲ-ਜ਼ਮੀਨਾਂ ਨੂੰ ਬਚਾਉਣ ਜਾਂ ਗ਼ਰੀਬੀ ਦੇ ਨਰਕ 'ਚੋਂ ਨਿੱਕਲਕੇ ਸਨਮਾਨਜਨਕ ਮਨੁੱਖੀ ਜਿਊਣ ਲਈ ਜ਼ਿੰਦਗੀ ਲਈ ਲੜ ਰਹੇ ਹਨ। ਦਹਿ ਹਜ਼ਾਰਾਂ ਬੇਕਸੂਰ ਲੋਕ ਜੇਲ੍ਹਾਂ 'ਚ ਸੜਨ ਲਈ ਮਜਬੂਰ ਹਨ। ਮੁਸਲਮਾਨਾਂ ਅਤੇ ਕਸ਼ਮੀਰੀਆਂ ਨੂੰ ਉਨ੍ਹਾਂ ਦਹਿਸ਼ਤਵਾਦੀ ਵਾਰਦਾਤਾਂ ਲਈ ਜ਼ਿੰਮੇਵਾਰ ਕਰਾਰ ਦੇ ਗ੍ਰਿਫ਼ਤਾਰ ਕਰ ਲਿਆ ਜਾਂਦਾ ਹੈ ਜਿਨ੍ਹਾਂ ਨਾਲ ਉਨ੍ਹਾਂ ਦਾ ਕੋਈ ਸਬੰਧ ਹੀ ਨਹੀਂ ਹੁੰਦਾ। ਐਸੇ ਕਈ ਦਹਿਸ਼ਤਵਾਦੀ ਕਾਂਡਾਂ ਪਿੱਛੇ ਸਾਧਵੀ ਪ੍ਰੱਗਿਆ-ਸ੍ਰੀਕਾਂਤ ਪ੍ਰੋਹਿਤ ਵਰਗੇ ਹਿੰਦੂਤਵੀ ਦਹਿਸ਼ਤਗਰਦਾਂ ਦੀ ਭੂਮਿਕਾ ਜੱਗ ਜ਼ਾਹਿਰ ਹੋ ਚੁੱਕੀ ਹੈ। ਪਿਛਲੇ ਸਾਲਾਂ 'ਚ ਐਸੇ ਬਹੁਤ ਸਾਰੇ ਬੇਕਸੂਰ ਮੁਸਲਮਾਨ ਅਦਾਲਤਾਂ ਨੇ ਰਿਹਾ ਕੀਤੇ ਹਨ ਜਿਨ੍ਹਾਂ ਨੂੰ 7-8 ਸਾਲ ਤੋਂ ਲੈ ਕੇ 15 ਸਾਲ ਤੱਕ ਜੇਲ੍ਹਾਂ ਵਿਚ ਸੜਨਾ ਪਿਆ।

ਜਦੋਂ 'ਪ੍ਰਕਿਰਿਆ ਰਾਹੀਂ ਸਜ਼ਾ' ਦੇ ਮਨੋਰਥ ਵਾਲੇ ਕਾਨੂੰਨ ਮੌਜੂਦ ਹਨ, ਅਤੇ ਹੁਕਮਰਾਨ ਹਰ ਹੀਲੇ ਆਦਿਵਾਸੀਆਂ ਨੂੰ ਉਜਾੜ ਕੇ ਜੰਗਲਾਂ ਅਤੇ ਪਹਾੜਾਂ ਨੂੰ ਖਣਨ ਕਾਰਪੋਰੇਟ ਕਾਰੋਬਾਰੀਆਂ ਦੇ ਹਵਾਲੇ ਕਰਨ 'ਤੇ ਤੁਲੇ ਹੋਏ ਹਨ, ਤਾਂ ਸੰਥਾਲ ਆਦਿਵਾਸੀ ਔਰਤ ਦ੍ਰੋਪਦੀ ਮੁਰਮੂ ਨੂੰ ਰਾਸ਼ਟਰਪਤੀ ਬਣਾਉਣਾ ਮਹਿਜ਼ ਦੁਨੀਆ ਦੇ ਅੱਖੀਂ ਘੱਟਾ ਪਾਉਣ ਦੀ ਰਾਜਸੀ ਚਾਲ ਤੋਂ ਸਿਵਾਏ ਕੁਝ ਨਹੀਂ ਹੈ। ਇਹ ਆਰ.ਐੱਸ.ਐੱਸ. ਦੀ ਪ੍ਰਤੀਕਾਂ ਰਾਹੀਂ ਉਨ੍ਹਾਂ ਹਿੱਸਿਆਂ ਦਾ ਵਿਸ਼ਵਾਸ ਜਿੱਤਣ ਦੀ ਨੀਤੀ ਦਾ ਹਿੱਸਾ ਹੈ ਜਿਨ੍ਹਾਂ 'ਚ ਇਸ ਦਾ ਰਸੂਖ਼ ਅਤੇ ਪਕੜ ਕਮਜ਼ੋਰ ਹੈ ਜਾਂ ਜਿਨ੍ਹਾਂ ਹਿੱਸਿਆਂ ਨੂੰ ਨਿਗਲਕੇ ਇਹ ਉਨ੍ਹਾਂ ਦੀ ਵੱਖਰੀ ਹੋਂਦ ਖ਼ਤਮ ਕਰਨਾ ਚਾਹੁੰਦੇ ਹਨ। ਇਸੇ ਲਈ ਪਿਛਲੀ ਵਾਰ ਇਕ ਦਲਿਤ ਨੂੰ ਅਤੇ ਇਸ ਵਾਰ ਇਕ ਆਦਿਵਾਸੀ ਨੂੰ ਰਾਸ਼ਟਰਪਤੀ ਬਣਾਇਆ ਗਿਆ। ਭਗਵੀਂ ਹਕੂਮਤ ਇਹ ਪ੍ਰਭਾਵ ਦੇਣਾ ਚਾਹੁੰਦੀ ਹੈ ਕਿ ਆਰ.ਐੱਸ.ਐੱਸ.-ਭਾਜਪਾ ਉੱਪਰ ਔਰਤਾਂ ਨੂੰ ਮੁੜ ਮਨੂਵਾਦ ਦੀ ਗ਼ੁਲਾਮੀ ਵੱਲ ਧੱਕਣ ਦੇ ਦੋਸ਼ ਬੇਬੁਨਿਆਦ ਹਨ, ਦੇਖੋ ਅਸੀਂ ਤਾਂ ਔਰਤ ਨੂੰ ਰਾਸ਼ਟਰਪਤੀ ਬਣਾਇਆ ਹੈ। ਉਹ ਸਾਬਤ ਕਰਨਾ ਚਾਹੁੰਦੇ ਹਨ ਕਿ ਸਾਨੂੰ ਸਮਾਜੀ-ਸੱਭਿਆਚਾਰਕ ਵੰਨ-ਸੁਵੰਨਤਾ ਵਿਰੋਧੀ ਤਾਕਤ ਵਜੋਂ ਦੇਖਣਾ ਗ਼ਲਤ ਹੈ, ਦੇਖੋ ਅਸੀਂ ਤਾਂ ਸਭ ਤੋਂ ਪਿਛੜੇ ਹਿੱਸੇ ਆਦਿਵਾਸੀ ਭਾਈਚਾਰੇ ਨੂੰ ਰਾਸ਼ਟਰਪਤੀ ਦੇ ਅਹੁਦੇ ਉੱਪਰ ਬਿਠਾਇਆ ਹੈ। ਇਸ ਕਵਾਇਦ ਦੀ ਜ਼ਰੂਰਤ ਇਸ ਕਰਕੇ ਹੈ ਕਿਉਂਕਿ ਆਦਿਵਾਸੀ ਮੁਲਕ ਦੀ ਵਸੋਂ ਦਾ ਇਕ ਐਸਾ ਮਹੱਤਵਪੂਰਨ ਹਿੱਸਾ ਹਨ ਜਿਨ੍ਹਾਂ ਨੂੰ ਆਰ.ਐੱਸ.ਐੱਸ. ਈਸਾਈ ਪ੍ਰਭਾਵ ਤੋਂ ਮੁਕਤ ਕਰਕੇ ਉਨ੍ਹਾਂ ਨੂੰ ਹਿੰਦੂ ਧਰਮ ਬਣਾਉਣ ਲਈ ਲਗਾਤਾਰ ਯਤਨਸ਼ੀਲ ਹੈ ਅਤੇ ਜਿਨ੍ਹਾਂ ਨੂੰ ਵੋਟ ਸਮੀਕਰਨ ਅੰਦਰ ਮੁਸਲਮਾਨਾਂ ਦੀ ਤਰ੍ਹਾਂ ਨਜ਼ਰਅੰਦਾਜ਼ ਕਰਨ ਦਾ ਜ਼ੋਖ਼ਮ ਨਹੀਂ ਲਿਆ ਜਾ ਸਕਦਾ। ਉਨ੍ਹਾਂ ਨੂੰ 'ਪਾਕਿਸਤਾਨ ਚਲੇ ਜਾਓ' ਦੀਆਂ ਧਮਕੀਆਂ ਦੇ ਕੇ ਜਾਂ ਪਾਕਿਸਤਾਨ ਦੇ ਏਜੰਟ ਹੋਣ ਦਾ ਠੱਪਾ ਲਗਾ ਕੇ ਬਾਕੀ ਲੋਕਾਂ 'ਚੋਂ ਨਿਖੇੜਿਆ ਵੀ ਨਹੀਂ ਜਾ ਸਕਦਾ। ਇਸੇ ਲਈ ਉਨ੍ਹਾਂ ਨੂੰ ਕਾਬੂ ਕਰਨ ਲਈ ਇਕ ਪਾਸੇ ਨਕਸਲੀ/ਮਾਓਵਾਦੀ ਕਰਾਰ ਦੇ ਕੇ ਜੇਲ੍ਹਾਂ ਵਿਚ ਸਾੜਿਆ ਜਾਂ ਝੂਠੇ ਮੁਕਾਬਲਿਆਂ 'ਚ ਮਾਰਿਆ ਜਾ ਰਿਹਾ ਹੈ ਅਤੇ ਦੂਜੇ ਪਾਸੇ ਆਦਿਵਾਸੀ ਪਿਛੋਕੜ ਵਾਲੀ ਔਰਤ ਨੂੰ ਪ੍ਰਤੀਕ ਦੇ ਰੂਪ 'ਚ ਰਾਸ਼ਟਰਪਤੀ ਬਣਾ ਕੇ ਉਨ੍ਹਾਂ ਦੇ ਅੱਖੀਂ ਘੱਟਾ ਪਾਉਣ ਦੀ ਚਾਲ ਖੇਡੀ ਗਈ ਹੈ।

ਦਰਅਸਲ ਆਦਿਵਾਸੀ ਲੋਕ ਕੁਲ ਆਲਮ 'ਚ ਕੁਦਰਤ ਅਤੇ ਵਾਤਾਵਰਣ ਨੂੰ ਬਚਾਉਣ ਲਈ ਲੜ ਰਹੀ ਮੁੱਖ ਤਾਕਤ ਹਨ। ਭਾਰਤ ਵਿਚ ਉਹ ਜੰਗਲਾਂ ਅਤੇ ਪਹਾੜਾਂ 'ਚ ਲਗਾਏ ਜਾ ਰਹੇ ਖਣਨ ਪ੍ਰੋਜੈਕਟਾਂ ਵਿਰੁੱਧ ਜ਼ਿੰਦਗੀ-ਮੌਤ ਦੀ ਲੜਾਈ ਲੜ ਰਹੇ ਹਨ। ਆਦਿਵਾਸੀ ਖੇਤਰਾਂ ਦੀਆਂ ਵਿਸ਼ਾਲ ਪੱਟੀਆਂ 'ਚ ਮਾਓਵਾਦੀਆਂ ਦੀ ਅਗਵਾਈ ਹੇਠਲੇ ਵਿਆਪਕ ਆਦਿਵਾਸੀ ਟਾਕਰੇ ਨੂੰ ਕੁਚਲਣ ਲਈ ਹੀ ਸਲਵਾ ਜੁਡਮ ਅਤੇ ਓਪਰੇਸ਼ਨ ਗ੍ਰੀਨ ਹੰਟ ਦੇ ਨਾਂ ਹੇਠ ਆਦਿਵਾਸੀ ਨਸਲਕੁਸ਼ੀ ਸ਼ੁਰੂ ਕੀਤੀ ਗਈ ਸੀ। ਜੋ ਹੁਣ ਵੀ ਜਾਰੀ ਹੈ। ਇਸੇ ਨਸਲਕੁਸ਼ੀ ਉੱਪਰ ਪਰਦਾਪੋਸ਼ੀ ਲਈ 20 ਦੇ ਕਰੀਬ ਬੁੱਧੀਜੀਵੀਆਂ ਅਤੇ ਹੱਕਾਂ ਦੇ ਕਾਰਕੁੰਨਾਂ ਨੂੰ ਜੇਲ੍ਹਾਂ ਵਿਚ ਸਾੜਿਆ ਜਾ ਰਿਹਾ ਹੈ। ਇਸੇ ਲਈ ਸਟੇਨ ਸਵਾਮੀ ਨੂੰ ਬਿਨਾਂ ਇਲਾਜ ਜੇਲ੍ਹ ਵਿਚ ਮਾਰਿਆ ਗਿਆ ਅਤੇ ਗਾਂਧੀਵਾਦੀ ਹਿਮਾਂਸ਼ੂ ਕੁਮਾਰ ਉੱਪਰ ਸੁਪਰੀਮ ਕੋਰਟ ਦੇ ਫ਼ੈਸਲੇ ਦੀ ਆੜ 'ਚ ਗ੍ਰਿਫ਼ਤਾਰੀ ਦੀ ਤਲਵਾਰ ਲਟਕਾਈ ਗਈ ਹੈ। ਤਮਾਮ ਰਾਜਕੀ ਦਹਿਸ਼ਤਵਾਦ ਦੇ ਬਾਵਜੂਦ ਜਲ-ਜੰਗਲ ਅਤੇ ਜ਼ਮੀਨਾਂ ਦੀ ਰਾਖੀ ਲਈ ਅਤੇ ਜੰਗਲਾਂ ਵਿਚ ਨੀਮ-ਫ਼ੌਜੀ ਕੈਂਪਾਂ ਦਾ ਜਾਲ ਵਿਛਾਏ ਜਾਣ ਵਿਰੁੱਧ ਬਹੁਤ ਸਾਰੇ ਥਾਵਾਂ ਉੱਪਰ ਆਦਿਵਾਸੀ ਅੰਦੋਲਨ ਲਗਾਤਾਰ ਚੱਲ ਰਹੇ ਹਨ। ਸਿਲਗੇਰ ਦੇ ਆਦਿਵਾਸੀ ਪਿਛਲੇ ਇਕ ਸਾਲ ਤੋਂ ਸੁਰੱਖਿਆ ਬਲਾਂ ਦੇ ਕੈਂਪਾਂ ਦਾ ਪਸਾਰਾ ਰੋਕਣ ਲਈ ਪੱਕਾ ਮੋਰਚੇ ਲਗਾਈ ਬੈਠੇ ਹਨ। ਮੱਧ ਭਾਰਤ ਵਿਚ ਛੱਤੀਸਗੜ੍ਹ ਦੇ ਪੌਣੇ ਦੋ ਲੱਖ ਹੈਕਟੇਅਰ ਰਕਬੇ 'ਚ ਫੈਲੇ 'ਹੰਸਦੇਵ ਅਰੰਡ ਵਣ-ਖੇਤਰ' ਵਿਚ ਰਾਜਸਥਾਨ ਬਿਜਲੀ ਉਤਪਾਦਨ ਕਾਰਪੋਰੇਸ਼ਨ ਦੀ ਮਾਲਕੀ ਵਾਲੇ ਪ੍ਰੋਜੈਕਟ ਵਿਰੁੱਧ ਦਸ ਸਾਲ ਤੋਂ ਅੰਦੋਲਨ ਚੱਲ ਰਿਹਾ ਹੈ। ਦਰਅਸਲ ਇਸ ਦਾ ਕਰਤਾ-ਧਰਤਾ ਅਡਾਨੀ ਗਰੁੱਪ ਹੈ। ਆਦਿਵਾਸੀ ਤਰਜ਼ੇ-ਜ਼ਿੰਦਗੀ ਅਤੇ ਵਾਤਾਵਰਣ ਨੂੰ ਬਚਾਉਣ ਦੇ ਪੱਖੋਂ ਇਹ ਜੰਗਲ ਐਨੇ ਮਹੱਤਵਪੂਰਨ ਹਨ ਕਿ ਅੰਦੋਲਨ ਦੇ ਦਬਾਓ ਕਾਰਨ ਛੱਤੀਸਗੜ੍ਹ ਸਰਕਾਰ ਨੂੰ ਮਈ 2022 'ਚ ਰੁੱਖ਼ਾਂ ਦੀ ਕਟਾਈ ਰੋਕਣੀ ਪਈ। ਇਨ੍ਹਾਂ ਰੁੱਖ਼ਾਂ ਦੀ ਕਟਾਈ ਸੰਵਿਧਾਨ ਦੀ 5ਵੀਂ ਸੂਚੀ ਤਹਿਤ ਆਦਿਵਾਸੀ ਇਲਾਕਿਆਂ ਨੂੰ ਦਿੱਤੀ ਸੁਰੱਖਿਆ ਦੀ ਸਰੇਆਮ ਉਲੰਘਣਾ ਕਰਕੇ ਅਤੇ 2009 'ਚ ਇਸ ਨੂੰ ਕੇਂਦਰ ਸਰਕਾਰ ਵੱਲੋਂ 'ਨੋ-ਗੋ ਖੇਤਰ' ਐਲਾਨੇ ਜਾਣ ਦੇ ਬਾਵਜੂਦ ਕੀਤੀ ਜਾ ਰਹੀ ਸੀ। ਕਾਨੂੰਨ ਇਹ ਹੈ ਕਿ ਕੋਈ ਵੀ ਪ੍ਰੋਜੈਕਟ ਲਗਾਉਣ ਤੋਂ ਪਹਿਲਾਂ ਆਦਿਵਾਸੀ ਪਿੰਡਾਂ ਦੀਆਂ ਗ੍ਰਾਮ ਸਭਾਵਾਂ ਦੀ ਸਹਿਮਤੀ ਲੈਣੀ ਜ਼ਰੂਰੀ ਹੈ। ਪਰ ਪ੍ਰਸ਼ਾਸਨ ਨੇ ਗ੍ਰਾਮ ਸਭਾਵਾਂ ਦੀ ਸਹਿਮਤੀ ਲਏ ਬਿਨਾਂ ਹੀ ਜਾਂ ਗ੍ਰਾਮ ਸਭਾਵਾਂ ਦੇ ਨਾਂ ਹੇਠ ਜਾਅਲੀ ਮਤੇ ਪਾ ਕੇ ਜੰਗਲ ਕੱਟਣ ਦੀ ਵਾਰ-ਵਾਰ ਕੋਸ਼ਿਸ਼ ਕੀਤੀ ਜਿਸ ਨੂੰ ਵਿਆਪਕ ਵਿਰੋਧ ਨੇ ਸਫ਼ਲ ਨਹੀਂ ਹੋਣ ਦਿੱਤਾ। ਹੁਣ ਕੇਂਦਰ ਸਰਕਾਰ ਪਾਰਲੀਮੈਂਟ ਦੇ ਮਾਨਸੂਨ ਸੈਸ਼ਨ ਵਿਚ ਸੋਧੇ ਹੋਏ ਫਾਰੈਸਟ ਕਲੀਰੈਂਸ ਰੂਲਜ਼-2022 ਪਾਸ ਕਰਾਉਣ ਦੀ ਤਿਆਰੀ 'ਚ ਹੈ। ਇਨ੍ਹਾਂ ਸੋਧਾਂ ਰਾਹੀਂ ਜੰਗਲਾਂ ਦੀ ਕਟਾਈ ਦੀ ਕਲੀਰੈਂਸ ਲੈਣ ਤੋਂ ਪਹਿਲਾਂ ਆਦਿਵਾਸੀਆਂ ਦੇ ਹੱਕਾਂ ਨੂੰ ਮਾਨਤਾ ਦੇਣ ਦੀ ਸੰਵਿਧਾਨਕ ਵਿਵਸਥਾ ਕਮਜ਼ੋਰ ਕੀਤੀ ਜਾ ਰਹੀ ਹੈ ਅਤੇ ਗ੍ਰਾਮ ਸਭਾ ਦੀ ਸਹਿਮਤੀ ਲੈਣ ਦੀ ਸ਼ਰਤ ਖ਼ਤਮ ਕੀਤੀ ਜਾ ਰਹੀ ਹੈ।

ਪਰ ਪ੍ਰਤੀਕਾਂ ਦੀ ਚਲਾਕੀ ਕੌੜੀ ਹਕੀਕਤ ਉੱਪਰ ਪਰਦਾ ਨਹੀਂ ਪਾ ਸਕਦੀ। ਭਾਰਤ ਵਿਚ ਰਾਸ਼ਟਰਪਤੀ ਵੈਸੇ ਵੀ ਹੁਕਮਰਾਨ ਧਿਰ ਲਈ ਮਹਿਜ਼ 'ਰਬੜ ਦੀ ਮੋਹਰ' ਮੰਨਿਆ ਜਾਂਦਾ ਹੈ। ਇਹ ਤੈਅ ਹੈ ਕਿ ਆਦਿਵਾਸੀਆਂ ਦਾ ਘਾਣ ਇਕ ਆਦਿਵਾਸੀ ਰਾਸ਼ਟਰਪਤੀ ਦੇ ਹੁੰਦਿਆਂ ਹੋਵੇਗਾ ਅਤੇ ਦ੍ਰੋਪਦੀ ਮੁਰਮੂ ਇਸ ਨੂੰ ਰੋਕਣ ਲਈ ਉਸੇ ਤਰ੍ਹਾਂ ਕੁਝ ਨਹੀਂ ਕਰ ਸਕੇਗੀ ਜਿਵੇਂ 'ਸਿੱਖ' ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ 1984 ਦੇ ਸਿੱਖ ਕਤਲੇਆਮ 'ਚ ਕੁਝ ਨਹੀਂ ਕਰ ਸਕਿਆ ਸੀ। ਜੇ ਆਰਥਕ ਜਾਂ ਹੋਰ ਸ਼ਕਲਾਂ 'ਚ ਨਸਲਕੁਸ਼ੀ ਨੂੰ ਕੋਈ ਤਾਕਤ ਰੋਕ ਸਕਦੀ ਹੈ ਤਾਂ ਉਹ ਸਿਰਫ਼ ਤੇ ਸਿਰਫ਼ ਲੋਕ ਤਾਕਤ ਹੈ ਜਿਵੇਂ ਹੁਣ ਤੱਕ ਬਹੁਤ ਸਾਰੇ ਤਬਾਹੀ ਦੇ ਪ੍ਰੋਜੈਕਟਾਂ ਨੂੰ ਲੋਕ ਟਾਕਰੇ ਨੇ ਰੋਕ ਰੱਖਿਆ ਹੈ ਅਤੇ ਵੇਦਾਂਤਾ ਵਰਗੀਆਂ ਕਾਰਪੋਰੇਟ ਕੰਪਨੀਆਂ ਨੂੰ ਆਪਣੇ ਪ੍ਰੋਜੈਕਟ ਬੰਦ ਕਰਨ ਲਈ ਮਜਬੂਰ ਵੀ ਕੀਤਾ ਹੈ।

SAVANNA
Market Dental
Dr. Amerjot Kler | Dr. Kam Sahota | Dr. Aman Cheema
202/204 9036 St NE
Calgary, Alberta T3J 2E3
403-590-4888
www.savannamarketdental.com

We Provide Following
Insurance Services
- SUPER VISA /TRAVEL INSURANCE
- DISABILITY INSURANCE
- MEDICAL AND DENTAL PLANS
- CRITICAL ILLNESS INSURANCE
- LIFE INSURANCE (TERM OR WHOLE LIFE)
- MORTGAGE OR LOAN INSURANCE
- RESP (CHILDREN EDUCATION PLANS)
- RRSP (RETIREMENT SAVING PLANS)
- INVESTMENTS (SEG FUNDS)
- NO MEDICAL OR FUNERAL INSURANCE

Aman Gill
Financial Security Advisor

2102, 3730-108 Ave. NE Calgary AB T3N 1V8
Cell: 403-919-6962
Email: amandeepbrr440@gmail.com

Desjardins Financial Security Independent Network · CPP · GREAT-WEST · BMO · RBC Royal Bank · Equitable Life of Canada · iA Financial Group · Manulife Financial · Canada Life · Foresters · ivari

# Movement of Shaheed Prithipal Randhawa Made Immortal Contribution To Youth

**Harsh Thakur**







Today is the 42nd martyrdom day of Student leader Prithipal Singh Randhawa .No Student leader in the history of India ever galvanized forces or crystallised or set guidelines of the mass line practice in student movement, in the magnitude of Prithipal.Exactly 42 years ago he was murdered by goons of the Akali Dal party. Few mass leaders ever better grasped the essence of Marxism-Leninism-Mao thought or dialectically practiced it. Today no martyred mass revolutionary leader is held in such awe, in Punjab. No student leader ever in India displayed such innate mastery in weaving forces together.

In the 1970's Shaheed Randhawa was the architect of the mass movement of the Punjab Students Union and Naujwan Bharat Sabha ,devising forms of struggle that confronted the neo-fascist repression ,like no student leader .He shaped the student and youth organizations to sharpen the anti-feudal and anti-imperialist struggles. It was Randhawa's painstaking efforts that gave the Punjab Students Union a cutting edge, and distinguish from revisionism and left adventurist politics. In his time the student and youth organizations integrated into the very skin of the peasants and workers. Never before in India and rarely in world history had a student and youth movement traversed such realms in challenging imperialism, feudalism and proto- fascism.

**EVENTS OF THE ERA OF SHAHEED RANDHAWA**

The turning point in Randhawa's life came in the police shooting of Comrade s Harjeet and Swaran in 1972 in Regal cinema at Moga.The cold blooded assassination shook his heart and he came into the very forefront of getting the killers to the book.Prithipal galvanised all possible sections into mass movement to ultimately get the culprits amongst police officers convicted.

In the 1970's era Punjab Students Union and Naujwan Bharat Sabha resurrected the anti-imperialist and anti-feudal fervour of the days of Shaheed Bhagat Singh.

The Moga Sangram rally on October 26th 1974 was an event that could be preserved in a museum, giving a mass movement, the cutting edge in revolutionary character. It was remarkable that the Punjab Students Union was the 1st organization to organise a protest challenging US Imperialism in Vietnam.

A major state-wide struggle was also launched against fee-hikes, for school and college students. It also inducted membership of women comrades at scale not reached before. In 1974 most valiantly the PSU launched a struggle to support the striking policemen. Solidarity was also given to movement of unemployed teachers.

Prithipal Randhawa raised the popular slogan of 'Jage raho or Zinda raho which means 'Stay awake and stay alive."Pro-Akali forces thronged to the Gurudawaras promoting the Sikh communal politics of Akali Dal. The organization also published a booklet on the teachings of Shaheed Bhagat Singh.

In 1977 a huge march was held by the Punjab Students Union and the Naujawan Bharat Sabha for democratic rights, exposing the pseudo-democracy of the Janata party. It ranked amongst the most intense and qualitative student protests ever for democratic rights in history.

The mass protest against the assassination of Randhawa in 1979 scaled a magnitude unprecedented, to bring political murderers to justice. Ultimately the culprits were brought to the book. This event will also be a permanent part of the Museum of revolution. Active campaigns were also undertaken exposing eve-teasing of women, democratisation of education, .identifying with oppressed sections like dalits, combating communalism etc.

**EVALUTION OF SHAHEED RANDHAWA AND MOVEMENT LED BY HIM**

No student and youth movement in the history if India rose to such heights in challenging autocracy or farcical democracy, as that of Punjab Students Union and Naujwan Bharat Sabha in the 1970's.It illustrated mass revolutionary democratic character, in unparalleled proportions .It was Prithipal's most dialectical practice that could weave the struggles of different oppressed masses together be it workers, peasants, agricultural workers, govt, employees or unemployed teachers.

No student leader challenged proto-fascism at it's core like Randhawa,who mastered the art of organizing struggles for democratic rights. Most effectively Randhawa counterposed and rebuked the slogans and collaborationist or bourgeois methods of the opposition parties that projected no genuine democratic revolutionary alternative. and endorsed the very politics of the semi-feudal social order.. Very rarely in world history after the Chinese Revolution had students and youth come to such a forefront in leading peasants and workers or wedging links with the oppressed sections, as in the era of the late 1970's in Punjab.

With great mastery he knit the thread of combat forces to work secretly during emergency, when the Punjab Students Union faced a ban. After being arrested in emergency, within jail walls Prithipal most heroically combated the fascist dictates of India Gandhi, with the introduction of MISA law.

The teachings of Shaheed Bhagat Singh penetrated every sphere of society at an unprecedented scale since 1947.Arguably never had such a spiritual renaissance taken place in India after 1947,in term sof imbibing of revolutionary democratic ,secular or anti-imperialist culture.

The practice of Prithipal Singh Randhawa challenged the right opportunism of leaders in the revolutionary camp who supported the Jayaprakash Narayan student movement in 1974 that supported bourgeois opposition parties ,the left sectarian trend that negated mass struggles ,as well as comrades who wished to use the platform of student organizations to propagate Mao thought.Inspite of towering achievements unscaled in Indian history, the Andhra Pradesh Radical Students Union had Mao thought as an essential part of it's manifesto, which was erroneous.Punjab Students Union under Randhawa also exposed the misleading slogans of the JP movement that diverted the class movements. Randhawa twice also attended conferences of the Democratic Students Organization of Andhra Pradesh in 1974 and 1978 .Few mass leaders had such a grasp of the essence of the massline of Tarimela Nagi Reddy as Randhawa .Randhawa was also an architect of correct practice of the civil liberties and democratic rights movement and was one of the founders of the Association for Democratic Rights, Punjab. Very rarely in world history after the Chinese Revolution had students and youth come to such a forefront in leading peasants and workers or wedging links with the oppressed sections, as in the era of the late 1970's in Punjab.

Inspite of being an outstanding mass leader,Randhawa never became arrogant ,and remained a most disciplined party member of the Unity Centre of Communist Revolutionaries of India(Marxist-Leninist)

**POST-SHAHEED RANDHAWA PERIOD**

It is sad that after his murder by the goons of the Akali Dal in 1979 the Punjab Students Union and Naujwan Bharat Sabha became splintered and by the 1980's many of it's cadre joined the ranks of the Sikh seperatist Akali or Khalistani movements. It is significant that some of the leading cadre in challenging the Neo-fascist Khalistani movement emerged from the Randhawa led Punjab Students Union and NBS like martyrs Jagpal Singh and Megh Raj Baghtuana,who were executed by Khalistani terrorists in April 1991.Today there is an infection in Punjab that supports Sikh separatist ideology, even professing unity with Akali Dal groups.It is worth mentioning that major leaders of the BKU (Ugrahan) like Jhanda singh Jethuke and Joginder Singh Ugrahan have their roots in the movements led by the PSU and NBS. So too has current Surkh Leeh editor,Jaspal Jassi,who was a colleague of Shaheed Randhawa.

Today in another form we need to resurrect such an organization with proto-fascism at a helm and Imperialism penetrating every s here at an unprecedented magnitude. We need to imbibe lessons of the method of leadership of Randhawa which made the demarcation of mass organization from that of party, and linked the student movement to that of the workers and peasants.


Today I am overjoyed that Prithipal Singh Randhawa's spirit is not dead and buried and still shimmering in the towns and villages of Punjab. The Punjab Students Union (Shaheed Randhawa) in a qualitative manner has led solidarity campaigns on political issues like opposing scrapping of article 370 and supporting self-determination of the Kashmiri people, challenging the NRC-NPR by exposing its Neo-fascist roots ,organising solidarity to the farmers movement protesting agricultural bills in Delhi by sending supportive contingents and organizing meetings, organized protests against fee hikes in colleges and against scrapping of scholarships for scheduled castes, launched many a protest against the framing of the Bhima-Koregaon intellectuals etc..Although quantitatively small it is positive that it is trying to bind or knit the scattered forces into a cohesive force. Most significant how its cadre integrates with the mass struggles of the Bharatiya Kisan Union(Ugrahan) and the Punjab Khet Mazdoor Union, thus forging unity with the landed peasantry and the dalit agricultural labourers. A reading library has also been formed of the teachings of Shaheed Randhawa in Ludhiana and efforts are being undertaken to build such libraries all over Punjab. Last year it even staged a state level memorial meeting at Regal Cinema in Moga, where it underlined the importance of the great martyr's teachings. It has also undertaken joint campaigns with other factions of revolutionary students organisations like Punjab Radical Students Organisation, Punjab Students Union (Lalkar) and Punjab Students Union.

I really hope a Hindi and English translation is made of the contribution and writings of Prithipal Singh Randhawa from Punjabi. It would be part of treasurehouse for cadres today. I can't express how much there is such glaring gap in the movement today in not having leader of the calibre of Randhawa,particularly in confronting proto-fascism, like the democrats framed in the Bhima-Koregoan case.

# ਪੂੰਜੀਵਾਦੀ ਪ੍ਰਬੰਧ ਵਿੱਚ ਕੂੜੇ ਦੀ ਪੈਦਾਵਾਰ



-ਸੁਖਵੰਤ ਹੁੰਦਲ-



ਪੂੰਜੀਵਾਦੀ ਪ੍ਰਬੰਧ ਵਿੱਚ ਉਤਪਾਦਕ ਦਾ ਮੁੱਖ ਉਦੇਸ ਮੁਨਾਫਾ ਕਮਾਉਣਾ ਹੁੰਦਾ ਹੈ। ਇਹ ਮੁਨਾਫਾ ਵਸਤਾਂ ਨੂੰ ਪੈਦਾ ਕਰਕੇ ਅਤੇ ਵੇਚ ਕੇ ਕਮਾਇਆ ਜਾਂਦਾ ਹੈ। ਇਸ ਲਈ ਵਸਤਾਂ ਦੇ ਉਤਪਾਦਨ ਵਿੱਚ ਲਗਾਤਾਰ ਵਾਧਾ ਪੂੰਜੀਵਾਦੀ ਪ੍ਰਬੰਧ ਦੀ ਇਕ ਮੁੱਖ ਖਾਸੀਅਤ ਹੈ। ਵਸਤਾਂ ਦੇ ਉਤਪਾਦਨ ਵਿੱਚ ਹੋਣ ਵਾਲੇ ਲਗਾਤਾਰ ਵਾਧੇ ਕਾਰਨ, ਉਤਪਾਦਨ ਦੇ ਨਤੀਜੇ (ਬਾਈ ਪ੍ਰੋਡਕਟ) ਵੱਜੋਂ ਪੈਦਾ ਹੋਣ ਵਾਲੇ ਕੂੜੇ ਵਿੱਚ ਵੀ ਲਗਾਤਾਰ ਵਾਧਾ ਹੋਈ ਜਾਂਦਾ ਹੈ। ਵਰਲਡ ਰਿਸੋਰਸਜ ਇੰਸਟੀਚਿਊਟ ਵਲੋਂ ਸੰਨ 1998 ਵਿੱਚ ਛਪੀ ਇਕ ਰਿਪੋਰਟ ਅਨੁਸਾਰ, ਸਨਅਤੀ ਦੇਸਾਂ ਵਿੱਚ ਵਸਤਾਂ ਦੇ ਉਤਪਾਦਨ ਲਈ ਵਰਤੇ ਜਾਂਦੇ ਵਸੀਲਿਆਂ (ਪਾਣੀ, ਕੱਚਾ ਮਾਲ, ਬਾਲਣ ਆਦਿ) ਦਾ ਅੱਧਾ ਜਾਂ ਤਿੰਨ/ਚੌਥਾਈ ਹਿੱਸਾ ਇਕ ਸਾਲ ਦੇ ਅੰਦਰ ਅੰਦਰ ਕੂੜੇ ਦੇ ਰੂਪ ਵਿੱਚ ਵਾਪਸ ਵਾਤਾਵਰਨ ਵਿੱਚ ਪਹੁੰਚ ਜਾਂਦਾ ਹੈ। ਕਿਉਂਕਿ ਮੁਨਾਫਾ ਕਮਾਉਣ ਲਈ ਵਸਤਾਂ ਦਾ ਵੇਚਿਆਂ ਜਾਣਾ ਜਰੂਰੀ ਹੈ, ਇਸ ਲਈ ਹਰ ਸਾਲ ਵੇਚੀਆਂ ਨਾ ਜਾ ਸਕਣ ਵਾਲੀਆਂ ਬਹੁਤ ਸਾਰੀਆਂ ਸਹੀ ਸਲਾਮਤ ਵਸਤਾਂ ਨੂੰ ਕੂੜੇ ਦੇ ਢੇਰ 'ਤੇ ਸੁੱਟ ਦਿੱਤਾ ਜਾਂਦਾ ਹੈ। ਇਹ ਗੱਲ ਯਕੀਨੀ ਬਣਾਉਣ ਲਈ ਕਿ ਲੋਕ ਲਗਾਤਾਰ ਵਸਤਾਂ ਖ੍ਰੀਦਦੇ ਰਹਿਣ ਵੱਡੀ ਪੱਧਰ 'ਤੇ ਮਾਰਕੀਟਿੰਗ ਕਰਕੇ ਲੋਕਾਂ ਵਿੱਚ ਵਸਤਾਂ ਲਈ ਖਾਹਿਸਾਂ ਪੈਦਾ ਕੀਤੀਆਂ ਜਾਂਦੀਆਂ ਹਨ। ਵਸਤਾਂ ਦਾ ਉਤਪਾਦਨ ਇਸ ਤਰ੍ਹਾਂ ਕੀਤਾ ਜਾਂਦਾ ਹੈ ਕਿ ਉਹ ਇਕ ਮਿੱਥੇ ਸਮੇਂ ਬਾਅਦ ਵਰਤਣ ਦੇ ਯੋਗ ਨਾ ਰਹਿਣ। ਉਤਪਾਦਨ ਦੇ ਇਸ ਵਰਤਾਰੇ ਨੂੰ 'ਪਲੈਨਡ ਓਬਸੋਲੀਸੈਂਸ' ਦਾ ਨਾਂ ਦਿੱਤਾ ਗਿਆ ਹੈ। ਇਸ ਦੀ ਸਪਸਟ ਉਦਾਹਰਨ ਇਲੈਕਟ੍ਰੌਨਿਕ ਦੀਆਂ ਵਸਤਾਂ ਹਨ। ਤਕਨੀਕੀ ਤੌਰ 'ਤੇ ਇਸ ਵਿੱਚ ਕੋਈ ਸਮੱਸਿਆ ਨਹੀਂ ਹੈ ਕਿ ਕੰਪਿਊਟਰਾਂ ਜਾਂ ਸੈੱਲਫੋਨਾਂ ਨੂੰ ਮੁਰੰਮਤ ਜਾਂ ਅਪਗ੍ਰੇਡ ਨਾ ਕੀਤਾ ਜਾ ਸਕੇ। ਪਰ ਅਜਿਹਾ ਕਰਨ ਨੂੰ ਤਰਜੀਹ ਨਹੀਂ ਦਿੱਤੀ ਜਾਂਦੀ ਅਤੇ ਲੋਕਾਂ ਨੂੰ ਨਵੇਂ ਕੰਪਿਊਟਰ, ਸੈੱਲ ਫੋਨ ਆਦਿ ਲੈਣ ਲਈ ਉਤਸਾਹਿਤ ਕੀਤਾ ਜਾਂਦਾ ਹੈ। ਨਤੀਜੇ ਵੱਜੋਂ ਪਿਛਲੇ ਕੁੱਝ ਦਹਾਕਿਆਂ ਵਿੱਚ ਈ-ਵੇਸਟ ਦੀ ਇਕ ਵੱਡੀ ਸਮੱਸਿਆ ਪੈਦਾ ਹੋ ਗਈ ਹੈ। ਇਸ ਦੇ ਨਾਲ ਨਾਲ ਫੈਸਨ ਜਾਂ ਚੀਜਾਂ ਦੇ ਮਾਡਲਾਂ ਵਿੱਚ ਤਬਦੀਲੀ ਕਰਕੇ ਲੋਕਾਂ ਨੂੰ ਚੰਗੀਆਂ ਭਲੀਆਂ ਚੀਜਾਂ ਨੂੰ ਕੂੜੇ ਦੇ ਢੇਰ 'ਤੇ ਸੁੱਟਣ ਲਈ ਤਿਆਰ ਕੀਤਾ ਜਾਂਦਾ ਹੈ। ਪੂੰਜੀਵਾਦ ਪ੍ਰਬੰਧ ਵਿੱਚ ਵੱਡੀ ਪੱਧਰ 'ਤੇ ਹੋਣ ਵਾਲੀ ਕੂੜੇ ਦੀ ਪੈਦਾਵਾਰ ਅਤੇ ਉਸ ਦੇ ਭੈੜੇ ਨਤੀਜਿਆਂ ਦੀ ਇਕ ਸਪਸਟ ਤਸਵੀਰ ਬਣਾਉਣ ਲਈ ਕੁੱਝ ਜਾਣਕਾਰੀ ਪੇਸ ਹੈ।

ਸਭ ਤੋਂ ਪਹਿਲੀ ਉਦਾਹਰਨ ਖਾਣਾਂ ਵਿੱਚੋਂ ਧਾਤਾਂ ਕੱਢਣ ਦੇ ਅਮਲ ਦੌਰਾਨ ਪੈਦਾ ਹੋਣ ਵਾਲੇ ਕੂੜੇ ਦੀ ਲਈ ਜਾ ਸਕਦੀ ਹੈ। ਆਮ ਤੌਰ 'ਤੇ ਇਸ ਅਮਲ ਦੌਰਾਨ ਧਰਤੀ ਵਿੱਚੋਂ ਕੱਢੀ ਜਾਣ ਵਾਲੀ ਸਮੱਗਰੀ ਦਾ ਜਿਆਦਾ ਹਿੱਸਾ ਕੂੜਾ-ਕਰਕਟ ਹੁੰਦਾ ਹੈ ਅਤੇ ਬਹੁਤ ਥੋੜ੍ਹਾ ਹਿੱਸਾ ਵਰਤੀ ਜਾ ਸਕਣ ਵਾਲੀ ਧਾਤ। ਉਦਾਹਰਨ ਲਈ ਮਾਈਨਿੰਗ ਵਾਚ ਕੈਨੇਡਾ ਦੇ ਬਲੌਗ 'ਤੇ 5 ਅਕਤੂਬਰ 2020 ਨੂੰ ਛਪੀ ਮਾਈਨ ਵੇਸਟ ਇਨ ਕੈਨੇਡਾ: ਏ ਗਰੋਇੰਗ ਲਾਇਬਿਲਟੀ ਵਿੱਚ ਦੱਸਿਆ ਗਿਆ ਹੈ ਕਿ ਇਕ ਟਨ ਲੋਹੇ ਦੀ ਧਾਤ ਕੱਢਣ ਪਿੱਛੇ 3 ਟਨ ਤੋਂ ਜ਼ਿਆਦਾ ਠੋਸ ਕੂੜਾ (ਸੋਲਿਡ ਵੇਸਟ) ਪੈਦਾ ਹੁੰਦਾ ਹੈ। ਤਾਂਬੇ, ਨਿੱਕਲ, ਜਿਸਤ (ਜਿੰਕ), ਲੀਥੀਅਮ ਅਤੇ ਗਰੈਫਾਈਟ ਦਾ ਇਕ ਟਨ ਕੱਢਣ ਪਿੱਛੇ 20-200 ਟਨ ਠੋਸ ਕੂੜਾ (ਸੋਲਿਡ ਵੇਸਟ) ਪੈਦਾ ਹੁੰਦਾ ਹੈ ਪਲਾਟੀਨਮ, ਰੇਅਰ ਅਰਥ ਅਤੇ ਸੋਨੇ ਦੀ ਇਕ ਟਨ ਧਾਤ ਕੱਢਣ ਲਈ 10 ਲੱਖ (1 ਮਿਲੀਅਨ) ਟਨ ਤੋਂ ਜ਼ਿਆਦਾ ਕੂੜਾ ਪੈਦਾ ਹੁੰਦਾ ਹੈ। ਹਾਂ ਜੀ ਇਕ ਟਨ ਸੋਨੇ ਦੀ ਧਾਤ ਮਗਰ 10 ਲੱਖ ਟਨ ਤੋਂ ਜਿਆਦਾ ਕੂੜਾ। ਵਰਲਡ ਕਾਊਂਟਸ ਨਾਂ ਦੇ ਵੈੱਬਸਾਈਟ 'ਤੇ ਛਪੀ ਇਕ ਹੋਰ ਰਿਪੋਰਟ ਅਨੁਸਾਰ ਕੁੱਲ ਮਿਲਾ ਕੇ ਸੋਨੇ ਦੀਆਂ ਖਾਣਾਂ ਵਿੱਚੋਂ ਹਰ 40 ਸਕਿੰਟਾਂ ਵਿੱਚ ਪੈਦਾ ਹੋਣ ਵਾਲੇ ਕੂੜੇ ਦਾ ਭਾਰ ਇਕ ਆਈਫਲ ਟਾਵਰ ਦੇ ਭਾਰ ਜਿੰਨਾ ਹੁੰਦਾ ਹੈ। ਸੋਨੇ ਦੀਆਂ ਖਾਣਾਂ ਵਿੱਚੋਂ 5 ਦਿਨਾਂ ਤੋਂ ਘੱਟ ਸਮੇਂ ਵਿੱਚ ਪੈਦਾ ਹੋਣ ਵਾਲੇ ਕੂੜੇ ਨਾਲ ਤੁਸੀਂ ਸਾਰੇ ਪੈਰਿਸ ਸਹਿਰ ਨੂੰ ਕੂੜੇ ਦੇ ਟਾਵਰਾਂ ਨਾਲ ਢੱਕ ਸਕਦੇ ਹੋ। ਸੋਨੇ ਦੀ ਇਕ ਮੁੰਦੀ ਬਣਾਉਣ ਲਈ ਲੋੜੀਂਦਾ ਸੋਨਾ ਖਾਣ ਵਿੱਚੋਂ ਕੱਢਣ ਲਈ 26 ਟਨ ਦੇ ਬਰਾਬਰ ਕੂੜਾ ਪੈਦਾ ਹੁੰਦਾ ਹੈ।

ਖਾਣਾਂ ਵਿੱਚੋਂ ਧਾਤਾਂ ਕੱਢਣ ਕਾਰਨ ਪੈਦਾ ਹੋਣ ਵਾਲੇ ਕੂੜੇ ਵਿੱਚ ਕਈ ਕਿਸਮ ਦੇ ਜਹਿਰੀਲੇ ਰਸਾਇਣਕ ਪਦਾਰਥ ਹੁੰਦੇ ਹਨ, ਜਿਵੇਂ ਸੰਖੀਆ, ਸਿੱਕਾ, ਪਾਰਾ, ਪੈਟਰੋਲ ਨਾਲ ਸੰਬੰਧਿਤ ਉਤਪਾਦ, ਤੇਜਾਬ, ਸਾਈਨਾਈਡ ਆਦਿ। ਜਹਿਰੀਲੇ ਪਦਾਰਥਾਂ ਨਾਲ ਭਰਪੂਰ ਇਹ ਕੂੜਾ ਕਈ ਤਰ੍ਹਾਂ ਨਾਲ ਵਾਤਾਵਰਨ ਦੇ ਪ੍ਰਦੂਸਣ ਦਾ ਕਾਰਨ ਬਣਦਾ ਹੈ। ਅਮਰੀਕਾ ਦੀ ਰਾਜਧਾਨੀ ਵਸਿੰਗਟਨ ਵਿੱਚ ਸਥਿਤ ਸੰਸਥਾ ਅਰਥਵਰਕਸ ਦੀ ਫਰਵਰੀ 2012 ਵਿੱਚ ਪ੍ਰਕਾਸਤ "ਟਰਬਲਡ ਵਾਟਰਜ" ਨਾਂ ਦੀ ਰਿਪੋਰਟ ਖਾਣਾਂ ਵਿੱਚੋਂ ਪੈਦਾ ਹੋਣ ਵਾਲੇ ਕੂੜੇ ਕਾਰਨ ਪ੍ਰਦੂਸਤ ਹੋਣ ਵਾਲੇ ਸਮੁੰਦਰਾਂ, ਦਰਿਆਵਾਂ, ਝੀਲਾਂ ਅਤੇ ਧਰਤੀ ਹੇਠਲੇ ਪਾਣੀ ਵੱਲ ਧਿਆਨ ਦਿਵਾਉਂਦੀ ਹੈ। ਇਸ ਰਿਪੋਰਟ ਅਨੁਸਾਰ, ਮਾਈਨਿੰਗ ਕੰਪਨੀਆਂ ਦੁਨੀਆ ਭਰ ਵਿੱਚ ਹਰ ਸਾਲ 18 ਕ੍ਰੋੜ (180 ਮਿਲੀਅਨ) ਟਨ ਤੋਂ ਜਿਆਦਾ ਜਹਿਰੀਲਾ ਕੂੜਾ ਦਰਿਆਵਾਂ, ਝੀਲਾਂ ਅਤੇ ਸਮੁੰਦਰਾਂ ਵਿੱਚ ਸੁੱਟ ਰਹੀਆਂ ਹਨ। ਇਸ ਦੇ ਨਤੀਜੇ ਵਜੋਂ ਦੁਨੀਆ ਭਰ ਵਿੱਚ ਪਾਣੀ ਦੇ ਸ੍ਰੋਤ ਪ੍ਰਦੂਸਤ ਹੋ ਰਹੇ ਹਨ ਅਤੇ ਪੀਣ ਵਾਲੇ ਪਾਣੀ ਦੇ ਸ੍ਰੋਤਾਂ, ਭੋਜਨ ਦੀ ਸਪਲਾਈ, ਲੋਕਾਂ ਦੀ ਸਿਹਤ ਅਤੇ ਪਾਣੀ ਵਿੱਚ ਰਹਿਣ ਵਾਲੇ ਜਾਨਵਰਾਂ ਦੀ ਜਿੰਦਗੀ ਲਈ ਖਤਰੇ ਪੈਦਾ ਹੋ ਰਹੇ ਹਨ।

ਵਸਤਾਂ ਦੇ ਉਤਪਾਦਨ ਦੌਰਾਨ ਪੈਦਾ ਹੋਣ ਵਾਲੇ ਕੂੜੇ ਦੇ ਵਰਤਾਰੇ ਨੂੰ ਸਮਝਣ ਲਈ ਕੋਕਾ ਕੋਲਾ ਦੇ ਇਕ ਕੈਨ ਦੇ ਉਤਪਾਦਨ ਅਤੇ ਵਰਤੋਂ ਦੀ ਕਹਾਣੀ ਨੂੰ ਜਾਣਨਾ ਕਾਫੀ ਜਾਣਕਾਰੀ ਭਰਪੂਰ ਹੋ ਸਕਦਾ ਹੈ। ਪਾਲ ਹਾਕਿਨ, ਐਮੋਰੀ ਬੀ. ਲਵਿਨਜ ਅਤੇ ਐੱਲ ਹੰਟਰ ਲਵਿਨਜ ਆਪਣੀ ਕਿਤਾਬ, ਨੈਚੁਰਲ ਕੈਪੀਟਲਿਜਮ: ਦਿ ਨੈਕਸਟ ਇੰਡਸਟਰੀਅਲ ਰੈਵੋਲੂਸਨ ਵਿੱਚ ਇੰਗਲੈਂਡ ਵਿੱਚ ਵਰਤੇ ਜਾਣ ਵਾਲੇ ਕੋਕਾ ਕੋਲਾ ਦੇ ਇਕ ਕੈਨ ਦੀ ਕਹਾਣੀ ਇਸ ਤਰ੍ਹਾਂ ਦਸਦੇ ਹਨ:

"ਕੈਨ ਬਣਾਉਣ ਲਈ ਚਾਹੀਦੀ ਕੱਚੀ ਧਾਤ ਬਾਕਸਾਈਟ ਅਸਟ੍ਰੇਲੀਆ ਵਿੱਚ ਕੱਢੀ ਜਾਂਦੀ ਹੈ। ਫਿਰ ਉੱਥੇ ਹੀ ਇਸ ਨੂੰ ਕੈਮੀਕਲ ਰਿਡਕਸਨ ਮਿੱਲ ਵਿੱਚ ਭੇਜਿਆ ਜਾਂਦਾ ਹੈ, ਜਿੱਥੇ ਅੱਧੇ ਘੰਟੇ ਦਾ ਸੁੱਧੀਕਰਨ ਦਾ ਕਾਰਜ ਇਕ ਟਨ ਬਾਕਸਾਈਟ ਨੂੰ ਅੱਧੇ ਟਨ ਅਲਮੀਨੀਅਮ ਆਕਸਾਈਡ ਵਿੱਚ ਤਬਦੀਲ ਕਰ ਦਿੰਦਾ ਹੈ। ਫਿਰ ਇਹ ਅਲਮੀਨੀਅਮ ਆਕਸਾਈਡ ਸਮੁੰਦਰੀ ਜਹਾਜਾਂ ਵਿੱਚ ਸਵੀਡਨ ਜਾਂ ਨੋਰਵੇਅ ਦੇ ਕਿਸੇ ਸਮੈਲਟਰ (ਕੱਚੀ ਧਾਤ ਨੂੰ ਪਿਘਲਾ ਕੇ ਮਿੱਟੀ ਨਾਲੋਂ ਵੱਖ ਕਰਨ ਵਾਲੀ ਥਾਂ) ਨੂੰ ਭੇਜਿਆ ਜਾਂਦਾ ਹੈ। ਜਹਾਜਾਂ ਵਿੱਚ ਮਹੀਨੇ ਦੇ ਸਫਰ ਬਾਅਦ ਸਮੈਲਟਰ ਵਿੱਚ ਪੁੱਜਿਆ ਅਲਮੀਨੀਅਮ ਆਕਸਾਈਡ ਦੋ ਮਹੀਨਿਆਂ ਦੇ ਕਰੀਬ ਤੱਕ ਸਮੈਲਟਰ ਵਿੱਚ ਪਿਆ ਰਹਿੰਦਾ ਹੈ ਅਤੇ ਫਿਰ ਸਮੈਲਟਰ ਵਿੱਚ 2 ਘੰਟਿਆਂ ਦਾ ਕਾਰਜ ਅਲਮੀਨੀਅਮ ਆਕਸਾਈਡ ਦੇ ਅੱਧੇ ਟਨ ਨੂੰ ਇਕ ਚੌਥਾਈ ਟਨ ਦੇ ਬਰਾਬਰ ਦੀ ਅਲਮੀਨੀਅਮ ਦੀ ਧਾਤ ਵਿੱਚ ਤਬਦੀਲ ਕਰਦਾ ਹੈ ਅਤੇ ਇਹ ਧਾਤ 10 ਮੀਟਰ ਲੰਬੇ ਡਲਿਆਂ ਦੇ ਰੂਪ ਵਿੱਚ ਹੁੰਦੀ ਹੈ। ਫਿਰ ਅਲਮੀਨੀਅਮ ਦੀ ਧਾਤ ਦੇ ਇਹਨਾਂ ਡਲਿਆਂ ਨੂੰ ਸਮੈਲਟਰ ਵਾਲੀ ਥਾਂ 'ਤੇ ਧਾਤ ਨੂੰ ਸਾਧਣ ਦੇ ਦੋ ਹਫਤਿਆਂ ਦੇ ਲੰਮੇ ਅਮਲ ਰਾਹੀਂ ਸਖਤ ਕੀਤਾ ਜਾਂਦਾ ਹੈ ਅਤੇ ਫਿਰ ਇਸ ਨੂੰ ਸਵੀਡਨ ਜਾਂ ਜਰਮਨੀ ਦੀਆਂ ਰੋਲਰ ਮਿੱਲਾਂ ਨੂੰ ਭੇਜਿਆ ਜਾਂਦਾ ਹੈ। ਉੱਥੇ ਧਾਤ ਦੇ ਇਸ ਇਕੱਲੇ ਇਕੱਲੇ ਡਲੇ ਨੂੰ 900 ਡਿਗਰੀ ਫਾਰਨਹੀਟ ਦੇ ਤਾਪਮਾਨ ਤੱਕ ਗਰਮ ਕਰਕੇ 1/8 ਇੰਚ ਦੀ ਮੋਟਾਈ ਵਾਲੀਆਂ ਸੀਟਾਂ ਵਿੱਚ ਢਾਲਿਆ ਜਾਂਦਾ ਹੈ। ਫਿਰ ਇਹਨਾਂ ਸੀਟਾਂ ਨੂੰ ਇਕ ਵੇਅਰਹਾਊਸ ਵਿੱਚ ਭੇਜਿਆ ਜਾਂਦਾ ਹੈ ਅਤੇ ਉੱਥੋਂ ਇਹਨਾਂ ਨੂੰ ਉਸ ਹੀ ਦੇਸ ਵਿੱਚ ਜਾਂ ਕਿਸੇ ਹੋਰ ਦੇਸ ਵਿਚਲੀਆਂ ਕੋਲਡ ਰੋਲਿੰਗ ਮਿੱਲਾਂ ਵਿੱਚ ਭੇਜਿਆ ਜਾਂਦਾ ਹੈ। ਇਹਨਾਂ ਕੋਲਡ ਰੋਲਿੰਗ ਮਿੱਲਾਂ ਵਿੱਚ ਇਹਨਾਂ ਸੀਟਾਂ ਨੂੰ 10 ਗੁਣਾਂ ਪਤਲੀਆਂ ਸੀਟਾਂ ਵਿੱਚ ਢਾਲਿਆ ਜਾਂਦਾ ਹੈ। ਹੁਣ ਅਲਮੀਨੀਅਮ ਦੀਆਂ ਇਹ ਸੀਟਾਂ ਕੈਨ ਬਣਾਉਣ ਲਈ ਤਿਆਰ ਹੋ ਜਾਂਦੀਆਂ ਹਨ। ਫਿਰ ਇਸ ਅਲਮੀਨੀਅਮ ਨੂੰ ਇੰਗਲੈਂਡ ਭੇਜਿਆ ਜਾਂਦਾ ਹੈ ਜਿੱਥੇ ਇਹਨਾਂ ਸੀਟਾਂ ਨੂੰ ਕੱਟ ਕੇ ਕੈਨ ਬਣਾਏ ਜਾਂਦੇ ਹਨ। ਫਿਰ ਇਹਨਾਂ ਕੈਨਾਂ ਨੂੰ ਧੋਇਆ ਜਾਂਦਾ ਹੈ, ਸੁਕਾਇਆ ਜਾਂਦਾ ਹੈ ਅਤੇ ਇਹਨਾਂ ਨੂੰ ਰੋਗਨ (ਪੇਂਟ) ਦੀ ਮੁਢਲੀ ਤਹਿ ਨਾਲ ਰੰਗਿਆ ਜਾਂਦਾ ਹੈ। ਉਸ ਤੋਂ ਬਾਅਦ ਇਹਨਾਂ ਨੂੰ ਦੁਬਾਰਾ ਪ੍ਰੋਡਕਟ ਬਾਰੇ ਖਾਸ ਜਾਣਕਾਰੀ ਨਾਲ ਪੇਂਟ ਕੀਤਾ ਜਾਂਦਾ ਹੈ। ਇਸ ਸਮੇਂ ਤੱਕ ਇਹਨਾਂ ਕੈਨਾਂ 'ਤੇ ਉਪਰਲਾ ਢੱਕਣ ਨਹੀਂ ਲਾਇਆ ਗਿਆ ਹੁੰਦਾ। ਇਸ ਤੋਂ ਅਗਲਾ ਕਦਮ ਕੈਨਾਂ ਨੂੰ ਲਾਖ ਨਾਲ ਪੇਂਟ ਕਰਨਾ, ਉਨ੍ਹਾਂ ਦਾ ਉਭਰਿਆ ਕੰਢਾ ਜਾਂ ਘੇਰਾ ਬਣਾਉਣਾ ਅਤੇ ਕੈਨਾਂ ਦੇ ਅੰਦਰ ਜੰਗਾਲ ਲੱਗਣ ਤੋਂ ਬਚਾਅ ਕਰਨ ਲਈ ਉਨ੍ਹਾਂ ਅੰਦਰ ਸੁਰੱਖਿਅਤ ਪਰਤ (ਕੋਟਿੰਗ) ਦਾ ਸਪਰੇਅ ਕਰਨਾ ਅਤੇ ਉਹਨਾਂ ਦੀ ਜਾਂਚ ਕਰਨਾ ਹੁੰਦਾ ਹੈ।

ਇਸ ਤੋਂ ਬਾਅਦ ਕੈਨਾਂ ਨੂੰ ਲੋੜ ਪੈਣ ਤੱਕ ਵੇਅਰਹਾਊਸ ਵਿੱਚ ਰੱਖ ਦਿੱਤਾ ਜਾਂਦਾ ਹੈ ਅਤੇ ਲੋੜ ਮੁਤਾਬਕ ਬੋਟਲਿੰਗ ਦੇ ਪਲਾਂਟ ਨੂੰ ਭੇਜਿਆ ਜਾਂਦਾ ਹੈ। ਬੋਟਲਿੰਗ ਪਲਾਂਟ ਵਿੱਚ ਕੈਨਾਂ ਨੂੰ ਇਕ ਵਾਰ ਫਿਰ ਸਾਫ ਕੀਤਾ ਜਾਂਦਾ ਹੈ ਅਤੇ ਧੋਤਾ ਜਾਂਦਾ ਹੈ ਅਤੇ ਸੁਆਦ ਵਾਲੇ ਸੀਰੇ (ਸਿਰਪ), ਫਾਸਫੋਰਸ, ਕੈਫੀਨ ਅਤੇ ਕਾਰਬਨਡਾਈਔਕਸਾਈਡ ਗੈਸ ਵਾਲੇ ਪਾਣੀ ਨਾਲ ਭਰਿਆ ਜਾਂਦਾ ਹੈ। ਇਸ ਵਿੱਚ ਵਰਤੀ ਜਾਂਦੀ ਖੰਡ ਫਰਾਂਸ ਦੇ ਖੇਤਾਂ ਵਿੱਚ ਉਗਾਏ ਜਾਂਦੇ ਚਕੰਦਰਾਂ ਤੋਂ ਬਣਾਈ ਹੁੰਦੀ ਹੈ ਅਤੇ ਮਿੱਲ ਵਿੱਚ ਸੋਧਣ ਤੋਂ ਬਾਅਦ ਟਰੱਕਾਂ ਰਾਹੀਂ ਇੰਗਲੈਂਡ ਪੁੱਜੀ ਹੁੰਦੀ ਹੈ। ਇਸ ਵਿੱਚ ਵਰਤੀ ਜਾਂਦੀ ਫਾਸਫੋਰਸ ਅਮਰੀਕਾ ਦੇ ਸੂਬੇ ਇਡਾਹੋ ਵਿੱਚ ਓਪਨ ਪਿੱਟ ਖਾਣਾਂ ਵਿੱਚੋਂ ਕੱਢੀ ਜਾਂਦੀ ਹੈ। ਖਾਣਾਂ ਵਿੱਚੋਂ ਫਾਸਫੋਰਸ ਕੱਢਣ ਦੇ ਇਸ ਅਮਲ ਦੌਰਾਨ ਕੈਡਮੀਅਮ ਅਤੇ ਰੇਡੀਓ ਐਕਟਿਵ ਥੌਰੀਅਮ ਵਰਗੇ ਜਹਿਰੀਲੇ ਪਦਾਰਥ ਵੀ ਧਰਤੀ ਤੋਂ ਬਾਹਰ ਆਉਂਦੇ ਹਨ। ਫਾਸਫੇਟ ਨੂੰ ਖਾਣੇ ਦੀ ਕੁਆਲਟੀ ਦੀ ਪੱਧਰ (ਫੂਡ ਗ੍ਰੇਡ ਕੁਆਲਟੀ) ਵਿੱਚ ਤਬਦੀਲ ਕਰਨ ਲਈ ਇਹ ਮਾਈਨਿੰਗ ਕੰਪਨੀ 24 ਘੰਟਿਆਂ ਦੇ ਦੌਰਾਨ ਉਨੀ ਬਿਜਲੀ ਦੀ ਵਰਤੋਂ ਕਰਦੀ ਹੈ, ਜਿੰਨੀ ਬਿਜਲੀ 1 ਲੱਖ ਲੋਕਾਂ ਦੀ ਵਸੋਂ ਵਾਲਾ ਸਹਿਰ 24 ਘੰਟਿਆਂ ਵਿੱਚ ਵਰਤਦਾ ਹੈ। ਇੰਗਲੈਂਡ ਵਿੱਚ ਸੀਰੇ ਦੇ ਉਤਪਾਦਕ ਨੂੰ ਕੈਫੀਨ ਰਸਾਇਣਕ ਪਦਾਰਥ ਪੈਦਾ ਕਰਨ ਵਾਲੇ ਉਤਪਾਦਨ ਵੱਲੋਂ ਭੇਜੀ ਜਾਂਦੀ ਹੈ।

ਹੁਣ ਕੋਕਾ ਕੋਲਾ ਨਾਲ ਭਰੇ ਕੈਨਾਂ 'ਤੇ 1500 ਕੈਨ ਪ੍ਰਤੀ ਮਿੰਟ ਦੇ ਹਿਸਾਬ ਨਾਲ ਢੱਕਣ ਲਾਏ ਜਾਂਦੇ ਹਨ। ਫਿਰ ਇਹਨਾਂ ਕੈਨਾਂ ਨੂੰ ਗੱਤੇ ਦੇ ਡੱਬਿਆਂ (ਕਾਰਟਨਾਂ) ਵਿੱਚ ਪੈਕ ਕੀਤਾ ਜਾਂਦਾ ਹੈ। ਇਹਨਾਂ ਡੱਬਿਆਂ 'ਤੇ ਮੈਚ ਕਰਦੇ ਰੰਗਾਂ ਵਿੱਚ ਪ੍ਰਚਾਰ ਦੀ ਸਮੱਗਰੀ ਛਾਪੀ ਗਈ ਹੁੰਦੀ ਹੈ। ਗੱਤੇ ਦੇ ਡੱਬੇ ਜਿਸ ਗੁੱਦੇ (ਪਲਪ) ਤੋਂ ਬਣਾਏ ਜਾਂਦੇ ਹਨ, ਉਹ ਗੁੱਦਾ ਸਵੀਡਨ ਜਾਂ ਸਾਈਬੇਰੀਆ ਜਾਂ ਕੈਨੇਡਾ ਦੇ ਸੂਬੇ ਬ੍ਰਿਟਿਸ ਕੋਲੰਬੀਆ ਦੇ ਜੰਗਲਾਂ ਵਿੱਚੋਂ ਵੱਢੇ ਦਰੱਖਤਾਂ ਤੋਂ ਤਿਆਰ ਕੀਤਾ ਗਿਆ ਹੋ ਸਕਦਾ ਹੈ। ਇੱਥੋਂ ਇਹ ਕੈਨ ਕਿਸੇ ਸਥਾਨਕ ਵੇਅਰਹਾਊਸ ਵਿੱਚ ਭੇਜੇ ਜਾਂਦੇ ਹਨ, ਅਤੇ ਵੇਅਰਹਾਊਸ ਤੋਂ ਸਥਾਨਕ ਸੁਪਰਮਾਰਕੀਟ ਵਿੱਚ। ਆਮ ਤੌਰ 'ਤੇ ਸੁਪਰਮਾਰਕੀਟ ਵਿੱਚ ਪੁੱਜਣ ਤੋਂ ਬਾਅਦ ਇਕ ਕੈਨ ਤਿੰਨ ਦਿਨਾਂ ਦੇ ਵਿੱਚ ਵਿੱਚ ਵਿਕ ਜਾਂਦਾ ਹੈ। ਇਕ ਖਪਤਕਾਰ ਫਾਸਫੇਟ, ਕੈਫੀਨ ਅਤੇ ਕੈਰਾਮਲ ਦੇ ਸੁਆਦ ਵਾਲੇ ਮਿੱਠੇ ਪਾਣੀ ਦਾ 12 ਔਂਸਾਂ ਦਾ ਕੈਨ ਖ੍ਰੀਦਦਾ ਹੈ। ਇਸ ਕੈਨ ਵਿਚਲੇ ਕੋਕਾ ਕੋਲਾ ਨੂੰ ਪੀਣ ਨੂੰ ਕੁੱਝ ਮਿੰਟ ਲਗਦੇ ਹਨ ਅਤੇ ਕੈਨ ਸੁੱਟਣ ਨੂੰ ਕੁੱਝ ਸਕਿੰਟ। ਇੰਗਲੈਂਡ ਵਿੱਚ ਖਪਤਕਾਰ ਕੁੱਲ ਕੈਨਾਂ ਦੇ 84 ਫੀਸਦੀ ਕੈਨਾਂ ਨੂੰ ਸੁੱਟ ਦਿੰਦੇ ਹਨ, ਜਿਸ ਦਾ ਭਾਵ ਹੈ ਕਿ ਉਤਪਾਦਨ ਦੌਰਾਨ ਹੋਣ ਵਾਲੇ ਨੁਕਸਾਨ ਨੂੰ ਕੱਢ ਕੇ ਅਲਮੀਨੀਅਮ ਨੂੰ ਕੂੜੇ 'ਤੇ ਸੁੱਟਣ ਦੀ ਦਰ 88 ਫੀਸਦੀ ਦੇ ਕਰੀਬ ਬਣਦੀ ਹੈ।"

ਇਸ ਤਰ੍ਹਾਂ ਅਸੀਂ ਦੇਖਿਆ ਹੈ ਕਿ ਕੋਕਾ ਕੋਲਾ ਦੇ ਕੈਨ ਬਣਾਉਣ ਦਾ ਕਾਰਜ ਕੋਕਾ ਕੋਲਾ ਬਣਾਉਣ ਦੇ ਮੁਕਾਬਲੇ ਜਿਆਦਾ ਗੁੰਝਲਦਾਰ ਹੈ। ਬੇਸ਼ੱਕ ਕਾਫੀ ਵੱਡੀ ਗਿਣਤੀ ਵਿੱਚ ਕੋਕਾ ਕੋਲਾ ਦੇ ਕੈਨ ਰੀਸਾਈਕਲ ਕੀਤੇ ਜਾਂਦੇ ਹਨ, ਫਿਰ ਵੀ ਕੋਕਾ ਕੋਲਾ ਦੇ ਬਹੁਤ ਸਾਰੇ ਕੈਨ ਇਕ ਵਾਰ ਵਰਤ ਕੇ ਸੁੱਟ ਦਿੱਤੇ ਜਾਂਦੇ ਹਨ। ਅਰਥਵਰਕਸ ਅਤੇ ਔਕਸਫੈਮ ਅਮਰੀਕਾ ਵਲੋਂ ਛਪੀ ਡਰਟੀ ਮੈਟਲਜ: ਮਾਈਨਿੰਗ, ਕਮਿਊਨਟੀਜ ਐਂਡ ਦਿ ਇਨਵਾਇਰਮੈਂਟ ਨਾਮੀ ਰਿਪੋਰਟ ਅਨੁਸਾਰ 1990ਵਿਆਂ ਵਿੱਚ ਅਮਰੀਕਾ ਵਿੱਚ 70 ਲੱਖ (7 ਮਿਲੀਅਨ) ਟਨ ਦੇ ਭਾਰ ਦੇ ਬਰਾਬਰ ਦੇ ਕੈਨ ਕੂੜੇ 'ਤੇ ਸੁੱਟ ਦਿੱਤੇ ਗਏ ਸਨ। ਇੰਨੀ ਮਾਤਰਾ ਵਿੱਚ ਕੂੜੇ ਦੇ ਢੇਰ 'ਤੇ ਸੁੱਟੇ ਗਏ ਅਲਮੀਨੀਅਮ ਨਾਲ 3 ਲੱਖ 16 ਹਜਾਰ ਬੋਇੰਗ-737 ਜਹਾਜ ਬਣਾਏ ਜਾ ਸਕਦੇ ਸਨ।

ਜੇ ਅਸੀਂ ਆਪਣੇ ਵੱਲੋਂ ਵਰਤੀ ਜਾਂਦੀ ਹਰ ਵਸਤ ਦੇ ਉਤਪਾਦਨ ਨੂੰ ਇਸ ਵਿਸਤ੍ਰਿਤ ਢੰਗ ਨਾਲ ਦੇਖੀਏ ਤਾਂ ਸਾਨੂੰ ਪਤਾ ਲੱਗੇਗਾ ਕਿ ਹਰ ਵਸਤ ਦੇ ਉਤਪਾਦਨ ਦੌਰਾਨ ਕਿੰਨਾ ਜਿਆਦਾ ਕੂੜਾ ਪੈਦਾ ਹੁੰਦਾ ਹੈ। ਨੈਚੁਰਲ ਕੈਪੀਟਲਿਜਮ: ਦਿ ਨੈਕਸਟ ਇੰਡਸਟਰੀਅਲ ਰੈਵੋਲੂਸਨ ਨਾਂ ਦੀ ਕਿਤਾਬ ਅਨੁਸਾਰ ਇਕ ਸੈਮੀਕੰਡਕਟਰ ਨੂੰ ਬਣਾਉਣ ਮਗਰ ਪੈਦਾ ਹੋਣ ਵਾਲਾ ਕੂੜਾ ਉਸ ਦੇ ਭਾਰ ਤੋਂ 1 ਲੱਖ ਗੁਣਾਂ ਜਿ਼ਆਦਾ ਹੁੰਦਾ ਹੈ; ਇਕ ਲੈਪਟੈਪ ਕੰਪਿਊਟਰ ਬਣਾਉਣ ਮਗਰ ਪੈਦਾ ਹੋਣ ਵਾਲਾ ਕੂੜਾ ਇਸ ਦੇ ਭਾਰ ਤੋਂ 4000 ਗੁਣਾਂ ਜ਼ਿਆਦਾ ਹੁੰਦਾ ਹੈ।

ਯੂਨਾਈਟਿਡ ਨੇਸਨਜ ਨਾਲ ਸੰਬੰਧਿਤ ਫੂਡ ਐਂਡ ਐਗਰੀਕਲਚਰ ਸੰਸਥਾ ਦੀ 2011 ਵਿੱਚ ਛਪੀ ਗਲੋਬਲ ਫੂਡ ਲੌਸਜ ਐਂਡ ਫੂਡ ਵੇਸਟ ਅਤੇ ਗਾਰਡੀਅਨ ਵਿੱਚ ਅਗਸਤ 2015 ਵਿੱਚ ਛਪੀ ਪ੍ਰੋਡਿਊਸਡ ਵਟ ਨੈਵਰ ਈਟਨ: ਏ ਵਿਜੁਅਲ ਗਾਈਡ ਟੂ ਫੂਡ ਵੇਸਟ ਨਾਂ ਦੀਆਂ ਰਿਪੋਰਟਾਂ ਅਨੁਸਾਰ ਵਿਸਵ ਪੱਧਰ 'ਤੇ ਪੈਦਾ ਕੀਤੇ ਜਾਣ ਵਾਲੇ ਖਾਣੇ ਵਿੱਚੋਂ ਹਰ ਸਾਲ ਇਕ ਤਿਹਾਈ ਖਾਣਾ ਅੰਞਾਈ ਨਸਟ ਹੁੰਦਾ ਹੈ, ਜਿਸ ਦੀ ਕੁੱਲ ਮਾਤਰਾ 1.3 ਅਰਬ (ਬਿਲੀਅਨ) ਟਨ ਦੇ ਬਰਾਬਰ ਬਣਦੀ ਹੈ। ਇਸ ਵਿੱਚ ਸਾਰੇ ਫਲਾਂ ਅਤੇ ਸਬਜੀਆਂ ਦਾ 45% ਦੇ ਕਰੀਬ ਹਿੱਸਾ, ਮੱਛੀ ਅਤੇ ਸਮੁੰਦਰ 'ਚੋਂ ਪ੍ਰਾਪਤ ਹੋਣ ਵਾਲੇ ਹੋਰ ਖਾਣਿਆਂ ਦਾ 35% ਹਿੱਸਾ, ਅਨਾਜ ਦਾ 30% ਹਿੱਸਾ, ਡੇਅਰੀ ਉਤਪਾਦਾਂ ਦਾ 20% ਹਿੱਸਾ ਅਤੇ ਮੀਟ ਦਾ 30% ਹਿੱਸਾ ਸਾਮਲ ਹੈ। ਜੇ ਪ੍ਰਤੀ ਵਿਅਕਤੀ ਮਗਰ ਖਾਣਾ ਨਸਟ ਕਰਨ ਦੀ ਦਰ ਨੂੰ ਦੇਖਿਆ ਜਾਵੇ ਤਾਂ ਗਰੀਬ ਵਿਕਾਸਸੀਲ ਦੇਸਾਂ ਦੇ ਮੁਕਾਬਲੇ ਸਨਅਤੀ ਅਮੀਰ ਦੇਸਾਂ ਵਿੱਚ ਪ੍ਰਤੀ ਵਿਅਕਤੀ ਜ਼ਿਆਦਾ ਖਾਣਾ ਨਸਟ ਹੁੰਦਾ ਹੈ। ਗਲੋਬਲ ਫੂਡ ਲੌਸਜ ਐਂਡ ਫੂਡ ਵੇਸਟ ਨਾਮੀ ਉਪ੍ਰੋਕਤ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਯੂਰਪ ਅਤੇ ਉੱਤਰੀ ਅਮਰੀਕਾ ਵਿੱਚ ਹਰ ਸਾਲ ਇਕ ਵਿਅਕਤੀ ਮਗਰ 95-115 ਕਿਲੋਗ੍ਰਾਮ ਖਾਣਾ ਅੰਞਾਈ ਨਸਟ ਹੁੰਦਾ ਹੈ, ਜਦੋਂ ਕਿ ਸਬ-ਸਹਾਰਾ ਅਫਰੀਕਾ ਅਤੇ ਦੱਖਣੀ ਏਸੀਆ/ਦੱਖਣੀਪੂਰਬੀ ਏਸੀਆ ਵਿੱਚ ਇਕ ਵਿਅਕਤੀ ਮਗਰ ਅੰਞਾਈ ਖਾਣਾ ਨਸਟ ਹੋਣ ਦੀ ਮਾਤਰਾ 6-11 ਕਿਲੋਗ੍ਰਾਮ ਪ੍ਰਤੀ ਸਾਲ ਹੈ। ਇਸ ਦਾ ਭਾਵ ਇਹ ਹੋਇਆ ਕਿ ਜਿਹਨਾਂ ਦੇਸਾਂ ਵਿੱਚ ਪੂੰਜੀਵਾਦ ਦਾ ਵੱਧ ਵਿਕਾਸ ਹੋਇਆ ਹੈ ਉੱਥੇ ਪ੍ਰਤੀ ਵਿਅਕਤੀ ਮਗਰ ਖਾਣਾ ਅੰਞਾਈ ਨਸਟ ਹੋਣ ਦੀ ਮਾਤਰਾ ਜ਼ਿਆਦਾ ਹੈ ਅਤੇ ਜਿਹਨਾਂ ਦੇਸਾਂ ਵਿੱਚ ਪੂੰਜੀਵਾਦ ਦਾ ਘੱਟ ਵਿਕਾਸ ਹੋਇਆ ਹੈ ਉੱਥੇ ਖਾਣਾ ਅੰਞਾਈ ਨਸਟ ਹੋਣ ਦੀ ਮਾਤਰਾ ਘੱਟ ਹੈ। ਵੱਧ ਵਿਕਸਤ ਦੇਸਾਂ ਵਿੱਚ ਅੰਞਾਈ ਹੁੰਦੇ ਖਾਣੇ ਦੀ ਮਾਤਰਾ ਨੂੰ ਸਮਝਣ ਲਈ ਅਮਰੀਕਾ, ਕੈਨੇਡਾ, ਯੂ ਕੇ ਅਤੇ ਯੂਰਪੀਨ ਯੂਨੀਅਨ ਵਿੱਚ ਖਾਣਾ ਅੰਞਾਈ ਨਸਟ ਹੋਣ ਦੇ ਕੁੱਝ ਅੰਕੜੇ ਪੇਸ ਹਨ:

- ਵੱਖ ਵੱਖ ਰਿਪੋਰਟਾਂ ਅਨੁਸਾਰ, ਅਮਰੀਕਾ ਵਿੱਚ ਹਰ ਸਾਲ 4 ਕ੍ਰੋੜ (40 ਮਿਲੀਅਨ) ਟਨ ਖਾਣਾ ਨਸਟ ਹੁੰਦਾ ਹੈ। ਇਹ ਮਾਤਰਾ ਅਮਰੀਕਾ ਵਿੱਚ ਖਾਣੇ ਦੀ ਕੁੱਲ ਸਪਲਾਈ ਦੇ 30% -40% ਦੇ ਬਰਾਬਰ ਬਣਦੀ ਹੈ ਅਤੇ ਇਸ ਖਾਣੇ ਦੀ ਕੀਮਤ 218 ਅਰਬ (ਬਿਲੀਅਨ) ਡਾਲਰ ਦੇ ਕਰੀਬ ਹੈ।
- ਕੈਨੇਡੀਅਨ ਬ੍ਰਾਡਕਾਸਟਿੰਗ ਕਾਰਪੋਰੇਸਨ (ਸੀ ਬੀ ਸੀ) ਦੇ ਸਾਈਟ 'ਤੇ 17 ਜਨਵਰੀ 2019 ਨੂੰ ਛਪੀ ਇਕ ਰਿਪੋਰਟ ਵਿੱਚ ਲਿਖਿਆ ਹੈ ਕਿ ਕੈਨੇਡਾ ਵਿੱਚ ਪੈਦਾ ਹੁੰਦੇ ਸਾਰੇ ਖਾਣੇ ਦਾ 58% ਹਿੱਸਾ ਅੰਞਾਈ ਨਸਟ ਹੁੰਦਾ ਹੈ ਜਿਸ ਦੀ ਮਾਤਰਾ 3.55 ਕ੍ਰੋੜ ਟਨ ਅਤੇ ਕੀਮਤ 49 ਅਰਬ (ਬਿਲੀਅਨ) ਡਾਲਰ ਦੇ ਬਰਾਬਰ ਬਣਦੀ ਹੈ। ਨਸਟ ਹੋਣ ਵਾਲੇ ਇਸ ਖਾਣੇ ਨਾਲ ਕੈਨੇਡਾ ਦੇ ਹਰ ਨਾਗਰਿਕ ਨੂੰ 5 ਮਹੀਨਿਆਂ ਤੱਕ ਖਾਣਾ ਖਿਲਾਇਆ ਜਾ ਸਕਦਾ ਹੈ।
- ਪ੍ਰੋਡਿਊਸਡ ਵਟ ਨੈਵਰ ਈਟਨ ਨਾਂ ਦੀ ਉਪ੍ਰੋਕਤ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਯੂ ਕੇ ਵਿੱਚ ਹਰ ਸਾਲ 1 ਕ੍ਰੋੜ 50 ਲੱਖ (15 ਮਿਲੀਅਨ) ਟਨ ਖਾਣਾ ਅੰਞਾਈ ਨਸਟ ਹੁੰਦਾ ਹੈ। ਬਰਤਾਨੀਆ ਦੇ ਕੂੜੇਦਾਨਾਂ ਵਿੱਚ ਸੁੱਟੇ ਗਏ ਖਾਣਿਆਂ ਵਿੱਚ ਆਮ ਤੌਰ 'ਤੇ ਪਾਏ ਜਾਣ ਵਾਲੇ ਖਾਣਿਆਂ ਵਿੱਚ ਸਾਮਲ ਹਨ: ਡਬਲਰੋਟੀ (ਬ੍ਰੈੱਡ), ਸਬਜੀਆਂ, ਫਲ ਅਤੇ ਦੁੱਧ। ਉਦਾਹਰਨ ਲਈ ਯੂ ਕੇ ਵਿੱਚ 25.5% ਫੀਸਦੀ ਖਰਬੂਜੇ-ਖਖੜੀਆਂ (ਮੈਲਨ), 22.4% ਡਬਲਰੋਟੀ ਅਤੇ 38.7% ਲੈਟਸ ਅੰਞਾਈ ਸੁੱਟ ਦਿੱਤੇ ਜਾਂਦੇ ਹਨ।
- ਯੂਰਪੀਅਨ ਕਮਿਸਨ ਦੇ ਸਾਈਟ 'ਤੇ ਦਿੱਤੇ ਅੰਕੜਿਆਂ ਅਨੁਸਾਰ ਯੂਰਪੀਅਨ ਯੂਨੀਅਨ ਵਿੱਚ ਹਰ ਸਾਲ 8 ਕ੍ਰੋੜ 80 ਲੱਖ (88 ਮਿਲੀਅਨ) ਟਨ ਖਾਣਾ ਅੰਞਾਈ ਨਸਟ ਹੁੰਦਾ ਹੈ ਜਿਸ ਦੀ ਅੰਦਾਜਨ ਕੀਮਤ 143 ਅਰਬ (ਬਿਲੀਅਨ) ਯੂਰੋ ਦੇ ਕਰੀਬ ਹੈ।

ਖਾਣੇ ਦੇ ਅੰਞਾਈ ਨਸਟ ਹੋਣ ਦਾ ਇਹ ਅਮਲ ਖੇਤਾਂ ਤੋਂ ਸੁਰੂ ਹੁੰਦਾ ਹੈ ਅਤੇ ਘਰਾਂ ਵਿੱਚ ਖਾਣੇ ਦੀ ਖਪਤ ਦੇ ਅਖੀਰਲੇ ਪੜਾਅ ਤੱਕ ਜਾਰੀ ਰਹਿੰਦਾ ਹੈ। ਹੁਣ ਅਸੀਂ ਇਸ ਤਰ੍ਹਾਂ ਵੱਡੀ ਮਾਤਰਾ ਵਿੱਚ ਖਾਣਾ ਅੰਞਾਈ ਨਸਟ ਦੇ ਕੁੱਝ ਮੁੱਖ ਕਾਰਨਾਂ ਬਾਰੇ ਗੱਲਬਾਤ ਕਰਾਂਗੇ। ਸਭ ਤੋਂ ਪਹਿਲਾਂ ਕਾਰਨ ਫਲ ਅਤੇ ਸਬਜੀਆਂ ਖ੍ਰੀਦਣ ਅਤੇ ਵੇਚਣ ਵਾਲੀਆਂ ਵੱਡੀਆਂ ਸੁਪਰਮਾਰਕੀਟਾਂ ਵੱਲੋਂ ਫਲਾਂ ਅਤੇ ਸਬਜੀਆਂ ਦੀ ਦਿੱਖ, ਆਕਾਰ, ਰੰਗ ਆਦਿ ਬਾਰੇ ਸਥਾਪਤ ਕੀਤੇ ਸਖਤ ਮਿਆਰ ਹਨ। ਜਿਹੜੇ ਫਲ ਅਤੇ ਸਬਜੀਆਂ ਇਹਨਾਂ ਮਿਆਰਾਂ ਉੱਤੇ ਪੂਰੀਆਂ ਨਹੀਂ ਉਤਰਦੀਆਂ, ਉਹਨਾਂ ਨੂੰ ਰੱਦ ਕਰ ਕੇ ਰੁਲਣ ਲਈ ਛੱਡ ਦਿੱਤਾ ਜਾਂਦਾ ਹੈ। ਜੌਨਾਥੈਨ ਬਲੂਮ ਆਪਣੀ ਕਿਤਾਬ ਅਮਰੀਕਨ ਵੇਸਟਲੈਂਡ: ਹਾਉ ਅਮਰੀਕਾ ਥਰੋਜ ਅਵੇਅ ਨੀਅਰਲੀ ਆਫ ਔਫ ਇਟਸ ਫੂਡ ਵਿੱਚ ਅਮਰੀਕਾ ਦੇ ਸੂਬੇ ਵਿਰਜੀਨਿਆ ਵਿੱਚ ਖੀਰਿਆਂ ਦੇ ਇਕ ਫਾਰਮ ਦੇ ਹਵਾਲੇ ਨਾਲ ਦਸਦਾ ਹੈ ਕਿ ਉਸ ਫਾਰਮ ਵਿੱਚ ਪੈਦਾ ਹੋਣ ਵਾਲੇ ਅੱਧੇ ਖੀਰੇ ਤੋੜੇ ਨਹੀਂ ਜਾਂਦੇ ਅਤੇ ਖੇਤਾਂ ਵਿੱਚ ਹੀ ਰਹਿਣ ਦਿੱਤੇ ਜਾਂਦੇ ਹਨ, ਕਿਉਂਕਿ

ਉਨ੍ਹਾਂ ਵਿੱਚੋਂ ਕੁੱਝ ਜਿ਼ਆਦਾ ਵਿੰਗੇ ਹੁੰਦੇ ਹਨ, ਜਿਸ ਕਾਰਨ ਉਹਨਾਂ ਨੂੰ ਬਕਸਿਆਂ ਵਿੱਚ ਪੈਕ ਕਰਨ ਅਤੇ ਸੁਪਰਮਾਰੀਕਟਾਂ ਵਿੱਚ ਟਿਕਾਉਣ ਲਈ ਮੁਸਕਿਲ ਆਉਂਦੀ ਹੈ। ਕੁੱਝ ਇਸ ਕਰਕੇ ਖੇਤਾਂ ਵਿੱਚ ਰਹਿਣ ਦਿੱਤੇ ਜਾਂਦੇ ਹਨ ਕਿਉਂਕਿ ਉਹਨਾਂ ਦੇ ਇਕ ਸਿਰੇ ’ਤੇ ਮਿੱਟੀ ’ਚ ਦੱਬੇ ਰਹਿਣ ਕਰਕੇ ਛੋਟਾ ਜਿਹਾ ਚਿੱਟਾ ਦਾਗ ਪੈ ਜਾਂਦਾ ਹੈ। ਇਸ ਨਾਲ ਖਾਣੇ ਵਜੋਂ ਉਹਨਾਂ ਦੀ ਕੁਆਲਟੀ ਵਿੱਚ ਭਾਵੇਂ ਕੋਈ ਵੱਡਾ ਫਰਕ ਨਹੀਂ ਪੈਂਦਾ ਪਰ ਉਹ ਦੇਖਣ ਨੂੰ ਸੋਹਣੇ ਨਹੀਂ ਲਗਦੇ। ਜਿਹੜੇ ਖੀਰੇ ਖੇਤਾਂ ਵਿੱਚੋਂ ਤੋੜ ਲਏ ਜਾਂਦੇ ਹਨ, ਉਹਨਾਂ ਨੂੰ ਪੈਕਿੰਗ ਸੈੱਡ ਵਿੱਚ ਲਿਜਾ ਕੇ ਧੋਇਆ ਜਾਂਦਾ ਹੈ। ਉੱਥੇ ਉਹਨਾਂ ਦੀ ਇਕ ਵਾਰ ਫਿਰ ਛਾਂਟੀ ਕੀਤੀ ਜਾਂਦੀ ਹੈ ਅਤੇ ਦੇਖਣ ਨੂੰ ਸੋਹਣੇ ਨਾ ਲੱਗਣ ਵਾਲੇ ਖੀਰਿਆਂ ਨੂੰ ਸੁੱਟਣ ਲਈ ਇਕ ਪਾਸੇ ਕਰ ਲਿਆ ਜਾਂਦਾ ਹੈ। ਇਸ ਫਾਰਮ ਦੇ ਮਾਲਕ ਅਨੁਸਾਰ ਪੈਕਿੰਗ ਸੈੱਡ ਵਿੱਚ ਸੁੱਟਣ ਲਈ ਛਾਂਟੇ ਗਏ ਇਹਨਾਂ ਖੀਰਿਆਂ ਵਿੱਚੋਂ 75% ਖੀਰੇ ਖਾਣ ਲਈ ਬਿਲਕੁਲ ਸਹੀ ਹੁੰਦੇ ਹਨ ਪਰ ਦੇਖਣ ਨੂੰ ਨਹੀਂ ਜਚਦੇ। ਇਸ ਤੋਂ ਬਾਅਦ ਖੀਰਿਆਂ ਦੀ ਇਕ ਹੋਰ ਛਾਂਟੀ ਹੁੰਦੀ ਹੈ, ਜਿਸ ਦੌਰਾਨ ਉਹਨਾਂ ਨੂੰ ਆਕਾਰ ਦੇ ਹਿਸਾਬ ਨਾਲ ਛਾਂਟਿਆ ਜਾਂਦਾ ਹੈ। ਜਿਹੜੇ ਖੀਰੇ ਮਿੱਥੇ ਗਏ ਆਕਾਰ ਨਾਲੋਂ ਛੋਟੇ ਹੁੰਦੇ ਹਨ, ਉਹਨਾਂ ਨੂੰ ਸੁੱਟਣ ਲਈ ਵੱਖ ਕਰ ਲਿਆ ਜਾਂਦਾ ਹੈ। ਇਸ ਫਾਰਮ ਦੇ ਮਾਲਕ ਨੇ ਜੌਨਾਥੈਨ ਬਲੂਮ ਨੂੰ ਦੱਸਿਆ ਕਿ ਖੀਰਿਆਂ ਦੀ ਤੁੜਾਈ ਦੇ ਸੀਜਨ ਵਿੱਚ ਉਸ ਦੇ ਫਾਰਮ ਵਿੱਚ ਹਰ ਚਾਰ ਜਾਂ ਪੰਜ ਦਿਨਾਂ ਬਾਅਦ ਖੀਰਿਆਂ ਦੀ ਤੁੜਾਈ ਅਤੇ ਛਾਂਟੀ ਹੁੰਦੀ ਹੈ ਅਤੇ ਹਰ ਵਾਰੀ ਦੀ ਛਾਂਟੀ ਦੌਰਾਨ 30 ਤੋਂ 40 ਟਨ ਦੇ ਕਰੀਬ ਖੀਰੇ ਸੁੱਟ ਦਿੱਤੇ ਜਾਂਦੇ ਹਨ। ਖੀਰਿਆਂ ਨੂੰ ਅੰਞਾਈ ਸੁੱਟਣ ਦੀ ਇਹ ਮਾਤਰਾ ਸਿਰਫ ਇਕ ਫਾਰਮ ਦੀ ਹੈ। ਅਮਰੀਕਾ ਵਿੱਚਲੇ ਖੀਰਿਆਂ ਦੇ ਸਾਰੇ ਫਾਰਮਾਂ ਵਿੱਚੋਂ ਕਿੰਨੇ ਖੀਰੇ ਅੰਞਾਈ ਸੁੱਟੇ ਜਾਂਦੇ ਹੋਣਗੇ, ਇਸ ਦਾ ਅੰਦਾਜਾ ਪਾਠਕ ਖੁਦ ਲਾ ਸਕਦੇ ਹਨ।

ਅਮਰੀਕਾ ਵਿੱਚ ਖਾਣੇ ਦੇ ਅੰਞਾਈ ਨਸਟ ਹੋਣ ਬਾਰੇ ਨੈਚੁਰਲ ਰੀਸੋਰਸਜ ਡਿਫੈਂਸ ਕਾਊਂਸਲ ਦੀ 2017 ਵਿੱਚ ਛਪੀ ਵੇਸਟਡ: ਹਾਉ ਅਮਰੀਕਾ ਇਜ ਲੂਜਿੰਗ ਅੱਪ ਟੂ 40 ਪਰਸੈਂਟ ਆਫ ਇਟਸ ਫੂਡ ਫਰੌਮ ਫਾਰਮ ਟੂ ਫੋਰਕ ਟੂ ਲੈਂਡਫਿਲ ਨਾਮੀ ਰਿਪੋਰਟ ਦਸਦੀ ਹੈ ਕਿ ਬਹੁਤੀ ਵਾਰ ਫਲ ਅਤੇ ਸਬਜੀਆਂ ਆਪਣੇ ਆਕਾਰ, ਰੰਗ, ਭਾਰ, ਦਾਗਾਂ ਅਤੇ ਮਿੱਠੇ ਦੀ ਮਾਤਰਾ ਘੱਟ ਜਾਂ ਵੱਧ ਹੋਣ ਕਰਕੇ ਜਾਂ ਤਾਂ ਖੇਤਾਂ ਵਿੱਚ ਹੀ ਰਹਿਣ ਦਿੱਤੀਆਂ ਜਾਂਦੀਆਂ ਹਨ ਜਾਂ ਪੈਕਿੰਗ ਕਰਨ ਵਾਲੀਆਂ ਥਾਂਵਾਂ ’ਤੇ ਛਾਂਟ ਲਈਆਂ ਜਾਂਦੀਆਂ ਹਨ। ਇਸ ਰਿਪੋਰਟ ਅਨੁਸਾਰ ਅਮਰੀਕਾ ਦੇ ਸੂਬੇ ਮਿਨੇਸੋਟਾ ਵਿੱਚ ਪੈਦਾ ਹੋਣ ਵਾਲੀਆਂ ਸਬਜੀਆਂ ਅਤੇ ਫਲਾਂ ਵਿੱਚੋਂ ਤਕਰੀਬਨ 20% ਦੇ ਕਰੀਬ ਸਬਜੀਆਂ ਅਤੇ ਫਲ ਖ੍ਰੀਦਦਾਰਾਂ ਵੱਲੋਂ ਮਿੱਥੇ ਮਿਆਰਾਂ ਮੁਤਾਬਕ ਜਾਂ ਤਾਂ ਆਕਾਰ ਵਿੱਚ ਵੱਡੇ ਹੁੰਦੇ ਹਨ, ਜਾਂ ਛੋਟੇ ਹੁੰਦੇ ਹਨ ਜਾਂ ਹੋਰ ਕਾਰਨਾਂ ਕਰਕੇ ਮਿੱਥੇ ਮਿਆਰਾਂ ’ਤੇ ਪੂਰੇ ਨਹੀਂ ਉਤਰਦੇ। ਅਮਰੀਕਾ ਦੇ ਸੂਬੇ ਕੈਲੇਫੋਰਨੀਆ ਦੀ ਸਥਿਤੀ ਦੱਸਣ ਲਈ ਇਸ ਰਿਪੋਰਟ ਵਿੱਚ ਉੱਥੋਂ ਦੇ ਇਕ ਆੜੂਆਂ ਦੇ ਬਾਗਾਂ ਦੇ ਮਾਲਕ ਫਾਰਮਰ ਦਾ ਹਵਾਲਾ ਦਿੱਤਾ ਗਿਆ। ਇਸ ਫਾਰਮਰ ਅਨੁਸਾਰ ਆੜੂਆਂ ਦੇ ਸੀਜਨ ਦੌਰਾਨ ਉਸ ਕੋਲ ਹਰ ਹਫਤੇ 2 ਲੱਖ ਪੌਂਡ ਆੜੂ ਰਹਿ ਜਾਂਦੇ ਹਨ, ਜਿਹਨਾਂ ਨੂੰ ਉਹ ਵੇਚ ਨਹੀਂ ਸਕਦਾ। ਇਹਨਾਂ ਵਿੱਚੋਂ 80% ਆੜੂ ਅਜਿਹੇ ਹੁੰਦੇ ਹਨ, ਜਿਹਨਾਂ ਦੀ ਖਾਣ ਦੀ ਕੁਆਲਟੀ ਵਿੱਚ ਕੋਈ ਨੁਕਸ ਨਹੀਂ ਹੁੰਦਾ।

**ਵੇਸਟ**: ਅਨਕਵਰਿੰਗ ਦੀ ਗਲੋਬਲ ਵੇਸਟ ਸਕੈਂਡਲ ਦਾ ਲੇਖਕ ਟ੍ਰਿਸਟਰਮ ਸਟੂਅਰਟ ਇੰਗਲੈਂਡ ਦੀ ਯੌਰਕਸਾਇਰ ਕਾਉਂਟੀ ਵਿਚਲੇ ਐੱਮ ਐੱਚ ਪੌਸਕਿਟ ਕੈਰਟਸ ਨਾਂ ਦੇ ਗਾਜਰਾਂ ਦੇ ਫਾਰਮ ਬਾਰੇ ਗੱਲ ਕਰਦਿਆਂ ਦਸਦਾ ਹੈ ਕਿ ਇਹ ਫਾਰਮ ਯੂ. ਕੇ. ਦੀ ਵੱਡੀ ਸੁਪਰਮਾਰਕੀਟ ਆਸਡਾ ਲਈ ਗਾਜਰਾਂ ਦਾ ਵੱਡਾ ਸਪਲਾਇਰ ਹੈ। ਆਪਣੀ ਕਿਤਾਬ ਲਈ ਖੋਜ ਕਰਦਿਆਂ ਜਦੋਂ ਟ੍ਰਿਸਟਰਮ ਸਟੂਅਰਟ ਇਸ ਫਾਰਮ ’ਤੇ ਗਿਆ ਤਾਂ ਉਸ ਨੇ ਇਕ ਪਾਸੇ ਗਾਜਰਾਂ ਦਾ ਵੱਡਾ ਸਾਰਾ ਢੇਰ ਦੇਖਿਆ। ਮਾਲਕ ਨੇ ਟ੍ਰਿਸਟਰਮ ਨੂੰ ਦੱਸਿਆ ਕਿ ਉਹ ਗਾਜਰਾਂ ਸੁਪਰਮਾਰਕੀਟ ਦੇ ਮਿਆਰਾਂ ’ਤੇ ਪੂਰੀਆਂ ਨਾ ਉਤਰਨ ਕਾਰਨ ਰੱਦ ਕਰ ਦਿੱਤੀਆਂ ਗਈਆਂ ਹਨ। ਇਸ ਲਈ ਹੁਣ ਉਹ ਜਾਨਵਰਾਂ ਦੇ ਚਾਰੇ ਦੇ ਤੌਰ ’ਤੇ ਵਰਤੀਆਂ ਜਾਣਗੀਆਂ। ਲੇਖਕ ਨੂੰ ਉਹ ਗਾਜਰਾਂ ਦੇਖਣ ਨੂੰ ਬਿਲਕੁਲ ਠੀਕ ਠਾਕ ਲੱਗੀਆਂ। ਫਿਰ ਉਸ ਨੇ ਉਸ ਢੇਰ ਵਿੱਚੋਂ ਇਕ ਗਾਜਰ ਚੁੱਕ ਕੇ ਖਾਧੀ। ਗਾਜਰ ਖਾਣ ਨੂੰ ਵੀ ਬਿਲਕੁਲ ਠੀਕ ਸੀ, ਸੁਆਦ ਅਤੇ ਰਸ ਨਾਲ ਭਰੀ ਹੋਈ। ਹੈਰਾਨ ਹੁੰਦਿਆਂ ਲੇਖਕ ਨੇ ਮਾਲਕ ਨੂੰ ਉਹਨਾਂ ਦੇ ਰੱਦ ਹੋਣ ਦਾ ਕਾਰਨ ਪੁੱਛਿਆ ਤਾਂ ਮਾਲਕ ਨੇ ਕਿਹਾ, “ਉਹ ਥੋੜ੍ਹੀਆਂ ਜਿਹੀਆਂ ਵਿੰਗੀਆਂ ਹਨ, ਪੂਰੀ ਤਰ੍ਹਾਂ ਸਿੱਧੀਆਂ ਨਹੀਂ।” ਫਿਰ ਲੇਖਕ ਨੂੰ ਉੱਥੇ ਕੰਮ ਕਰਦੇ ਇਕ ਕਾਮੇ ਨੇ ਦੱਸਿਆ ਕਿ ਆਸਡਾ ਸੁਪਰਮਾਰਕੀਟ ਸਖਤੀ ਨਾਲ ਇਹ ਮੰਗ ਕਰਦੀ ਹੈ ਕਿ ਸਾਰੀਆਂ ਗਾਜਰਾਂ ਪੂਰੀ ਤਰ੍ਹਾਂ ਸਿੱਧੀਆ ਹੋਣ ਤਾਂ ਜੋ ਗਾਹਕ ਉਹਨਾਂ ਨੂੰ ਛਿੱਲਣ ਵਾਲੀ ਛੁਰੀ (ਪੀਲਰ) ਨਾਲ ਬਿਨਾਂ ਕਿਸੇ ਰੁਕਾਵਟ ਦੇ ਸੌਖ ਨਾਲ ਛਿੱਲ ਸਕਣ। ਫਾਰਮ ਦੇ ਮਾਲਕ ਅਨੁਸਾਰ ਕੁੱਲ ਮਿਲਾ ਕੇ ਉਸ ਦੀਆਂ 25–30 ਫੀਸਦੀ ਗਾਜਰਾਂ ਰੱਦ ਹੋ ਜਾਂਦੀਆਂ ਹਨ, ਜਿਹਨਾਂ ਵਿੱਚੋਂ ਅੱਧੀਆਂ ਇਸ ਕਰਕੇ ਰੱਦ ਕਰ ਦਿੱਤੀਆਂ ਜਾਂਦੀਆਂ ਹਨ ਕਿਉਂਕਿ ਉਹ ਦੇਖਣ ਨੂੰ ਠੀਕ ਨਹੀਂ ਲਗਦੀਆਂ। ਉਹਨਾਂ ਦੀ ਸਕਲ ਜਾਂ ਆਕਾਰ ਠੀਕ ਨਹੀਂ ਹੁੰਦਾ ਜਾਂ ਉਹ ਟੁੱਟੀਆਂ ਹੋਈਆਂ ਹੁੰਦੀਆਂ ਹਨ ਜਾਂ ਉਹ ਪਾਟੀਆਂ ਹੋਈਆਂ ਹੁੰਦੀਆਂ ਹਨ।

ਫਲਾਂ ਅਤੇ ਸਬਜੀਆਂ ਦੇ ਵੱਡੇ ਖ੍ਰੀਦਦਾਰਾਂ ਵਲੋਂ ਫਲਾਂ ਅਤੇ ਸਬਜੀਆਂ ਦੇ ਦਿਖ ਬਾਰੇ ਸਥਾਪਤ ਕੀਤੇ ਮਿਆਰ ਇਕੱਲੇ ਵਿਕਸਤ ਦੇਸਾਂ ਦੇ ਫਾਰਮਰਾਂ ਨੂੰ ਹੀ ਪ੍ਰਭਾਵਿਤ ਨਹੀਂ ਕਰਦੇ ਸਗੋਂ ਇਹ ਅਣਵਿਕਸਤ ਅਤੇ ਵਿਕਾਸੀਲ ਦੇਸਾਂ ਵਿਚਲੇ ਫਾਰਮਰਾਂ ’ਤੇ ਵੀ ਅਸਰ ਪਾਉਂਦੇ ਹਨ ਕਿਉਂਕਿ ਇਹ ਫਾਰਮਰ ਫਲਾਂ ਅਤੇ ਸਬਜੀਆਂ ਦੀ ਵਿਸਵ ਮੰਡੀ ਨਾਲ ਬੱਝੇ ਹੋਏ ਹਨ। ਇਸ ਸੰਬੰਧ ਵਿੱਚ ਯੂ ਕੇ ਸਥਿੱਤ ਸੰਸਥਾ ਫੀਡਬੈਕ ਵੱਲੋਂ ਤਿਆਰ ਕੀਤੀ ਕਾਜਜ ਆਫ ਫੂਡ ਵੇਸਟ ਇਨ ਇਨਟਰਨੈਸਨਲ ਸਪਲਾਈ ਚੇਨਜ ਨਾਂ ਦੀ ਇਕ ਰਿਪੋਰਟ ਵਿੱਚੋਂ ਕੁੱਝ ਉਦਾਹਰਨਾਂ ਪੇਸ ਹਨ। ਪੀਰੂ ਤੋਂ ਪੀਲੇ ਗੰਢੇ ਯੂਰਪ ਅਤੇ ਅਮਰੀਕਾ ਦੀਆਂ ਮਾਰਕੀਟਾਂ ਨੂੰ ਨਿਰਯਾਤ ਕੀਤੇ ਜਾਂਦੇ ਹਨ। ਬਹੁਤੀ ਵਾਰੀ ਪੀਰੂ ਦੇ ਫਾਰਮਰਾਂ ਨੂੰ ਛੋਟੇ ਅਕਾਰ ਜਾਂ ਗਲਤ ਸਕਲ ਵਾਲੇ ਗੰਢੇ, ਖਾਣ ਲਈ ਚੰਗੀ ਕੁਆਲਟੀ ਦੇ ਹੋਣ ਦੇ ਬਾਵਜੂਦ, ਅੰਞਾਈ ਨਸਟ ਕਰਨੇ ਪੈਂਦੇ ਹਨ ਕਿਉਂਕਿ ਨਿਰਯਾਤ ਮਾਰਕੀਟ ਵਿੱਚ ਉਹਨਾਂ ਲਈ ਕੋਈ ਮੰਗ ਨਹੀਂ ਹੁੰਦੀ। ਖੇਤਾਂ ਵਿੱਚ ਗੰਢਿਆਂ ਦੇ ਸੜ੍ਹਨ ਕਾਰਨ ਬੀਮਾਰੀ ਜਾਂ ਹਾਨੀਕਾਰਕ ਕੀਟਾਂ ਦੇ ਫੈਲਣ ਤੋਂ ਰੋਕਣ ਲਈ ਇਹ ਖੇਤਾਂ ਜਾਂ ਪੈਕਿੰਗ ਕਰਨ ਵਾਲੀਆਂ ਥਾਂਵਾਂ ਦੇ ਨੇੜਲੇ ਰੇਗਿਸਤਾਨ ਵਿੱਚ ਦੱਬੇ ਜਾਂਦੇ ਹਨ।

ਇਸ ਰਿਪੋਰਟ ਵਿੱਚ ਪੀਰੂ ਤੋਂ ਗੰਢੇ ਨਿਰਯਾਤ ਕਰਨ ਵਾਲੇ ਦੋ ਵਪਾਰੀਆਂ ਨਾਲ ਗੱਲ ਕੀਤੀ ਗਈ ਹੈ। ਉਹ ਦੋਵੇਂ ਦਸਦੇ ਹਨ ਕਿ ਗੰਢਿਆਂ ਦੀ ਦਿਖ ਦੇ ਮਿਆਰਾਂ ਕਾਰਨ ਉਹਨਾਂ ਨੂੰ ਹਰ ਸਾਲ ਆਪਣੇ ਗੰਢਿਆਂ ਦਾ 8.5% ਹਿੱਸਾ ਅੰਞਾਈ ਨਸਟ ਕਰਨਾ ਪੈਂਦਾ ਹੈ। ਇਹਨਾਂ ਦੋਹਾਂ ਵਪਾਰੀਆਂ ਵੱਲੋਂ ਇਸ ਤਰ੍ਹਾਂ ਨਸਟ ਕਰਨ ਵਾਲੇ ਗੰਢਿਆਂ ਦੀ ਸਲਾਨਾ ਮਾਤਰਾ 3570 ਟਨ ਦੇ ਬਰਾਬਰ ਬਣਦੀ ਹੈ। ਜਿਹਨਾਂ ਸਾਲਾਂ ਵਿੱਚ ਗੰਢਿਆਂ ਦੀ ਵਿਸਵ ਮੰਡੀ ਵਿੱਚ ਜਿ਼ਆਦਾ ਸਪਲਾਈ ਕਾਰਨ ਮੰਦਾ ਚੱਲ ਰਿਹਾ ਹੋਵੇ ਉਨ੍ਹਾਂ ਸਾਲਾਂ ਦੌਰਾਨ ਅੰਞਾਈ ਨਸਟ ਕੀਤੇ ਜਾਣ ਵਾਲੇ ਗੰਢਿਆਂ ਦੀ ਮਾਤਰਾ ਉਹਨਾਂ ਦੇ ਕੁੱਲ ਗੰਢਿਆਂ ਦੀ 60% ਮਾਤਰਾ ਤੱਕ ਪਹੁੰਚ ਜਾਂਦੀ ਹੈ, ਜੋ ਕਿ 25,200 ਟਨ ਦੇ ਬਰਾਬਰ ਬਣਦੀ ਹੈ।

ਇਸ ਹੀ ਰਿਪੋਰਟ ਵਿੱਚ ਸੈਨੇਗਲ ਤੋਂ ਵਿਸਵ ਮੰਡੀ ਲਈ ਨਿਰਯਾਤ ਕੀਤੇ ਜਾਣ ਵਾਲੇ ਅੰਬਾਂ ਬਾਰੇ ਵੀ ਦੱਸਿਆ ਗਿਆ ਹੈ ਕਿ ਔਸਤ ਰੂਪ ਵਿੱਚ ਸੈਨੇਗਲ ਵਿੱਚ ਪੈਦਾ ਹੋਣ ਵਾਲੇ ਅੰਬਾਂ ਦੇ 80% ਹਿੱਸੇ ਨੂੰ ਉਹਨਾਂ ਦੀ ਦਿਖ ਦੇ ਆਧਾਰ ’ਤੇ ਯੂਰਪ ਨੂੰ ਨਿਰਯਾਤ ਲਈ ਰੱਦ ਕਰ ਦਿੱਤਾ ਜਾਂਦਾ ਹੈ। ਉਦਾਹਰਨ ਲਈ ਅੰਬਾਂ ਦੀ ਛਿੱਲ ’ਤੇ ਆਈ ਨਿੱਕੀ ਜਿਹੀ ਝਰੀਟ ਅੰਬਾਂ ਦੇ ਰੱਦ ਹੋਣ ਦਾ ਕਾਰਨ ਬਣ ਜਾਂਦੀ ਹੈ ਬੇਸੱਕ ਇਸ ਝਰੀਟ ਨੂੰ ਦੇਖ ਸਕਣਾ ਗਾਹਕ ਲਈ ਮੁਸਕਿਲ ਹੀ ਹੋਵੇ। ਕੁੱਝ ਕੇਸਾਂ ਵਿੱਚ ਅੰਬ-ਉਤਪਾਦਕ ਇਹਨਾਂ ਰੱਦ ਕੀਤੇ ਅੰਬਾਂ ਦਾ ਕੁੱਝ ਹਿੱਸਾ ਸੈਨੇਗਲ ਦੀ ਘਰੇਲੂ ਮਾਰਕੀਟ ਵਿੱਚ ਵੇਚਣ ਵਿੱਚ ਕਾਮਯਾਬ ਹੋ ਜਾਂਦੇ ਹਨ, ਪਰ ਕਈ ਕੇਸਾਂ ਵਿੱਚ ਘਰੇਲੂ ਮੰਡੀ ਵਿੱਚ ਅੰਬਾਂ ਦੀ ਪਹਿਲਾਂ ਹੀ ਭਰਮਾਰ ਹੋਣ ਕਾਰਨ ਅੰਬ-ਉਤਪਾਦਕ ਅਜਿਹਾ ਕਰਨ ਵਿੱਚ ਕਾਮਯਾਬ ਨਹੀਂ ਹੁੰਦੇ। ਨਤੀਜੇ ਵੱਜੋਂ ਇਹ ਅੰਬ ਅੰਞਾਈ ਨਸਟ ਕਰਨੇ ਪੈਂਦੇ ਹਨ। ਇਸ ਰਿਪੋਰਟ ਵਿੱਚ ਅੰਦਾਜਾ ਲਾਇਆ ਗਿਆ ਹੈ ਕਿ ਸੈਨੇਗਲ ਵਿੱਚ ਹਰ ਸਾਲ 65% ਅੰਬ ਅੰਞਾਈ ਨਸਟ ਹੁੰਦੇ ਹਨ, ਜਿਹਨਾਂ ਦੀ ਮਾਤਰਾ 88,000 ਟਨ ਬਣਦੀ ਹੈ। ਇੱਥੇ ਇਹ ਗੱਲ ਯਾਦ ਰੱਖਣ ਵਾਲੀ ਹੈ ਕਿ ਖਾਣੇ ਦੀ ਕੁਆਲਟੀ ਦੇ ਹਿਸਾਬ ਨਾਲ ਇਹਨਾਂ ਅੰਬਾਂ ਵਿੱਚ ਕੋਈ ਕਮੀ ਨਹੀਂ ਹੁੰਦੀ, ਬੱਸ ਉਹ ਦੇਖਣ ਨੂੰ ਨਹੀਂ ਭਾਉਂਦੇ। ਇੰਨੀ ਵੱਡੀ ਮਾਤਰਾ ਵਿੱਚ ਬਾਗਾਂ ਵਿੱਚ ਛੱਡ ਦਿੱਤੇ ਗਏ ਫਲ ਅੰਬਾਂ ਨੂੰ ਲੱਗਣ ਵਾਲੀ ਮੱਖੀ (ਫਰੂਟ ਫਲਾਈ) ਦੇ ਫੈਲਣ ਦਾ ਕਾਰਨ ਬਣਦੇ ਹਨ, ਜੋ ਅੰਬਾਂ ਦੇ ਹੋਰ ਨੁਕਸਾਨ ਦਾ ਕਾਰਨ ਬਣਦੀ ਹੈ।

ਆਮ ਤੌਰ ’ਤੇ ਕਿਹਾ ਜਾਂਦਾ ਹੈ ਕਿ ਸੁਪਰਮਾਰਕੀਟਾਂ ਫਲਾਂ ਅਤੇ ਸਬਜੀਆਂ ਦੀ ਦਿਖ ਪੱਖੋਂ ‘ਸੰਪੂਰਨ’ ਹੋਣ ਦੀ ਮੰਗ ਇਸ ਕਰਕੇ ਕਰਦੀਆਂ ਹਨ, ਕਿਉਂਕਿ ਵਿਕਸਤ ਦੇਸਾਂ ਦੇ ਪਰਚੂਨ ਪੱਧਰ ਦੇ ਖਪਤਕਾਰ/ਗਾਹਕ ਇਸ ਤਰ੍ਹਾਂ ਦੀ ‘ਸੰਪੂਰਨ’ ਦਿਖ ਦੀ ਮੰਗ ਕਰਦੇ ਹਨ। ਪਰ ਇਹ ਪੂਰਾ ਸੱਚ ਨਹੀਂ। ਫੀਡਬੈਕ ਦੀ ਉਪਰੋਕਤ ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਉਹਨਾਂ ਦੀ ਖੋਜ ਇਹ ਦਰਸਾਉਂਦੀ ਹੈ ਕਿ ਗ੍ਰੋਸਰੀ (ਪਰਚੂਨ ਵਸਤਾਂ) ਦੇ ਸੈਕਟਰ ਵਿੱਚ ਸੁਪਰਮਾਰਕੀਟਾਂ ਦੇ ਹੱਥਾਂ ਵਿੱਚ ਕੇਂਦਰਿਤ ਹੋਈ ਤਾਕਤ ਇਹ ਨਿਸਚਿਤ ਕਰਨ ਵਿੱਚ ਵੱਡੀ ਭੂਮਿਕਾ ਨਿਭਾਉਂਦੀ ਹੈ ਕਿ ਕਿਹੜੀ ਫਸਲ ਉਗਾਉਣੀ ਹੈ, ਉਸ ਨੂੰ ਕਦੋਂ ਅਤੇ ਕਿਸ ਤਰ੍ਹਾਂ ਵੱਢਣਾ/ਤੋੜਨਾ/ਚੁੱਕਣਾ ਹੈ ਅਤੇ ਕਿਸ ਤਰ੍ਹਾਂ ਢੋਣਾ ਹੈ। ਸੱਤਾ ਦੇ ਇਸ ਕੇਂਦਰੀਕਰਨ ਕਾਰਨ ਫਲਾਂ ਅਤੇ ਸਬਜੀਆਂ ਦੀ ਦਿਖ ਬਾਰੇ ਸਖਤ ਮਿਆਰ ਨਿਸਚਿਤ ਕਰਕੇ ਸੁਪਰਮਾਰਕੀਟਾਂ ਫਲਾਂ ਅਤੇ ਸਬਜੀਆਂ ਦੇ ਸਪਲਾਈਰਾਂ ਨੂੰ ਫਲਾਂ ਅਤੇ ਸਬਜੀਆਂ ਨੂੰ ਅੰਞਾਈ ਨਸਟ ਕਰਨ ਲਈ ਮਜਬੂਰ ਕਰਦੀਆਂ ਹਨ। ਇਸ ਰਿਪੋਰਟ ਅਨੁਸਾਰ ਜਦੋਂ ਕਿਸੇ ਫਲ ਜਾਂ ਸਬਜੀ ਦੀ ਵਿਸਵ ਮੰਡੀ ਵਿੱਚ ਥੁੜ ਹੁੰਦੀ ਹੈ ਤਾਂ ਉਸ ਫਲ ਜਾਂ ਸਬਜੀ ਦੀ ਦਿਖ ਦੇ ਮਿਆਰਾਂ ਨੂੰ ਨਰਮ ਕਰ ਦਿੱਤਾ ਜਾਂਦਾ ਹੈ। ਇਸ ਦੇ ਨਾਲ ਹੀ ਜਦੋਂ ਕਿਸੇ ਫਲ ਜਾਂ ਸਬਜੀ ਦੀ ਮੰਗ ਘੱਟ ਹੋਵੇ ਤਾਂ ਸੁਪਰਮਾਰਕੀਟਾਂ ਇਹਨਾਂ ਮਿਆਰਾਂ ਨੂੰ ਖ੍ਰੀਦਣ ਦੇ ਉਹਨਾਂ ਇਕਰਾਰਨਾਮਿਆਂ ਤੋਂ ਨਿਕਲਣ ਲਈ ਵਰਤਦੀਆਂ ਹਨ, ਜਿਹੜੇ ਉਹਨਾਂ ਨੇ ਫਾਰਮਰਾਂ ਨਾਲ ਪਹਿਲਾਂ ਕੀਤੇ ਹੋਏ ਹੁੰਦੇ ਹਨ। ਮੰਨ ਲਉ ਕੋਈ ਸੁਪਰਮਾਰਕੀਟ ਚੇਨ ਕਿਸੇ ਇਕ ਫਾਰਮਰ ਜਾਂ ਫਾਰਮਰਾਂ ਦੇ ਗਰੁੱਪ (ਜਿਵੇਂ ਕਿਸੇ ਕੋਅਪ੍ਰੇਟਿਵ) ਨਾਲ ਇਹ ਇਕਰਾਰਨਾਮਾ ਕਰਦੀ ਹੈ ਕਿ ਉਹ ਉਸ/ਉਹਨਾਂ ਤੋਂ 100 ਟਨ ਫਲ ਲਵੇਗੀ। ਪਰ ਜੇ ਫਲ ਦੇ ਪੱਕ ਕੇ ਮਾਰਕੀਟ ਵਿੱਚ ਆਉਣ ਸਮੇਂ ਮਾਰਕੀਟ ਵਿੱਚ 100 ਟਨ ਦੀ ਮੰਗ ਨਾ ਹੋਵੇ ਸਗੋਂ 50 ਟਨ ਦੀ ਹੀ ਮੰਗ ਹੋਵੇ, ਤਾਂ ਅਜਿਹੀ ਹਾਲਤ ਵਿੱਚ ਸੁਪਰਮਾਰਕੀਟ ਚੇਨ 100 ਟਨ ਖ੍ਰੀਦਣ ਦੀ ਆਪਣੀ ਜਿ਼ੰਮੇਵਾਰੀ ਤੋਂ ਮੁਕਤ ਹੋਣ ਲਈ ਫਲਾਂ ਦੀ ਦਿਖ ਦੇ ਇਹਨਾਂ ਮਿਆਰਾਂ ਦੀ ਸਖਤੀ ਨਾਲ ਵਰਤੋਂ ਕਰਦੀ ਹੈ ਅਤੇ ਫਾਰਮਰਾਂ ਦੀ ਪੈਦਾਵਾਰ ਨੂੰ ਰੱਦ ਕਰ ਦਿੰਦੀ ਹੈ। ਜਿਵੇਂ ਪਹਿਲਾਂ ਕਿਹਾ ਗਿਆ ਹੈ ਕਿ ਕੁੱਝ ਹਾਲਤਾਂ ਵਿੱਚ ਫਾਰਮਰ ਇਸ ਤਰ੍ਹਾਂ ਰੱਦ ਕੀਤੇ ਫਲਾਂ ਅਤੇ ਸਬਜੀਆਂ ਦਾ ਕੁੱਝ ਹਿੱਸਾ ਹੋਰ ਥਾਂਵਾਂ ’ਤੇ ਵੇਚਣ ਵਿੱਚ ਕਾਮਯਾਬ ਹੋ ਜਾਂਦੇ ਹਨ, ਪਰ ਬਹੁਤੇ ਕੇਸਾਂ ਵਿੱਚ ਉਹ ਅਜਿਹਾ ਕਰ ਸਕਣ ਦੇ ਕਾਬਲ ਨਹੀਂ ਹੁੰਦੇ ਕਿਉਂਕਿ ਫਲਾਂ ਅਤੇ ਸਬਜੀਆਂ ਦੀ ਪਰਚੂਨ ਮਾਰਕੀਟ ’ਤੇ ਸੁਪਰਮਾਰਕੀਟਾਂ ਦਾ ਗਲਬਾ ਹੁੰਦਾ ਹੈ। ਉਦਾਹਰਨ ਲਈ ਬਰਤਾਨੀਆ ਵਿੱਚ ਗ੍ਰੋਸਰੀ ਸਟੋਰਾਂ ਦੀ ਮਾਰਿਕਟ ਦੇ 85% ਹਿੱਸੇ ਨੂੰ ਸੁਪਰਮਾਰਕੀਟਾਂ ਕੰਟਰੋਲ ਕਰਦੀਆਂ ਹਨ ਇਸ ਲਈ ਫਾਰਮਰਾਂ ਕੋਲ ਰੱਦ ਕੀਤੇ ਫਲਾਂ ਅਤੇ ਸਬਜੀਆਂ ਨੂੰ ਖਪਾਉਣ ਲਈ ਕੋਈ ਥਾਂ ਨਹੀਂ ਬਚਦੀ। ਇੱਥੇ ਇਕ ਗੱਲ ਹੋਰ ਨੋਟ ਕਰਨ ਵਾਲੀ ਹੈ ਕਿ ਜਦੋਂ ਫਲਾਂ ਅਤੇ ਸਬਜੀਆਂ ਨੂੰ ਦਿਖ ਦੇ ਆਧਾਰ ’ਤੇ ਸੁਪਰਮਾਰਕੀਟਾਂ ਵੱਲੋਂ ਰਦ ਕੀਤਾ ਜਾਂਦਾ ਹੈ, ਤਾਂ ਉਸ ਨਾਲ ਹੋਣ ਵਾਲੇ ਨੁਕਸਾਨ ਲਈ ਸੁਪਰਮਾਰਕੀਟਾਂ ਜਿ਼ੰਮੇਵਾਰ ਨਹੀਂ ਹੁੰਦੀਆਂ, ਸਗੋਂ ਇਹ ਨੁਕਸਾਨ ਫਲ ਅਤੇ ਸਬਜ਼ੀਆਂ ਉਗਾਉਣ ਵਾਲਿਆਂ ਨੂੰ ਉਠਾਉਣਾ ਪੈਂਦਾ ਹੈ। ਇਸ ਕਰਕੇ ਸੁਪਰਮਾਰਕੀਟਾਂ ’ਤੇ ਇਹਨਾਂ ਫਲਾਂ ਅਤੇ ਸਬਜੀਆਂ ਨੂੰ ਰੱਦ ਨਾ ਕਰਨ ਲਈ ਪ੍ਰੈਸਰ ਨਹੀਂ ਹੁੰਦਾ, ਇਸ ਕਰਕੇ ਉਹਨਾਂ ਲਈ ਫਲਾਂ ਅਤੇ ਸਬਜੀਆਂ ਦਾ ਇਸ ਤਰ੍ਹਾਂ ਰੱਦ ਹੋਣਾ ਕੋਈ ਵੱਡੇ ਫਿਕਰ ਦਾ ਕਾਰਨ ਨਹੀਂ ਬਣਦਾ।

ਉਪਰਲੀ ਗੱਲਬਾਤ ਵਿੱਚ ਅਸੀਂ ਸੁਪਰਮਾਰਕੀਟਾਂ ਵੱਲੋਂ ਫਲਾਂ ਅਤੇ ਸਬਜੀਆਂ ਦੀ ਦਿੱਖ ਦੇ ਨਿਸਚਿਤ ਕੀਤੇ ਮਿਆਰਾਂ ਕਾਰਨ ਸੁਪਰਮਾਰਕੀਟਾਂ ਵਿੱਚ ਪਹੁੰਚਣ ਤੋਂ ਪਹਿਲਾਂ ਖੇਤਾਂ ਵਿੱਚ, ਬਾਗਾਂ ਵਿੱਚ, ਪੈਕਿੰਗ ਕਰਨ ਵਾਲੀਆਂ ਥਾਂਵਾਂ ਆਦਿ ਵਿੱਚ ਫਲਾਂ ਅਤੇ ਸਬਜੀਆਂ ਦੇ ਅੰਞਾਈ ਨਸਟ ਹੋਣ ਬਾਰੇ ਗੱਲ ਕੀਤੀ ਹੈ। ਹੁਣ ਅਸੀਂ ਸੁਪਰਮਾਰਕੀਟ ਦੇ ਪੱਧਰ ’ਤੇ ਭਾਵ ਖਾਣੇ ਦੀ ਪਰਚੂਨ ਵਿਕਰੀ ਦੇ ਪੱਧਰ ’ਤੇ ਖਾਣਾ ਅੰਞਾਈ ਨਸ਼ਟ ਹੋਣ ਬਾਰੇ ਗੱਲ ਕਰਾਂਗੇ। ਪਹਿਲਾਂ ਜ਼ਿਕਰ ਵਿੱਚ ਆ ਚੁੱਕੀ ਵੇਸਟਡ: ਹਾਉ ਅਮਰੀਕਾ ਇਜ ਲੂਜਿੰਗ ਅੱਪ ਟੂ 40 ਪਰਸੈਂਟ ਆਫ ਇਟਸ ਫੂਡ.. ਨਾਮੀ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਅਮਰੀਕਾ ਦੇ ਖੇਤੀ ਦੇ ਵਿਭਾਗ (ਯੂ ਐੱਸ ਡਿਪਾਰਟਮੈਂਟ ਆਫ ਐਗਰੀਕਲਚਰ) ਦੇ ਇਕ ਅੰਦਾਜੇ ਅਨੁਸਾਰ ਸੰਨ 2010 ਵਿੱਚ ਅਮਰੀਕਾ ਵਿੱਚ ਸਟੋਰਾਂ ਦੀ ਪੱਧਰ ’ਤੇ 43 ਅਰਬ (ਬਿਲੀਅਨ) ਪੌਂਡ ਖਾਣਾ ਅੰਞਾਈ ਨਸਟ ਹੋਇਆ ਸੀ, ਜਿਹੜਾ ਪਰਚੂਨ ਪੱਧਰ ਦੇ ਖਾਣੇ ਦੀ ਕੁੱਲ ਸਪਲਾਈ ਦੇ 10% ਦੇ ਬਰਾਬਰ ਸੀ। ਸਟੋਰ ਪੱਧਰ ’ਤੇ ਅੰਞਾਈ ਨਸਟ ਹੋਣ ਵਾਲੇ ਖਾਣੇ ਵਿੱਚ ਮੁੱਖ ਕਰਕੇ ਬੇਕ ਕੀਤੀਆਂ (ਪਕਾਈਆਂ ਗਈਆਂ) ਵਸਤਾਂ, ਫਲ ਅਤੇ ਸਬਜੀਆਂ, ਮੀਟ, ਸਮੁੰਦਰਾਂ ਤੋਂ ਪ੍ਰਾਪਤ ਹੋਣ ਵਾਲਾ ਖਾਣਾ, ਖਾਣ ਲਈ ਤਿਆਰ ਖਾਣਾ (ਰੈਡੀਮੇਡ ਫੂਡ) ਵਰਗੀਆਂ ਚੀਜਾਂ ਸਾਮਲ ਸਨ। ਅਮਰੀਕਾ ਦੇ ਖੇਤੀ ਵਿਭਾਗ ਵਲੋਂ 2011–2012 ਵਿੱਚ ਕੀਤੇ ਗਏ ਵਿਸਲੇਸਣ ਅਨੁਸਾਰ ਸਟੋਰ ਪੱਧਰ ’ਤੇ ਹਰ ਸਾਲ ਅੰਞਾਈ ਨਸਟ ਕੀਤੇ ਜਾਣ ਵਾਲੇ ਇਕੱਲੇ ਫਲਾਂ ਅਤੇ ਸਬਜੀਆਂ ਦੀ ਕੀਮਤ ਹੀ 15.4 ਅਰਬ (ਬਿਲੀਅਨ) ਡਾਲਰ ਦੇ ਬਰਾਬਰ ਸੀ। ਇਸ ਹੀ ਮਹਿਕਮੇ ਅਨੁਸਾਰ ਅਮਰੀਕਾ ਵਿੱਚ ਹਰ ਸਾਲ 2.7 ਅਰਬ (ਬਿਲੀਅਨ) ਪੌਂਡ ਮੀਟ, ਪੋਲਟਰੀ ਅਤੇ ਸਮੁੰਦਰਾਂ ਤੋਂ ਪ੍ਰਾਪਤ ਹੋਣ ਵਾਲੇ ਖਾਣੇ (ਸੀਅ ਫੂਡ) ਦੇ 2.7 ਅਰਬ (ਬਿਲੀਅਨ) ਪੌਂਡ ਅੰਞਾਈ ਨਸਟ ਹੁੰਦੇ ਹਨ।

ਸੰਨ 2009 ਵਿੱਚ ਛਪੀ ਵੇਸਟ: ਅਨਕਵਰਿੰਗ ਦੀ ਗਲੋਬਲ ਵੇਸਟ ਸਕੈਂਡਲ ਵਿੱਚ ਯੂ ਕੇ ਦੇ ਵੇਸਟ ਐਂਡ ਰਿਸੋਰਸਜ ਐਕਸਨ ਪ੍ਰੋਗਰਾਮ ਦੇ ਹਵਾਲੇ ਨਾਲ ਦੱਸਿਆ ਗਿਆ ਹੈ ਕਿ ਯੂ ਕੇ ਦੇ ਪਰਚੂਨ ਵਿਕ੍ਰੇਤਾ ਹਰ ਸਾਲ 16 ਲੱਖ (1.6 ਮਿਲੀਅਨ) ਟਨ ਖਾਣਾ ਅੰਞਾਈ ਨਸਟ ਕਰਦੇ ਹਨ। ਇਸ ਕਿਤਾਬ ਵਿੱਚ ਜਿਕਰ ਕੀਤੀਆਂ ਗਈਆਂ ਹੋਰ ਰਿਪੋਰਟਾਂ ਅਨੁਸਾਰ ਯੂ ਕੇ ਵਿੱਚ ਹਰ ਸਾਲ ਸਾਢੇ ਚਾਰ ਲੱਖ ਟਨ ਤੋਂ ਲੈ ਕੇ 5 ਲੱਖ ਟਨ ਤੱਕ ਖਾਣਾ ਅੰਞਾਈ ਨਸਟ ਹੁੰਦਾ ਹੈ। 27 ਫਰਵਰੀ 2021 ਨੂੰ ਇੰਗਲੈਂਡ ਤੋਂ ਨਿਕਲਦੇ ਅਖਬਾਰ ਇੰਡੀਪੈਨਡਿੰਟ ਵਿੱਚ ਛਪੀ ਇਕ ਰਿਪੋਰਟ ਅਨੁਸਾਰ ਯੂ ਕੇ ਦੀਆਂ ਵੱਡੀਆਂ ਸੁਪਰਮਾਰਕੀਟਾਂ ਹਰ ਸਾਲ ਜਿੰਨੀ ਮਾਤਰਾ ਵਿੱਚ ਖਾਣਾ ਅੰਞਾਈ ਨਸਟ ਕਰਦੀਆਂ ਹਨ ਉਨੀ ਮਾਤਰਾ ਨਾਲ 19 ਕ੍ਰੋੜ (190 ਮਿਲੀਅਨ) ਲੋਕਾਂ ਨੂੰ ਇਕ ਡੰਗ ਦਾ ਖਾਣਾ ਮੁਹੱਈਆ ਕੀਤਾ ਜਾ ਸਕਦਾ ਹੈ।

ਸੁਪਰਮਾਰਕੀਟਾਂ ਵਿੱਚ ਖਾਣਾ ਅੰਞਾਈ ਨਸਟ ਹੋਣ ਦਾ ਇਕ ਕਾਰਨ ਇਹ ਹੈ ਕਿ ਸੁਪਰਮਾਰਕੀਟਾਂ ਹਮੇਸਾਂ ਹੀ ਖਾਣੇ ਦਾ ਲੋੜ ਤੋਂ ਵੱਧ ਸਟਾਕ ਰੱਖਦੀਆਂ ਹਨ ਕਿਉਂਕਿ ਪਰਚੂਨ ਪੱਧਰ ’ਤੇ ਖਾਣਾ ਵੇਚਣ ਵਾਲੀ ਸਨਅਤ ਵਿੱਚ ਇਹ ਧਾਰਨਾ ਪ੍ਰਚੱਲਤ ਹੈ ਕਿ ਗਾਹਕ ਭਰੀਆਂ ਹੋਈਆਂ ਸੈਲਫਾਂ ਦੇਖਣਾ ਪਸੰਦ ਕਰਦੇ ਹਨ। ਭਰੀਆਂ ਹੋਈਆਂ ਸੈਲਫਾਂ ਗਾਹਕਾਂ ਨੂੰ ਬਹੁਲਤਾ ਦਾ ਅਹਿਸਾਸ ਕਰਵਾਉਂਦੀਆਂ ਹਨ ਅਤੇ ਇਸ ਕਾਰਨ ਉਹ ਜ਼ਿਆਦਾ ਚੀਜਾਂ ਖ੍ਰੀਦਦੇ ਹਨ। ਇਸ ਲੋੜ ਤੋਂ ਵੱਧ ਰੱਖੇ ਸਟਾਕ ਵਿੱਚੋਂ ਜਿਹੜੀਆਂ ਵਸਤਾਂ ਸਮੇਂ ਸਿਰ ਵਿਕਣੋ ਰਹਿ ਜਾਂਦੀਆਂ ਹਨ, ਉਹ ਸੁੱਟ ਦਿੱਤੀਆਂ ਜਾਂਦੀਆਂ ਹਨ। ਆਮ ਤੌਰ ’ਤੇ ਇਹ ਵਰਤਾਰਾ ਸੁਪਰਮਾਰਕੀਟਾਂ ਦੇ ਮੱਛੀਆਂ ਅਤੇ ਹੋਰ ਸਮੁੰਦਰੀ ਜੀਵਾਂ ਅਤੇ ਫਲਾਂ ਅਤੇ ਸਬਜੀਆਂ ਦੇ ਸੈਕਸਨਾਂ ਵਿੱਚ ਵਾਪਰਦਾ ਹੈ। ਕਈ ਵਾਰੀ ਸੁਪਰਮਾਰਕੀਟਾਂ ਕੁੱਝ ਚੀਜਾਂ ਦੇ ਪੂਰੇ ਸਟਾਕ ਦੇ ਨਾ ਵਿਕਣ ਬਾਰੇ ਜਾਣਦਿਆਂ ਹੋਇਆਂ ਵੀ ਉਹਨਾਂ ਚੀਜਾਂ ਨੂੰ ਵਾਧੂ ਸਟਾਕ ਕਰਦੀਆਂ ਹਨ ਕਿਉਂਕਿ ਉਹਨਾਂ ਦੀ ਨੁਮਾਇਸ ਗਾਹਕ ਦੇ ਮਨ ਨੂੰ ਭਾਉਂਦੀ ਹੈ। ਉਦਾਹਰਨ ਲਈ ਵੇਸਟਡ: ਹਾਉ ਅਮਰੀਕਾ ਇਜ ਲੂਜ਼ਿੰਗ ਅੱਪ ਟੂ 40 ਪਰਸੈਂਟ ਆਫ ਇਟਸ ਫੂਡ ਨਾਮੀ ਰਿਪੋਰਟ ਅਨੁਸਾਰ ਸੁਪਰਮਾਰਕੀਟਾਂ ਵਿੱਚ ਰੱਖੀਆਂ ਗਈਆਂ ਪੂਰੀਆਂ ਮੱਛੀਆਂ ਦਾ 26% ਹਿੱਸਾ ਨਹੀਂ ਵਿਕਦਾ, ਪਰ ਫਿਰ ਵੀ ਉਹਨਾਂ ਨੂੰ ਸਟੋਰ ਵਿੱਚ ਰੱਖਿਆ ਜਾਂਦਾ ਹੈ ਕਿਉਂਕਿ ਉਹ ਸਜਾਵਟ ਦੇ ਪੱਖ ਤੋਂ ਸੁਹਣੀਆਂ ਲਗਦੀਆਂ ਹਨ।

ਅੱਜਕੱਲ੍ਹ ਵਿਕਸਤ ਦੇਸਾਂ ਵਿੱਚ ਬਹੁਤ ਸਾਰੀਆਂ ਸੁਪਰਮਾਰਕੀਟਾਂ ਅਤੇ ਕਨਵੀਨੀਐਂਸ ਸਟੋਰ ਖਾਣ ਨੂੰ ਤਿਆਰ ਖਾਣਾ- ਜਿਵੇਂ ਸੈਂਡਵਿਚ, ਫਰਾਈਡ ਚਿਕਨ, ਰੋਸਟ ਚਿਕਨ, ਹਾਟ ਡੌਗ, ਸੂਸੀ ਅਤੇ ਇਸ ਤਰ੍ਹਾਂ ਦੀਆਂ ਹੋਰ ਚੀਜਾਂ-ਰੱਖਦੇ ਹਨ। ਫਲਾਂ ਅਤੇ ਸਬਜੀਆਂ ਵਾਂਗ ਹੀ ਇਹ ਸਟੋਰ ਇਹਨਾਂ ਖਾਣਿਆਂ ਦਾ ਫੁੱਲ ਸਟਾਕ ਰੱਖਦੇ ਹਨ ਅਤੇ ਇਹ ਪੱਕਾ ਕਰਦੇ ਹਨ ਕਿ ਇਹ ਚੀਜਾਂ ਤਾਜੀਆ ਹੋਣ। ਇਹਨਾਂ ਵਿੱਚੋਂ ਜਿਹੜੇ ਖਾਣੇ ਸਮੇਂ ਸਿਰ ਨਹੀਂ ਵਿਕਦੇ ਉਹ ਸੁੱਟ ਦਿੱਤੇ ਜਾਂਦੇ ਹਨ। ਪਹਿਲਾਂ ਜ਼ਿਕਰ ਵਿੱਚ ਆ ਚੁੱਕੀ ਰਿਪੋਰਟ ਵੇਸਟਡ: ਹਾਉ ਅਮਰੀਕਾ ਇਜ ਲੂਜਿ਼ਗ ਅੱਪ ਟੂ 40 ਪਰਸੈਂਟ ਆਫ ਇਟਸ ਫੂਡ ਅਨੁਸਾਰ ਸੁਪਰਮਾਰਕੀਟਾਂ ਵਿੱਚ ਰੱਖੇ ਰੋਸਟ ਚਿਕਨਾਂ ਨੂੰ ਨਾ ਵਿਕਣ ’ਤੇ ਤਕਰੀਬਨ ਚਾਰ ਘੰਟਿਆਂ ਬਾਅਦ ਸੁੱਟ ਦਿੱਤਾ ਜਾਂਦਾ ਹੈ। ਇਸ ਰਿਪੋਰਟ ਵਿੱਚ ਇਕ ਗ੍ਰੌਸਰੀ ਸਟੋਰ ਦੇ ਹਵਾਲੇ ਨਾਲ ਦੱਸਿਆ ਗਿਆ ਹੈ ਕਿ ਉਸ ਸਟੋਰ ਵਿੱਚੋਂ ਤਕਰੀਬਨ 50% ਰੋਸਟ ਚਿਕਨ ਅੰਞਾਈ ਸੁੱਟ ਦਿੱਤੇ ਜਾਂਦੇ ਹਨ। ਬਹੁਤ ਸਾਰੇ ਸਟੋਰ ਦਿਨ ਦੇ ਅੰਤ ’ਤੇ ਨਾ ਵਿਕਣ ਵਾਲੇ ਸੈਂਡਵਿਚਾਂ ਨੂੰ ਕੂੜੇ ਦੇ ਢੇਰ ’ਤੇ ਸੁੱਟ ਦਿੰਦੇ ਹਨ। ਅਮਰੀਕਨ ਵੇਸਟਲੈਂਡ ਵਿੱਚ ਅਮਰੀਕਾ ਦੀ ਯੂਨੀਵਰਸਿਟੀ ਆਫ ਐਰੀਜੋਨਾ ਦੇ ਐਂਥਰੋਪੌਲੋਜੀ ਵਿਭਾਗ ਨਾਲ ਰਹਿ ਚੁੱਕੇ ਇਕ ਖੋਜੀ ਦੇ ਹਵਾਲੇ ਨਾਲ ਦੱਸਿਆ ਗਿਆ ਹੈ ਕਿ ਅਮਰਕਿਾ ਵਿੱਚ ਕਨਵੀਨੀਐਂਸ ਸਟੋਰ ਆਪਣੇ ਖਾਣਿਆਂ ਦਾ 26% ਹਿੱਸਾ ਅੰਞਾਈ ਨਸਟ ਕਰਦੇ ਹਨ। ਇਸ ਹਿਸਾਬ ਨਾਲ ਪੂਰੇ ਅਮਰੀਕਾ ਭਰ ਵਿੱਚ ਇਸ ਤਰ੍ਹਾਂ ਨਸਟ ਹੁੰਦੇ ਖਾਣੇ ਦੀ ਮਾਤਰਾ ਹਰ ਰੋਜ ਦੇ 50 ਲੱਖ (5 ਮਿਲੀਅਨ) ਪੌਂਡ ਦੇ ਬਰਾਬਰ ਬਣਦੀ ਹੈ। ਇਹਨਾਂ ਖਾਣਿਆਂ ਨੂੰ ਓਵਰਸਟਾਕ ਕਰਨ ਦਾ ਇਕ ਕਾਰਨ ਤਾਂ ਗਾਹਕਾਂ ਨੂੰ ਬਹੁਲਤਾ ਦਾ ਪ੍ਰਭਾਵ ਦੇਣਾ ਹੈ, ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁੱਕਾ ਹੈ। ਦੂਸਰਾ ਕਾਰਨ ਇਹ ਹੈ ਕਿ ਸਟੋਰਾਂ ਵਾਲੇ ਇਸ ਗੱਲੋਂ ਡਰਦੇ ਹਨ ਕਿ ਗਾਹਕ ਖਾਲੀ ਟ੍ਰੇਅ ਜਾਂ ਸੈਲਫ ਦੇਖ ਕੇ ਕਿਸੇ ਦੂਸਰੇ ਸਟੋਰ ’ਤੇ ਨਾ ਚਲਿਆ ਜਾਵੇ। ਗਾਹਕ ਗਵਾਉਣ ਦੀ ਥਾਂ ਉਹ ਅਣਵਿਕੇ ਖਾਣੇ ਨੂੰ ਕੂੜੇ ’ਤੇ ਸੁੱਟਣ ਦਾ ਖਤਰਾ ਲੈਣ ਨੂੰ ਤਰਜੀਹ ਦਿੰਦੇ ਹਨ ਕਿਉਂਕਿ ਖਾਣੇ ਦੀ ਲਾਗਤ, ਖਾਣਾ ਵਿਕਣ ਕਾਰਨ ਹੋਣ ਵਾਲੇ ਮੁਨਾਫੇ ਤੋਂ ਬਹੁਤ ਘੱਟ ਹੁੰਦੀ ਹੈ। ਵੇਸਟ: ਅਨਕਵਰਿੰਗ ਦੀ ਗਲੋਬਲ ਵੇਸਟ ਸਕੈਂਡਲ ਦਾ ਲੇਖਕ ਟ੍ਰਿਸਟਰਮ ਸਟੂਅਰਟ ਦੱਸਦਾ ਹੈ ਕਿ ਯੂ ਕੇ ਵਿੱਚ ਸੁਪਰਮਾਰਕੀਟਾਂ ਨੂੰ 200 ਗ੍ਰਾਮ ਦਾ ਇਕ ਸੈਂਡਵਿੱਚ ਬਣਾਉਣ ਦੀ ਲਾਗਤ ਇਕ ਪੈਂਸ ਦੇ ਬਰਾਬਰ ਪੈਂਦੀ ਹੈ। ਇਸ ਸੈਂਡਵਿੱਚ ਦੇ ਵਿਕਣ ਨਾਲ ਹੋਣ ਵਾਲਾ ਮੁਨਾਫਾ ਇਸ ਤੋਂ 100 ਗੁਣਾਂ ਤੱਕ ਹੋ ਸਕਦਾ ਹੈ। ਇਸ ਲਈ ਸੁਪਰਮਾਰਕੀਟਾਂ ਵਾਧੂ ਸਟਾਕ ਰੱਖਣ ਅਤੇ ਅਣਵਿਕੇ ਸੈਂਡਵਿੱਚਾਂ ਨੂੰ ਸੁੱਟਣ ਨੂੰ ਤਰਜੀਹ ਦਿੰਦੀਆਂ ਹਨ, ਕਿਉਂਕਿ ਸੈਂਡਵਿੱਚ ਨੂੰ ਕੂੜੇ ’ਤੇ ਸੁੱਟਣ ਨਾਲ ਉਹਨਾਂ ਨੂੰ ਕੋਈ ਵੱਡਾ ਨੁਕਸਾਨ ਨਹੀਂ ਹੁੰਦਾ।

ਲੋੜ ਤੋਂ ਵਾਧੂ ਸਟਾਕ ਰੱਖਣ ਤੋਂ ਇਲਾਵਾ ਸੁਪਰਮਾਰਕੀਟਾਂ ਵਿੱਚ ਕਾਫੀ ਸਾਰਾ ਖਾਣਾ ਇਸ ਲਈ ਸੁੱਟ ਦਿੱਤਾ ਜਾਂਦਾ ਹੈ ਕਿਉਂਕਿ ਉਸ ਦੀ ਪੈਕਜਿੰਗ ਨੁਕਸਾਨੀ ਗਈ ਹੁੰਦੀ ਹੈ। ਬਹੁਤੀ ਵਾਰੀ ਪੈਕਜਿੰਗ ਨੂੰ ਨੁਕਸਾਨ ਹੋਣ ਨਾਲ ਉਸ ਦੇ ਅੰਦਰਲੇ ਖਾਣੇ ਦੀ ਕੁਆਲਟੀ ’ਤੇ ਕੋਈ ਅਸਰ ਨਹੀਂ ਪੈਂਦਾ, ਪਰ ਫਿਰ ਵੀ ਉਸ ਖਾਣੇ ਨੂੰ ਸੁੱਟ ਦਿੱਤਾ ਜਾਂਦਾ ਹੈ। ਵੇਸਟ: ਅਨਕਵਰਿੰਗ ਦੀ ਗਲੋਬਲ ਵੇਸਟ ਸਕੈਂਡਲ ਵਿੱਚ ਪੇਸ ਜਾਣਕਾਰੀ ਮੁਤਾਬਕ ਕਈ ਵਾਰੀ ਇਸ ਤਰ੍ਹਾਂ ਹੁੰਦਾ ਹੈ ਕਿ ਜੇ ਕਿਸੇ ਵੱਡੇ ਪੈਕਟ ਵਿੱਚ ਪੈਕ ਕੀਤੇ ਗਏ ਨਗਾਂ ਵਿੱਚੋਂ ਕਿਸੇ ਇਕ ਨਗ ਵਿੱਚ ਕੋਈ ਨੁਕਸ ਹੋਵੇ, ਉਦਾਹਰਨ ਲਈ ਕਈ ਸੇਬਾਂ ਦੇ ਪੈਕਟ ਵਿੱਚੋਂ ਇਕ ਸੇਬ ’ਤੇ ਦਾਗ ਹੋਵੇ ਜਾਂ ਦਰਜਨ ਜਾਂ ਉਸ ਤੋਂ ਵੱਧ ਦੇ ਆਂਡਿਆਂ ਦੇ ਕਾਰਟਨ ਵਿੱਚੋਂ ਇਕ ਆਂਡਾ ਟੁੱਟਿਆ ਹੋਇਆ ਹੋਵੇ, ਤਾਂ ਸਾਰੇ ਪੈਕਟ ਜਾਂ ਕਾਰਟਨ ਨੂੰ ਸੁੱਟ ਦਿੱਤਾ ਜਾਂਦਾ ਹੈ।

(ਬਾਕੀ ਅਗਲੇ ਅੰਕ ’ਚ)

# ਕਸ਼ਮੀਰ ਵਿਚ ਕੁਚਲੀ ਜਾ ਰਹੀ ਹੈ ਪੱਤਰਕਾਰੀ

-ਸ਼ਾਹਿਦ ਤਾਂਤਰੇ
ਅਨੁ.: ਬੂਟਾ ਸਿੰਘ ਮਹਿਮੂਦਪੁਰ

*[ਪਿਛਲੇ ਦਿਨੀਂ ਜੰਮੂ-ਕਸ਼ਮੀਰ ਪ੍ਰਸ਼ਾਸਨ ਵੱਲੋਂ ਕਸ਼ਮੀਰੀ ਪੱਤਰਕਾਰ ਸ਼ਾਹਿਦ ਤਾਂਤਰੇ ਨੂੰ ਡਰਾਉਣ ਧਮਕਾਉਣ ਦਾ ਸਿਲਸਿਲਾ ਤੇਜ਼ ਕਰ ਦਿੱਤਾ ਗਿਆ। ਇਸ ਦਾ ਕਾਰਨ ਉਸ ਵੱਲੋਂ ਕਾਰਵਾਂ ਮੈਗਜ਼ੀਨ ਲਈ ਕੀਤੀਆਂ ਰਿਪੋਰਟਾਂ ਹਨ। ਉਸ ਦੀ ਇਕ ਵਿਸਤਾਰਤ ਰਿਪੋਰਟ ਦਾ ਪੰਜਾਬੀ ਰੂਪ ਸਾਂਝਾ ਕੀਤਾ ਜਾ ਰਿਹਾ ਹੈ ਜਿਸ ਵਿਚ ਉਸ ਨੇ ਕਸ਼ਮੀਰ ਵਿਚ ਪੱਤਰਕਾਰੀ ਦੀ ਸਟੇਟ ਵੱਲੋਂ ਜ਼ੁਬਾਨਬੰਦੀ ਦੀ ਰੌਂਗਟੇ ਖੜ੍ਹੇ ਕਰਨ ਵਾਲੀ ਤਸਵੀਰ ਪੇਸ਼ ਕੀਤੀ ਸੀ।]*

15 ਜਨਵਰੀ ਨੂੰ ਦੁਪਹਿਰ ਪੌਣੇ ਦੋ ਵਜੇ ਬਖ਼ਤਰਬੰਦ ਗੱਡੀਆਂ ਦਾ ਦਣ-ਦਣਾਉਂਦਾ ਕਾਫ਼ਲਾ ਸ੍ਰੀਨਗਰ ਦੇ ਲਾਲ ਚੌਂਕ ਨਾਲ ਲੱਗਦੇ ਪੋਲੋ ਵਿਊ ਵਿਖੇ ਕਸ਼ਮੀਰ ਪ੍ਰੈੱਸ ਕਲੱਬ ਭਵਨ 'ਚ ਜਾ ਵੜਿਆ ਜੋ ਕਸ਼ਮੀਰ ਦੇ ਪੱਤਰਕਾਰਾਂ ਦੀ ਨੁਮਾਇੰਦਗੀ ਕਰਨ ਵਾਲੀ ਮੁੱਖ ਸੰਸਥਾ ਹੈ। ਇਕ ਦਿਨ ਪਹਿਲਾਂ ਹੀ ਕਲੱਬ ਵਿਚ ਪੁਲਿਸ ਦੀ ਮੌਜੂਦਗੀ ਵਧਾ ਦਿੱਤੀ ਗਈ ਸੀ, ਬਾਹਰ ਸੜਕ ਉੱਪਰ ਗਸ਼ਤ ਜਾਰੀ ਸੀ। ਕਾਫ਼ਲੇ ਦੇ ਆਉਣ ਤੋਂ ਪਹਿਲਾਂ ਇਕ ਪੁਲਿਸ ਅਧਿਕਾਰੀ ਨੇ ਪੱਤਰਕਾਰਾਂ ਨੂੰ ਕਿਹਾ, "ਜਦੋਂ ਸਾਹਿਬ ਨੇ ਆ ਕੇ ਚਾਰਜ ਸੰਭਾਲ ਲਿਆ ਤਾਂ ਅਸੀਂ ਚਲੇ ਜਾਵਾਂਗੇ।" ਫਿਰ ਨੀਮ-ਫ਼ੌਜੀ ਦਸਤਿਆਂ ਅਤੇ ਜੰਮੂ-ਕਸ਼ਮੀਰ ਪੁਲਿਸ ਦੇ ਜਵਾਨਾਂ 'ਚ ਘਿਰਿਆ, ਟਾਈਮਜ ਆਫ ਇੰਡੀਆ ਦਾ ਸਹਾਇਕ ਸੰਪਾਦਕ ਸਲੀਮ ਪੰਡਿਤ ਕਾਫ਼ਲੇ ਦੀ ਮੋਹਰਲੀ ਅੰਬੈਸਡਰ ਕਾਰ 'ਚੋਂ ਨਿਕਲਿਆ ਅਤੇ ਤੇਜ਼ੀ ਨਾਲ ਪਹਿਲੀ ਮੰਜ਼ਿਲ ਉੱਪਰ ਕਾਨਫਰੰਸ ਰੂਮ 'ਚ ਚਲਾ ਗਿਆ।

11 ਹੋਰ ਪੱਤਰਕਾਰ, ਜਿਨ੍ਹਾਂ ਵਿੱਚੋਂ ਬਹੁਤ ਸਾਰੇ ਜੰਮੂ-ਕਸ਼ਮੀਰ ਦੇ ਮੌਜੂਦਾ ਕਰਤਿਆਂ-ਧਰਤਿਆਂ ਦੇ ਕਰੀਬੀ ਮੰਨੇ ਜਾਂਦੇ ਹਨ, ਕਾਨਫਰੰਸ ਰੂਮ ਵਿਚ ਵੜੇ ਅਤੇ ਬੂਹਾ ਭੇੜ ਲਿਆ। ਬੂਹੇ ਦੇ ਬਾਹਰ ਅਸਾਲਟ ਰਾਈਫਲਾਂ ਨਾਲ ਲੈਸ ਤਿੰਨ ਪੁਲਿਸ ਮੁਲਾਜ਼ਮ ਫ਼ਿਕਰਾਂ 'ਚ ਡੁੱਬੇ ਸਟਾਫ਼ ਅਤੇ ਕਲੱਬ ਮੈਂਬਰਾਂ ਨੂੰ ਘੂਰ ਰਹੇ ਸਨ। ਸੀਆਈਡੀ ਵਾਲੇ ਵੀ ਗਲਿਆਰਿਆਂ ਵਿਚ ਘੁੰਮਦੇ ਦਿਸੇ ਜੋ ਹੁਣ ਬੇਬਾਕ ਕਸ਼ਮੀਰੀ ਪੱਤਰਕਾਰਾਂ ਵਿਰੁੱਧ ਪ੍ਰਸ਼ਾਸਨ ਦਾ ਸਭ ਤੋਂ ਕਾਰਗਰ ਹਥਿਆਰ ਹਨ। ਇਕ ਘੰਟੇ ਬਾਦ 12 ਪੱਤਰਕਾਰ ਕਮਰੇ ਚੋਂ ਬਾਹਰ ਆਏ ਅਤੇ ਐਲਾਨ ਕੀਤਾ ਕਿ ਉਹ (ਪ੍ਰੈੱਸ ਕਲੱਬ ਨੂੰ) "ਹੱਥ 'ਚ" ਲੈ ਰਹੇ ਹਨ।

ਕੋਵਿਡ-19 ਲੌਕਡਾਊਨ ਦੇ ਬਾਵਜੂਦ, ਬਾਹਰ ਕਲੱਬ ਦੇ ਮੈਂਬਰਾਂ ਦੀ ਭੀੜ ਜੁੜ ਗਈ ਸੀ। ਤੁਰੰਤ ਹੀ, ਸਾਡੇ ਸਾਰਿਆਂ ਦੇ ਫ਼ੋਨਾਂ ਉੱਪਰ ਮੈਸੇਜ ਟੋਨ ਵੱਜੀ। ਸਾਨੂੰ ਸਾਰਿਆਂ ਨੂੰ ਇਕ ਵੱਟਸਐਪ ਮੈਸੇਜ ਆਇਆ ਜਿਸ ਵਿਚ ਪੰਡਿਤ ਅਤੇ ਦੋ ਹੋਰ ਲੋਕਾਂ ਦੇ ਦਸਖ਼ਤਾਂ ਵਾਲਾ ਬਿਆਨ ਭੇਜਿਆ ਗਿਆ ਸੀ। ਲਿਖਿਆ ਸੀ: "ਚੁਣੀ ਹੋਈ ਕਮੇਟੀ ਨੇ ਦੋ ਸਾਲ ਦੇ ਅਰਸੇ ਦਾ ਆਪਣਾ ਕਾਰਜ ਕਾਲ 14 ਜੁਲਾਈ 2021 ਨੂੰ ਪੂਰਾ ਕਰ ਲਿਆ ਹੈ। ਪਿਛਲੀ ਕਮੇਟੀ ਵੱਲੋਂ ਨਾਮਾਲੂਮ ਕਾਰਨਾਂ ਕਰਕੇ ਚੋਣਾਂ 'ਚ ਦੇਰੀ ਕੀਤੇ ਜਾਣ ਕਾਰਨ ਕਲੱਬ ਲੱਗਭੱਗ ਛੇ ਮਹੀਨੇ ਤੋਂ ਅਗਵਾਈਹੀਣ ਸੀ ਅਤੇ ਮੀਡੀਆ ਭਾਈਚਾਰੇ ਨੂੰ ਅਣਚਾਹੀ ਮੁਸ਼ਕਿਲ 'ਚ ਸੁੱਟ ਦਿੱਤਾ ਗਿਆ। ਇਸੇ ਲਈ ਹੁਣ 15 ਜਨਵਰੀ 2022 ਨੂੰ ਕਸ਼ਮੀਰ ਘਾਟੀ ਦੀਆਂ ਵੱਖ-ਵੱਖ ਪੱਤਰਕਾਰ ਜਥੇਬੰਦੀਆਂ ਨੇ ਸੁਤੰਤਰ ਅਤੇ ਨਿਰਪੱਖ ਚੋਣਾਂ ਹੋਣ ਤੱਕ ਸਰਵਸੰਮਤੀ ਨਾਲ ਤਿੰਨ ਮੈਂਬਰੀ ਅੰਤ੍ਰਿਮ ਕਮੇਟੀ ਬਣਾਉਣ ਦਾ ਫ਼ੈਸਲਾ ਲਿਆ ਹੈ। ਐੱਮ. ਸਲੀਮ ਪੰਡਿਤ ਕਲੱਬ ਦੇ ਪ੍ਰਧਾਨ, ਡੈਕਨ ਹੇਰਾਲਡ ਦੇ ਬਿਊਰੋ ਚੀਫ਼ ਜ਼ੁਲਫ਼ਕਾਰ ਮਜੀਦ ਸਕੱਤਰ ਅਤੇ ਡੇਲੀ ਗਾਦਿਆਲ ਦੇ ਸੰਪਾਦਕ ਅਰਸ਼ੀਦ ਰਸੂਲ ਖਜ਼ਾਨਚੀ ਹੋਣਗੇ।"

ਬਿਆਨ 'ਚ ਇਸ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ ਕਿ ਦੋ ਦਿਨ ਪਹਿਲਾਂ ਹੀ ਨਵੀਂਆਂ ਚੋਣਾਂ ਦਾ ਐਲਾਨ ਕੀਤਾ ਜਾ ਚੁੱਕਾ ਸੀ ਅਤੇ 29 ਦਸੰਬਰ 2021 ਤੱਕ ਸਰਕਾਰ ਵੱਲੋਂ ਕਲੱਬ ਨੂੰ ਮੁੜ ਰਜਿਟਰਡ ਕਰਨ ਤੋਂ ਇਨਕਾਰ ਕੀਤੇ ਜਾਣ ਕਾਰਨ ਹੀ ਇਹ ਦੇਰੀ ਹੋਈ ਸੀ। ਇਹ ਵੀ ਸਪਸ਼ਟ ਨਹੀਂ ਸੀ ਕਿ ਇਹ "ਵੱਖ-ਵੱਖ ਪੱਤਰਕਾਰ ਜਥੇਬੰਦੀਆਂ" ਕਿਹੜੀਆਂ ਸਨ, ਜਾਂ ਕਿੱਥੇ ਅਤੇ ਕਿਵੇਂ ਉਨ੍ਹਾਂ ਨੇ ਅੰਤ੍ਰਿਮ ਕਮੇਟੀ ਬਣਾਉਣ ਲਈ "ਸਰਵਸੰਮਤੀ ਨਾਲ ਸਹਿਮਤੀ" ਦਿੱਤੀ ਸੀ। ਕਾਰਵਾਂ ਵੱਲੋਂ ਪੰਡਿਤ ਨੂੰ ਈਮੇਲ ਰਾਹੀਂ ਭੇਜੇ ਗਏ ਸਵਾਲਾਂ ਦੇ ਇਕ ਪੰਨੇ ਦੇ ਜਵਾਬ 'ਚ ਵੀ ਇਹ ਨਹੀਂ ਦੱਸਿਆ ਗਿਆ। ਕਸ਼ਮੀਰ ਪ੍ਰੈੱਸ ਕਲੱਬ ਨਾਲ ਰਜਿਸਟਰਡ 13 ਪੱਤਰਕਾਰ ਜਥੇਬੰਦੀਆਂ 'ਚੋਂ 10 ਨੇ 20 ਜਨਵਰੀ ਨੂੰ ਮੀਟਿੰਗ ਕਰਕੇ ਇਸ ਨੂੰ "ਜਬਰੀ ਕਬਜ਼ਾ" ਕਰਾਰ ਦਿੱਤਾ ਅਤੇ 'ਫਿਰ ਜੰਮੂ-ਕਸ਼ਮੀਰ ਪ੍ਰਸ਼ਾਸਨ ਵੱਲੋਂ ਕਸ਼ਮੀਰ ਪ੍ਰੈੱਸ ਕਲੱਬ ਨੂੰ ਬੰਦ ਕੀਤੇ ਜਾਣ' ਦੀ ਨਿੰਦਾ ਕੀਤੀ। ਪ੍ਰੈੱਸ ਕਲੱਬ ਆਫ਼ ਇੰਡੀਆ, ਐਡੀਟਰਜ਼ ਆਫ਼ ਗਿਲਡ ਆਫ਼ ਇੰਡੀਆ, ਪੱਤਰਕਾਰਾਂ ਦੀ ਰੱਖਿਆ ਲਈ ਕਮੇਟੀ ਅਤੇ ਕਈ ਹੋਰ ਕੌਮੀ ਅਤੇ ਕੌਮਾਂਤਰੀ ਪ੍ਰੈੱਸ ਸਭਾਵਾਂ ਨੇ ਵੀ ਕਬਜ਼ੇ ਦੀ ਨਿੰਦਾ ਕੀਤੀ ਹੈ। ਕਸ਼ਮੀਰ ਦੇ ਸਿਆਸਤਦਾਨਾਂ ਨੇ ਵੀ ਇਸ ਕਦਮ ਦੀ ਆਲੋਚਨਾ ਕੀਤੀ। ਸਾਬਕਾ ਮੁੱਖ ਮੰਤਰੀ ਮਹਿਬੂਬਾ ਮੁਫਤੀ ਨੇ ਟਵੀਟ ਕੀਤਾ, "ਕੇਪੀਸੀ 'ਚ ਅੱਜ ਰਾਜ ਵੱਲੋਂ ਆਯੋਜਿਤ ਤਖ਼ਤਾ ਪਲਟ ਸਭ ਤੋਂ ਭੈੜੇ ਤਾਨਾਸ਼ਾਹਾਂ ਨੂੰ ਵੀ ਸ਼ਰਮਿੰਦਾ ਕਰਨ ਵਾਲਾ ਹੈ। ਇੱਥੇ ਸਟੇਟ ਦੀਆਂ ਏਜੰਸੀਆਂ ਆਪਣੇ ਅਸਲ ਫ਼ਰਜ਼ਾਂ ਨੂੰ ਨਿਭਾਉਣ ਦੀ ਬਜਾਏ ਚੁਣੇ ਹੋਏ ਅਦਾਰਿਆਂ ਨੂੰ ਉਲਟਾਉਣ ਅਤੇ ਸਰਕਾਰੀ ਮੁਲਾਜ਼ਮਾਂ ਨੂੰ ਬਰਖ਼ਾਸਤ ਕਰਨ 'ਚ ਲੱਗੀਆਂ ਹੋਈਆਂ ਹਨ। ਆਪਣੇ ਹੀ ਭਾਈਚਾਰੇ ਦੇ ਖ਼ਿਲਾਫ ਇਸ ਤਖ਼ਤਾ ਪਲਟ ਦੀ ਮੱਦਦ ਕਰਨ ਵਾਲਿਆਂ ਨੂੰ ਸ਼ਰਮ ਆਉਣੀ ਚਾਹੀਦੀ ਹੈ।"

ਮੈਂ ਜਿਨ੍ਹਾਂ ਪੱਤਰਕਾਰਾਂ ਨਾਲ ਗੱਲ ਕੀਤੀ, ਉਨ੍ਹਾਂ 'ਚ ਇਸ ਨੂੰ ਲੈ ਕੇ ਆਮ ਸਹਿਮਤੀ ਸੀ ਕਿ ਕਬਜ਼ੇ ਦਾ ਮਾਸਟਰ ਮਾਈਂਡ ਜੰਮੂ-ਕਸ਼ਮੀਰ ਪ੍ਰਸ਼ਾਸਨ ਸੀ। ਹਾਲਾਂ ਕਿ ਪੰਡਿਤ ਨੇ ਇਸ ਤੋਂ ਇਨਕਾਰ ਕੀਤਾ ਕਿ ਪ੍ਰਸ਼ਾਸਨ ਨੇ ਉਨ੍ਹਾਂ ਦਾ ਸਾਥ ਦਿੱਤਾ ਹੈ, ਫਿਰ ਵੀ ਕਈ ਚੀਜ਼ਾਂ ਹਨ ਜੋ ਇਸ ਪਾਸੇ ਇਸ਼ਾਰਾ ਕਰਦੀਆਂ ਹਨ। ਜਿਵੇਂ ਪੰਡਿਤ ਅਤੇ ਹੋਰ ਜਿਨ੍ਹਾਂ ਨੇ ਕਬਜ਼ੇ ਦੀ ਹਮਾਇਤ ਕੀਤੀ ਉਨ੍ਹਾਂ ਦੇ ਆਲੇ-ਦੁਆਲੇ ਪੁਲਿਸ ਅਤੇ ਨੀਮ-ਫ਼ੌਜੀ ਬੰਦੋਬਸਤ ਸ਼ੱਕੀ ਹੈ। ਪੰਡਿਤ ਸਰਕਾਰਾਂ ਦਾ ਕਰੀਬੀ ਮੰਨਿਆ ਜਾਂਦਾ ਹੈ।

ਧਾਰਾ 370 ਦਾ ਖ਼ਾਤਮਾ ਕਰਕੇ ਜੰਮੂ-ਕਸ਼ਮੀਰ ਰਾਜ ਦੀ ਸੀਮਤ ਖ਼ੁਦਮੁਖ਼ਤਿਆਰੀ ਦਾ ਭੋਗ ਪਾ ਦਿੱਤੇ ਜਾਣ ਅਤੇ ਕਸ਼ਮੀਰ ਘਾਟੀ ਉੱਪਰ ਕਰੂਰ ਲੌਕਡਾਊਨ ਥੋਪੇ ਜਾਣ ਤੋਂ ਬਾਦ ਨਵੰਬਰ 2019 'ਚ ਪੰਡਿਤ ਨੇ ਕਿਹਾ ਸੀ ਕਿ ਅੰਗਰੇਜ਼ੀ ਦੇ ਇਕ ਪ੍ਰਮੁੱਖ ਰੋਜ਼ਾਨਾ ਅਖ਼ਬਾਰ ਦੇ ਸੰਪਾਦਕ ਦੇ "ਦਹਿਸ਼ਤਵਾਦੀ ਜਥੇਬੰਦੀ ਲਸ਼ਕਰ-ਏ-ਤਾਇਬਾ ਨਾਲ ਗੂੜ੍ਹੇ ਸਬੰਧ ਹਨ ਅਤੇ ਉਸ ਨੇ ਆਪਣੇ ਅਖ਼ਬਾਰ 'ਚ ਲਿਖਣ ਲਈ ਜਾਣੇ-ਪਛਾਣੇ 'ਜਿਹਾਦੀ ਪੱਤਰਕਾਰਾਂ' ਨੂੰ ਕੰਮ 'ਤੇ ਰੱਖਿਆ ਹੋਇਆ ਹੈ।" ਇਹ ਕੇਂਦਰ ਸਰਕਾਰ ਵੱਲੋਂ ਕਸ਼ਮੀਰ ਵਿਚ ਪੱਤਰਕਾਰਾਂ ਨੂੰ ਰਾਸ਼ਟਰ ਵਿਰੋਧੀ ਅਤੇ ਇਸਲਾਮਵਾਦੀ ਦੱਸੇ ਜਾਣ ਨਾਲ ਮਿਲਦਾ-ਜੁਲਦਾ ਬਿਆਨ ਹੈ। ਕਲੱਬ ਦਾ "ਅਪਮਾਨ" ਕਰਨ ਕਰਕੇ ਪੰਡਿਤ ਦੀ ਕਸ਼ਮੀਰ ਪ੍ਰੈੱਸ ਕਲੱਬ ਦੀ ਮੈਂਬਰੀ ਤੁਰੰਤ ਰੱਦ ਕਰ ਦਿੱਤੀ ਗਈ ਸੀ ਅਤੇ ਉਦੋਂ ਤੋਂ ਉਹ ਕਲੱਬ ਦਾ ਮੈਂਬਰ ਨਹੀਂ ਰਿਹਾ ਸੀ।

ਜਨਵਰੀ 2020 'ਚ, ਜਦੋਂ ਭਾਰਤ ਸਰਕਾਰ ਨੇ 16 ਬਦੇਸ਼ੀ ਰਾਜਦੂਤਾਂ ਨੂੰ ਕਸ਼ਮੀਰ ਘਾਟੀ ਦੇ ਦੌਰੇ 'ਤੇ ਸੱਦਿਆ ਅਤੇ ਇਹ ਦਿਖਾਉਣ ਦੀ ਕੋਸ਼ਿਸ਼ ਕੀਤੀ ਕਿ ਹਾਲਾਤ ਆਮ ਹਨ, ਤਾਂ ਪੰਡਿਤ ਉਨ੍ਹਾਂ ਚੁਣਵੇਂ ਮੀਡੀਆ ਕਾਰਿੰਦਿਆਂ ਵਿੱਚੋਂ ਇਕ ਸੀ ਜਿਨ੍ਹਾਂ ਨੂੰ ਉਨ੍ਹਾਂ ਨੁਮਾਇੰਦਿਆਂ ਨੂੰ ਮਿਲਣ ਦੀ ਇਜਾਜ਼ਤ ਦਿੱਤੀ ਗਈ ਸੀ। ਪ੍ਰੈੱਸ ਕਲੱਬ ਉੱਪਰ ਕਬਜ਼ੇ ਤੋਂ ਬਾਦ, ਪੰਡਿਤ ਦਾ ਨਾਮ ਲਏ ਬਿਨਾਂ ਸਾਬਕਾ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਟਵੀਟ ਕੀਤਾ, "ਕੋਈ ਵੀ ਸਰਕਾਰ ਐਸੀ ਨਹੀਂ ਹੈ ਜਿਸ ਨੂੰ ਇਸ 'ਪੱਤਰਕਾਰ' ਨੇ ਚੋਇਆ ਨਾ ਹੋਵੇ ਅਤੇ ਕੋਈ ਐਸੀ ਸਰਕਾਰ ਨਹੀਂ ਹੈ ਜਿਸ ਦੀ ਤਰਫ਼ੋਂ ਇਸ ਨੇ ਝੂਠ ਨਾ ਬੋਲਿਆ ਹੋਵੇ। ਮੈਨੂੰ ਇਸ ਕਰਕੇ ਪਤਾ ਹੈ ਕਿ ਮੈਂ ਦੋਨਾਂ ਪੱਖਾਂ ਨੂੰ ਬਹੁਤ ਨੇੜਿਓਂ ਦੇਖਿਆ ਹੈ। ਹੁਣ ਉਸ ਨੇ ਰਾਜ ਦੀ ਪੁਸ਼ਤਪਨਾਹੀ ਵਾਲੇ ਤਖ਼ਤਾ ਪਲਟ ਦਾ ਲਾਭ ਉਠਾਇਆ ਹੈ।"



ਕਾਰਵਾਂ ਦੇ ਸਵਾਲਾਂ ਦੇ ਆਪਣੇ ਈ-ਮੇਲ ਜਵਾਬ 'ਚ ਪੰਡਿਤ ਨੇ ਦਾਅਵਾ ਕੀਤਾ ਕਿ ਉਹ ਪ੍ਰੈੱਸ ਕਲੱਬ ਦੇ ਬਾਨੀ ਹਨ ਅਤੇ ਕਲੱਬ ਦੀ ਚੁਣੀ ਹੋਈ ਸੰਸਥਾ ਨੇ "ਕਲੱਬ 'ਚ ਮੌਜੂਦ ਪਾਕਿਸਤਾਨੀ ਅਨਸਰਾਂ ਦੇ ਇਸ਼ਾਰੇ 'ਤੇ ਸਰਕਾਰ ਨਾਲ ਟਕਰਾਉਣ ਦਾ ਰਾਹ ਚੁਣਿਆ।" ਉਸ ਨੇ ਦਾਅਵਾ ਕੀਤਾ ਕਿ ਕਲੱਬ ਦੀਆਂ ਪਿਛਲੀਆਂ ਚੋਣਾਂ ਸੁਤੰਤਰ ਅਤੇ ਨਿਰਪੱਖ ਨਹੀਂ ਸਨ, ਇਹ ਝੂਠ ਸੀ ਕਿ ਨਵੀਂ ਚੋਣ ਦਾ ਐਲਾਨ ਪਹਿਲਾਂ ਨਹੀਂ ਕੀਤਾ ਗਿਆ ਸੀ। ਉਸ ਨੇ ਇਹ ਵੀ ਕਿਹਾ ਕਿ ਕਲੱਬ ਦੀ ਲੀਡਰਸ਼ਿਪ ਮੁਫਤੀ ਅਤੇ ਅਬਦੁੱਲਾ ਦੇ ਆਦੇਸ਼ਾਂ 'ਤੇ ਕੰਮ ਕਰ ਰਹੀ ਸੀ। ਪੰਡਿਤ ਨੇ ਕਿਹਾ, "ਕੀ ਕੋਈ ਇਸ ਸਵਾਲ ਦਾ ਜਵਾਬ ਦੇ ਸਕਦਾ ਹੈ ਕਿ ਕਸ਼ਮੀਰ ਦੇ ਪੱਤਰਕਾਰਾਂ ਦਰਮਿਆਨ ਅੰਦਰੂਨੀ ਸਬੰਧਾਂ ਦੇ ਕਾਰਨ ਪਾਕਿਸਤਾਨੀ ਰਾਜ ਅਤੇ ਦਹਿਸ਼ਤਗਰਦ ਕਿਉਂ ਭੜਕ ਗਏ? ਪਾਕਿਸਤਾਨੀ ਬਦੇਸ਼ ਮੰਤਰਾਲੇ ਨੂੰ ਕਸ਼ਮੀਰ ਵਿਚ ਪੱਤਰਕਾਰਾਂ ਦੇ ਅੰਦਰੂਨੀ ਮਾਮਲਿਆਂ 'ਚ ਦਖ਼ਲ ਕਿਉਂ ਦੇਣਾ ਪਿਆ? ਉਸ ਨੇ ਇਹ ਇਲਜ਼ਾਮ ਵੀ ਲਗਾਇਆ ਕਿ ਕਲੱਬ 'ਚ ਭਾਰੀ ਸੁਰੱਖਿਆ ਦੀ ਮੌਜੂਦਗੀ ਦੀ ਫੁਟੇਜ ਫੋਟੋਸ਼ਾਪ ਕੀਤੀ ਹੋਈ ਸੀ। ਹਾਲਾਂਕਿ ਮੈਂ ਵੀ ਉੱਥੇ ਸੀ ਅਤੇ ਉੱਥੇ ਸਥਿਤੀ ਇਸ ਤੋਂ ਉਲਟ ਸੀ।

ਕਬਜ਼ੇ ਤੋਂ ਬਾਦ ਦੇ ਦਿਨਾਂ ਦੀਆਂ ਘਟਨਾਵਾਂ ਇਹ ਵੀ ਦਰਸਾਉਂਦੀਆਂ ਹਨ ਕਿ ਇਸ ਦੇ ਪਿੱਛੇ ਪ੍ਰਸ਼ਾਸਨ ਦਾ ਹੱਥ ਸੀ। 17 ਜਨਵਰੀ ਨੂੰ ਸਰਕਾਰ ਨੇ ਕਲੱਬ ਨੂੰ ਬੰਦ ਕਰਨ ਦੇ ਨਾਲ-ਨਾਲ ਕਲੱਬ ਨੂੰ ਦਿੱਤੀ ਗਈ ਇਮਾਰਤ ਨੂੰ ਵੀ ਕਬਜੇ 'ਚ ਲੈਣ ਦਾ ਫ਼ੈਸਲਾ ਕੀਤਾ। ਰਜਿਸਟ੍ਰੇਸ਼ਨ ਹੋਣ 'ਤੇ ਪੋਲੋ ਵਿਊ ਭਵਨ ਜੁਲਾਈ 2018 'ਚ ਮੁਫਤੀ ਵੱਲੋਂ ਮੁਹੱਈਆ ਕਰਵਾਇਆ ਗਿਆ ਸੀ। ਉਸ ਨੇ ਪੱਤਰਕਾਰਾਂ ਦੀ ਉਨ੍ਹਾਂ ਦੇ ਹਿਤਾਂ ਦੀ ਨੁਮਾਇੰਦਗੀ ਕਰਨ ਲਈ ਇਕ ਚੁਣੀ ਹੋਈ, ਸਰਕਾਰ ਵੱਲੋਂ ਰਜਿਟਰਡ ਸੰਸਥਾ ਦੀ ਦਹਾਕਿਆਂ ਪੁਰਾਣੀ ਮੰਗ ਮੰਨ ਲਈ ਸੀ। ਚਾਰ ਸਾਲ ਬਾਦ ਹੀ, "ਕਸ਼ਮੀਰ ਪ੍ਰੈੱਸ ਕਲੱਬ 'ਚ ਦੋ ਸ਼ਰੀਕ ਗੁੱਟਾਂ ਦੇ ਝਗੜੇ ਕਾਰਨ ਵਾਪਰੀਆਂ ਮਾੜੀਆਂ ਘਟਨਾਵਾਂ ਨਾਲ ਬਣੀ ਹਾਲਤ" ਉੱਪਰ ਫ਼ਿਕਰਮੰਦੀ ਦਾ ਹਵਾਲਾ ਦਿੰਦੇ ਹੋਏ ਪ੍ਰੈੱਸ ਕਲੱਬ ਦੀ ਰਜਿਸਟ੍ਰੇਸ਼ਨ ਖ਼ਤਮ ਕਰ ਦਿੱਤੀ ਗਈ ਅਤੇ ਇਸ ਦੇ ਦਫ਼ਤਰ ਬੰਦ ਕਰ ਦਿੱਤੇ ਗਏ। ਕਸ਼ਮੀਰ ਪ੍ਰੈੱਸ ਕਲੱਬ ਦੇ ਪਹਿਲੇ ਸਕੱਤਰ ਇਸ਼ਫ਼ਾਕ ਤਾਂਤਰੇ ਆਪਣੇ ਇਕ ਲੇਖ 'ਚ ਲਿਖਦੇ ਹਨ ਕਿ ਕਬਜ਼ੇ ਨਾਲ ਸਰਕਾਰ ਅਤੇ ਇਸ 'ਅੰਤ੍ਰਿਮ ਸੰਸਥਾ' ਦੋਨਾਂ ਦੀ ਬਦਨਾਮੀ ਹੋਈ ਹੈ। ਕਸ਼ਮੀਰ ਪ੍ਰੈੱਸ ਕਲੱਬ ਨੂੰ ਬੰਦ ਕਰਨ ਦੀ ਨਵੀਂ ਯੋਜਨਾ ਸਰਕਾਰ ਦੀ ਹੈ।

ਆਪਣੇ ਚਾਰ ਸਾਲ ਦੇ ਛੋਟੇ ਕਾਰਜ ਕਾਲ 'ਚ ਹੀ ਕਸ਼ਮੀਰ ਪ੍ਰੈੱਸ ਕਲੱਬ ਪੱਤਰਕਾਰਾਂ ਲਈ ਲਾਹੇਵੰਦ ਸਹੂਲਤਾਂ ਵਾਲੀ ਸ਼ਾਂਤ ਜਗ੍ਹਾ ਸੀ। ਭਾਰਤ ਦੇ ਹੋਰ ਪ੍ਰੈੱਸ ਕਲੱਬਾਂ ਤੋਂ ਉਲਟ ਇੱਥੇ ਪੱਤਰਕਾਰਾਂ ਨੂੰ ਸਸਤੇ ਭੋਜਨ ਅਤੇ ਸ਼ਰਾਬ ਦਾ ਲਾਭ ਸੀ। ਦਰਜਨਾਂ ਸੁਤੰਤਰ ਪੱਤਰਕਾਰਾਂ ਲਈ, ਜਿਨ੍ਹਾਂ ਕੋਲ ਆਪਣਾ ਕੋਈ ਦਫ਼ਤਰ ਨਹੀਂ ਹੈ, ਕਸ਼ਮੀਰ ਪ੍ਰੈੱਸ ਕਲੱਬ ਐਸੀ ਜਗ੍ਹਾ ਸੀ ਜਿੱਥੇ ਬੈਠ ਕੇ ਉਹ ਕੰਮ ਕਰ ਸਕਦੇ ਸਨ। ਧਾਰਾ 370 ਨੂੰ ਖ਼ਤਮ ਕੀਤੇ ਜਾਣ ਅਤੇ ਫ਼ੌਜ ਵੱਲੋਂ ਲਾਗੂ ਕੀਤੇ ਲੌਕਡਾਊਨ ਅਤੇ ਫਿਰ ਮੀਡੀਆ ਬਲੈਕਆਊਟ ਤੋਂ ਬਾਦ ਇਸ ਦੀ ਵਰਤੋਂ ਹੋਰ ਵੀ ਵਧ ਗਈ।

"ਜਦੋਂ 2019 ਵਿਚ ਕਈ ਮਹੀਨੇ ਸੰਚਾਰ ਠੱਪ ਰਿਹਾ ਤਾਂ ਕੇਪੀਸੀ ਸੂਚਨਾ ਸਾਂਝੀ ਕਰਨ ਦਾ ਕੇਂਦਰ ਬਣ ਗਿਆ, ਜਿੱਥੇ ਕਸ਼ਮੀਰ ਦੇ ਵੱਖ-ਵੱਖ ਖੇਤਰਾਂ ਦੇ ਪੱਤਰਕਾਰ ਖ਼ਬਰਾਂ ਸਾਂਝੀਆਂ ਕਰਦੇ ਸਨ। ਸ੍ਰੀਨਗਰ ਦੇ ਇਕ ਪੱਤਰਕਾਰ ਆਕਿਬ ਜਾਵੀਦ ਨੇ ਮੈਨੂੰ ਦੱਸਿਆ, "ਉਸ ਸਮੇਂ ਦੌਰਾਨ ਸਾਡੇ ਕੋਲ ਰਿਪੋਰਟ ਕਰਨ ਦਾ ਹੋਰ ਕੋਈ ਤਰੀਕਾ ਨਹੀਂ ਸੀ।" ਪਰ ਕਲੱਬ ਸਰਕਾਰੀ ਦਖ਼ਲ ਤੋਂ ਪੂਰੀ ਤਰ੍ਹਾਂ ਮੁਕਤ ਵੀ ਨਹੀਂ ਸੀ। ਵੀਹ ਸਾਲ ਦੇ ਇਕ ਵੀਡੀਓ ਪੱਤਰਕਾਰ ਨੇ ਮੈਨੂੰ ਦੱਸਿਆ ਕਿ ਇਸਦੀ ਸਥਾਪਨਾ ਹੋਣ ਦੇ ਸਮੇਂ ਤੋਂ ਸਿਵਲ ਵਰਦੀ 'ਚ ਸੀਆਈਡੀ ਦੇ ਅਧਿਕਾਰੀ ਪੱਤਰਕਾਰਾਂ ਤੋਂ ਸੂਹ ਲੈਣ ਲਈ ਕਲੱਬ 'ਚ ਬਾਕਾਇਦਗੀ ਨਾਲ ਆਉਂਦੇ ਰਹਿੰਦੇ ਸਨ। "ਅਸੀਂ ਆਮ ਤੌਰ 'ਤੇ ਮਜ਼ਾਕ ਕਰਦੇ ਕਿ ਉਹ ਕੋਠੀ ਬਾਗ ਟਾਈਮਜ਼ ਦੇ ਪੱਤਰਕਾਰ ਹਨ!" ਉਸ ਨੇ ਬਦਨਾਮ ਕੋਠੀ ਬਾਗ਼ ਥਾਣੇ ਦਾ ਜ਼ਿਕਰ ਕੀਤਾ, ਜਿੱਥੇ ਕੁਝ ਪੱਤਰਕਾਰਾਂ ਨੂੰ ਪੁੱਛਗਿੱਛ ਦਾ ਸਾਹਮਣਾ ਕਰਨਾ ਪਿਆ।

ਲੇਖਕ ਅਤੇ ਪੱਤਰਕਾਰ ਗੌਹਰ ਗਿਲਾਨੀ ਨੇ ਕਿਹਾ ਕਿ ਸੀਆਈਡੀ ਦੀ ਹਮੇਸ਼ਾ ਮੌਜੂਦਗੀ ਦੇ ਬਾਵਜੂਦ ਪ੍ਰੈੱਸ ਕਲੱਬ ਸੰਘਰਸ਼ ਅਤੇ ਪੁਲਿਸ ਹਿੰਸਾ ਦਰਮਿਆਨ ਪਿਸ ਰਹੇ ਕਸ਼ਮੀਰੀ ਪੱਤਰਕਾਰਾਂ ਲਈ ਬਹੁਤ ਮਹੱਤਵਪੂਰਨ ਜਗ੍ਹਾ ਸੀ ਅਤੇ ਕਸ਼ਮੀਰ ਦੇ ਨਾਗਰਿਕ ਸਮਾਜ ਉੱਪਰ ਨਰਿੰਦਰ ਮੋਦੀ ਸਰਕਾਰ ਉੱਪਰ ਬੰਦਿਸ਼ਾਂ ਲਗਾਏ ਜਾਣ ਤੋਂ ਬਾਦ ਇਸ ਦਾ ਮਹੱਤਵ ਹੋਰ ਵੀ ਵਧ ਗਿਆ ਸੀ। ਗੌਹਰ ਨੇ ਕਿਹਾ, "ਦਿਨ-ਦਿਹਾੜੇ ਕਲੱਬ ਉੱਪਰ ਕਬਜ਼ਾ ਕਸ਼ਮੀਰ ਵਿਚ ਮੀਡੀਆ ਦੀ ਆਜ਼ਾਦੀ ਅਤੇ ਨਾਗਰਿਕਾਂ ਦੇ ਇਕੱਠੇ ਹੋਣ ਦੇ ਅਧਿਕਾਰ ਉੱਪਰ ਵੱਡਾ ਹਮਲਾ ਹੈ। ਨਾਲ ਹੀ, ਇਸ ਸੰਸਥਾਗਤ ਕਬਜ਼ੇ ਦਾ ਉਦੇਸ਼ ਕਸ਼ਮੀਰ ਦੀ ਕਹਾਣੀ ਨੂੰ ਦਬੂ ਕਲਰਕਾਂ ਅਤੇ ਦਰਬਾਰੀ ਲੇਖਕਾਂ ਜ਼ਰੀਏ ਆਪਣੀ ਮਨ ਮਰਜ਼ੀ ਨਾਲ ਘੜਨਾ ਹੈ। ਇਹ ਤਿੰਨ ਸੌ ਤੋਂ ਵਧੇਰੇ ਸਰਗਰਮ ਪੱਤਰਕਾਰਾਂ ਨੂੰ ਬੇਘਰ ਕਰਨ ਦੇ ਬਰਾਬਰ ਹੈ।"

ਕਸ਼ਮੀਰ ਪ੍ਰੈੱਸ ਕਲੱਬ ਉੱਪਰ ਕਬਜ਼ਾ ਅਤੇ ਇਸ ਨੂੰ ਬੰਦ ਕਰਨਾ ਜੰਮੂ-ਕਸ਼ਮੀਰ ਪ੍ਰਸ਼ਾਸਨ ਦੁਆਰਾ ਪ੍ਰੈੱਸ ਦੀ ਆਜ਼ਾਦੀ ਉੱਪਰ ਬੇਕਿਰਕ ਹਮਲਾ ਹੈ। ਧਾਰਾ 370 ਦਾ ਖ਼ਾਤਮਾ ਕਰਨ ਤੋਂ ਬਾਦ, ਖੇਤਰ ਦੀ ਪੁਲਿਸ ਨੇ ਪੱਤਰਕਾਰਾਂ ਵਿਰੁੱਧ ਸਖ਼ਤ ਕਾਰਵਾਈ ਵਿੱਢ ਦਿੱਤੀ ਹੈ। ਘੱਟੋ-ਘੱਟ 12 ਪੱਤਰਕਾਰਾਂ ਵਿਰੁੱਧ ਅਪਰਾਧਿਕ ਕੇਸ ਦਰਜ ਕੀਤੇ ਗਏ ਹਨ, ਜਿਨ੍ਹਾਂ ਵਿਚ ਜਾਬਰ ਦਹਿਸ਼ਤਵਾਦ ਵਿਰੋਧੀ ਕਾਨੂੰਨ (ਯੂਏਪੀਏ) ਦੇ ਤਹਿਤ ਕੇਸ ਵੀ ਹਨ। ਸੀ.ਆਈ.ਡੀ. ਅਤੇ ਪੁਲਿਸ ਵੱਲੋਂ 180 ਤੋਂ ਵੱਧ ਪੱਤਰਕਾਰਾਂ ਨੂੰ ਪੁੱਛਗਿੱਛ ਲਈ ਬੁਲਾਇਆ ਗਿਆ ਹੈ। ਸਰਕਾਰ ਦੇ ਦਬਾਅ ਹੇਠ ਸਮਾਚਾਰ ਸੰਸਥਾਵਾਂ ਨੇ ਕਈ ਐਸੇ ਪੱਤਰਕਾਰਾਂ ਨੂੰ ਨੌਕਰੀ ਤੋਂ ਕੱਢ ਦਿੱਤਾ ਹੈ ਜੋ ਸੱਤਾਧਾਰੀ ਸ਼ਾਸਨ ਬਾਰੇ ਆਲੋਚਨਾਤਮਕ ਰਿਪੋਰਟਿੰਗ ਕਰਨੋਂ ਨਹੀਂ ਹਟੇ। ਚਿੰਤਾ ਇਸ ਗੱਲ ਦੀ ਹੈ ਕਿ ਸਮਾਚਾਰ ਸੰਸਥਾਵਾਂ ਨੇ ਆਪਣੇ ਆਰਕਾਈਵਾਂ ਤੋਂ ਐਸੀਆਂ ਰਿਪੋਰਟਾਂ ਹਟਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ ਜੋ ਸਰਕਾਰ ਦਾ ਗੁੱਸਾ ਸਹੇੜ ਸਕਦੀਆਂ ਹਨ। ਆਪਣੀ ਰਿਪੋਰਟਿੰਗ ਦੇ ਦੌਰਾਨ, ਮੈਂ ਘਾਟੀ ਦੇ 25 ਤੋਂ ਵੱਧ ਪੱਤਰਕਾਰਾਂ ਅਤੇ ਇਕ ਦਰਜਨ ਤੋਂ ਵੱਧ ਪੁਲਿਸ ਅਧਿਕਾਰੀਆਂ ਨਾਲ ਗੱਲਬਾਤ ਕੀਤੀ। ਉਨ੍ਹਾਂ ਨੇ ਪ੍ਰੈੱਸ ਦੀ ਇਕ ਚਿੰਤਾਜਨਕ ਤਸਵੀਰ ਪੇਸ਼ ਕੀਤੀ ਜਿਸ ਨੂੰ ਹੁਣ ਇੱਥੇ ਲੱਗਭੱਗ ਮੁਕੰਮਲ ਸੈਂਸਰਸ਼ਿਪ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਿਸਨੂੰ ਅਕਸਰ "ਦੁਨੀਆ ਦੀ ਸਭ ਤੋਂ ਸੁੰਦਰ ਜੇਲ੍ਹ" ਕਿਹਾ ਜਾਂਦਾ ਹੈ।

ਇਕ ਪ੍ਰਮੁੱਖ ਉਰਦੂ ਅਖ਼ਬਾਰ ਦੇ ਮੁੱਖ ਸੰਪਾਦਕ ਨੇ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਮੈਨੂੰ ਦੱਸਿਆ ਕਿ 1 ਸਤੰਬਰ 2021 ਦੀ ਸ਼ਾਮ ਨੂੰ ਉਸ ਦੇ ਦਫ਼ਤਰ ਵਿਚ ਹਲਚਲ ਮੱਚੀ ਹੋਈ ਸੀ। ਟੀਮ ਅਗਲੀ ਸਵੇਰ ਦੇ ਐਡੀਸ਼ਨ ਨੂੰ ਅੰਤਿਮ ਰੂਪ ਦੇ ਰਹੀ ਸੀ ਜਦੋਂ ਖ਼ਬਰ ਆਈ ਕਿ ਤਹਿਰੀਕ-ਏ-ਹੁਰੀਅਤ ਦੇ ਬਾਨੀ ਅਤੇ ਕਸ਼ਮੀਰ ਦੇ ਸਭ ਤੋਂ ਸੀਨੀਅਰ ਆਜ਼ਾਦੀ ਪੱਖੀ ਆਗੂ ਸਈਦ ਅਲੀ ਸ਼ਾਹ ਗਿਲਾਨੀ ਚਲਾਣਾ ਕਰ ਗਏ ਹਨ। ਇਸ ਨੂੰ ਲੈ ਕੇ ਬਹਿਸ ਛਿੜ ਗਈ ਕਿ ਖ਼ਬਰ ਨੂੰ ਅਖ਼ਬਾਰ ਦੇ ਪਹਿਲੇ ਪੰਨੇ 'ਤੇ ਜਗ੍ਹਾ ਦਿੱਤੇ ਜਾਵੇ ਜਾਂ ਇਸ ਦੇ ਅੰਦਰਲੇ ਪੰਨਿਆਂ 'ਤੇ। ਕਸ਼ਮੀਰ ਦੇ ਸਭ ਤੋਂ ਪ੍ਰਭਾਵਸਾਲੀ ਵਿਅਕਤੀ ਦਾ ਤੁਰ ਜਾਣਾ ਪਹਿਲੇ ਪੰਨੇ ਦੀ ਮੁੱਖ ਖ਼ਬਰ ਹੋਣੀ ਚਾਹੀਦੀ ਸੀ। ਪਰ ਮੀਡੀਆ ਉੱਪਰ ਪ੍ਰਸ਼ਾਸਨ ਦੀ ਸਖ਼ਤੀ ਦੇ ਮੱਦੇਨਜ਼ਰ ਗਿਲਾਨੀ ਦੀ ਕਵਰੇਜ ਨਾਲ ਫ਼ੌਜ, ਜੰਮੂ ਕਸ਼ਮੀਰ ਲੈਫਟੀਨੈਂਟ ਗਵਰਨਰ ਅਤੇ ਦੂਰ ਦਿੱਲੀ ਦਰਬਾਰ ਤੱਕ ਨੇ ਨਾਰਾਜ਼ ਹੋ ਜਾਣਾ ਸੀ।

ਕੁਝ ਮਿੰਟਾਂ 'ਚ ਹੀ, ਮੁੱਖ ਸੰਪਾਦਕ ਦੇ ਫ਼ੋਨ ਦੀ ਘੰਟੀ ਖੜਕੀ। ਫ਼ੋਨ ਲੈਫਟੀਨੈਂਟ ਗਵਰਨਰ ਦੇ ਸੀਨੀਅਰ ਮੀਡੀਆ ਸਲਾਹਕਾਰ ਯਤੀਸ਼ ਯਾਦਵ ਦਾ ਸੀ। ਉਸ ਦਾ ਫ਼ੋਨ ਆਉਣਾ ਕਦੇ ਵੀ ਸ਼ੁਭ ਸੰਕੇਤ ਨਹੀਂ ਮੰਨਿਆ ਜਾਂਦਾ। ਮੈਂ ਜਿਨ੍ਹਾਂ ਸੀਨੀਅਰ ਸੰਪਾਦਕ ਨਾਲ ਗੱਲ ਕੀਤੀ ਸੀ ਸਾਰੇ ਇਸ ਨਾਲ ਸਹਿਮਤ ਸਨ। ਯਾਦਵ ਨੇ ਮੁੱਖ ਸੰਪਾਦਕ ਨੂੰ ਹੁਕਮ ਸੁਣਾਇਆ ਕਿ "ਕਾਨੂੰਨ ਵਿਵਸਥਾ ਦੀ ਸਥਿਤੀ ਨੂੰ ਵਿਗਾੜਨ" ਤੋਂ ਰੋਕਣ ਲਈ "ਗਿਲਾਨੀ ਦੀ ਮੌਤ ਨੂੰ ਬਹੁਤਾ ਨਾ ਪ੍ਰਚਾਰਿਆ ਜਾਵੇ ਜਾਂ ਬਹੁਤੀ ਕਵਰੇਜ ਨਾ ਕੀਤੀ ਜਾਵੇ"। ਮੀਡੀਆ ਸਲਾਹਕਾਰ ਨੇ ਚੇਤਾਵਨੀ ਦਿੱਤੀ ਕਿ ਜੇ ਖ਼ਬਰਾਂ ਦੀ ਕਵਰੇਜ ਕਾਰਨ ਸਥਿਤੀ ਵਿਗੜੀ ਤਾਂ "ਆਪ ਕੇ ਲੀਏ ਪ੍ਰਾਬਲਮ ਹੋਗਾ।"

ਮੁੱਖ ਸੰਪਾਦਕ ਨੂੰ ਇਹੀ ਹੁਕਮ ਆਪਣੀ ਟੀਮ ਨੂੰ ਦੇਣਾ ਪਿਆ। ਉਨ੍ਹਾਂ ਨੂੰ ਬੇਚੈਨੀ ਤਾਂ ਹੋਈ ਪਰ ਉਹ ਗੱਲ ਸਮਝ ਗਏ। ਉਨ੍ਹਾਂ ਨੇ ਮੰਨ ਲਿਆ ਕਿ ਹੋਰ ਅਖ਼ਬਾਰਾਂ ਨੂੰ ਵੀ ਇਸੇ ਤਰ੍ਹਾਂ ਦੇ ਫ਼ੋਨ ਆਏ ਹੋਣਗੇ। ਮੁੱਖ ਸੰਪਾਦਕ ਖ਼ੁਦ ਉਦਾਸ ਜਾਪਦਾ ਸੀ। ਉਸਨੇ ਮੈਨੂੰ ਦੱਸਿਆ, "ਗਿਲਾਨੀ ਦੀ ਮੌਤ ਦੀ ਖ਼ਬਰ ਜੰਮੂ-ਕਸ਼ਮੀਰ

ਦੇ ਲੋਕਾਂ ਲਈ ਸਦਮਾ ਸੀ। ਕਸ਼ਮੀਰ ਦੀ ਮੌਜੂਦਾ ਸਥਿਤੀ ਨੂੰ ਧਿਆਨ ਵਿਚ ਰੱਖਦਿਆਂ ਅਸੀਂ ਉਸ ਦੀ ਮੌਤ ਨੂੰ ਓਨੀ ਕਵਰੇਜ ਨਹੀਂ ਦੇ ਸਕੇ ਜਿਸ ਦਾ ਉਹ ਹੱਕਦਾਰ ਸੀ।"

ਉਸ ਰਾਤ ਜਦੋਂ ਪੱਤਰਕਾਰਾਂ ਨੇ ਗਿਲਾਨੀ ਦੀ ਮੌਤ ਦੀ ਕਵਰੇਜ਼ ਕਰਨ ਦੀ ਸੋਚੀ ਤਾਂ ਉਹ ਉਸ ਦੇ ਘਰ ਨਹੀਂ ਜਾ ਸਕੇ ਕਿਉਂਕਿ ਪ੍ਰਸ਼ਾਸਨ ਨੇ ਪੂਰੇ ਸ਼ਹਿਰ ਵਿਚ ਸਖ਼ਤ ਪਾਬੰਦੀਆਂ ਲਗਾ ਦਿੱਤੀਆਂ ਸਨ। ਪੁਲਿਸ ਨੇ ਗਿਲਾਨੀ ਨੂੰ ਅੱਧੀ ਰਾਤ ਨੂੰ ਕਾਹਲੀ ਕਾਹਲੀ ਦਫ਼ਨਾ ਦਿੱਤਾ। ਉਸ ਦੇ ਪਰਿਵਾਰ ਨੂੰ ਵੀ ਅੰਤਮ ਰਸਮਾਂ 'ਚ ਸ਼ਾਮਿਲ ਨਹੀਂ ਹੋਣ ਦਿੱਤਾ ਗਿਆ।

ਗਿਲਾਨੀ ਨੂੰ ਪਹਿਲੇ ਪੰਨੇ 'ਤੇ ਜਗ੍ਹਾ ਦੇਣ 'ਚ ਨਾਕਾਮ ਰਹਿਣ ਦੇ ਬਾਵਜੂਦ, ਮੁੱਖ ਸੰਪਾਦਕ ਨੇ ਮੈਨੂੰ ਕਿਹਾ, "ਮੈਨੂੰ ਯਕੀਨ ਸੀ ਕਿ ਇੱਥੋਂ ਦੇ ਸਥਾਨਕ ਲੋਕ ਥੋਕ ਵਿਚ ਅਖ਼ਬਾਰ ਖ਼ਰੀਦਣਗੇ। ਛਪਾਈ ਦਾ ਕੰਮ ਨਿੱਬੜ ਗਿਆ ਸੀ ਅਤੇ ਅਗਲੇ ਦਿਨ ਅਖ਼ਬਾਰ ਸਟੈਂਡ 'ਤੇ ਪਹੁੰਚਣ ਲਈ ਤਿਆਰ ਸਨ।" ਪਰ ਸ੍ਰੀਨਗਰ ਤੋਂ ਫ਼ੌਜੀ ਹਵਾਈ ਅੱਡੇ ਦੇ ਰਸਤੇ 'ਤੇ ਵਸੇ ਰੰਗਰੇਟ ਇਲਾਕੇ, ਜਿੱਥੇ ਕਈ ਅਖ਼ਬਾਰਾਂ ਛਾਪਣ ਵਾਲੀਆਂ ਤਿੰਨ ਪ੍ਰੈਸਾਂ ਹਨ, ਪੁਲਿਸ ਅਤੇ ਨੀਮ-ਫ਼ੌਜੀ ਲਸ਼ਕਰਾਂ ਨੇ ਬੈਰੀਕੇਡ ਲਗਾ ਕੇ ਪੂਰੇ ਖੇਤਰ ਦੀ ਨਾਕਾਬੰਦੀ ਕਰ ਰੱਖੀ ਸੀ। 25 ਵੱਖ-ਵੱਖ ਸਥਾਨਕ ਅਖ਼ਬਾਰਾਂ ਲੈ ਕੇ ਜਾ ਰਹੀਆਂ ਗੱਡੀਆਂ ਦੇ ਡਰਾਈਵਰਾਂ ਨੂੰ ਨੀਮ-ਫ਼ੌਜੀ ਦਸਤਿਆਂ ਨੇ ਰੋਕ ਲਿਆ ਅਤੇ ਕਿਹਾ ਕਿ ਅੱਜ ਕੋਈ ਵੀ ਅਖ਼ਬਾਰ ਨਹੀਂ ਵੰਡਿਆ ਜਾਵੇਗਾ।

ਸ੍ਰੀਨਗਰ ਦੇ ਇਕ ਸਭ ਤੋਂ ਵੱਡੇ ਅਖ਼ਬਾਰ ਵਿਤਰਕ ਨੇ ਮੈਨੂੰ ਦੱਸਿਆ, "ਅਸੀਂ ਲੈਂਬਰਟ ਲੇਨ ਮੰਡੀ 'ਚ ਅਖ਼ਬਾਰਾਂ ਦੇ ਆਉਣ ਦੀ ਉਡੀਕ ਕਰ ਰਹੇ ਸੀ, ਪਰ ਰਾਈਜ਼ਿੰਗ ਕਸ਼ਮੀਰ ਵਰਗੇ ਕੁਝ ਅਖ਼ਬਾਰ ਹੀ ਪਹੁੰਚੇ। ਇਹ ਅਖ਼ਬਾਰਾਂ ਵੰਡਣ ਵਾਲੇ ਆਮ ਤੌਰ 'ਤੇ 43 ਵੱਖ-ਵੱਖ ਅਖ਼ਬਾਰ ਵੰਡਦੇ ਹਨ, ਪਰ "ਉਸ ਦਿਨ ਜ਼ਿਆਦਾਤਰ ਅਖ਼ਬਾਰ ਛਪੇ ਹੀ ਨਹੀਂ ਸਨ – ਜਿਨ੍ਹਾਂ ਦੀ ਆਪਣੀ ਪ੍ਰਿੰਟਿੰਗ ਪ੍ਰੈੱਸ ਸੀ, ਉਨ੍ਹਾਂ ਨੇ ਵੀ ਅੰਕ ਨਹੀਂ ਛਾਪੇ। ਰਾਈਜ਼ਿੰਗ ਕਸ਼ਮੀਰ ਨੂੰ ਛੱਡ ਕੇ ਸਾਡੀ ਕੋਲ ਜਿਹੜਾ ਵੀ ਅਖ਼ਬਾਰ ਪਹੁੰਚਿਆ ਕਿਸੇ 'ਚ ਵੀ ਗਿਲਾਨੀ ਦੀ ਮੌਤ ਦੀ ਖ਼ਬਰ ਨਹੀਂ ਛਪੀ ਸੀ। ਸਿਰਫ਼ ਰਾਈਜ਼ਿੰਗ ਕਸ਼ਮੀਰ ਦੇ ਪਹਿਲੇ ਪੰਨੇ 'ਤੇ ਇਕ ਕਾਲਮ ਦੀ ਖ਼ਬਰ ਸੀ।"

ਡਿਸਟ੍ਰੀਬਿਊਟਰ ਨੇ ਦੱਸਿਆ, ਉਸ ਦਿਨ ਉਸ ਨੇ ਮਿੱਥ ਲਿਆ ਕਿ ਜਿਨ੍ਹਾਂ ਕੋਲ ਕੋਈ ਹੋਰ ਅਖ਼ਬਾਰ ਜਾਂਦਾ ਹੈ ਉਨ੍ਹਾਂ ਨੂੰ ਰਾਈਜ਼ਿੰਗ ਕਸ਼ਮੀਰ ਦੀ ਮੁਫ਼ਤ ਕਾਪੀ ਜ਼ਰੂਰ ਦੇਵਾਂਗਾ। "2016 ਤੋਂ, ਮੈਂ ਦੱਖਣੀ ਕਸ਼ਮੀਰ ਦੇ ਦੂਰ-ਦਰਾਜ ਖੇਤਰਾਂ ਵਿਚ ਆਪਣੇ ਏਜੰਟਾਂ ਅਤੇ ਗਾਹਕਾਂ ਨੂੰ ਅਖ਼ਬਾਰ ਖ਼ੁਦ ਜਾ ਕੇ ਦਿੰਦਾ ਸੀ," ਉਸਨੇ ਕਿਹਾ। "ਪਰ ਇਸ ਵਾਰ ਸਾਨੂੰ ਸ੍ਰੀਨਗਰ ਸ਼ਹਿਰ ਤੋਂ ਬਾਹਰ ਜਾਣ ਦੀ ਇਜਾਜ਼ਤ ਨਹੀਂ ਸੀ।"

ਕਸ਼ਮੀਰ ਆਬਜ਼ਰਵਰ ਦੇ ਮੁੱਖ ਸੰਪਾਦਕ ਸੱਜਾਦ ਹੈਦਰ ਨੇ ਮੈਨੂੰ ਦੱਸਿਆ, "ਅਸੀਂ ਗਿਲਾਨੀ ਦੀ ਮੌਤ ਦੀ ਰਿਪੋਰਟ ਉਸ ਦੇ ਕਰੀਅਰ ਅਤੇ ਵਿਚਾਰਧਾਰਾ ਦੇ ਆਧਾਰ 'ਤੇ ਬਣਾਈ ਸੀ। ਅਸੀਂ ਉਸ ਦੀ ਜ਼ਿੰਦਗੀ ਦਾ ਵਿਸਲੇਸ਼ਣ ਕਰਨ ਦੀ ਕੋਸ਼ਿਸ਼ ਕੀਤੀ, ਇੱਥੇ ਲੋਕਾਂ ਦਾ ਉਸ ਬਾਰੇ ਨਜ਼ਰੀਆ ਜਾਨਣ ਦੀ ਕੋਸ਼ਿਸ਼ ਕੀਤੀ, ਅਸੀਂ ਇਹ ਜਾਨਣ ਦੀ ਕੋਸ਼ਿਸ਼ ਕੀਤੀ ਕਿ ਉਹ ਲੋਕਾਂ ਦੀਆਂ ਨਜ਼ਰਾਂ 'ਚ ਕੀ ਸੀ।" ਹੈਦਰ ਲਈ ਉਸ ਦੀ ਖ਼ਬਰ ਨੂੰ ਨਾ ਛਾਪਣ ਦਾ ਕੋਈ ਸਵਾਲ ਹੀ ਨਹੀਂ ਸੀ। "ਉਸ ਦੀ ਮੌਤ ਦੀ ਖ਼ਬਰ ਨਾ ਦੇਣਾ ਅਤੇ ਇਸ ਨੂੰ ਸਿਰਫ਼ ਐਸੀ ਖ਼ਬਰ ਵਜੋਂ ਰੱਦ ਕਰ ਦੇਣਾ ਕਿ ਕੋਈ ਮੌਤ ਹੋਈ ਹੈ ਇਹ ਬੇਈਮਾਨੀ ਹੋਵੇਗੀ," ਉਸ ਨੇ ਕਿਹਾ। "ਅਸੀਂ ਦੋਨਾਂ ਬਾਰੇ ਵਿਚਾਰ ਕੇ ਇਸ ਉੱਪਰ ਕੰਮ ਕਰਨ ਦੀ ਕੋਸ਼ਿਸ਼ ਕੀਤੀ। ਜੇ ਉਹ ਅਸਾਧਾਰਨ ਸ਼ਖ਼ਸੀਅਤ ਨਾ ਹੁੰਦੇ, ਤਾਂ ਉਸ ਨੂੰ ਰਾਤ ਦੇ ਘੁੱਪ ਹਨੇਰੇ 'ਚ ਨਾ ਦਫ਼ਨਾਇਆ ਜਾਂਦਾ।"

ਕਸ਼ਮੀਰ ਆਬਜ਼ਰਵਰ ਵੀ ਰੰਗਰੇਟ ਤੋਂ ਛਪਦਾ ਹੈ। ਅਗਲੇ ਦਿਨ ਇਸ ਦੀ ਇਕ ਵੀ ਕਾਪੀ ਪਾਠਕਾਂ ਤੱਕ ਨਹੀਂ ਗਈ ਸੀ। ਹੈਦਰ ਨੇ ਕਿਹਾ, "ਸਾਨੂੰ ਪਤਾ ਲੱਗਾ ਕਿ ਪੁਲਿਸ ਪ੍ਰੈੱਸ 'ਚ ਆਈ ਸੀ ਪਰ ਸਾਨੂੰ ਯਕੀਨ ਨਹੀਂ ਸੀ ਕਿ ਉਹ ਅਖ਼ਬਾਰਾਂ ਦੀ ਵੰਡ-ਵੰਡਾਈ ਹੀ ਰੋਕ ਦੇਣਗੇ। ਜਦੋਂ ਅਖ਼ਬਾਰ ਵੰਡੇ ਨਹੀਂ ਗਏ ਸਾਨੂੰ ਉਦੋਂ ਪਤਾ ਲੱਗਿਆ। ਫਿਰ ਅਸੀਂ ਕੁਝ ਨਹੀਂ ਕਰ ਸਕਦੇ ਸੀ, ਦੇਰ ਹੋ ਚੁੱਕੀ ਸੀ। ਅਖ਼ਬਾਰਾਂ ਵੰਡਣ ਤੋਂ ਰੋਕਣ ਦੇ ਕੋਈ ਰਸਮੀ ਹੁਕਮ ਨਹੀਂ ਸਨ। ਉਹ ਸਾਡੇ ਪੈਸੇ ਬਚਾਉਣ ਲਈ ਸਾਨੂੰ ਛਾਪਣ ਤੋਂ ਰੋਕ ਸਕਦੇ ਸਨ। ਅਸੀਂ ਜੋ ਕਾਪੀਆਂ ਛਾਪੀਆਂ ਹਨ, ਉਸ ਦਾ ਭੁਗਤਾਨ ਤਾਂ ਸਾਨੂੰ ਕਰਨਾ ਹੀ ਪਵੇਗਾ।"

ਹੈਦਰ ਨੇ ਇਸ਼ਾਰਾ ਕੀਤਾ ਕਿ ਜਦੋਂ ਵੀ ਪੁਲਿਸ ਪ੍ਰੈੱਸ ਦੇ ਕੰਮਕਾਜ ਵਿਚ ਦਖ਼ਲ ਦਿੰਦੀ ਹੈ ਤਾਂ ਦੋਗਲੀ ਬੋਲੀ ਬੋਲਦੀ ਹੈ। ਉਸ ਨੇ ਕਿਹਾ, "ਜਦੋਂ ਪੁਲਿਸ ਨੇ ਗਿਲਾਨੀ ਦੀ ਲਾਸ਼ ਘਰੋਂ ਬਾਹਰ ਕੱਢੀ, ਤਾਂ ਉਨ੍ਹਾਂ ਨੇ ਕਿਹਾ ਕਿ ਉਹ 'ਦਫ਼ਨਾਉਣ ਦੇ ਇੰਤਜ਼ਾਮ' ਕਰ ਰਹੇ ਹਨ। ਇਸੇ ਤਰ੍ਹਾਂ, ਉਨ੍ਹਾਂ ਨੇ ਕਿਹਾ ਕਿ ਪਾਬੰਦੀਆਂ ਲੱਗੀਆਂ ਹੋਈਆਂ ਹਨ ਅਤੇ ਇਸ ਕਰਕੇ ਉਹ ਰੰਗਰੇਟ ਵਿਚ ਪ੍ਰੈਸ ਦੁਆਲੇ ਗਸ਼ਤ ਕਰ ਰਹੇ ਸਨ। ਉਹ ਇਸ ਨੂੰ ਰੁਟੀਨ ਗਸ਼ਤ ਦੱਸਦੇ ਹਨ ਅਤੇ ਇਸ ਨੂੰ ਛਾਪੇਮਾਰੀ ਨਹੀਂ ਕਹਿੰਦੇ। ਉਨ੍ਹਾਂ ਨੇ ਇਹ ਵੀ ਕਿਹਾ ਕਿ ਇਹ ਪ੍ਰੈਸ ਮਾਲਕ 'ਤੇ ਨਿਰਭਰ ਕਰਦਾ ਹੈ ਕਿ ਉਨ੍ਹਾਂ ਨੂੰ ਇਜਾਜ਼ਤ ਦੇਣੀ ਹੈ ਜਾਂ ਉਨ੍ਹਾਂ ਨੂੰ ਰੋਕਣਾ ਹੈ।" ਹਕੀਕਤ ਇਹ ਸੀ ਕਿ ਅਤਿਅੰਤ ਫ਼ੌਜੀਕਰਨ ਵਾਲੇ ਕਸ਼ਮੀਰ ਵਿਚ ਇਹ ਸਾਫ਼ ਧਮਕੀ ਸੀ।

ਹੈਦਰ ਨੇ ਕਿਹਾ ਕਿ ਉਸ ਨੇ ਅਧਿਕਾਰੀਆਂ ਅਤੇ ਪੁਲਿਸ ਤੋਂ ਜਵਾਬ ਮੰਗਣ ਦੀ ਕੋਸ਼ਿਸ਼ ਕੀਤੀ ਕਿ ਉਨ੍ਹਾਂ ਨੂੰ ਅਖ਼ਬਾਰ ਵੰਡਣ ਦੀ ਇਜਾਜ਼ਤ ਕਿਉਂ ਨਹੀਂ ਦਿੱਤੀ ਗਈ, ਪਰ ਕੋਈ ਜਵਾਬ ਨਹੀਂ ਮਿਲਿਆ। ਜਦੋਂ ਮੈਂ ਉਸ ਨੂੰ ਪੁੱਛਿਆ ਕਿ ਕੀ ਉਹ ਇਹ ਮੁੱਦਾ ਕਿਸੇ ਪੱਤਰਕਾਰ ਸੰਸਥਾ ਕੋਲ ਉਠਾ ਸਕਦੇ ਹਨ ਤਾਂ ਉਸ ਨੇ ਹੱਥ ਖੜ੍ਹੇ ਕਰ ਦਿੱਤੇ। ਉਸ ਨੇ ਕਿਹਾ, "ਕਸ਼ਮੀਰ 'ਚ ਹਾਲਾਤ ਬਹੁਤ ਬੇਵਸੀ ਵਾਲੇ ਹਨ, ਅਸੀਂ ਇਸ ਮੁੱਦੇ ਨੂੰ ਕਿਸੇ ਅੱਗੇ ਨਹੀਂ ਉਠਾ ਸਕਦੇ। ਯਹਾਂ ਤੋ ਨਫਸਾ ਨਫਸੀ ਕਾ ਆਲਮ ਹੈ (ਹਰ ਕਿਸੇ ਨੂੰ ਆਪਣੀ ਚਿੰਤਾ ਹੈ)। ਜਬ ਆਪਕੇ ਵਕਤ ਕੇ ਹੁਕਮਰਾਨ ਔਰ ਤੁਰਮ ਖਾਨ ਖਾਮੋਸ਼ ਬੈਠੇ ਹੈਂ, ਤੋ ਸਾਹਾਫੀ (ਪੱਤਰਕਾਰ) ਕੀ ਕਯਾ ਹੈਸੀਅਤ ਹੈ।"

ਗਿਲਾਨੀ ਦੀ ਮੌਤ ਤੋਂ ਬਾਦ ਪੁਰਾਣੇ ਸ਼ਹਿਰ ਦੇ ਕੁਝ ਹਿੱਸਿਆਂ ਵਿਚ ਵਿਰੋਧ ਪ੍ਰਦਰਸਨ ਸ਼ੁਰੂ ਹੋ ਗਏ। ਪੁਲਿਸ ਨੇ ਆਪਣੀ ਪੁਰਾਣੀ ਰਣਨੀਤੀ ਤਹਿਤ ਜਵਾਬੀ ਕਾਰਵਾਈ ਕੀਤੀ, ਪੈਲੇਟ ਗੰਨਾਂ ਚਲਾਈਆਂ ਅਤੇ ਅੱਥਰੂ ਗੈਸ ਦੇ ਗੋਲੇ ਦਾਗੇ। ਹਮੇਸ਼ਾ ਵਾਂਗ ਫ਼ੋਟੋ ਪੱਤਰਕਾਰਾਂ ਨੇ ਆਪਣੇ ਪ੍ਰਕਾਸ਼ਨਾਂ ਲਈ ਵਿਰੋਧ ਪ੍ਰਦਰਸ਼ਨ ਦੀ ਕਵਰੇਜ਼ ਕੀਤੀ, ਪਰ ਅਗਲੇ ਦਿਨ ਉਨ੍ਹਾਂ ਦੀ ਕੋਈ ਵੀ ਫ਼ੋਟੋ ਨਹੀਂ ਛਪੀ ਸੀ। ਇਕ ਰੋਜ਼ਾਨਾ ਉਰਦੂ ਅਖ਼ਬਾਰ ਦੇ ਮੁੱਖ ਸੰਪਾਦਕ ਨੇ ਮੈਨੂੰ ਦੱਸਿਆ ਕਿ ਮੀਡੀਆ ਸਲਾਹਕਾਰ ਯਾਦਵ ਨੇ ਉਨ੍ਹਾਂ ਨੂੰ ਪੈਲੇਟ ਗੰਨਾਂ ਨਾਲ ਜ਼ਖ਼ਮੀ ਹੋਏ ਕਿਸੇ ਵਿਅਕਤੀ ਦੀਆਂ ਤਸਵੀਰਾਂ ਨਾ ਛਾਪਣ ਦਾ ਹੁਕਮ ਦਿੱਤਾ ਸੀ। "ਤੁਸੀਂ ਇਹ ਜ਼ਿਕਰ ਤਾਂ ਕਰ ਸਕਦੇ ਹੋ ਕਿ ਪੈਲੇਟ ਗੰਨਾਂ ਨਾਲ ਚੋਟਾਂ ਆਈਆਂ ਹਨ ਜਾਂ ਵਿਰੋਧ ਪ੍ਰਦਰਸ਼ਨ ਹੋਏ, ਪਰ ਫ਼ੋਟੋ ਨਾ ਛਾਪਿਓ" ਉਸਨੇ ਕਿਹਾ। "ਡਰ ਅਤੇ ਸਰਕਾਰ ਦੀ ਬਦਲਾਖ਼ੋਰੀ ਕਾਰਨ ਸਾਨੂੰ ਕਸ਼ਮੀਰ ਦੀਆਂ ਦੋ ਮੁੱਖ ਸਿਆਸੀ ਪਾਰਟੀਆਂ, ਨੈਸ਼ਨਲ ਕਾਨਫਰੰਸ ਅਤੇ ਪੀਪਲਜ ਡੈਮੋਕ੍ਰੇਟਿਕ ਪਾਰਟੀ, ਦੇ ਸਿਆਸੀ ਬਿਆਨਾਂ ਨੂੰ ਸੈਂਸਰ ਕਰਨਾ ਪਿਆ। ਸਾਨੂੰ ਧਿਆਨ ਨਾਲ ਦੇਖਣਾ ਅਤੇ ਨਿਗਰਾਨੀ ਕਰਨੀ ਪੈਂਦੀ ਹੈ ਕਿ ਬਿਆਨ ਸਰਕਾਰ ਦੇ ਵਿਰੁੱਧ ਤਾਂ ਨਹੀਂ ਜਾ ਰਿਹਾ। ਹੁਰੀਅਤ ਦੇ ਬਿਆਨ ਛਾਪਣ ਦਾ ਤਾਂ ਸਵਾਲ ਹੀ ਨਹੀਂ ਹੈ, ਜੋ ਜ਼ਿਆਦਾ ਵਕਤ ਜੰਮੂ-ਕਸ਼ਮੀਰ ਵਿਚ ਭਾਰਤੀ ਰਾਜ ਅਤੇ ਉਨ੍ਹਾਂ ਦੀਆਂ ਨੀਤੀਆਂ ਦੇ ਖ਼ਿਲਾਫ਼ ਬੋਲਦੇ ਹਨ।

ਗਿਲਾਨੀ ਦੀ ਮੌਤ ਤੋਂ ਬਾਦ ਵੀ ਹੁਰੀਅਤ ਦੀਆਂ ਖ਼ਬਰਾਂ ਨੂੰ ਸੈਂਸਰ ਕਰਨ ਦਾ ਸਿਲਸਿਲਾ ਜਾਰੀ ਹੈ। ਕਸ਼ਮੀਰ ਇਮੇਜਿਜ ਦੇ ਮੁੱਖ ਸੰਪਾਦਕ ਬਸ਼ੀਰ ਮੰਜ਼ਰ ਨੇ ਮੈਨੂੰ ਦੱਸਿਆ ਕਿ ਉਨ੍ਹਾਂ ਦਾ ਅਖ਼ਬਾਰ ਕਸ਼ਮੀਰ ਵਿਚ ਕਿਸੇ ਵੀ ਵੱਡੀ ਘਟਨਾ ਦੀ ਰਿਪੋਰਟਿੰਗ ਦੇ ਮਿਆਰ ਨਾਲ ਸਮਝੌਤਾ




ਨਹੀਂ ਕਰ ਰਿਹਾ ਜਾਂ ਉਸ ਨੂੰ ਨਜ਼ਰਅੰਦਾਜ ਨਹੀਂ ਕਰ ਰਿਹਾ। ਜਦੋਂ ਮੈਂ ਪੁੱਛਿਆ ਕਿ ਕੀ ਉਨ੍ਹਾਂ ਨੇ ਹੁਰੀਅਤ ਕਾਨਫਰੰਸ ਦੇ ਨਵੇਂ ਪ੍ਰਧਾਨ ਵਜੋਂ ਮਸਰਤ ਆਲਮ ਦੀ ਨਿਯੁਕਤੀ ਨੂੰ ਕਵਰ ਕੀਤਾ ਸੀ, ਤਾਂ ਉਸਨੇ ਕਿਹਾ, "ਅਸੀਂ ਖ਼ਬਰਾਂ ਨੂੰ ਦਬਾਇਆ ਨਹੀਂ ਪਰ ਖ਼ਬਰ ਸਾਡੇ ਤੋਂ ਰਹਿ ਗਈ।" ਘਾਟੀ ਦੇ ਕਿਸੇ ਵੀ ਵੱਡੇ ਅਖ਼ਬਾਰ 'ਚ ਇਹ ਖ਼ਬਰ ਨਹੀਂ ਛਪੀ ਸੀ। ਜਿਨ੍ਹਾਂ ਜ਼ਿਆਦਾਤਰ ਸੰਪਾਦਕਾਂ ਨੇ ਮੇਰੇ ਨਾਲ ਆਨ-ਰਿਕਾਰਡ ਗੱਲ ਕੀਤੀ, ਸਾਰਿਆਂ ਦੀ ਭਾਸ਼ਾ ਇੱਕੋ ਜਹੀ ਕੂਟਨੀਤਕ ਸੀ।

ਸੰਪਾਦਕ ਨੇ ਮੈਨੂੰ ਦੱਸਿਆ, "ਕਸ਼ਮੀਰ ਦੀ ਹਾਲਤ ਬਹੁਤ ਵੱਖਰੀ ਤਰ੍ਹਾਂ ਦੀ ਹੈ ਅਤੇ ਮੈਂ ਆਪਣੇ ਤੀਹ ਸਾਲਾਂ ਦੇ ਕਰੀਅਰ ਵਿਚ ਅਜਿਹੀ ਅਜੀਬ ਸਥਿਤੀ ਕਦੇ ਨਹੀਂ ਦੇਖੀ। ਸ਼ਾਸਨ ਵੱਲੋਂ ਮੀਡੀਆ ਦੀ ਜ਼ੁਬਾਨਬੰਦੀ ਕੀਤੇ ਜਾਣ ਦੀ ਕੋਈ ਜਵਾਬਦੇਹੀ ਨਹੀਂ ਹੈ ਅਤੇ ਮੀਡੀਆ ਨੂੰ ਆ ਰਹੀਆਂ ਸਮੱਸਿਆਵਾਂ ਨੂੰ ਸੁਣਨ ਵਾਲਾ ਕੋਈ ਨਹੀਂ ਹੈ।" ਉਨ੍ਹਾਂ ਕਿਹਾ ਕਿ ਕੀ ਛਾਪਣਾ ਹੈ ਅਤੇ ਕੀ ਨਹੀਂ ਛਾਪਣਾ, ਇਹ ਤੈਅ ਕਰਨਾ ਤਲਵਾਰ ਦੀ ਧਾਰ 'ਤੇ ਤੁਰਨ ਬਰਾਬਰ ਹੈ। "ਕਸ਼ਮੀਰ ਵਿਚ ਪੱਤਰਕਾਰੀ ਨੂੰ ਸੰਤੁਲਿਤ ਕਰਨਾ ਕਦੇ ਵੀ ਸੌਖਾ ਨਹੀਂ ਰਿਹਾ, ਪਰ ਹੁਣ ਸਾਨੂੰ ਲੈਫਟੀਨੈਂਟ ਗਵਰਨਰ ਦੀਆਂ ਖ਼ਬਰਾਂ ਜਾਂ ਹੋਰ ਵਿਕਾਸ ਦੀਆਂ ਖ਼ਬਰਾਂ ਪਹਿਲੇ ਪੰਨੇ 'ਤੇ ਲਾਉਣ ਲਈ ਮਜਬੂਰ ਕੀਤਾ ਜਾ ਰਿਹਾ ਹੈ।"

ਮੁੱਖ ਸੰਪਾਦਕ ਨੇ ਕਿਹਾ ਕਿ ਲੈਫਟੀਨੈਂਟ ਗਵਰਨਰ ਦੇ ਦਫ਼ਤਰ, ਪੁਲਿਸ ਅਤੇ ਸੀਆਈਡੀ ਤੋਂ ਫ਼ੋਨ ਆਉਣੇ ਬਹੁਤ ਆਮ ਹੋ ਗਏ ਹਨ। ਉਸਨੇ ਕਿਹਾ, "ਪ੍ਰਸ਼ਾਸਨ ਨੇ ਸਾਨੂੰ ਵਿਰੋਧ ਪ੍ਰਦਰਸ਼ਨ ਅਤੇ ਪਥਰਾਓ ਵਰਗੀਆਂ ਹਿੰਸਾ ਨਾਲ ਸਬੰਧਤ ਗਤੀਵਿਧੀਆਂ ਨੂੰ ਕੋਈ ਜਗ੍ਹਾ ਨਾ ਦੇਣ ਦਾ ਨਿਰਦੇਸ਼ ਦਿੱਤਾ ਹੈ।" ਕਸ਼ਮੀਰ ਦੀਆਂ ਅੱਧੀਆਂ ਖ਼ਬਰਾਂ ਨਿਊਜ਼ਰੂਮ ਤੱਕ ਪਹੁੰਚਣ ਤੋਂ ਪਹਿਲਾਂ ਹੀ ਦਮ ਤੋੜ ਜਾਂਦੀਆਂ ਹਨ।

ਸ੍ਰੀਨਗਰ ਦੇ ਇਕ ਅੰਗਰੇਜ਼ੀ ਅਖ਼ਬਾਰ ਦੇ ਸੰਪਾਦਕ ਨੇ ਮੈਨੂੰ ਦੱਸਿਆ ਕਿ ਉਨ੍ਹਾਂ ਨੂੰ ਵੀ ਇਸ ਤਰ੍ਹਾਂ ਦੇ ਆਦੇਸ਼ ਮਿਲੇ ਸਨ। ਉਸ ਨੇ ਦੱਸਿਆ, "ਸਾਨੂੰ ਸਪੱਸ਼ਟ ਤੌਰ 'ਤੇ ਇਹ ਹੁਕਮ ਵੀ ਦਿੱਤਾ ਗਿਆ ਹੈ ਕਿ ਨੈਸ਼ਨਲ ਕਾਨਫਰੰਸ ਅਤੇ ਪੀਡੀਪੀ ਵਰਗੀਆਂ ਮੁੱਖਧਾਰਾ ਸਿਆਸੀ ਪਾਰਟੀਆਂ ਦਾ ਕੋਈ ਵੀ ਆਲੋਚਨਾਤਮਕ ਬਿਆਨ ਅਖ਼ਬਾਰ 'ਚ ਨਹੀਂ ਛਾਪਿਆ ਜਾਵੇਗਾ। ਸਾਨੂੰ ਉਨ੍ਹਾਂ ਸਿਆਸੀ ਪਾਰਟੀਆਂ ਦੇ ਬਿਆਨ ਨਾ ਲੈਣ ਲਈ ਕਿਹਾ ਗਿਆ ਹੈ ਜੋ ਐੱਲ.ਜੀ. ਸਿਨਹਾ, ਧਾਰਾ 370 ਜਾਂ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਦੀਆਂ ਨੀਤੀਆਂ ਦੇ ਵਿਰੁੱਧ ਹਨ।" ਵਿਰੋਧ ਪ੍ਰਦਰਸ਼ਨਾਂ ਅਤੇ ਪੁਲਿਸ ਦੀ ਬਦਲਾਖ਼ੋਰੀ ਜਾਂ ਰਾਜ ਦੀਆਂ ਸਿਆਸੀ ਪਾਰਟੀਆਂ ਦਾ ਹਵਾਲਾ ਦੇਣ ਤੋਂ ਵੀ ਅਸਮਰੱਥ ਅਖ਼ਬਾਰਾਂ ਨੂੰ ਆਪਣੇ ਪਹਿਲੇ ਪੰਨਿਆਂ ਉੱਪਰ ਲੈਫਟੀਨੈਂਟ ਗਵਰਨਰ ਮਨੋਜ ਸਿਨਹਾ ਦੁਆਰਾ ਸ਼ੁਰੂ ਕੀਤੇ ਵਿਕਾਸ ਪ੍ਰੋਜੈਕਟਾਂ ਬਾਰੇ ਬੇਤੁਕੀਆਂ ਖ਼ਬਰਾਂ ਨੂੰ ਜਗ੍ਹਾ ਦੇ ਕੇ ਵੱਡੇ ਪੱਧਰ 'ਤੇ ਕਵਰ ਕਰਨ ਲਈ ਮਜਬੂਰ ਕੀਤਾ ਗਿਆ ਹੈ।

ਸੰਪਾਦਕ ਨੇ ਮੈਨੂੰ ਦੱਸਿਆ ਕਿ ਸਿਨਹਾ ਨੂੰ ਆਪਣੇ ਹਰ ਕੰਮ ਨੂੰ 'ਇਤਿਹਾਸਕ' ਦੱਸਦੇ ਹੋਏ ਪ੍ਰੈੱਸ ਨੋਟ ਭੇਜਣ ਦੀ ਆਦਤ ਹੈ, ਅਤੇ ਇਸ ਕਰਕੇ ਉਸ ਨੂੰ "ਮੰਨਾ ਇਤਿਹਾਸ" ਕਿਹਾ ਜਾਂਦਾ ਹੈ। (ਕਸ਼ਮੀਰੀਆਂ 'ਚ ਨਾਮ ਨੂੰ ਛੋਟਾ ਕਰਕੇ ਪਹਿਲੇ ਅੱਖ਼ਰਾਂ ਨੂੰ ਜੋੜ ਕੇ ਬੋਲਣ ਦੀ ਰੁਚੀ ਹੈ।) ਸੰਪਾਦਕ ਨੇ ਅੱਗੇ ਕਿਹਾ, "ਅੱਜ ਕੱਲ੍ਹ ਸਾਨੂੰ ਮੰਨਾ ਇਤਿਹਾਸ ਨੂੰ ਪ੍ਰਮੁੱਖ ਜਗ੍ਹਾ ਦੇਣੀ ਪੈਂਦੀ ਹੈ। ਅਖ਼ਬਾਰਾਂ ਜ਼ਿੰਦਗੀ ਅਤੇ ਮੌਤ ਦੀ ਲੜਾਈ ਲੜ ਰਹੀਆਂ ਹਨ ਅਤੇ ਮਾਲਕਾਂ ਨੂੰ ਲੱਗਦਾ ਹੈ ਕਿ ਉਦਯੋਗ ਉਨ੍ਹਾਂ ਨੂੰ ਕਵਰੇਜ ਦੇਣ ਨਾਲ ਹੀ ਬਚ ਸਕੇਗਾ। ਇੱਧਰ ਪ੍ਰਸ਼ਾਸਨ ਨੂੰ ਲੱਗਦਾ ਹੈ ਕਿ ਕਸ਼ਮੀਰ ਵਿਚ ਪੱਤਰਕਾਰੀ ਨੂੰ ਕੁਚਲ ਕੇ ਉਹ ਬਿਰਤਾਂਤ ਨੂੰ ਬਦਲ ਦੇਣਗੇ।" ਸਿਨਹਾ ਅਤੇ ਉਸ ਦੇ ਮੀਡੀਆ ਸਲਾਹਕਾਰ ਯਤੀਸ਼ ਯਾਦਵ ਨੇ ਈਮੇਲ ਰਾਹੀਂ ਉਨ੍ਹਾਂ ਨੂੰ ਭੇਜੇ ਗਏ ਵਿਸਤਾਰੀ ਸਵਾਲਨਾਮੇ ਦਾ ਕੋਈ ਜਵਾਬ ਨਹੀਂ ਦਿੱਤਾ।

ਮੰਜ਼ਰ ਨੇ ਮੈਨੂੰ ਦੱਸਿਆ ਕਿ ਸਿਨਹਾ ਦੀ ਸਵੈ-ਪ੍ਰਮੋਸ਼ਨ ਕਸ਼ਮੀਰ ਵਿਚ ਪਿਛਲੀ ਸਰਕਾਰ ਦੇ ਮੁਖੀਆਂ ਨਾਲੋਂ ਬਹੁਤੀ ਵੱਖਰੀ ਨਹੀਂ ਹੈ। ਉਸ ਨੇ ਕਿਹਾ, "ਪਹਿਲੀਆਂ ਸਰਕਾਰਾਂ ਵੀ ਪਹਿਲੇ ਪੰਨੇ 'ਤੇ ਹੁੰਦੀਆਂ ਸਨ ਜਿਵੇਂ ਕਿ ਅੱਜ ਕੱਲ੍ਹ ਮਨੋਜ ਸਿਨਹਾ ਹਨ।" ਮੰਜ਼ਰ ਦੇ ਅਨੁਸਾਰ, ਨਵੀਂ ਗੱਲ ਇਹ ਹੈ ਕਿ ਕਸ਼ਮੀਰ ਦੀਆਂ ਸਥਾਨਕ ਖ਼ਬਰਾਂ ਉਸ ਦੇ ਪਾਠਕਾਂ ਦੀ ਪਹੁੰਚ ਤੋਂ ਪੂਰੀ ਤਰ੍ਹਾਂ ਬਾਹਰ ਹੋ ਰਹੀਆਂ ਹਨ। "ਮੈਂ ਤਾਂ ਕਹਾਂਗਾ ਕਿ 5 ਅਗਸਤ ਦੇ ਫ਼ੈਸਲੇ (ਧਾਰਾ 370 ਨੂੰ ਖ਼ਤਮ ਕੀਤੇ ਜਾਣ) ਦਾ ਪਹਿਲਾ ਨੁਕਸਾਨ ਸਥਾਨਕ ਮੀਡੀਆ ਨੂੰ ਹੋਇਆ ਸੀ। ਮੀਡੀਆ ਨੂੰ ਜਨਤਾ ਅਤੇ ਸੱਤਾਧਾਰੀਆਂ ਦਰਮਿਆਨ ਪੁਲ ਮੰਨਿਆ ਜਾਂਦਾ ਹੈ। ਪਰ ਸਾਰੇ ਸੰਚਾਰ ਚੈਨਲ ਬੰਦ ਕਰ ਦਿੱਤੇ ਜਾਣ ਤੋਂ ਬਾਦ ਕਸ਼ਮੀਰ ਦਾ ਮੀਡੀਆ ਰਿਪੋਰਟਿੰਗ ਕਰਨ ਤੋਂ ਬੇਵੱਸ ਹੋ ਗਿਆ। ਪਹਿਲੇ ਤਿੰਨ ਮਹੀਨੇ ਅਸੀਂ ਆਪਣੇ ਪੱਤਰਕਾਰਾਂ ਨਾਲ ਵੀ ਸੰਪਰਕ ਨਹੀਂ ਕਰ ਸਕੇ। ਮੈਂ ਟੈਲੀਵਿਜ਼ਨ ਉੱਪਰ ਖ਼ਬਰਾਂ ਦੇਖਦਾ ਸੀ ਅਤੇ ਬਹੁਤ ਅਜੀਬ ਮਹਿਸੂਸ ਹੁੰਦਾ ਸੀ। ਮੈਂ ਨਿਊਯਾਰਕ ਵਰਗੇ ਦੂਰ ਦਰਾਜ ਥਾਵਾਂ 'ਤੇ ਵਾਪਰਨ ਵਾਲੀਆਂ ਘਟਨਾਵਾਂ ਬਾਰੇ ਤਾਂ ਜਾਣ ਸਕਦਾ ਸੀ, ਪਰ ਮੈਨੂੰ ਇਹ ਪਤਾ ਨਹੀਂ ਸੀ ਕਿ ਮੇਰੇ ਦਫ਼ਤਰ ਤੋਂ ਮਹਿਜ਼ ਸੱਠ ਕਿਲੋਮੀਟਰ ਦੂਰ ਸੋਪੋਰ ਵਿਚ ਕੀ ਹੋ ਰਿਹਾ ਹੈ।"

ਘਾਟੀ ਦੇ ਸਿਆਸੀ ਆਗੂਆਂ ਦੀ ਖ਼ਾਮੋਸ਼ੀ ਦੇ ਆਲਮ ਨੇ ਕੁਝ ਵੀ ਵਾਪਰਨ 'ਤੇ ਬਿਆਨ ਜਾਰੀ ਕਰਨ ਜਾਂ ਟਿੱਪਣੀ ਦੇਣ ਦੀ ਉਨ੍ਹਾਂ ਦੀ ਸੰਭਾਵਨਾ ਹੀ ਘਟਾ ਦਿੱਤੀ ਹੈ। ਹੈਦਰ ਨੇ ਕਸ਼ਮੀਰ ਦੀ ਚੁਣੀ ਹੋਈ ਲੀਡਰਸ਼ਿਪ ਬਾਬਤ ਸ਼ਿਕਾਇਤੀ ਲਹਿਜੇ 'ਚ ਕਿਹਾ, "ਮੁੱਦਿਆਂ ਉੱਪਰ ਬੋਲਣ ਲਈ ਕੋਈ ਵੀ ਸਾਹਮਣੇ ਨਹੀਂ ਆ ਰਿਹਾ, ਇੱਥੋਂ ਤੱਕ ਕਿ ਵੱਡੇ ਸਿਆਸੀ ਆਗੂ ਵੀ ਖ਼ਾਮੋਸ਼ ਹਨ। "ਜਦੋਂ ਤੁਸੀਂ ਸਾਡਾ ਅਖ਼ਬਾਰ ਪੜ੍ਹਦੇ ਹੋ ਤਾਂ ਇੰਞ ਲੱਗਦਾ ਹੈ ਕਿ ਸਿਰਫ਼ ਸਰਕਾਰੀ ਸਰਗਰਮੀਆਂ ਹੋ ਰਹੀਆਂ ਹਨ, ਅਤੇ ਦੂਜਾ ਪਾਸਾ – ਮੁੱਖ ਧਾਰਾ ਦੀਆਂ ਪਾਰਟੀਆਂ ਅਤੇ ਵੱਖਵਾਦੀ – ਖ਼ਾਮੋਸ਼ ਹਨ। ਅਸੀਂ ਉਨ੍ਹਾਂ ਸਿਆਸੀ ਆਗੂਆਂ ਦਾ ਪੱਖ ਛਾਪਣ ਲਈ ਤਿਆਰ ਹਾਂ ਪਰ ਉਹ ਕੁਝ ਬੋਲਣ ਤਾਂ ਸਹੀ। ਆਖ਼ਿਰਕਾਰ ਸਾਡੇ ਕੋਲ ਗਵਰਨਰ ਦੀ ਅਗਵਾਈ ਵਾਲੇ ਪ੍ਰਸ਼ਾਸਨ ਅਤੇ ਰਾਜ ਮਸ਼ੀਨਰੀ ਦੀਆਂ ਕਾਰਵਾਈਆਂ ਨੂੰ ਕਵਰ ਕਰਨਾ ਹੀ ਰਹਿ ਜਾਂਦਾ ਹੈ।"

ਹੈਦਰ ਨੇ ਮੈਨੂੰ ਦੱਸਿਆ ਕਿ ਇਹ ਕਸ਼ਮੀਰ ਦੇ ਨਾਗਰਿਕਾਂ ਦਾ ਬਹੁਤ ਨੁਕਸਾਨ ਕਰ ਰਿਹਾ ਹੈ ਕਿਉਂਕਿ ਕਸ਼ਮੀਰ ਦੇ ਜ਼ਿਆਦਾਤਰ ਸੀਨੀਅਰ ਨੌਕਰਸ਼ਾਹ ਅਤੇ ਪੁਲਿਸ ਲੀਡਰਸ਼ਿਪ ਬਾਹਰੀ ਹਨ। ਉਹ ਸਥਾਨਕ ਸਰੋਕਾਰਾਂ/ਮਸਲਿਆਂ ਨੂੰ ਸਿਆਸੀ ਪਾਰਟੀਆਂ ਦੀ ਤਰ੍ਹਾਂ ਨਹੀਂ ਸਮਝ ਸਕਦੇ। ਸਥਾਨਕ ਨੌਕਰਸ਼ਾਹ ਜੋ ਸਥਾਨਕ ਸਿਆਸਤ, ਭਾਵਨਾਤਮਕ ਸਮੱਸਿਆਵਾਂ ਅਤੇ ਲੋਕਾਂ ਦੇ ਮੁੱਦਿਆਂ ਨੂੰ ਸਮਝਣ ਲਈ ਲੋੜੀਂਦੇ ਤਜ਼ਰਬੇਕਾਰ ਅਤੇ ਸੀਨੀਅਰ ਸਨ, ਉਨ੍ਹਾਂ ਨੂੰ ਅਹੁਦਿਆਂ ਤੋਂ ਹਟਾ ਦਿੱਤਾ ਗਿਆ ਹੈ। "ਉਨ੍ਹਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਇੱਥੋਂ ਦੇ ਲੋਕ ਭਾਰਤੀ ਝੰਡਾ ਆਪਣੀ ਮਰਜ਼ੀ ਨਾਲ ਚੁੱਕਣ, ਨਾ ਕਿ ਉਨ੍ਹਾਂ ਨੂੰ ਇਸ ਦੇ ਲਈ ਮਜਬੂਰ ਕੀਤਾ ਜਾਵੇ।"

ਹੈਦਰ ਦੀ ਗੱਲ ਸਹੀ ਲੱਗਦੀ ਹੈ। ਮਿਸਾਲ ਵਜੋਂ, ਧਾਰਾ 370 ਨੂੰ ਖ਼ਤਮ ਕਰਨ ਤੋਂ ਬਾਦ ਵਿਆਪਕ ਰੱਦੋ ਬਦਲ ਕੀਤੀ ਗਈ ਹੈ। ਬਦਲਾਓ ਤੋਂ ਬਾਦ ਪੁਲਿਸ 'ਚ ਵੱਡੇ ਪੱਧਰ 'ਤੇ ਘਾਟੀ ਤੋਂ ਬਾਹਰਲੇ ਉਨ੍ਹਾਂ ਅਧਿਕਾਰੀਆਂ ਨੂੰ ਲਾ ਦਿੱਤਾ ਗਿਆ ਹੈ ਜੋ ਕਸ਼ਮੀਰ ਦੀਆਂ ਸਿਆਸੀ ਅਤੇ ਸਮਾਜੀ ਬਾਰੀਕੀਆਂ ਨੂੰ ਸਮਝਣਾ ਤਾਂ ਦੂਰ, ਇਸ ਦੀ ਸਥਾਨਕ ਜ਼ੁਬਾਨ ਵੀ ਮਸਾਂ ਬੋਲਦੇ ਹਨ। ਕਸ਼ਮੀਰੀ ਮੂਲ ਦੇ ਕਈ ਸੀਨੀਅਰ ਅਫ਼ਸਰ ਜੋ ਦਹਿਸ਼ਤਵਾਦ ਵਿਰੋਧੀ ਕਾਰਵਾਈਆਂ ਦੀ ਅਗਵਾਈ ਕਰਨ ਲਈ ਜਾਣੇ ਜਾਂਦੇ ਸਨ, ਨੂੰ ਪਾਸੇ ਕਰ ਦਿੱਤਾ ਗਿਆ ਹੈ। ਇਹੀ ਕੁਝ ਮਾਲ ਵਿਭਾਗ ਵਿਚ ਨਜ਼ਰ ਆ ਰਿਹਾ ਹੈ। ਸਿਨਹਾ ਦੇ ਦਫ਼ਤਰ ਦੇ ਕਈ ਸੀਨੀਅਰ ਅਧਿਕਾਰੀ ਵੀ ਬਾਹਰਲੇ ਹਨ।

ਇਨ੍ਹਾਂ ਬਦਲੇ ਹੋਏ ਹਾਲਾਤ 'ਚ ਪੱਤਰਕਾਰਾਂ ਉੱਪਰ ਹਮਲਾਵਰ ਕਾਰਵਾਈ ਹੋਰ ਤਿੱਖੀ ਕਰ ਦਿੱਤੀ ਗਈ ਹੈ। ਧਾਰਾ 370 ਨੂੰ ਖ਼ਤਮ ਕੀਤੇ ਜਾਣ ਤੋਂ ਬਾਦ ਪੁਲਿਸ ਕੇਸ, ਗ਼ੈਰ-ਕਾਨੂੰਨੀ ਨਿਗਰਾਨੀ, ਪੱਤਰਕਾਰਾਂ ਦੇ ਘਰਾਂ ਉੱਪਰ ਛਾਪੇਮਾਰੀ ਅਤੇ ਹਿਰਾਸਤੀ ਹਿੰਸਾ ਵੀ ਆਮ ਹੋ ਗਈ ਹੈ। 8 ਸਤੰਬਰ 2020 ਦੀ ਸਵੇਰ ਨੂੰ, ਪੁਲਿਸ ਨੇ ਇੱਕੋ ਸਮੇਂ ਚਾਰ ਪੱਤਰਕਾਰਾਂ ਦੇ ਘਰਾਂ 'ਤੇ ਛਾਪਾ ਮਾਰਿਆ। ਇਨ੍ਹਾਂ 'ਚ ਉਰਦੂ ਰੋਜ਼ਾਨਾ ਕਸ਼ਮੀਰ ਉਜਮਾ ਦੇ ਔਨਲਾਈਨ ਸੰਪਾਦਕ ਸਾਹ ਅੱਬਾਸ ਅਤੇ ਬਤੌਰ ਸੰਪਾਦਕ ਅਤੇ ਲੇਖਕ ਕਈ ਪ੍ਰਮੁੱਖ ਅਖ਼ਬਾਰਾਂ ਅਤੇ ਰਸਾਲਿਆਂ ਲਈ ਕੰਮ ਕਰ ਚੁੱਕੇ ਸ਼ੌਕਤ ਮੋਟਾ ਸ਼ਾਮਿਲ ਹਨ। ਕਸ਼ਮੀਰ ਰੀਡਰ ਦੇ ਸਾਬਕਾ ਸੰਪਾਦਕ ਹਿਲਾਲ ਮੀਰ ਅਤੇ ਪੀਟੀਆਈ ਤੇ ਦੀ ਟ੍ਰਿਬਿਊਨ ਨਾਲ ਕੰਮ ਕਰ ਚੁੱਕੇ ਅਜਹਰ ਕਾਦਰੀ ਨੂੰ ਵੀ ਹਿਰਾਸਤ 'ਚ ਲੈ ਲਿਆ ਗਿਆ। ਇਹ ਦੋਵੇਂ ਹੁਣ ਸੁਤੰਤਰ ਪੱਤਰਕਾਰਾਂ ਵਜੋਂ ਕੰਮ ਕਰਦੇ ਹਨ। ਪੁਲਿਸ ਨੇ ਉਨ੍ਹਾਂ ਦੇ ਫ਼ੋਨ ਅਤੇ ਲੈਪਟਾਪ ਜ਼ਬਤ ਕਰ ਲਏ। ਜ਼ਬਤ ਕੀਤੇ ਗਏ ਸਮਾਨ ਵਿਚ ਕਾਦਰੀ ਦਾ ਪੁਰਾਣਾ ਨੌਕਰੀ ਇਕਰਾਰਨਾਮਾ ਅਤੇ ਇੰਡੀਅਨ ਐਕਸਪ੍ਰੈਸ ਨਾਲ ਕੰਮ ਕਰਨ ਲਈ ਪ੍ਰਾਪਤ ਕੀਤਾ ਇੰਟਰਨਸ਼ਿੱਪ ਸਰਟੀਫਿਕੇਟ ਵੀ ਸ਼ਾਮਿਲ ਸੀ। ਇਨ੍ਹਾਂ ਪੱਤਰਕਾਰਾਂ ਵਿੱਚੋਂ ਇਕ ਨੇ ਮੈਨੂੰ ਦੱਸਿਆ ਕਿ ਜ਼ਬਤ ਕੀਤੇ ਫ਼ੋਨ ਅਜੇ ਵੀ ਵਾਪਸ ਨਹੀਂ ਕੀਤੇ ਗਏ।

(ਬਾਕੀ ਅਗਲੇ ਅੰਕ 'ਚ)

# ਪਹਿਲੀ ਬਰਸੀ ’ਤੇ ਸਵ: ਜੋਗਿੰਦਰ ਸ਼ਮਸ਼ੇਰ ਨੂੰ ਚੇਤੇ ਕਰਦਿਆਂ



ਸਤਵੰਤ ਸ ਦੀਪਕ
ਵੈਨਕੂਵਰ, ਬੀ ਸੀ
604 910 9953.

ਪੰਜਾਬੀ ਦੇ ਪ੍ਰਗਤੀਸ਼ੀਲ, ਸਿਰਮੌਰ, ਬਜ਼ੁਰਗ ਸ਼ਖ਼ਸੀਅਤ ਅਤੇ ਬਹੁ-ਪੱਖੀ ਲੇਖਕ, ਸ੍ਰੀ ਜੋਗਿੰਦਰ ਸ਼ਮਸ਼ੇਰ ਜੀ ਅਗਸਤ 24, 2021 ਨੂੰ ਜਾਨ-ਲੇਵਾ ਸਟਰੋਕ ਹੋਣ ਕਰਕੇ ਸਾਨੂੰ ਸਦੀਵੀ ਵਿਛੋੜਾ ਦੇ ਗਏ ਸਨ। ਜੋਗਿੰਦਰ ਸ਼ਮਸ਼ੇਰ ਵਰਗੀ ਕੱਦਾਵਰ, ਸਮਰੱਥ ਸ਼ਖ਼ਸੀਅਤ ਦੀ ਲਗਭਗ ਇਕ ਸਦੀ ਦੀ ਵਿਸ਼ਾਲ ਜ਼ਿੰਦਗੀ ਦੀ ਇਕ ਛੋਟੇ ਲੇਖ ਵਿਚ ਸਮੀਖਿਆ ਕਰਨੀ ਉਨ੍ਹਾਂ ਨਾਲ਼ ਘੋਰ ਬੇਇਨਸਾਫ਼ੀ ਹੋਵੇਗੀ। ਉਨ੍ਹਾਂ ਦੀ ਪਹਿਲੀ ਬਰਸੀ ’ਤੇ ਸ਼ਰਧਾਂਜਲੀ ਵਜੋਂ ਇਹ ਹੱਥਲਾ ਲੇਖ ਸ੍ਰੀ ਜੋਗਿੰਦਰ ਸ਼ਮਸ਼ੇਰ ਜੀ ਦੀਆਂ ਅਭੁੱਲ ਯਾਦਾਂ ਨੂੰ ਸਮਰਪਤ ਨਿਮਾਣਾ ਜਿਹਾ ਯਤਨ ਹੈ।

ਜੋਗਿੰਦਰ ਸ਼ਮਸ਼ੇਰ ਜੀ ਦੇ ਸਮੁੱਚੇ ਜੀਵਨ ਕਾਲ ਨੂੰ ਤਿੰਨ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ। ਉਮਰ ਦਾ ਪਹਿਲਾ ਹਿੱਸਾ (33 ਸਾਲ) ਉਨ੍ਹਾਂ ਨੇ ਭਾਰਤ ਵਿਚ ਗੁਜ਼ਾਰਿਆ, ਮੱਧ ਦਾ ਹਿੱਸਾ (32 ਸਾਲ) ਇੰਗਲੈਂਡ, ਅਤੇ ਆਖ਼ਰੀ ਹਿੱਸਾ (28 ਸਾਲ) ਕੈਨੇਡਾ ਵਿਚ ਬਿਤਾਇਆ। ਜੋਗਿੰਦਰ ਸ਼ਮਸ਼ੇਰ ਦਾ ਜਨਮ 19 ਮਾਰਚ 1928 ਨੂੰ ਪਿਤਾ ਸਰਦਾਰ ਸੁਰਾਇਣ ਸਿੰਘ ਦੇ ਘਰ ਮਾਤਾ ਸ੍ਰੀਮਤੀ ਬਸੰਤ ਕੌਰ ਜੀ ਦੀ ਕੁੱਖੋਂ ਆਪਣੇ ਜੱਦੀ ਪਿੰਡ ਲੱਖਣ ਕੇ ਪੱਡਾ, ਜ਼ਿਲ੍ਹਾ ਕਪੂਰਥਲਾ ਵਿੱਚ ਹੋਇਆ। ਉਨ੍ਹਾਂ ਦੀ ਸ਼ਾਦੀ ਘਣੀ ਕੇ ਬਾਂਗਰ, ਤਹਿਸੀਲ ਬਟਾਲਾ ਦੇ ਇਕ ਆਦਰਨੀਯ ਢਾਲਾ ਪਰਵਾਰ ਵਿਚ ਸ੍ਰੀਮਤੀ ਪਰਕਾਸ਼ ਕੌਰ ਨਾਲ਼ ਨਵੰਬਰ 27, 1976 ਵਿਚ ਲੰਡਨ ਵਿਖੇ ਹੋਈ। ਉਨ੍ਹਾਂ ਦੇ ਘਰ ਸੁਚੱਜੀ, ਸੁਸ਼ੀਲ ਬੇਟੀ ਉਸ਼ਮਾ ਦਾ ਜਨਮ 24 ਅਗਸਤ, 1977 ਨੂੰ ਹੋਇਆ ।

ਜੋਗਿੰਦਰ ਸ਼ਮਸ਼ੇਰ ਦਾ ਜੱਦੀ ਪਿੰਡ ‘ਲੱਖਣ ਕੇ ਪੱਡਾ’ ਪ੍ਰਗਤੀਸ਼ੀਲ ਅਤੇ ਵਿਗਿਆਨਕ ਸੋਚ ਵਾਲੇ ਪਿੰਡ ਵਜੋਂ ਦੁਨੀਆਂ ਭਰ ਵਿਚ ਜਾਣਿਆ ਜਾਂਦਾ ਹੈ, ਇਸ ਵਿਚ ਜੋਗਿੰਦਰ ਸ਼ਮਸ਼ੇਰ ਦਾ ਬਹੁਤ ਵੱਡਾ ਯੋਗਦਾਨ ਹੈ। ਇਹ ਪਿੰਡ ਪ੍ਰਗਤੀਵਾਦੀ ਵਿਚਾਰਧਾਰਾ ਨੂੰ ਪਰਣਾਏ ਇਨਕਲਾਬੀ ਸੂਰਮਿਆਂ ਦੀ ਜਨਮ-ਭੋਇੰ ਹੈ। ਸ਼ਹੀਦ ਜੈਮਲ ਸਿੰਘ ਪੱਡਾ ਵਰਗੇ ਇਨਕਲਾਬੀ ਸੂਰਮੇਂ ਜੋ ਇਸੇ ਪਿੰਡ ਵਿਚ ਜਨਮੇ, ਦੀ ਸੋਚ ਨੂੰ ਅਗਾਂਹਵਧੂ, ਇਨਕਲਾਬੀ ਵਿਚਾਰਧਾਰਾ ਦੀ ਸਾਣ ਉੱਤੇ ਲਾ ਕੇ ਸੂਰਮੇ ਦੀ ਸਿਰਜਣਾ ਕਰਨ ਦਾ ਮਾਣ ਜੋਗਿੰਦਰ ਸ਼ਮਸ਼ੇਰ ਜੀ ਨੂੰ ਹਾਸਲ ਹੈ। ਜੈਮਲ ਤੇ ਸ਼ਮਸ਼ੇਰ ਜੀ ਗਵਾਂਢੀ ਸਨ। ਉਹ ਜੈਮਲ ਪੱਡੇ ਬਾਰੇ ਗੱਲਾਂ ਕਰਦੇ ਕਰਦੇ ਬਹੁਤ ਭਾਵੁਕ ਹੋ ਜਾਦੇ ਸਨ, ਉਨ੍ਹਾਂ ਦਾ ਉਸ ਨਾਲ਼ ਆਪਣੇ ਪੁੱਤਰਾਂ ਵਰਗਾ ਮੋਹ ਸੀ, ਅਤੇ ਮਾਣ ਸੀ ਕਿ ਜੈਮਲ ਪੱਡਾ ਉਨ੍ਹਾਂ ਦਾ ਸ਼ਾਗਿਰਦ ਰਿਹਾ ਹੈ।

ਜੋਗਿੰਦਰ ਸ਼ਮਸ਼ੇਰ ਦੇ ਜਨਮ ਸਾਲ 1928 ਵਿਚ ਹੀ ਉਨ੍ਹਾਂ ਦਾ ਪਰਵਾਰ ਬਲੋਚਿਸਤਾਨ ਦੇ ਕੋਇਟੇ ਸ਼ਹਿਰ ਚਲਾ ਗਿਆ ਸੀ। 1935 ਨੂੰ ਕੋਇਟੇ ਵਿਚ ਜਬਰਦਸਤ ਭੂਚਾਲ ਆਇਆ, ਜਿਸ ਕਰਕੇ ਸਾਰਾ ਵਸਦਾ ਰਸਦਾ ਸ਼ਹਿਰ ਰਾਤੋ-ਰਾਤ ਢਹਿ-ਢੇਰੀ ਹੋ ਗਿਆ। ਇਸ ਭੂਚਾਲ ਵਿਚ ਸ਼ਮਸ਼ੇਰ ਜੀ ਦੇ ਪਿਤਾ ਜੀ ਮਲਬੇ ਦੇ ਭਾਰ ਹੇਠ ਆਉਣ ਨਾਲ਼ ਰੀੜ੍ਹ ਦੀ ਹੱਡੀ ਟੁੱਟ ਜਾਣ ਕਰਕੇ ਉਮਰ-ਭਰ ਲਈ ਅਪਾਹਜ ਹੋ ਗਏ ਸਨ। ਇਸ ਭੂਚਾਲ ਨਾਲ਼ ਹੋਈ ਤਬਾਹੀ ਅਤੇ ਭਿਆਨਕਤਾ ਦਾ ਮੰਜ਼ਰ ਜੋ ਸ਼ਮਸ਼ੇਰ ਜੀ ਉਸਾਰਦੇ ਸਨ, ਸੁਣ ਕੇ ਰੂਹ ਕੰਬ ਜਾਂਦੀ ਸੀ। ਜਦ ਸਾਰਾ ਸ਼ਹਿਰ ਭੂਚਾਲ ਨਾਲ਼ ਤਹਿਸ ਨਹਿਸ ਹੋ ਗਿਆ ਤਾਂ ਜੁਲਾਈ 1936 ਵਿਚ ਉਹ ਆਪਣੇ ਪਰਵਾਰ ਸਮੇਤ ਜੱਦੀ ਪਿੰਡ ਲੱਖਣ ਕੇ ਪੱਡਾ ਵਾਪਸ ਆ ਗਏ। 1936 ਤੋਂ 1952 ਤੱਕ ਆਪ ਕਾਲ਼ਾ ਸੰਘਿਆਂ ਰਹੇ ਜਿੱਥੇ ਉਨ੍ਹਾਂ ਦੇ ਮਾਤਾ ਜੀ ਗਰਲਜ਼ ਸਕੂਲ ਦੇ ਮੁਖ-ਅਧਿਆਪਕਾ ਸਨ। ਸਿੱਖ ਧਰਮ ਵਿੱਚ ਉਨ੍ਹਾਂ ਦੀ ਪੂਰੀ ਆਸਥਾ ਸੀ, ਉਨ੍ਹਾਂ ਦਾ ਗੁਰੂ ਗਰੰਥ ਸਾਹਿਬ ਵਿਚ ਅਟੁੱਟ ਵਿਸ਼ਵਾਸ ਸੀ। ਬਚਪਨ ਵਿੱਚ ਸਿੱਖੀ ਦੇ ਸੰਸਕਾਰ ਉਨ੍ਹਾਂ ਨੂੰ ਆਪਣੇ ਮਾਤਾ-ਪਿਤਾ ਤੋਂ ਮਿਲ਼ੇ ਸਨ, ਲੇਕਿਨ ਸਾਰੀ ਉਮਰ ਉਹ ਧਰਮ ਦੇ ਨਾਂ ’ਤੇ ਕਦੇ ਉਲਾਰ ਨਹੀਂ ਹੋਏ, ਨਾ ਹੀ ਉਹਨਾਂ ਵਿਚ ਕੋਈ ਧਾਰਮਕ ਸੰਕੀਰਣਤਾ ਸੀ। ਇਸ ਦਾ ਸਬੂਤ ਇਹ ਹੈ ਕਿ ਉਨ੍ਹਾਂ ਦੀ ਪਹਿਲੀ ਮੁਹੱਬਤ ਕਰਮੀ ਨਾਂ ਦੀ ਇਕ ਮੁਸਲਮਾਨ ਕੁੜੀ ਨਾਲ਼ ਹੋਈ। ਉਨ੍ਹਾਂ ਦੇ ਭਾਈਚਾਰਕ ਸਾਂਝ ਦੇ ਘੇਰੇ ਵਿਚ ਸਿੱਖ, ਮੁਸਲਮਾਨ, ਹਿੰਦੂ, ਇਸਾਈ ਸਭ ਹੀ ਆਉਂਦੇ ਸਨ। ਉਹ ਲਿਖਦੇ ਹਨ ਕਿ “ਮੈਂ ਗੁਰਦਵਾਰੇ ਜਾਂਦਾ ਸਾਂ, ਸਿਰਫ਼ ਇਸ ਲਈ ਕਿ ਮੇਰੇ ਮਾਂ-ਬਾਪ ਜਾਂਦੇ ਸਨ। ਮੇਰੇ ਕੇਸ ਸਨ, ਮੈਂ ਪੱਗ ਬੰਨ੍ਹਦਾ ਸਾਂ, ਸਿਰਫ਼ ਇਸ ਲਈ ਕਿ ਮੇਰੇ ਮਾਂ ਬਾਪ ਚਾਹੁੰਦੇ ਸਨ। ਮੇਰਾ ਵਿਸ਼ਵਾਸ ਮੇਰੇ ਵਿਰਸੇ ਦੀ ਦੇਣ ਸੀ, ਮੇਰੀ ਸੂਝ ਅਤੇ ਤਰਕ ਦੀ ਨਹੀਂ। ਮੈਂ ਕਈ ਵਾਰ ਸੋਚਦਾ ਹਾਂ ਕਿ ਜੇ ਮੇਰੇ ਮਾਂ ਬਾਪ ਮਸਜਿਦ ਜਾਂਦੇ ਹੁੰਦੇ ਤਾਂ ਸ਼ਾਇਦ ਮੈਂ ਵੀ ਉਥੇ ਜਾਣ ਲੱਗ ਪੈਂਦਾ। ਮੈਂ ਕਦੀ ਕਦੀ ਮੰਦਰ ਵੀ ਜਾਂਦਾ, ਆਰਤੀ ਵਿਚ ਵੀ ਸ਼ਾਮਲ ਹੁੰਦਾ ਕਿਉਂਕਿ ਮਾਂ ਵੱਲੋਂ ਮੇਰਾ ਨਾਨਕਾ ਪਰਵਾਰ ਹਿੰਦੂ ਸੀ। ਭਾਵੇਂ ਮੇਰੀ ਮਾਂ ਨੇ ਬਾਅਦ ਵਿਚ ਅੰਮ੍ਰਿਤ ਛਕ ਲਿਆ ਸੀ, ਇਕ ਵਾਰ ਸਾਨੂੰ ਸਾਰੇ ਬੱਚਿਆਂ ਨੂੰ ਵੀ ਛਕਾਇਆ ਗਿਆ ਸੀ। ਮਸਤੂਆਣੇ ਵਾਲ਼ੇ ਸੰਤ ਅਤਰ ਸਿੰਘ ਜਾਂ ਸ਼ਾਇਦ ਸੰਤ ਗੁਰਮੁਖ ਸਿੰਘ ਹੁਰਾਂ ਦੇ ਹੱਥੋਂ। ਬੱਚਿਆਂ ਵਿਚ ਮੈਂ ਵੀ ਸ਼ਾਮਲ ਸਾਂ।”

1943 ਵਿਚ ਸ਼ਮਸ਼ੇਰ ਜੀ ਨੂੰ ਭਾਰਤ ਦੀ ਆਜ਼ਾਦੀ ਦੇ ਸੰਗਰਾਮ ਵਿਚ ਸਰਗਰਮ ਹੋਣ ਕਰਕੇ 14-15 ਸਾਲ ਦੀ ਉਮਰ ਵਿਚ ਜੇਲ੍ਹ ਵਿਚ ਨਜ਼ਰਬੰਦ ਕਰ ਦਿੱਤਾ ਗਿਆ। ਜਿਸ ਦਾ ਬਿਰਤਾਂਤ ਉਹ ਪੂਰੇ ਫ਼ਖ਼ਰ ਨਾਲ਼ ਇੰਝ ਦੱਸਦੇ ਸਨ, “ਮੇਰੀ ਉਮਰ 14-15 ਸਾਲਾਂ ਦੀ ਹੋਵੇਗੀ ਉਦੋਂ। ਮੈਂ ਅਪਰੈਲ 1943 ਦੇ ਅਖ਼ੀਰਲੇ ਦਿਨਾਂ ’ਚ ਕਪੂਰਥਲੇ ਤੋਂ ਜਲੰਧਰ ਕਮਿਊਨਿਸਟ ਪਾਰਟੀ ਦੇ ਦਫ਼ਤਰ ਆਇਆ, ਜਿੱਥੇ ਮਈ ਦਿਵਸ ’ਤੇ ਪਾਰਟੀ ਵੱਲੋਂ ਜਲਸੇ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਸਨ। ਪਾਰਟੀ ਦਫ਼ਤਰ ਵਿਚ ਮੇਰਾ ਆਉਣਾ ਜਾਣਾ ਆਮ ਸੀ। ਅੱਛਰ ਸਿੰਘ ਛੀਨਾ ਮੁੱਖ ਬੁਲਾਰਾ ਸੀ। ਮੇਰੀ ਡਿਊਟੀ ਟਾਂਗੇ ’ਤੇ ਬੈਠ ਕੇ ਲਾਊਡ ਸਪੀਕਰ ਰਾਹੀਂ ਇਸ ਜਲਸੇ ਬਾਰੇ ਮੁਨਾਦੀ ਕਰਨ ਦੀ ਸੀ। ਪਹਿਲੀ ਮਈ ਦੀ ਜਿਸ ਰਾਤ ਨੂੰ ਜਲਸਾ ਹੋਣਾ ਸੀ, ਜਦ ਇਕ ਡਾਕੀਆ ਮੇਰੇ ਕੋਲ਼ ਆ ਕੇ ਕਹਿੰਦਾ ਤੇਰੇ ਨਾਂ ਦੀ ਇਕ ਰਜਿਸਟਰੀ ਆਈ ਹੈ, ਜੋ ਤੈਨੂੰ ਡਾਕਖ਼ਾਨੇ ਤੋਂ ਮਿਲ਼ ਜਾਏਗੀ। ਮੈਂ ਸਾਈਕਲ ਚੁੱਕਿਆ ਤੇ ਡਾਕਖ਼ਾਨੇ ਚਲਾ ਗਿਆ। ਮੈਂ ਅਜੇ ਰਜਿਸਟਰੀ ਲੈਣ ਵਾਲੀ ਜਗ੍ਹਾ ਦਾ ਅੰਦਾਜ਼ਾ ਲਾ ਰਿਹਾ ਸੀ ਕਿ ਇਕ ਹੱਟਾ-ਕੱਟਾ ਮੁਸਲਮਾਨ ਵਿਅਕਤੀ ਮੇਰੇ ਮੋਢੇ ’ਤੇ ਹੱਥ ਰੱਖ ਕੇ ਕਹਿਣ ਲੱਗਾ ‘ਸੁਣਾਓ ਜੀ ਮੀਟਿੰਗ ਕਦੋਂ ਕੁ ਹੋਣੀ ਹੈ?’ ਮੈਂ ਕਿਹਾ ‘ਬੱਸ ਅੱਜ ਰਾਤ ਨੂੰ ਹੋਣ ਵਾਲ਼ੀ ਹੈ ਜੀ।’ ਕਹਿੰਦਾ, ‘ਐਧਰ ਆ ਤੇਰੇ ਨਾਲ਼ ਗੱਲ ਕਰਨੀ ਹੈ।’ ਮੇਰੇ ਵੇਖਦਿਆਂ ਹੀ ਦੋ-ਤਿੰਨ ਚਿੱਟ-ਕੱਪੜੀਏ ਪੁਲਸੀਏ ਜਮਦੂਤਾਂ ਵਾਂਗ ਸਾਹਮਣੇ ਆਣ ਖੜ੍ਹੇ! ਉਹ ਮੁਸਲਮਾਨ ਬੰਦਾ ਮੈਨੂੰ ਕਹਿੰਦਾ ‘ਮੈਂ ਤੈਨੂੰ ਦਫ਼ਾ 129 ਡੀਫੈਂਸ ਆਫ਼ ਇੰਡੀਆ ਰੂਲਜ਼ ਦੇ ਤਹਿਤ ਗ੍ਰਿਫ਼ਤਾਰ ਕਰਦਾ ਹਾਂ।’ ਮੈਂ ਕਿਹਾ ‘ਪਹਿਲਾਂ ਮੇਰੇ ਵਰੰਟ ਦਿਖਾਓ।’ ਉਹ ਬੰਦਾ ਕਹਿੰਦਾ ‘ਮੈਂ ਪੰਜ ਫੁੱਟ ਦਸ ਇੰਚ ਦਾ ਬੰਦਾ ਤੈਨੂੰ ਵਰੰਟ ਤੋਂ ਘੱਟ ਲੱਗਦਾਹਾਂ?’ ਉਹ ਮੈਨੂੰ ਹੱਥਕੜੀ ਲਾ ਕੇ ਸੀ ਆਈ ਡੀ ਦੇ ਦਫ਼ਤਰ ਲੈ ਆਏ। ਫਿਰ 21 ਦਿਨ ਮੈਨੂੰ ਸਦਰ ਥਾਣੇ ਦੀ ਹਵਾਲਾਤ ਵਿਚ ਨਰਕ ਵਰਗੀ ਇਕ ਛੋਟੀ ਜਿਹੀ ਕਾਲ਼-ਕੋਠੜੀ ਵਿਚ ਰੱਖਿਆ ਤੇ ਫਿਰ ਦੋ-ਢਾਈ ਮਹੀਨੇ ਸਿਆਸੀ ਕੈਦੀ ਬਣ ਕੇ ਜੇਲ਼ ਦੀ ਹਵਾ ਖਾਧੀ। .....ਜੇਲ੍ਹ ਵਿਚੋਂ ਰਿਹਾ ਹੋਣ ਸਮੇਂ ਮੇਰਾ ਭਾਰ 14 ਪੌਂਡ ਵਧ ਗਿਆ ਸੀ। ਕਮਾਲ ਦੀ ਗੱਲ ਇਹ ਵੀ ਹੋਈ ਕਿ ਮੇਰੇ ਘਰਦਿਆਂ ਨੂੰ ਪਤਾ ਵੀ ਨਹੀਂ ਸੀ ਕਿ ਮੈਂ ਜੇਲ੍ਹ ਕੱਟ ਕੇ ਆਇਆ ਹਾਂ, ਉਹ ਸਮਝਦੇ ਰਹੇ ਕਿ ਜਿਵੇਂ ਮੈਂ ਪਹਿਲਾਂ ਵੀ ਬਿਨਾ ਦੱਸੇ ਕਈ ਕਈ ਹਫ਼ਤੇ ਘਰੋਂ ਬਾਹਰ ਹੁੰਦਾ ਸਾਂ, ਇਸੇ ਤਰ੍ਹਾਂ ਹੁਣ ਵੀ ਸ਼ਾਇਦ ਬਾਹਰੋਂ ਫਿਰ ਤੁਰ ਕੇ ਆਇਆ ਹਾਂ।” ਰਿਹਾ ਹੋਣ ’ਤੇ ਉਹ ਕੁਲ-ਵਕਤੀ, ਪੱਕੇ ਤੌਰ ’ਤੇ ਸਿਆਸੀ ਲਹਿਰਾਂ ਵਿਚ ਸ਼ਾਮਲ ਹੋ ਗਏ। ਇਸ ਤੋਂ ਬਾਅਦ ਗ੍ਰਿਫ਼ਤਾਰੀਆਂ ਅਤੇ ਜੇਲ੍ਹ ਯਾਤਰਾ ਤਾਂ ਇਕ ਤਰ੍ਹਾਂ ਰੁਟੀਨ ਹੀ ਬਣ ਗਿਆ। ਉਨ੍ਹਾਂ ਦੀ ਪਹਿਲੀ ਕਵਿਤਾ 1945 ਵਿਚ ਲਾਹੌਰ ਤੋਂ ਛਪਦੇ ਅਖ਼ਬਾਰ ‘ਜੰਗੇ-ਆਜ਼ਾਦੀ’ ਵਿਚ ਛਪੀ। 1948 ਵਿਚ ਉਨ੍ਹਾਂ ਨੂੰ ਫਿਰ ਨਜ਼ਰਬੰਦ ਕਰ ਦਿੱਤਾ ਗਿਆ। ਬਚਪਨ ਤੋਂ



ਹੀ ਸਿਆਸੀ ਲਹਿਰਾਂ ਵਿਚ ਸਰਗਰਮੀਆਂ ਕਰਕੇ, 1952 ਤੋਂ ਬਾਅਦ ਜਾ ਕੇ, ਕਾਫ਼ੀ ਪਛੜ ਕੇ ਉਨ੍ਹਾਂ ਆਪਣੀ ਤਾਲੀਮ ਮੁਕੰਮਲ ਕੀਤੀ ਅਤੇ 1954 ਤੋਂ 1961 ਤੱਕ ਪੰਜਾਬ ਦੇ ਵੱਖ ਵੱਖ ਸਕੂਲਾਂ ਵਿਚ ਅਧਿਆਪਕ ਅਤੇ ਮੁੱਖ-ਅਧਿਆਪਕ ਰਹੇ।

1961 ਵਿਚ ਉਹ ਇੰਗਲੈਂਡ ਆ ਗਏ, ਇਥੋਂ ਦੀ ਪੰਜਾਬੀ ਅਦਬੀ ਲਹਿਰ ਵਿਚ ਉਨ੍ਹਾਂ ਨੇ ਸਰਗਰਮ ਭਾਗ ਲਿਆ। ਇਕ ਸਾਲ ਉਹ ਡਾਰਮਰਜ਼ ਵੈੱਲ ਲੇਬਰ ਪਾਰਟੀ ਦੇ ਚੇਅਰਮੈਨ ਵੀ ਰਹੇ। ਅਨੇਕਾਂ ਪੰਜਾਬੀ ਸਾਹਿਤ ਅਦਾਰਿਆਂ ਨਾਲ਼ ਜੁੜੇ ਰਹੇ। ਉਹ ਪੰਜਾਬੀ ਸਾਹਿਤ ਸਭਾ ਗਰੇਟ ਬ੍ਰਿਟੇਨ ਅਤੇ ਪ੍ਰਗਤੀਸ਼ੀਲ ਲਿਖਾਰੀ ਸਭਾ ਲੰਡਨ ਅਤੇ ਫਿਰ ਗਰੇਟ ਬ੍ਰਿਟੇਨ ਦੇ ਜਨਰਲ ਸਕੱਤਰ ਰਹੇ। ਉਨ੍ਹਾਂ ਦੇ ਲੇਖ, ਕਵਿਤਾਵਾਂ, ਕਹਾਣੀਆਂ ਵੱਖ ਵੱਖ ਮੈਗਜ਼ੀਨਾਂ ਵਿਚ ਛਪਦੇ ਰਹੇ ਹਨ। ਸ਼ਮਸ਼ੇਰ ਜੀ 1980 ਵਿਚ ਇੰਗਲੈਂਡ ਵਿਚ ਹੋਈ ਪਹਿਲੀ ਵਿਸ਼ਵ ਪੰਜਾਬੀ ਕਾਨਫ਼ਰੰਸ ਦੇ ਮੁੱਖ ਪ੍ਰਬੰਧਕਾਂ ਵਿਚੋਂ ਇਕ ਸਨ। ਇੰਗਲੈਂਡ ਰਹਿੰਦਿਆਂ ਉਨ੍ਹਾਂ ਛੇ ਪੁਸਤਕਾਂ ਲੋਕ-ਅਰਪਣ ਕੀਤੀਆਂ ਜਿਸਦਾ ਵੇਰਵਾ ਹੇਠਾਂ ਪੁਸਤਕ ਸੂਚੀ ਵਿਚ ਦਿੱਤਾ ਗਿਆ ਹੈ।

ਆਪਣੀ ਲਗਭਗ ਮੱਧ-ਉਮਰੇ, ਕਾਫ਼ੀ ਪਛੜਕੇ, ਸ੍ਰੀਮਤੀ ਪਰਕਾਸ਼ ਕੌਰ ਨਾਲ਼ ਕੀਤੀ ਸ਼ਾਦੀ ਦਾ ਜ਼ਿਕਰ ਉਹ ਆਪਣੀ ਸਾਰੀ ਜ਼ਿੰਦਗੀ ਵਿਚ ਹਿਸਾਬ-ਕਿਤਾਬ ਨਾ ਆਉਣ ਨਾਲ਼ ਇਸ ਤਰ੍ਹਾਂ ਜੋੜਦੇ ਸਨ “....ਹਿਸਾਬ ਵਿਚ ਤਾਂ ਬਿਲਕੁਲ ਜੀ ਲੱਗਣੋਂ ਹਟ ਗਿਆ। ਉਹ ਤਾਂ ਸਾਰੀ ਉਮਰ ਨਹੀਂ ਆਇਆ। ਜਮਾ ਵਾਲੀ ਥਾਂ ਤਫ਼ਰੀਕ, ਜਰਬ ਵਾਲੀ ਥਾਂ ਤਕਸੀਮ ਜਾਂ ਇਸਦੇ ਵਿਪਰੀਤ, ਜੁਆਬ ਹਮੇਸ਼ਾ ਗ਼ਲਤ ਪੜ੍ਹਨ ਦੀ ਉਮਰ ਵਿਚ ਸਿਆਸਤ, ਨੌਕਰੀ ਦੀ ਉਮਰ ਵਿਚ ਪੜ੍ਹਾਈ, ਆਰਾਮ ਕਰਨ ਵੇਲ਼ੇ ਵਿਆਹ, ਅਤੇ ਜਦੋਂ ਪਤਨੀ ਦੇ ਸਹਾਰੇ ਦੀ ਲੋੜ ਹੁੰਦੀ ਹੈ ਉਦੋਂ ਇਕਲਾਪਾ, 12 ਸਾਲ ਦੀ ਉਮਰ ਦੀ ਮਾਂ-ਰਹਿਤ ਇਕਲੌਤੀ ਧੀ ਦੀ ਦੇਖਭਾਲ ਇਹ ਸਭ ਹਿਸਾਬ ਨਾ ਆਉਣ ਦੀਆਂ ਹੀ ਗੱਲਾਂ ਹਨ!” ਦੁਰਭਾਗਵੱਸ, ਬੇਟੀ ਉਸ਼ਮਾ ਦੀ 12 ਸਾਲ ਦੀ ਬਾਲੜੀ ਉਮਰ ਵਿਚ ਹੀ 13 ਅਕਤੂਬਰ, 1989 ਵਿਚ ਉਨ੍ਹਾਂ ਦੀ ਧਰਮਪਤਨੀ ਸ੍ਰੀਮਤੀ ਪਰਕਾਸ਼ ਕੌਰ ਦਾ ਦਿਹਾਂਤ ਹੋ ਗਿਆ। ਪਰਕਾਸ਼ ਦੇ ਦਿਹਾਂਤ ਤੋਂ ਬਾਅਦ ਉਸ਼ਮਾ ਨੂੰ ਵਿਨੀਪੈੱਗ, ਕੈਨੇਡਾ ਵਿਚ ਉਸ ਦੇ ਮਾਮਾ ਜੀ ਡਾ: ਨਿਰੰਜਣ ਸਿੰਘ ਢਾਲਾ ਦੇ ਪਰਵਾਰ ਵਿਚ ਭੇਜ ਦਿੱਤਾ ਗਿਆ, ਤੇ ਖ਼ੁਦ ਉਹ ਬ੍ਰਿਟਿਸ਼ ਪੋਸਟਲ ਸਰਵਿਸ ਤੋਂ ਰਿਟਾਇਰ ਹੋ ਕੇ 1993 ਵਿਚ ਪੱਕੇ ਤੌਰ ’ਤੇ ਵਿਨੀਪੈੱਗ, ਕੈਨੇਡਾ ਆ ਵਸੇ।

1993 ਵਿਚ ਸ਼ਮਸ਼ੇਰ ਜੀ ਕੈਨੇਡਾ ਦੇ ਵਿਨੀਪੈੱਗ ਸ਼ਹਿਰ ਆ ਗਏ ਤਾਂ ਉਸੇ ਸਾਲ ਹੀ ਜੁਲਾਈ ਵਿਚ ਵਿਨੀਪੈੱਗ ਦੇ ਸਾਹਿਤ ਵਿਚਾਰ ਮੰਚ ਵੱਲੋਂ ਇਕ ਪੰਜਾਬੀ ਕਾਨਫ਼ਰੰਸ ਕਰਵਾਈ ਗਈ, ਜਿਸ ਵਿਚ ਵਿਨੀਪੈੱਗ ਸਮੇਤ ਕੈਨੇਡਾ ਦੇ ਵੱਖ ਵੱਖ ਸ਼ਹਿਰਾਂ (ਵੈਨਕੂਵਰ, ਟੋਰਾਂਟੋ, ਐਡਮੰਟਨ, ਆਦਿ) ਅਤੇ ਅਮੈਰਿਕਾ ਦੀਆਂ ਸਾਹਿਤ ਸਭਾਵਾਂ ਦੇ ਪ੍ਰਤੀਨਿਧ ਅਤੇ ਵਿਅਕਤੀ-ਵਿਸ਼ੇਸ਼ ਸ਼ਾਮਲ ਹੋਏ। ਇਸ ਕਾਨਫ਼ਰੰਸ ਦੀ ਰੂਪ-ਰੇਖਾ ਘੜਨ ਅਤੇ ਸੰਚਾਲਨ ਵਿਚ ਸ਼ਮਸ਼ੇਰ ਜੀ ਦੀ ਸਤਿਕਾਰਯੋਗ ਭੂਮਿਕਾ ਸੀ। 2004 ਵਿਚ ਉਹ ਪਰਵਾਰ ਸਮੇਤ ਵੈਨਕੂਵਰ ਆਣ ਵੱਸੇ, ਅਤੇ ਇਥੋਂ ਦੀਆਂ ਸਾਹਿਤਕ ਜੱਥੇਬੰਦੀਆਂ ਨਾਲ਼ ਪੂਰੀ ਸਰਗਰਮੀ ਨਾਲ਼ ਜੁੜੇ ਰਹੇ ਅਤੇ ਇਥੋਂ ਹੀ ਉਹ ਇਸ ਫ਼ਾਨੀ ਦੁਨੀਆਂ ਤੋਂ ਰੁਖ਼ਸਤ ਹੋਏ। ਵੈਨਕੂਵਰ ਸ਼ਹਿਰ ਪੰਜਾਬੀ ਸਾਹਿਤ ਅਦੀਬਾਂ ਦਾ ਮਰਕਜ਼ ਹੈ, ਇਥੇ ਪੰਜਾਬੀ ਸਾਹਿਤ ਦਾ ਦਰਿਆ ਵਗਦਾ ਹੈ! ਸ਼ਮਸ਼ੇਰ ਜੀ ਦੀ ਵਿਲੱਖਣ, ਗ਼ੈਰ-ਵਿਵਾਦਪੂਰਨ ਸ਼ਖ਼ਸੀਅਤ ਹੀ ਸੀ ਕਿ ਉਹ ਸਾਰੀਆਂ ਸਾਹਿਤਕ ਜੱਥੇਬੰਦੀਆਂ ਵੱਲੋਂ ਸਤਿਕਾਰੇ ਅਤੇ ਸਨਮਾਨੇ ਜਾਂਦੇ ਰਹੇ।

ਜੋਗਿੰਦਰ ਸ਼ਮਸ਼ੇਰ ਦੇ ਸਾਹਿਤਕ, ਸਮਾਜਕ ਅਤੇ ਪਰਵਾਰਕ ਸ਼ੁਭ-ਚਿੰਤਕਾਂ ਦਾ ਘੇਰਾ ਬਹੁਤ ਵਿਸ਼ਾਲ ਹੈ। ਉਹਨਾਂ ਦੇ ਸ਼ੁਭ-ਚਿੰਤਕ, ਮਿੱਤਰ, ਦੋਸਤ, ਰਿਸ਼ਤੇਦਾਰ ਭਾਰਤ ਤੋਂ ਇਲਾਵਾ ਦੁਨੀਆਂ ਦੇ ਹਰ ਵੱਡੇ-ਛੋਟੇ ਮੁਲਕ ਵਿਚ ਫੈਲੇ ਹੋਏ ਹਨ ਅਤੇ ਉਹਨਾਂ ਦੇ ਲਗਾਤਾਰ ਸੰਪਰਕ ਵਿਚ ਸਨ। ਉਨ੍ਹਾਂ ਦੇ ਖ਼ੁਦ ਆਪਣੇ ਲਫ਼ਜ਼ਾਂ ਵਿਚ “ਕੌਣ ਕਿੱਥੇ ਹੈ ਕੁਛ ਪਤਾ ਨਹੀਂ ਲੱਗਦਾ । ਕੋਈ ਚੰਡੀਗੜ੍ਹ ਹੈ ਤੇ ਕੋਈ ਪਟਿਆਲੇ; ਕੋਈ ਅੰਮ੍ਰਿਤਸਰ ਹੈ ਤੇ ਕੋਈ ਕਪੂਰਥਲੇ; ਕੁੱਝ ਬੱਚੇ ਪਰਦੇਸਾਂ ਵਿਚ ਵੀ ਆ ਗਏ ਹਨ। ਕੋਈ ਕੈਨੇਡਾ ਹੈ ਤੇ ਕੋਈ ਜਰਮਨੀ; ਕੋਈ ਇਟਲੀ ਤੇ ਕੋਈ ਆਸਟਰੀਆ ਤੇ ਕੋਈ ਮਿਡਲ ਈਸਟ ਵਿਚ ਹੈ .....” ਜੋਗਿੰਦਰ ਸ਼ਮਸ਼ੇਰ ਕਲਮ ਦੇ ਧਨੀ ਤਾਂ ਸਨ ਹੀ, ਉਨ੍ਹਾ ਦੀ ਯਾਦਆਸ਼ਤ ਫੋਟੋਗਰਾਫਿਕ ਸੀ। ਆਪਣੇ ਅੰਤ ਸਮੇਂ ਤੱਕ ਵੀ ਉਹ ਆਪਣੇ ਜੱਦੀ ਪਿੰਡ ਲੱਖਣ ਕੇ ਪੱਢਾ ਅਤੇ ਫਿਰ ਕੋਇਟੇ ਸ਼ਹਿਰ ਦੇ ਭੂਚਾਲ ਦਾ ਬਿਰਤਾਂਤ ਇਕ ਫਿਲਮ ਵਾਂਗ ਅੱਖਾਂ ਸਾਹਮਣੇ ਸਿਰਜ ਦੇਂਦੇ ਸਨ। ਦਿੱਲੀ ਦੀਆਂ ਗਲ਼ੀਆਂ ਦਾ ਜ਼ਿਕਰ, ਅੰਮ੍ਰਿਤਾ ਪ੍ਰੀਤਮ ਅਤੇ ਸਾਹਿਰ ਲੁਧਿਆਣਵੀ, ਸ੍ਰੀਨਗਰ ਤੋਂ ਛਪਦੇ ਮੈਗਜ਼ੀਨ “ਤਾਮੀਰ” ਦੇ ਸੰਪਾਦਕ ਦੀਵਾਨ ਬਰਿੰਦਰ ਨਾਥ, ਅੰਧਰੇਟੇ ਵਿਖੇ ਸੋਭਾ ਸਿੰਘ ਚਿਤਰਕਾਰ ਨਾਲ਼ ਮੁਲਾਕਾਤ, ਪ੍ਰੋਫੈਸਰ ਮਲਵਿੰਦਰਜੀਤ ਸਿੰਘ, ਗੁਰਦਿਆਲ ਸਿੰਘ ਨਾਵਲਿਸਟ, ਜਸਵੰਤ ਸਿੰਘ ਨੇਕੀ, ਸੋਹਣ ਸਿੰਘ ਜੋਸ਼, ਫ਼ੈਜ਼ ਅਹਿਮਦ ਫ਼ੈਜ਼, ਸ਼ਿਵ ਕੁਮਾਰ, ਜਗਜੀਤ ਸਿੰਘ ਆਨੰਦ, ਸ. ਸ. ਮੀਸ਼ਾ, ਜੈਮਲ ਪੱਡਾ, ਰਾਲਫ ਰਸਲ, ਗੁਰਨਾਮ ਸਿੰਘ ਤੀਰ, ਹਰਭਜਨ ਹੁੰਦਲ, ਆਦਿ ਬਾਰੇ ਅਨੇਕ ਗੱਲਾਂ ਮੇਰੇ ਨਾਲ਼ ਸਾਂਝੀਆਂ ਕਰ ਲੈਂਦੇ ਸਨ। ਰੂਸ, ਚੀਨ, ਦੇ ਸਫ਼ਰਨਾਮਿਆਂ ਦਾ ਜ਼ਿਕਰ ਇਸ ਤਰ੍ਹਾਂ ਕਰਦੇ ਸਨ ਜਿਵੇਂ ਇਹ ਕੱਲ ਦੀ ਗੱਲ ਹੋਵੇ! ਦੋਸਤਾਂ ਮਿੱਤਰਾਂ ਨਾਲ਼ ਹੋਏ ਚਿੱਠੀ-ਪੱਤਰ ਦਾ ਉਨ੍ਹਾਂ ਕੋਲ਼ ਅਣਮੋਲ ਖ਼ਜ਼ਾਨਾ ਸੀ, ਜਿਸ ਦਾ ਜ਼ਿਕਰ ਕਰਦੇ ਹੋਏ ਉਹ ਇਕ ਅਜੀਬ ਵਿਸਮਾਦ ਵਿਚ ਗਵਾਚ ਜਾਂਦੇ ਸਨ। ਉਨ੍ਹਾਂ ਨੂੰ ਪੰਜਾਬੀ, ਉਰਦੂ, ਹਿੰਦੀ ਅਤੇ ਇੰਗਲਿਸ਼ ਉੱਪਰ ਆਬੂਰ ਹਾਸਿਲ ਸੀ। ਉਨ੍ਹਾਂ ਦਾ ਚਿੱਠੀ-ਪੱਤਰ ਲੈਨਿਨਗਰਾਦ ਦੀ ਪੰਜਾਬੀ ਸਕਾਲਰ ਨਤਾਲਿਆ ਤਾਲਸਤਾਇਆ ਨਾਲ਼ ਵੀ ਚੱਲਦਾ ਰਿਹਾ। ਤਾਸ਼ਕੰਦ ਦੀ ਇਕ ਉਜ਼ਬੇਕ ਔਰਤ ਵੇਰਾ ਮੁਹੰਮਦਜਾਨਵਾ ਨਾਲ਼ ਉਨ੍ਹਾਂ ਦੀ ਕਲਮੀ ਮਿੱਤਰਤਾ ਦਾ ਸਿਲਸਿਲਾ ਵੀ ਲੰਬਾ ਸਮਾਂ ਚੱਲਿਆ, ਉਹ ਉਸਨੂੰ ਤਾਸ਼ਕੰਦ ਮਿਲਣ ਲਈ ਵੀ ਗਏ। ਭਾਰਤ ਵਿਚ ਰਹਿੰਦਿਆਂ ਅਨੇਕਾਂ ਕੁੜੀਆਂ ਨਾਲ਼ ਦੋਸਤਾਨਾ ਤੁਅੱਲਕਾਤ ਵੀ ਰਹੇ, ਪਰ ਉੱਚੇ-ਸੁੱਚੇ ਅਤੇ ਪਾਕ-ਪਵਿੱਤਰ। ਉਹ ਕਿਹਾ ਕਰਦੇ ਸਨ ਕਿ ‘ਇਕ ਇਨਕਲਾਬੀ ਨੂੰ ਬਹੁਤ ਉੱਚੇ ਇਖ਼ਲਾਕ ਦਾ ਮਾਲਕ ਹੋਣਾ ਚਾਹਿਦਾ ਹੈ, ਤਦੇ ਹੀ ਸਮਾਜ ਵਿਚ ਉਹ ਸਤਿਕਾਰ ਪਰਾਪਤ ਕਰ ਸਕਦਾ ਹੈ। ਇਖ਼ਲਾਕੀ ਕਮਜ਼ੋਰੀਆਂ ਨਾ ਕੇਵਲ ਮਾਣਸਿਕ ਤੌਰ ’ਤੇ ਵਾਸ਼ਨਾਵਾਂ ਦੇ ਅਧੀਨ ਕਰਦੀਆਂ ਹਨ, ਲੋਕੀਂ ਵੀ ਤੁਹਾਡੇ ’ਤੇ ਵਿਸ਼ਵਾਸ ਨਹੀਂ ਕਰਦੇ। ਗੁਪਤ ਰਹਿਣ ਲਈ ਤਾਂ ਇਸਦੀ ਹੋਰ ਵੀ ਵਧੇਰੇ ਲੋੜ ਸਮਝੀ ਜਾਂਦੀ ਹੈ, ਜਦੋਂ ਕਿ ਹਮਦਰਦਾਂ ਦੇ ਘਰਾਂ ਵਿਚ ਪਨਾਹ ਲੈਣੀ ਪੈਂਦੀ ਹੈ। ਧੀਆਂ ਭੈਣਾਂ ਹੁੰਦੀਆਂ ਹਨ। ਸਮਾਜਕ ਰਸਮਾਂ ਰੀਤਾਂ ਨੂੰ ਸਵੀਕਾਰ ਕਰਨਾ ਪੈਂਦਾ ਹੈ। ਭਾਵੇਂ ਕਾਮ ਉਤੇਜਨਾ ਮਨੁੱਖ ਦੀ ਮਨੋਪ੍ਰਵਿਰਤੀ ਵਿਚ ਸ਼ਾਮਲ ਹੈ, ਪਰ ਇਸ ਨੂੰ ਸਾਧਿਆ ਜਾ ਸਕਦਾ ਹੈ।’

ਆਪਣੀ ਔਲਾਦ ਨਾਲ਼ ਜਿੱਥੇ ਇਨਸਾਨ ਦੀ ਸੰਸਾਰ ਵਿਚ ਗੰਢ ਪੈਂਦੀ ਹੈ, ਉਥੇ ਇਕ ਲੇਖਕ ਦੀਆਂ ਲਿਖਤਾਂ ਰਾਹੀਂ ਉਸਦੀ ਸਾਹਿਤਕ ਸੰਸਾਰ ਵਿਚ ਗੰਢ ਪੈਂਦੀ ਹੈ। ਸਾਹਿਤ ਹੀ ਉਸਦੀ ਜ਼ਿੰਦਗੀ ਦਾ ਅਸਲੀ ਸਰਮਾਇਆ ਹੁੰਦਾ ਹੈ। ਉਹ ਕਿਹਾ ਕਰਦੇ ਸਨ ਕਿ ‘ਲੇਖਕ ਹਰ ਵੇਲੇ ਲੇਖਕ ਹੁੰਦਾ ਹੈ, ਜਦੋਂ ਉਹ ਕੁਝ ਸਿਰਜ ਰਿਹਾ ਹੁੰਦਾ ਹੈ ਉਦੋਂ ਵੀ, ਤੇ ਉਦੋਂ ਵੀ ਜਦੋਂ ਉਹ ਕੁਝ ਨਹੀਂ ਸਿਰਜ ਰਿਹਾ ਹੁੰਦਾ, ਪਰ ਵਿਚਾਰਾਂ ਦਾ ਮਨ ਵਿਚ ਚਿੰਤਨ-ਮੰਥਨ ਲਗਾਤਾਰ ਚੱਲ ਰਿਹਾ ਹੁੰਦਾ ਹੈ।’ ਜੋਗਿੰਦਰ ਸਮਸੇਰ ਜੀ ਨੇ ਡੇਢ ਦਰਜਨ ਤੋਂ ਵੱਧ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲ਼ੀ ਪਾਈਆਂ:

- ਬਾਬਾ ਹਰਨਾਮ ਸਿੰਘ ਕਾਲਾ ਸੰਘਿਆਂ (ਜੀਵਨੀ), 1943;
- ਲੰਡਨ ਤੋਂ ਦਿੱਲੀ ਕਾਰ ਰਾਹੀਂ (ਸਫ਼ਰਨਾਮਾ), 1972;
- ਓਵਰਟਾਈਮ ਪੀਪਲ (1988);
- ਕੁੱਝ ਕਵਿਤਾਵਾਂ (ਕਵਿਤਾ), 1992;
- ਲੰਡਨ ਦੇ ਸਹੀਦ (ਵਾਰਤਕ), 1992;
- ਬਰਤਾਨੀਆ ਵਿੱਚ ਪੰਜਾਬੀ ਜੀਵਨ ਤੇ ਸਾਹਿਤ (ਨਿਬੰਧ), 1992;
- 1919 ਦਾ ਪੰਜਾਬ (ਇਤਿਹਾਸ), 1992;
- ਕਈ ਪਰਤਾਂ ਦੇ ਲੋਕ (ਲੇਖਿਕਾ ਮੈਰੀਉਨ ਮਾਲਟੀਨੋ) ਅੰਗਰੇਜ਼ੀ ਤੋਂ ਅਨੁਵਾਦ 1994;
- ਫੈਜ ਅਹਿਮਦ ਫੈਜ ਦੇ ਖ਼ਤ ਬੇਗ਼ਮ ਸਰਫਰਾਜ ਇਕਬਾਲ ਦੇ ਨਾਂ (ਅਨੁਵਾਦ), 2002;
- ਮੈਨੀਟੋਬਾ ਦਾ ਇਤਿਹਾਸ (ਵਾਰਤਕ), 2004;
- ਚੀਨ ਵਿੱਚ 22 ਦਿਨ (ਡਾਇਰੀ), 2007;
- ਪਾਰਵਤੀ ਦੇ ਕੰਢੇ ਕੰਢੇ (ਸਫ਼ਰਨਾਮਾ), 2007;
- ਸਵੈ-ਜੀਵਨੀ ਰਾਲਫ ਰਸਲ, (ਅਨੁਵਾਦ), 2007;
- ਕਿੱਥੇ ਗਿਆ ਮੇਰਾ ਸਹਿਰ ਲਾਹੌਰ (ਸੋਮ ਆਨੰਦ ਦੀਆਂ ਯਾਦਾਂ: ਉਰਦੂ ਤੋਂ ਅਨੁਵਾਦ), 2007;
- ਮੈਨੀਟੋਬਾ ਦਾ ਪੰਜਾਬੀ ਸਾਹਿਤ (ਕਾਵਿ, ਕਹਾਣੀ ਸੰਗ੍ਰਹਿ) 2013;
- ਤਨ ਤੰਬੂਰ (ਮੂਲ ਲੇਖਕ ਅਹਿਮਦ ਸਲੀਮ, ਸ਼ਾਹਮੁਖੀ ਤੋਂ ਗੁਰਮੁਖੀ ਲਿਪੀਆਂਤਰ);
- ਬੀਤੇ ਦਾ ਸਫ਼ਰ (ਸਵੈ-ਜੀਵਨੀ 2022);
- ਗ਼ਦਰੀ ਬਾਬਾ ਹਰਜਾਪ ਸਿੰਘ ਦੀ ਜੇਲ੍ਹ ਡਾਇਰੀ ਅਤੇ ਹੋਰ ਲਿਖਤਾਂ: ਉਰਦੂ ਵਿਚ ਲਿਖੇ ਕੁੱਝ ਲੇਖਾਂ ਦਾ ਪੰਜਾਬੀ ਅਨੁਵਾਦ, (2015) ; ਅਤੇ
- ਇਸ ਤੋਂ ਇਲਾਵਾ ਕਈ ਅਣਛਪੀਆਂ ਵੱਡਮੁੱਲੀਆਂ ਲਿਖਤਾਂ ਦੇ ਖਰੜੇ ਉਹ ਪਿੱਛੇ ਛੱਡ ਗਏ ਹਨ ਜਿੰਨ੍ਹਾਂ ਨੂੰ ਪਰਵਾਰ ਵੱਲੋਂ ਢੁਕਵੇਂ ਸਮੇਂ ਪ੍ਰਕਾਸ਼ਿਤ ਕਰਨ ਦਾ ਉਪਰਾਲਾ ਕੀਤਾ ਜਾਵੇਗਾ।

ਉਂਝ ਤਾਂ ਸ਼ਮਸ਼ੇਰ ਜੀ ਦੀਆਂ ਸਾਰੀਆਂ ਪੁਸਤਕਾਂ ਦਾ ਹੀ ਪੰਜਾਬੀ ਸਾਹਿਤ ਵਿਚ ਵੱਡਮੁੱਲਾ ਯੋਗਦਾਨ ਹੈ, ਪਰ ‘1919 ਦਾ ਪੰਜਾਬ’ ਅਤੇ ‘ਲੰਡਨ ਦੇ ਸਹੀਦ’ ਖ਼ਾਸ ਤੌਰ ’ਤੇ ਸਾਂਭਣਯੋਗ ਇਤਿਹਾਸਕ ਦਸਤਾਵੇਜ਼ ਹਨ। ‘1919 ਦਾ ਪੰਜਾਬ’ ਵਿਚ ਪੰਜਾਬ ਦੇ ਤਤਕਾਲੀ ਲੈਫਟੀਨੈਂਟ ਗਵਰਨਰ ਵੱਲੋਂ ਭੇਜੀ ਖ਼ੁਫ਼ੀਆ ਦਸਤਾਵੇਜ਼ ਬਾਰੇ ਜਾਣਕਾਰੀ ਹੈ, ਉਸ ਸਮੇਂ ਦੇ ਰਾਜਨੀਤਕ ਹਾਲਾਤ ਅਤੇ ਪੰਜਾਬ ਵਿਚ ਪਰਚੰਡ ਹੋ ਰਹੀ ਬ੍ਰਿਟਿਸ਼ ਵਿਰੋਧੀ ਲਹਿਰ, ਇਨਕਲਾਬੀ ਕਾਰਕੁੰਨਾਂ ਬਾਰੇ ਖ਼ੁਫ਼ੀਆ ਦਸਤਾਵੇਜ਼ਾਂ ਨੂੰ ਆਰਕਾਈਵਜ਼ ਵਿਚੋਂ ਕਰੜੀ ਮਿਹਨਤ ਅਤੇ ਖੋਜ ਕਰਕੇ ਤੱਥਾਂ ’ਤੇ ਆਧਾਰਿਤ ਇਤਿਹਾਸ ਪੇਸ਼ ਕੀਤਾ ਹੈ। ਇਨ੍ਹੀ ਦਿਨੀ ਸੰਗਰੂਰ ਹਲਕੇ ਦੇ ਨਵੇਂ ਬਣੇ ਐਮ. ਪੀ. ਸਿਮਰਨਜੀਤ ਸਿੰਘ ਮਾਨ ਵਜੋਂ ਸ਼ਹੀਦ ਭਗਤ ਸਿੰਘ ਬਾਰੇ ਜੋ ਵਿਵਾਦ-ਗ੍ਰਸਤ ਟਿੱਪਣੀਆਂ ਕੀਤੀਆਂ ਗਈਆਂ ਹਨ, ਉਸ ਸੰਦਰਭ ਵਿਚ ਪੰਜਾਬ ਦੇ ਇਤਿਹਾਸ ਦੇ ਕੁੱਝ ਸ਼ਰਮਨਾਕ ਵਾਕਿਆਤ ਵੀ ਵਿਚਾਰਨਯੋਗ ਹਨ। 13 ਅਪਰੈਲ, 1919 ਨੂੰ ਜਦ ਜਲ੍ਹਿਆਂ ਵਾਲ਼ਾ ਬਾਗ ਵਿਖੇ ਹਜ਼ਾਰਾਂ ਦੀ ਗਿਣਤੀ ਵਿਚ ਨਿਹੱਥੇ ਲੋਕ ਰੌਲਟ ਐਕਟ ਖਿਲਾਫ ਸ਼ਾਂਤਮਈ ਰੋਸ-ਮੁਜ਼ਾਹਰਾ ਕਰ ਰਹੇ ਸਨ ਤਾਂ ਭੀੜ ਉੱਤੇ ਬਿਨਾ ਕਿਸੇ ਅਗਾਊਂ ਚੇਤਾਵਨੀ ਦੇ ਸਰ ਮਾਈਕਲ ਉਡਵਾਇਰ ਦੇ ਹੁਕਮਾਂ ਤਹਿਤ ਉਸਦੇ ਗੁਰਗੇ ਜਨਰਲ ਡਾਇਰ ਨੇ ਸੈਂਕੜੇ ਲੋਕਾਂ ਨੂੰ ਮਸ਼ੀਨ-ਗੰਨਾਂ ਨਾਲ਼ ਭੁੰਨ ਸੁੱਟਿਆ ਸੀ। ਰੌਲਟ ਐਕਟ ਕੀ ਸੀ? ਐਨਾਰਕੀਕਲ ਐਂਡ ਰੈਵੋਰੂਸਨਰੀ ਕਰਾਈਮ ਐਕਟ ਆਫ -1919 ਨੂੰ ਆਮ ਕਰਕੇ ‘ਰੌਲਟ ਐਕਟ’ ਜਾਂ ‘ਕਾਲਾ ਕਾਨੂੰਨ’ ਵੀ ਕਿਹਾ ਜਾਂਦਾ ਹੈ।

ਦਿੱਲੀ ਦੀ ਬਰਤਾਨਵੀਂ ਲੈਜਿਸਲੇਟਿਵ ਕੌਂਸਲ ਨੇ ਇਸ ਨੂੰ 10 ਮਾਰਚ 1919 ਨੂੰ ਪਾਸ ਕੀਤਾ ਸੀ। ਇਹ ਕਾਨੂੰਨ ਸਰ ਸਿਡਨੀ ਆਰਥਰ ਟੇਲਰ ਰੌਲਟ ਦੀ ਅਗਵਾਈ ਵਾਲੇ ਕਮਿਸ਼ਨ ਦੀਆਂ ਸਿਫਾਰਿਸ਼ਾਂ ਉੱਤੇ ਅਧਾਰਿਤ ਸੀ। ਇਸ ਕਾਨੂੰਨ ਦਾ ਅਧਾਰ 'ਡਿਫੈਂਸ ਆਫ ਇੰਡੀਆ ਐਕਟ-1915' ਸੀ। ਰੌਲਟ ਐਕਟ ਦੇ ਖਿਲਾਫ ਭਾਰਤੀ ਲੋਕਾਂ ਵਿੱਚ ਕਾਫੀ ਰੋਸ ਸੀ। ਇਸ ਦੇ ਮੁਤਾਬਕ ਵਿਸ਼ਵ ਜੰਗ ਦੌਰਾਨ ਭਾਰਤ ਵਿੱਚ ਜਿਸ ਵੀ ਵਿਅਕਤੀ ਜਾਂ ਸੰਸਥਾ ਨੂੰ ਹਕੂਮਤ ਲਈ ਖਤਰਾ ਸਮਝਿਆ ਜਾਵੇ, ਉਸ ਨੂੰ ਬਿਨਾਂ ਕਿਸੇ ਅਪੀਲ-ਦਲੀਲ ਤੋਂ ਸੰਵਿਧਾਨਕ ਹੱਕਾਂ ਤੋਂ ਵਾਂਝਾ ਕਰ ਸਕਦੀ ਸੀ। ਸਰਕਾਰ ਉਸ ਵਿਅਕਤੀ ਨੂੰ ਜਿੰਨੇ ਮਰਜੀ ਸਮੇਂ ਲਈ ਗ੍ਰਿਫਤਾਰ ਕਰਕੇ ਹਿਰਾਸਤ ਵਿਚ ਰੱਖ ਸਕਦੀ ਸੀ। ਇਸ ਕਾਨੂੰਨ ਦੀ ਵਰਤੋਂ ਗ਼ਦਰੀ ਇਨਕਲਾਬੀਆਂ ਅਤੇ ਭਾਰਤੀ ਅਜ਼ਾਦੀ ਲਈ ਲੜਨ ਵਾਲਿਆਂ ਖ਼ਿਲਾਫ ਕੀਤੀ ਗਈ। ਖ਼ਾਸ ਕਰ ਪੰਜਾਬ ਅਤੇ ਬੰਗਾਲ ਵਿੱਚ ਇਸ ਦੀ ਵਰਤੋਂ ਹੋਈ ਸੀ। ਪਹਿਲਾਂ ਇਹ ਅਸਥਾਈ ਕਾਨੂੰਨ ਸੀ ਅਤੇ ਜੰਗੀ ਹਾਲਾਤ ਦੌਰਾਨ ਇਸ ਨੂੰ ਬਣਾਇਆ ਗਿਆ ਸੀ। '1919 ਦਾ ਪੰਜਾਬ', ਪੰਨਾ 121 'ਤੇ ਸਿਮਰਨਜੀਤ ਸਿੰਘ ਮਾਨ ਦੇ ਨਾਨੇ ਸਰਬਰਾਹ ਅਰੂੜ ਸਿੰਘ ਦੇ ਕੁਕਰਮਾਂ ਬਾਰੇ ਜੋਗਿੰਦਰ ਸ਼ਮਸ਼ੇਰ ਲਿਖਦੇ ਹਨ:

**ਸਰਕਾਰ-ਪ੍ਰਸਤਾਂ ਦੀ ਬੇਸ਼ਰਮੀ**

ਇਕ ਪਾਸੇ ਸਰਕਾਰ ਦੇ ਤਸ਼ੱਦਦ ਵਿਰੁੱਧ ਦੇਸ਼ ਭਰ ਵਿਚ ਪਰੋਟੈਸਟ ਦੀ ਇਕ ਲਹਿਰ ਚੱਲ ਰਹੀ ਸੀ। ਦੂਜੇ ਪਾਸੇ ਕਈ ਸ਼ਰਮਨਾਕ ਘਟਨਾਵਾਂ ਵੀ ਹੋ ਰਹੀਆਂ ਸਨ। ਇਹਨਾਂ ਵਿਚੋਂ ਸਭ ਤੋਂ ਵਧੇਰੇ ਸ਼ਰਮਨਾਕ ਘਟਨਾ ਇਹ ਸੀ:

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਸਰਬਰਾਹ (ਭਾਈ ਕਾਨ੍ਹ ਸਿੰਘ ਨਾਭਾ ਦੇ 'ਮਹਾਨ ਕੋਸ਼' ਅਨੁਸਾਰ ਸਰਬਰਾਹ ਫ਼ਾਰਸੀ ਦਾ ਸ਼ਬਦ ਹੈ, ਜਿਸਦਾ ਅਰਥ ਹੈ: "ਸਰਪ੍ਰਸਤ, ਇੰਤਜ਼ਾਮ ਕਰਨ ਵਾਲਾ, ਮੁਖੀਆ ਕਰਮਚਾਰੀ, ਰਹਨੁਮਾ, ਰਸਤਾ ਦਿਖਾਉਣ ਵਾਲਾ।" ਅਸਲ ਵਿਚ ਇਸ ਦਾ ਅਰਥ ਹੈ: ਬ੍ਰਿਟਿਸ਼ ਸਰਕਾਰ ਦੇ ਵੱਡੇ ਝੋਲੀ-ਚੁੱਕਾਂ ਦਾ ਮੁਖੀਆ ਲੇਖਕ ਵੱਲੋਂ ਨੋਟ) ਸਰਦਾਰ ਬਹਾਦਰ ਅਰੂੜ ਸਿੰਘ ਨੇ ਜਨਰਲ ਡਾਇਰ ਅਤੇ ਬ੍ਰਗੇਡ ਮੇਜਰ ਕੈਪਟਨ ਬ੍ਰਿਗਜ਼ ਨੂੰ ਜਲ੍ਹਿਆਂ ਵਾਲੇ ਬਾਗ ਵਿਚ ਗੋਲੀ ਚੱਲਣ ਦੇ 17 ਦਿਨ ਬਾਅਦ 30 ਅਪਰੈਲ ਨੂੰ ਦਰਬਾਰ ਸਾਹਿਬ ਵਿਖੇ ਬੁਲਾ ਕੇ ਸਿਰੋਪਾ ਦਿੱਤਾ। ਅਰੂੜ ਸਿੰਘ ਨੁਸ਼ਹਿਰਾ ਜ਼ਿਲ੍ਹਾ ਅੰਮ੍ਰਿਤਸਰ ਦਾ ਸੀ, ਜੋ ਉਸ ਸਮੇਂ ਦਾ ਬੜਾ ਤਕੜਾ ਸਰਕਾਰ-ਪ੍ਰਸਤ ਅਤੇ ਦੇਸ਼-ਗ਼ਦਾਰ ਸੀ, ਜਿਸ ਕੋਲ 33 ਮੁਰੱਬੇ ਚਨਾਬ ਕਨਾਲ ਵਿਚ ਅਤੇ 800 ਘੁਮਾਂ ਜ਼ਮੀਨ ਅੰਮ੍ਰਿਤਸਰ ਵਿਚ ਸੀ। ਇਸ ਤੋਂ ਇਲਾਵਾ ਨਕਦ ਜਗੀਰ ਵੱਖਰੀ ਸੀ।

ਜਨਰਲ ਡਾਇਰ ਦੀ ਜੀਵਨੀ (ਦਾ ਲਾਈਫ਼ ਆਫ਼ ਜਨਰਲ ਡਾਇਰ) ਲਿਖਣ ਵਾਲੇ ਮਿਸਟਰ ਈਅਨ ਕਾਲਵਿਨ ਨੇ ਇਉਂ ਬਿਆਨ ਕੀਤਾ ਹੈ:

"ਸਾਹਿਬ", ਉਹਨਾਂ ਕਿਹਾ, "ਤੁਹਾਨੂੰ ਤਾਂ ਸਿੱਖ ਸਜ ਜਾਣਾ ਚਾਹੀਦਾ ਹੈ। ਜਿਵੇਂ ਕਿ ਨਿਕਲਸਨ ਸਾਹਿਬ (ਗ਼ਦਰ ਵੇਲ਼ੇ ਦਾ ਇਕ ਜਨਰਲ)।" ਜਨਰਲ ਨੇ ਇਹ ਮਾਣ ਦੇਣ ਲਈ ਉਹਨਾਂ ਦਾ ਧੰਨਵਾਦ ਕੀਤਾ। ਪਰ ਇਤਰਾਜ਼ ਸੀ ਕਿ ਉਹ ਬਰਤਾਨਵੀ ਫ਼ੌਜ ਦਾ ਅਫ਼ਸਰ ਹੁੰਦਿਆਂ ਹੋਇਆਂ ਆਪਣੇ ਕੇਸ ਲੰਬੇ ਨਹੀਂ ਕਰ ਸਕਦਾ।

ਅਰੂੜ ਸਿੰਘ ਹੱਸਿਆ, "ਅਸੀਂ ਤੁਹਾਨੂੰ ਲੰਬੇ ਕੇਸ ਰੱਖਣ ਤੋਂ ਛੋਟ ਦੇ ਦਿਆਂਗੇ।"

ਜਨਰਲ ਡਾਇਰ ਨੇ ਇਕ ਹੋਰ ਇਤਰਾਜ਼ ਕੀਤਾ, "ਪਰ ਮੈਂ ਤਬਾਕੂ ਪੀਣਾ ਨਹੀਂ ਛੱਡ ਸਕਦਾ।"

"ਉਹ ਤਾਂ ਤੁਹਾਨੂੰ ਛੱਡਣਾ ਪਵੇਗਾ।" ਅਰੂੜ ਸਿੰਘ ਨੇ ਕਿਹਾ।

"ਨਹੀਂ" ਜਨਰਲ ਨੇ ਕਿਹਾ। "ਮੈਨੂੰ ਅਫ਼ਸੋਸ ਹੈ, ਪਰ ਮੈਂ ਤਬਾਕੂ ਪੀਣਾ ਨਹੀਂ ਛੱਡ ਸਕਦਾ।"

ਗ੍ਰੰਥੀ ਜੀ ਨੇ ਆਖਿਆ "ਅਸੀਂ ਤੁਹਾਨੂੰ ਹੌਲ਼ੀ ਹੌਲ਼ੀ ਛੱਡਣ ਦੀ ਖੁੱਲ੍ਹ ਦੇ ਸਕਦੇ ਹਾਂ।"

"ਇਹਦਾ ਮੈਂ ਵਾਅਦਾ ਕਰਦਾ ਹਾਂ। ਸਾਲ ਦੀ ਇਕ ਸਿਗਰਟ ਛੱਡ ਦਿਆ ਕਰਾਂਗਾ।" ਜਨਰਲ ਡਾਇਰ ਨੇ ਉੱਤਰ ਦਿੱਤਾ।"

(ਲੇਖਕ ਵੱਲੋਂ) ਅਰੂੜ ਸਿੰਘ ਦੀ ਬੇਸ਼ਰਮੀ ਦੀ ਇਥੇ ਹੀ ਬੱਸ ਨਹੀਂ ਹੋਈ, ਆਪਣੀ ਪੁਸਤਕ 'ਦਾ ਲਾਈਫ਼ ਆਫ਼ ਜਨਰਲ ਡਾਇਰ' ਪੰਨਾ 202 'ਤੇ ਕਾਲਵਿਨ ਲਿਖਦਾ ਹੈ: "ਇਹ ਸਿੱਖ ਮੁਸਕਰਾਉਂਦੇ ਹੋਏ ਸਿਰੋਪੇ ਲੈ ਕੇ ਅੱਗੇ ਵਧੇ। ਜਨਰਲ ਡਾਇਰ ਅਤੇ ਕੈਪਟਨ ਬ੍ਰਿਗਜ਼ ਨੂੰ ਖ਼ਾਲਸਾਈ ਪਵਿੱਤਰ ਚਿੰਨ੍ਹ- ਪੰਜ ਕਕਾਰਾਂ ਨਾਲ ਨਿਵਾਜਿਆ ਗਿਆ ਅਤੇ ਉਹ ਇਸ ਤਰ੍ਹਾਂ ਸਿੱਖ ਸਜ ਗਏ। ਇਸ ਤੋਂ ਇਲਾਵਾ ਜਨਰਲ ਡਾਇਰ ਲਈ ਉਨ੍ਹਾਂ ਦੇ ਪਵਿੱਤਰ ਸਥਾਨ ਗੁਰੂ ਸਤ ਸੁਲਤਾਨੀ 'ਤੇ ਇਕ ਯਾਦਗਾਰ ਬਣਾਈ ਗਈ। ਜਦੋਂ ਕੁੱਝ ਦਿਨਾਂ ਬਾਅਦ ਖ਼ਬਰ ਆਈ ਕਿ ਅਫ਼ਗਾਨ ਭਾਰਤ ਵਿਰੁੱਧ ਜੰਗ ਕਰ ਰਹੇ ਹਨ, ਤਾਂ ਇਨ੍ਹਾਂ ਸਿੱਖ ਨੇਤਾਵਾਂ ਨੇ ਜਨਰਲ ਡਾਇਰ ਨੂੰ ਬ੍ਰਿਟਿਸ਼ ਰਾਜ ਖ਼ਾਤਰ ਲੜਨ ਲਈ ਦਸ ਹਜ਼ਾਰ ਆਦਮੀਆਂ ਦੀ ਪੇਸ਼ਕਸ਼ ਕੀਤੀ ਬਸ਼ਰਤੇ ਕਿ ਜਨਰਲ ਡਾਇਰ ਖ਼ੁਦ ਉਨ੍ਹਾਂ ਨੂੰ ਹੁਕਮ ਦੇਣ ਲਈ ਸਹਿਮਤ ਹੋਵੇ। ਜਨਰਲ ਡਾਇਰ ਨੇ ਇਸ ਪੇਸ਼ਕਸ਼ ਦੀ ਉੱਪਰ ਰਿਪੋਰਟ ਕੀਤੀ, ਪਰ ਇਸ ਨੂੰ ਠੁਕਰਾ ਦਿੱਤਾ ਗਿਆ, ਅਤੇ ਇਸ ਤਰ੍ਹਾਂ ਵਫ਼ਾਦਾਰੀ ਦੀ ਸ਼ਾਨਦਾਰ ਭਾਵਨਾ ਨੂੰ ਖ਼ਤਮ ਹੋਣ ਦਿੱਤਾ ਗਿਆ।"

ਅਰੂੜ ਸਿੰਘ ਐਂਡ ਪਾਰਟੀ ਦੀਆਂ ਇਨ੍ਹਾਂ ਕਰਤੂਤਾਂ ਦਾ ਪੰਜਾਬੀਆਂ ਅਤੇ ਖ਼ਾਸ ਕਰ ਕੇ ਸਿੱਖਾਂ ਵਿਚ ਤਿੱਖਾ ਪ੍ਰਤੀਕਰਮ ਹੋਇਆ। ਹਾਲਾਤ ਉਦੋਂ ਜ਼ਿਆਦਾ ਵਿਗੜ ਗਏ ਜਦੋਂ ਅਰੂੜ ਸਿੰਘ ਅਤੇ ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀਆਂ ਨੇ 1919 ਵਿਚ ਜਲ੍ਹਿਆਂਵਾਲ਼ਾ ਬਾਗ ਕਤਲੇਆਮ ਲਈ ਜ਼ਿੰਮੇਵਾਰ ਜਨਰਲ ਡਾਇਰ ਨੂੰ ਜਨਤਕ ਤੌਰ 'ਤੇ ਸਨਮਾਨਿਤ ਕੀਤਾ। ਉਸ ਨੂੰ ਸਰਬਰਾਹ ਵਜੋਂ ਹਟਾਉਣ ਦੀ ਮੰਗ ਦਿਨ-ਬ-ਦਿਨ ਜ਼ੋਰ ਫੜਦੀ ਗਈ। ਅਖੀਰ ਅਰੂੜ ਸਿੰਘ ਨੂੰ ਲੋਕ-ਰੋਹ ਅੱਗੇ ਸਿਰ ਝੁਕਾਉਣਾ ਪਿਆ। ਉਸ ਤੋਂ ਨਾ ਸਿਰਫ ਸਰਬਰਾਹ ਦੇ ਅਹੁਦੇ ਤੋਂ ਅਸਤੀਫਾ ਦਿਵਾਇਆ, ਸਗੋਂ ਅਗਸਤ 1920 ਦੌਰਾਨ ਜਲ੍ਹਿਆਂ ਵਾਲਾ ਬਾਗ ਦੀ ਇਕ ਮੀਟਿੰਗ ਵਿਚ ਆਪਣੇ ਅਧੀਨ ਗੁਰਦਵਾਰਿਆਂ ਦੇ ਪ੍ਰਬੰਧ ਨਾਲ ਸਬੰਧਤ ਆਪਣੀਆਂ ਭੁੱਲਾਂ-ਚੁੱਕਾਂ ਅਤੇ ਕਮਿਸ਼ਨ ਲਈ ਜਨਤਕ ਤੌਰ 'ਤੇ ਮੁਆਫੀ ਵੀ ਮੰਗਵਾਈ।

'ਲੰਡਨ ਦੇ ਸ਼ਹੀਦ' ਪੁਸਤਕ ਵਿਚ ਭਾਰਤ ਦੀ ਜੰਗੇ-ਆਜ਼ਾਦੀ ਦੇ ਦੋ ਮਹਾਂ-ਨਾਇਕ ਸ਼ਹੀਦ ਮਦਨ ਲਾਲ ਢੀਂਗਰਾ ਵੱਲੋਂ ਸਰ ਕਰਜ਼ਨ ਵਿਲੀ ਦੇ ਕਤਲ, ਅਤੇ ਸ਼ਹੀਦ ਊਧਮ ਸਿੰਘ ਵੱਲੋਂ ਸਰ ਮਾਈਕਲ ਓਡਵਾਇਰ ਦੇ ਲੰਡਨ ਦੇ ਕੈਕਸਟਨ ਹਾਲ ਵਿਚ ਕੀਤੇ ਕਤਲਾਂ ਦਾ ਭਰਪੂਰ ਵੇਰਵਾ ਅਤੇ ਨਾਲ ਸਬੰਧਿਤ ਇਤਿਹਾਸਕ ਸਾਮਗਰੀ ਦੇਣ ਦਾ ਯਤਨ ਕੀਤਾ ਹੈ ਤਾਂ ਜੋ ਜਿਸ ਇਤਿਹਾਸਕ ਪਿਛੋਕੜ ਵਿਚ ਇਹ ਕਾਰਜ ਕੀਤੇ ਗਏ ਸਨ ਉਸ ਦਾ ਵੀ ਗਿਆਨ ਪਾਠਕਾਂ ਨੂੰ ਹੋ ਸਕੇ। ਭਾਵੇਂ ਇਹ ਇਹ ਦੋ ਵਾਕਿਆਤ ਦੇ ਵਾਪਰਨ ਵਿਚ 31 ਸਾਲ ਦਾ ਅੰਤਰ ਹੈ, ਪਰ ਥੋੜੇ ਬਹੁਤੇ ਫ਼ਰਕ ਨਾਲ ਇਨ੍ਹਾਂ ਦੇ ਕਾਰਨ, ਜਜ਼ਬੇ ਅਤੇ ਐਕਸ਼ਨ ਵਿਚ ਬਹੁਤ ਸਮਾਨਤਾ ਹੈ। ਕੁੱਝ ਸਿਆਸੀ, ਜਾਤੀਵਾਦ ਸੰਕੀਰਣਤਾ ਕਰਕੇ ਹੁਣ ਤੱਕ ਸਾਡੇ ਇਹ ਕੌਮੀ ਸ਼ਹੀਦ ਅਣਗੌਲ਼ੇ (Unsung Hero) ਹੀ ਰਹੇ ਹਨ, ਉਨ੍ਹਾਂ ਦੀਆਂ ਲਾ-ਮਿਸਾਲ ਕੁਰਬਾਨੀਆਂ ਨੂੰ ਤੋੜ-ਮ੍ਰੋੜ ਕੇ ਤੰਗ-ਨਜ਼ਰੀਏ ਨਾਲ ਪੇਸ਼ ਕੀਤਾ ਜਾਂਦਾ ਰਿਹਾ ਹੈ। ਸ਼ਮਸ਼ੇਰ ਜੀ ਨੇ ਇਸ ਪੁਸਤਕ ਵਿਚ ਸ਼ਹੀਦਾਂ ਦੇ ਬਰਤਾਨਵੀ ਲੁਟੇਰਿਆਂ ਵੱਲੋਂ ਭਾਰਤੀ ਲੋਕਾਂ ਦੀ ਅੰਨ੍ਹੀ ਲੁੱਟ-ਖਸੁੱਟ ਅਤੇ ਜ਼ੁਲਮ ਤਸ਼ੱਦਦ ਵਿਰੁੱਧ ਸੰਘਰਸ਼, ਉਨ੍ਹਾਂ ਦੀ ਭਾਰਤੀ ਲੋਕਾਂ ਦੇ ਜਮਹੂਰੀ ਇਨਕਲਾਬ ਪ੍ਰਤੀ ਸਮਝ ਤੇ ਪਹੁੰਚ, ਅਤੇ ਗ਼ਦਰੀ ਬਾਬਿਆਂ ਦੀ ਵਿਰਾਸਤ ਨੂੰ ਅੱਗੇ ਤੋਰਨ ਦੀ ਬੀਰਗਾਥਾ ਦਾ ਯਥਾਰਥਕ ਵਰਨਣ ਕੀਤਾ ਹੈ। ਹੁਣ ਤੱਕ ਤਾਂ ਉਨ੍ਹਾਂ ਨੂੰ ਦਹਿਸ਼ਤਵਾਦੀ ਬਣਾ ਕੇ ਪੇਸ਼ ਕੀਤਾ ਜਾਂਦਾ ਰਿਹਾ ਹੈ, ਜਿਵੇਂ ਕਿ ਉਨ੍ਹਾਂ ਦਾ ਮਕਸਦ ਸਿਰਫ਼ ਵਿਅਕਤੀਗਤ ਕਤਲ ਕਰਕੇ ਬਦਲਾ ਲੈਣਾ ਹੀ ਸੀ। ਹੁਣ ਪਿੱਛੇ ਜਾ ਕੇ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਬਣਦਾ ਮਾਣ-ਸਤਿਕਾਰ ਦੇਣ ਲਈ ਕੁੱਝ ਉਪਰਾਲੇ ਹੋਣੇ ਸ਼ੁਰੂ ਹੋਏ ਹਨ, ਸ਼ਹੀਦ ਊਧਮ ਸਿੰਘ ਦਾ ਕੋਰਟ ਵਿਚ ਦਿਤਾ ਅੱਠ ਸਫ਼ਿਆਂ ਦਾ ਬਿਆਨ ਵੀ ਹੁਣੇ ਹੀ ਜਨਤਕ ਹੋਇਆ ਹੈ। ਅਜੇ ਬਹੁਤ ਕੁੱਝ ਕਰਨਾ ਬਾਕੀ ਹੈ।

ਸ਼ਮਸ਼ੇਰ ਹੋਰਾਂ ਦੀ ਤਰਜ਼-ਏ-ਜ਼ਿੰਦਗੀ ਬਹੁਤ ਸਹਿਜ ਅਤੇ ਸਾਦਗੀ ਵਾਲੀ ਸੀ। ਉਨ੍ਹਾਂ ਨੇ ਸਦਾ ਇਸ ਸਿਧਾਂਤ 'ਤੇ ਪਹਿਰਾ ਦਿੱਤਾ ਕਿ 'ਦੇਸ਼ ਭਗਤ ਵਿਚ ਪੰਜ ਗੁਣ ਹੋਣੇ ਚਾਹੀਦੇ ਹਨ: ਕੁਰਬਾਨੀ, ਬੇਗਰਜ਼ ਤੇ ਲਗਾਤਾਰ ਕੁਰਬਾਨੀ, ਪਹੁੰਚਣ ਵਾਲੀ ਮੰਜ਼ਿਲ ਦਾ ਗਿਆਨ ਹੋਣਾ, ਕੁਰਬਾਨੀ ਕਿਸੇ ਅਹਿਮ ਕਾਰਜ ਲਈ ਜਿਸ ਵਿਚ ਲੋਕਾਂ ਦੀ ਭਲਾਈ ਹੋਵੇ, ਅਤੇ ਕੁਰਬਾਨੀ ਦਾ ਅਹਿਮ ਸਿੱਟਾ।' ਉਨ੍ਹਾਂ ਭਾਰਤ, ਇੰਗਲੈਂਡ ਜਾਂ ਕੈਨੇਡਾ ਵਿਚ ਰਹਿੰਦਿਆਂ ਕਦੇ ਵੀ ਕਾਰ ਜਾਂ ਕਿਸੇ ਵਾਹਨ ਦਾ ਡਰਾਈਵਰ ਲਾਇਸੈਂਸ ਨਹੀਂ ਲਿਆ, ਭਾਵੇਂ ਕਿ ਉਹ ਇੰਗਲੈਂਡ ਵਾਲ਼ੇ 'ਦੇਸ ਪਰਦੇਸ' ਦੇ ਸੰਪਾਦਕ (ਮਹਿਰੂਮ) ਤਰਸੇਮ ਪੁਰੇਵਾਲ ਨਾਲ 1969 ਵਿਚ ਲੰਡਨ ਤੋਂ ਕਾਰ ਰਾਹੀਂ ਗੁਰੂ ਨਾਨਕ ਦੇਵ ਜੀ ਦੇ 500ਵੇਂ ਪ੍ਰਕਾਸ਼ ਦਿਵਸ ਲਈ ਨਨਕਾਣਾ ਸਾਹਿਬ ਅਤੇ ਬਾਅਦ ਵਿੱਚ ਭਾਰਤ ਪਹੁੰਚੇ ਸਨ। ਉਹਨਾਂ ਦਾ ਇਹ 'ਲੰਡਨ ਤੋਂ ਦਿੱਲੀ ਕਾਰ ਰਾਹੀਂ (ਸਫਰਨਾਮਾ)' ਤਿੰਨ ਜ਼ੁਬਾਨਾਂ ਵਿਚ ਛਪ ਚੁੱਕਾ ਹੈ। ਦੁਰਭਾਗਵੱਸ ਕੁੱਝ ਅਰਸੇ ਤੋਂ ਉਹ ਪ੍ਰੌਸਟੇਟ ਕੈਂਸਰ ਦੀ ਨਾ-ਮੁਰਾਦ ਬੀਮਾਰੀ ਤੋਂ ਪੀੜਤ ਸਨ। ਪਰ ਇਸ ਸਭ ਕੁੱਝ ਦੇ ਬਾਵਜੂਦ ਉਹ ਹਰ ਵਕਤ ਚੜ੍ਹਦੀ ਕਲਾ ਵਿਚ ਰਹਿੰਦੇ ਸਨ। ਉਨ੍ਹਾਂ ਕਦੇ ਵੀ ਲੋਕਾਂ ਤੋਂ ਹਮਦਰਦੀ ਜਿੱਤਣ ਲਈ ਆਪਣੀਆਂ ਸਰੀਰਕ ਬੀਮਾਰੀਆਂ ਦਾ ਜ਼ਿਕਰ ਨਹੀਂ ਕੀਤਾ। ਉਹ 90 ਸਾਲ ਦੀ ਉਮਰ ਤੱਕ ਸਾਹਿਤ ਸਿਰਜਣਾ ਵਿਚ ਮਸਰੂਫ਼ ਰਹੇ। ਜਿਸ ਵੀ ਸਾਹਿਤਕ ਕਾਰਜ ਨੂੰ ਉਹ ਹੱਥ ਪਾਉਂਦੇ ਸਨ, ਨਿੱਤਨੇਮ ਦੇ ਧਰਮ ਵਾਂਗ ਉਹ ਪਾਲਣਾ ਕਰਦੇ ਸਨ। ਇਥੋਂ ਤੱਕ ਕਿ ਅਕਸਰ ਸਵੇਰ ਦੀ ਚਾਹ ਦਾ ਪਿਆਲਾ ਵੀ ਉਹ ਆਪਣੇ ਕੰਪਿਊਟਰ ਰੂਮ ਵਿਚ ਜਾ ਕੇ ਹੀ ਸਾਹਿਤ ਸਿਰਜਣਾ ਕਰਦੇ ਕਰਦੇ ਪੀਂਦੇ ਸਨ। ਉਹ ਬਿਨਾ ਕਿਸੇ ਵਿਰੋਧ-ਵਿਤਕਰੇ ਦੇ ਸਾਰੀਆਂ ਸਾਹਿਤ ਸਭਾਵਾਂ ਨਾਲ਼ ਜੁੜੇ ਹੋਏ ਸਨ। ਆਪਣੀ ਨਿੱਜੀ, ਪਰਵਾਰਕ, ਸਮਾਜਕ, ਰਾਜਨੀਤਕ ਅਤੇ ਸਾਹਿਤਕ ਦੁਨੀਆਂ ਵਿਚ ਸ਼ਾਇਦ ਉਹ ਸਭ ਤੋਂ ਘੱਟ ਵਿਵਾਦਪੂਰਨ ਇਨਸਾਨ ਸਨ।

ਉਨ੍ਹਾਂ ਦੇ ਖ਼ਾਸ ਗੁਣ ਜਿੰਨ੍ਹਾਂ ਤੋਂ ਮੈਂ ਬਹੁਤ ਮੁਤਾਸਿਰ ਰਿਹਾ ਹਾਂ ਉਹ ਹੈ ਸਬਰ, ਸੰਤੋਖ, ਹਲੀਮੀ, ਘੱਟ, ਪਰ ਪੂਰਾ ਤੋਲ ਕੇ ਬੋਲਣਾ ਸਾਦਗੀ, ਈਮਾਨਦਾਰੀ, ਬੇਬਾਕੀ, ਇਰਾਦੇ ਦੀ ਦ੍ਰਿੜ੍ਹਤਾ, ਪ੍ਰਤੀਬੱਧਤਾ, ਸਵੈ-ਸੰਪੂਰਨਤਾ। ਜਿਵੇਂ ਸ਼ੇਖ਼ ਸਾਅਦੀ ਫ਼ੁਰਮਾਉਂਦੇ ਹਨ 'ਕਦੀ ਵੀ ਕਿਸੇ ਦੀ ਗੱਲ ਵਿਚ ਆਪਣੀ ਗੱਲ ਨਾ ਛੇੜ। ਸਿਆਣਾ ਬੰਦਾ ਉਨਾ ਚਿਰ ਆਪਣੀ ਗੱਲ ਸ਼ੁਰੂ ਨਹੀਂ ਕਰਦਾ ਜਦ ਤੱਕ ਗੱਲ ਕਰ ਰਿਹਾ ਬੰਦਾ ਚੁੱਪ ਨਹੀਂ ਹੋ ਜਾਂਦਾ।' ਸ਼ਮਸ਼ੇਰ ਜੀ ਬੇਹੱਦ ਗੰਭੀਰ ਅਤੇ ਚੁੱਪ ਰਹਿਣ ਵਾਲ਼ੇ ਇਨਸਾਨ ਸਨ, ਉਹ ਕਦੇ ਵੀ ਲੋੜ ਤੋਂ ਵੱਧ ਗੱਲ ਨਹੀਂ ਕਰਦੇ ਸਨ। ਜਿਵੇਂ ਬਾਬਾ ਫ਼ਰੀਦ ਜੀ ਫ਼ੁਰਮਾਉਂਦੇ ਹਨ "ਸਬਰ ਅੰਦਰ ਸਾਬਰੀ ਤਨੁ ਏਵੈ ਜਾਲੇਨ੍ਹਿ॥ ਹੋਨ ਨਜੀਕ ਖੁਦਾਇ ਦੈ ਭੇਤੁ ਨ ਕਿਸੈ ਦੇਨਿ॥" ਸਬਰ -ਸੰਤੋਖ ਅਤੇ ਸੇਵਾ ਭਾਵਨਾ ਦੀ ਲਗਨ ਅੱਗੇ ਚੱਲ ਕੇ ਉਨ੍ਹਾਂ ਦੀ ਸੰਤਾਨ ਵਿਚ ਦੇਖੀ ਜਾ ਸਕਦੀ ਹੈ। ਉਨ੍ਹਾਂ ਦਾ ਦ੍ਰਿੜ ਵਿਸ਼ਵਾਸ ਸੀ ਕਿ ਲੋਕਾਂ ਵਿਚ ਮਕਬੂਲ ਹੋਣ ਲਈ ਕਿਸੇ ਦੀ ਫੋਕੀ ਵਡਿਆਈ ਜਾਂ ਨਿੰਦਾ-ਚੁਗਲੀ ਦੀ ਲੋੜ ਨਹੀਂ, ਸਗੋਂ ਹਲੀਮੀ, ਸਾਦਗੀ, ਨਿਰਮਾਣਤਾ, ਤੇ ਸਿਰ ਸੁੱਟ ਕੇ ਕੀਤੀ ਨਿਸ਼ਕਾਮ ਸੇਵਾ ਨਾਲ਼ ਹੀ ਲੋਕਾਂ ਦੇ ਦਿਲਾਂ 'ਚ ਉੱਤਰਿਆ ਜਾ ਸਕਦਾ ਹੈ। ਆਤਮ-ਨਿਰਭਰਤਾ ਦੀ ਜੇ ਗੱਲ ਕਰੀਏ ਤਾਂ ਸ਼ਮਸ਼ੇਰ ਜੀ ਬਚਪਨ ਤੋਂ ਅਖ਼ੀਰ ਤੱਕ ਕਿਸੇ 'ਤੇ ਬੋਝ ਨਹੀਂ ਬਣਨਾ ਚਾਹੁੰਦੇ ਸਨ। ਇੰਗਲੈਂਡ ਰਹਿੰਦਿਆਂ ਆਪਣੀ ਵਿਆਹ ਤੋਂ ਪਹਿਲਾਂ ਉਹ ਆਪਣਾ ਖਾਣਾ ਖ਼ੁਦ ਹੀ ਬਣਾਉਂਦੇ ਸਨ ਅਤੇ ਸਿਰਫ਼ 14 ਕੁ ਸਾਲ ਦੇ ਗ੍ਰਹਿਸਤੀ ਜੀਵਨ ਤੋਂ ਬਾਅਦ ਉਨ੍ਹਾਂ ਦੀ ਧਰਮਪਤਨੀ ਸ੍ਰੀਮਤੀ ਪਰਕਾਸ਼ ਕੌਰ ਜੀ ਦੀ ਅਚਾਨਕ ਹੋਈ ਮੌਤ ਤੋਂ ਬਾਅਦ ਉਹ ਆਪਣੀ ਇਕਲੌਤੀ ਧੀ ਨਾਲ਼ ਫਿਰ ਇਕੱਲੇ ਰਹਿ ਗਏ। ਪਰ ਕਸ਼ਟ ਦੀਆਂ ਘੜੀਆਂ ਵਿਚੋਂ ਸਟੀਲ ਬਣ ਕੇ ਨਿੱਕਲੇ ਸ਼ਮਸ਼ੇਰ ਜੀ ਆਪਣੀ ਜ਼ਿੰਦਗੀ ਵਿਚ ਫਿਰ ਤੋਂ ਸਥਿਰ ਹੋ ਗਏ ਅਤੇ ਉਸੇ ਉਤੇਜਨਾ ਨਾਲ਼ ਸਾਹਿਤ ਰਚਨਾ ਵਿਚ ਮਸਰੂਫ਼ ਹੋ ਗਏ। ਆਪਣੀ ਪ੍ਰਤੀਬੱਧਤਾ ਕਰਕੇ ਹੀ ਉਹ 90 ਸਾਲ ਤੱਕ ਪੂਰੇ ਜੋਸ਼ ਖ਼ਰੋਸ਼ ਨਾਲ਼ ਬਰਾਬਰ ਲਿਖਦੇ ਰਹੇ, ਅਖ਼ੀਰ ਤੱਕ ਸਾਹਿਤ ਨਾਲ਼ ਉਸੇ ਸ਼ਿੱਦਤ ਨਾਲ਼ ਜੁੜੇ ਰਹੇ। ਉਨ੍ਹਾਂ ਦੇ ਪੈਰੀਂ ਚੱਕਰ ਸੀ। ਭਾਰਤ, ਰੂਸ, ਚੀਨ, ਇੰਗਲੈਂਡ, ਕੈਨੇਡਾ ਦੇ ਵੱਖ ਵੱਖ ਸ਼ਹਿਰਾਂ ਦੀ ਸੈਰ ਦਾ ਉਹ ਬਾਖ਼ੂਬੀ ਤੇ ਬਰੀਕੀ ਨਾਲ਼ ਜ਼ਿਕਰ ਕਰਿਆ ਕਰਦੇ ਸਨ। ਭਾਵੇਂ ਅਖ਼ੀਰਲੇ ਦੌਰ ਕੁ ਸਾਲਾਂ ਵਿਚ ਉਹ ਕੁੱਝ ਸਹਿਜ ਹੋ ਗਏ ਸਨ ਅਤੇ ਬਾਹਰ ਅੰਦਰ ਘੱਟ ਵੱਧ ਹੀ ਜਾਂਦੇ ਸਨ। ਕਈ ਵਾਰੀ ਉਨ੍ਹਾਂ ਨਾਲ਼ ਇਸ ਅਵਸਥਾ ਬਾਰੇ ਗੱਲ ਕਰਨੀ ਤਾਂ ਉਹ ਅਕਸਰ ਕਹਿੰਦੇ ਸਨ: "ਫਰੀਦਾ ਇਨੀ ਨਿਕੀ ਜੰਘੀਐ ਥਲ ਡੂੰਗਰ ਭਵਿਓਮ੍ਹਿ। ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮਿ।"

ਇਕ ਐਕੇਡੈਮਿਕਸ ਇਤਿਹਾਸ ਹੁੰਦਾ ਹੈ ਜੋ ਸਕੂਲਾਂ ਕਾਲਜਾਂ ਵਿਚ ਸਾਨੂੰ ਪੜ੍ਹਾਇਆ ਜਾਂਦਾ ਹੈ, ਜਿਸ ਨਾਲ਼ ਮੌਕੇ ਦੀਆਂ ਸਰਕਾਰਾਂ ਵੱਲੋਂ ਖਿਲਵਾੜ ਕੀਤਾ ਜਾਂਦਾ ਰਿਹਾ ਹੈ। ਅਸਲੀ ਇਤਿਹਾਸ ਉਹ ਹੁੰਦਾ ਹੈ ਜੋ ਕਿਸੇ ਨੇ ਆਪਣੇ ਅੱਖੀਂ ਦੇਖਿਆ, ਤੇ ਤਨ, ਮਨ 'ਤੇ ਹੰਢਾਇਆ ਹੁੰਦਾ ਹੈ। ਭਾਰਤ ਦੀ ਜੰਗੇ-ਆਜ਼ਾਦੀ ਦਾ ਅਸਲੀ ਇਤਿਹਾਸ, ਬ੍ਰਿਟਿਸ਼ ਸਲਤਨਤ ਦੀਆਂ ਮੱਕਾਰੀਆਂ, ਦੇਸ਼-ਵੰਡ, ਸਿਆਸੀ ਪਾਰਟੀਆਂ: ਕਾਂਗਰਸ, ਮੁਸਲਿਮ ਲੀਗ, ਅਤੇ ਕਮਿਊਨਿਸਟ ਪਾਰਟੀ ਦੇ ਲੀਡਰਾਂ ਦੇ ਬਦਲਦੇ ਸਟੈਂਡ, ਧੜੇਬਾਜ਼ੀ ਅਤੇ ਜੋੜ-ਤੋੜ, ਮੌਕਾਪ੍ਰਸਤੀ, ਬੇਵਿਸ਼ਵਾਸੀ, ਜਾਤ-ਪਾਤ ਦੀ ਹਉਮੈ, ਦੂਜਿਆਂ ਸਿਰ ਦੋਸ਼ ਮੜ੍ਹਨ ਦੀ ਕਰੂਚੀ ਆਦਿ ਬਾਰੇ ਸੱਚ ਜਾਣਨਾ ਹੈ ਤਾਂ ਸ਼ਮਸ਼ੇਰ ਜੀ ਦੀ ਸਵੈ-ਜੀਵਨੀ ਪੜ੍ਹੀ ਜਾ ਸਕਦੀ ਹੈ। ਆਪਣੀ ਲਗਭਗ ਇਕ ਸਦੀ ਦੀ ਵਿਸ਼ਾਲ ਜ਼ਿੰਦਗੀ ਦੇ ਸਫ਼ਰ ਦੌਰਾਨ ਹਜ਼ਾਰਾਂ ਹੀ ਸ਼ਖ਼ਸੀਅਤਾਂ ਜੋ ਉਨ੍ਹਾਂ ਦੇ ਸੰਪਰਕ ਵਿਚ ਆਈਆਂ, ਅਤੇ ਘਟਨਾਵਾਂ ਜਿੰਨ੍ਹਾਂ ਦੇ ਉਹ ਖ਼ੁਦ ਪ੍ਰਭਾਵ ਵਿਚ ਆਏ, ਦਾ ਦਰਜਾ-ਬਦਰਜਾ ਬਣਦਾ ਭਰਪੂਰ ਜ਼ਿਕਰ ਆਪਣੀ ਸਵੈ-ਜੀਵਨੀ ਵਿਚ ਕੀਤਾ ਹੈ। ਆਪਣੇ ਪਿੰਡ, ਗਵਾਂਢੀਆਂ ਬਾਰੇ, ਮਿੱਤਰਾਂ-ਦੋਸਤਾਂ, ਰਿਸ਼ਤੇਦਾਰਾਂ ਬਾਰੇ, ਕੁੜੀਆਂ ਨਾਲ਼ ਪਾਕ ਮੁਹੱਬਤ ਬਾਰੇ, ਕੁਦਰਤ ਦੀ ਮਹਿਮਾ, ਅਧਿਆਪਕਾਂ, ਸਿਆਸੀ ਪਾਰਟੀਆਂ, ਸਿਆਸੀ ਲੀਡਰ, ਸਾਹਿਤਕਾਰਾਂ ਅਤੇ ਹੋਰ ਅਨੇਕਾਂ ਵਿਅਕਤੀ-ਵਿਸ਼ੇਸ਼ਾਂ ਬਾਰੇ। ਜੇਕਰ ਲਿਵ ਟਾਲਸਟਾਏ ਦੇ ਮਹਾਂ-ਕਾਵਿ 'ਜੰਗ ਤੇ ਅਮਨ' ਵਿਚ ਕਈ ਹਜ਼ਾਰ ਪਾਤਰ ਹਨ, ਤਾਂ ਮੇਰਾ ਦਾਅਵਾ ਹੈ ਜਦ ਤੁਸੀਂ ਸ਼ਮਸ਼ੇਰ ਹੋਰਾਂ ਦੀ ਸਵੈ-ਜੀਵਨੀ 'ਬੀਤੇ ਦਾ ਸਫ਼ਰ' ਪੜ੍ਹੋਗੇ ਤਾਂ ਤੁਹਾਨੂੰ ਉਸ ਵਿਚੋਂ ਟਾਲਸਟਾਏ ਦੀ ਰੂਹ ਦੇ ਦੀਦਾਰ ਹੋਣਗੇ!

ਉਹ ਇਕ ਸੱਚੇ-ਸੁੱਚੇ, ਪਾਰਦਰਸ਼ੀ, ਹਮੇਸ਼ਾਂ ਦੂਜਿਆਂ ਦੀ ਮੱਦਦ ਕਰਨ ਵਾਲ਼ੇ, ਤਰਕਸ਼ੀਲ, ਅਤੇ ਅਤਿ ਸਰਲ ਵਿਅਕਤੀ ਸਨ। ਅਸੀਂ ਸਦਾ ਲਈ ਵਿੱਛੜੇ ਇਸ ਮਹਾਨ ਲੇਖਕ ਦੀ ਪਹਿਲੀ ਬਰਸੀ ਉੱਤੇ ਯਾਦ ਵਿਚ ਸਿਰ ਝੁਕਾਉਂਦੇ ਹਾਂ ਅਤੇ ਅਹਿਦ ਕਰਦੇ ਹਾਂ ਕਿ ਉਨ੍ਹਾਂ ਦਾ ਜੀਵਨ ਸਾਡੇ ਲਈ ਚੰਗੇ ਇਨਸਾਨ ਬਣਨ, ਚੰਗਾ ਲਿਖਣ, ਚੰਗਾ ਬੋਲਣ, ਚੰਗਾ ਸੁਣਨ ਅਤੇ ਚੰਗੇ ਕਾਰਜ ਕਰਨ ਲਈ ਪਰੇਰਨਾ-ਸਰੋਤ ਬਣੇਗਾ।

**"ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ।**
**ਸਚੀ ਦਰਗਹ ਜਾਇ ਸਚਾ ਪਿੜ ਮਲਿਆ।"**
**(ਭਾਈ ਗੁਰਦਾਸ ਜੀ, ਵਾਰ 19, ਪਉੜੀ 14)**

# ਮਹਿੰਗਾਈ ਬਨਾਮ ਗਰੀਬੀ

(ਸਫ਼ਾ 3 ਦੀ ਬਾਕੀ)

ਹੰਢਾ ਰਹੇ ਹਨ ਤਾਂ ਜਰਮਨ ਦੀ ਸਰਕਾਰ ਇਸ ਸਾਲ 100 ਬਿਲੀਅਨ ਡਾਲਰ ਸਿਰਫ ਹਥਿਆਰਾਂ ਤੇ ਖਰਚ ਕਰ ਰਹੀ ਹੈ। ਜੇ ਵਿਕਸਤ ਮੁਲਕ ਦੇ ਲੋਕਾਂ ਦਾ ਇਹ ਹਾਲ ਹੈ ਤਾਂ ਵਿਕਾਸਸ਼ੀਲ ਮੁਲਕਾਂ ਦੇ ਲੋਕਾਂ ਦਾ ਕੀ ਹਾਲ ਹੋਵੇਗਾ। ਸ੍ਰੀ ਲੰਕਾ ਦੀ ਹਾਲਤ ਨੇ ਇਸ ਲੁੱਟ ਦੇ ਸਿਸਟਮ ਤੇ ਸਵਾਲ ਖੜਾ ਕਰ ਦਿੱਤਾ ਹੈ ਕਿ ਲੋਕਾਂ ਨੂੰ ਬਹੁਤਾ ਚਿਰ ਬੁੱਧੂ ਨਹੀਂ ਬਣਾਇਆ ਜਾ ਸਕਦਾ। ਇਹ ਸਮਾਂ ਹੈ ਦੁਨੀਆਂ ਭਰ ਦੇ ਚੇਤਨ ਲੋਕਾਂ ਨੂੰ ਆਪਸੀ ਰੰਜਸ਼ਾਂ ਛੱਡ ਕੇ ਇਸ ਲੁੱਟ ਦੇ ਵਰਤਾਰੇ ਨੂੰ ਠੱਲ ਪਾਉਣ ਲਈ ਅੱਗੇ ਆਉਣ ਚਾਹੀਦਾ ਹੈ। ਧਰਤੀ ਦੇ ਸਾਧਨ ਬੜੇ ਹੀ ਸੀਮਤ ਹਨ ਜਿੰਨਾ ਤੇ ਇਹ ਕਾਰਪੋਰੇਟ ਜੁੰਡਲੀ ਕਬਜਾ ਕਰੀ ਬੈਠੀ ਹੈ। ਜੇਕਰ ਸਾਨੂੰ ਇਹ ਲੱਗਦਾ ਹੈ ਕਿ ਸਾਨੂੰ ਕੀ ਸਾਡੇ ਚੁੱਲ੍ਹੇ ਤਾਂ ਗਰਮ ਹਨ ਤਾਂ ਯਾਦ ਰੱਖੀਏ ਕਿ ਇਹ ਵੀ ਬੜੀ ਜਲਦੀ ਠੰਡੇ ਹੋਣ ਵੱਲ ਵਧ ਰਹੇ ਹਨ। ਇਹ ਸਾਰਾ ਸਿਸਟਮ ਜਿਹੜਾ ਲੁੱਟ ਤੇ ਅਧਾਰਿਤ ਹੈ, ਇਹ ਆਮ ਲੋਕਾਂ ਨੂੰ ਜੰਗਾਂ, ਭੁੱਖਮਰੀਆਂ ਸੋਕਿਆਂ ਅਤੇ ਅਕਾਲ਼ ਵੱਲ ਧੱਕੇਗਾ। ਸਾਨੂੰ ਹਾਬੜੇ ਹੋਏ ਅਜ਼ਗਰਾਂ ਤੋਂ ਧਰਤੀ ਨੂੰ ਬਚਾਉਣਾ ਹੋਵੇਗਾ ਕਿਉਂਕਿ ਸਾਡੇ ਕੋਲ਼ ਹੋਰ ਕੋਈ ਧਰਤੀ ਨਹੀਂ ਜਿੱਥੇ ਜਿਲਾ ਕੇ ਇਸ ਲੋਕਾਈ ਨੂੰ ਵਸਾਇਆ ਜਾ ਸਕੇ।

ਇਸ ਰੂਸ ਯੂਕਰੇਨ ਲੜਾਈ ਦਾ ਫਾਇਦਾ ਅਮਰੀਕਾ ਉਠਾ ਰਿਹਾ ਹੈ। ਅਮਰੀਕਾ ਦੇ ਇਸ ਦੁਨੀਆ ਵਿੱਚ 800 ਬੇਸ ਹਨ ਤੇ ਇਹਨਾਂ ਅਮਰੀਕਨ ਫੌਜੀ ਟਿਕਾਣਿਆਂ ਨੂੰ ਚਲਦਾ ਰੱਖਣ ਲਈ, ਅਮਰੀਕੀ ਫੌਜ ਨੂੰ ਚਾਰ ਲੱਖ ਗੇਲਣ ਤੇਲ ਦਾ ਹਰ ਰੋਜ ਚਾਹੀਦਾ ਹੈ। ਪਿਛਲੇ ਸਾਲ ਜਾਣੀ ਕਿ 2021 ਵਿੱਚ ਦੁਨੀਆਂ ਦੀਆਂ ਸਰਕਾਰਾਂ ਨੇ ਦੋ ਟਰਿਲੀਅਨ ਡਾਲਰ ਸਿਰਫ ਹਥਿਆਰਾਂ ਤੇ ਖਰਚਿਆ ਹੈ ਜਦ ਕਿ ਦੁਨੀਆਂ ਦੇ ਗਰੀਬ ਮੁਲਕਾਂ ਨੂੰ ਕਾਰਬਨ ਦੇ ਪ੍ਰਦੂਸ਼ਣ ਵਿੱਚੋਂ ਕੱਢਣ ਲਈ ਸਿਰਫ 100 ਬਿਲੀਅਨ ਸਲਾਨਾ ਚਾਹੀਦਾ ਹੈ। ਹਥਿਆਰਾਂ ਤੇ ਖਰਚ ਵੀ ਉਹੀ ਮੁਲਕ ਕਰ ਰਹੇ ਹਨ ਜਿੰਨਾਂ ਨੂੰ ਕਿਸੇ ਦਾ ਡਰ ਵੀ ਨਹੀਂ। ਇਕੱਲੇ ਜਰਮਨੀ ਨੇ ਪਿਛਲੇ ਸਾਲ 100 ਬਿਲੀਅਨ ਡਾਲਰ ਹਥਿਆਰਾਂ ਤੇ ਖਰਚਿਆ ਜਦ ਕਿ ਆਮ ਲੋਕ ਇਨਫਲੇਸ਼ਨ ਦੀ ਨਾਰ ਝੱਲ ਰਹੇ ਹਨ। ਪਹਿਲਾਂ ਯੂਕਰੇਨ ਨੂੰ, ਰੂਸ ਨੂੰ ਭੜਕਾਉਣ ਲਈ ਵਰਤਿਆ ਗਿਆ ਫੇਰ ਰੂਸੀ ਹਮਲੇ ਤੋਂ ਬਾਦ ਰੂਸ ਤੇ ਸੈਕਸ਼ਨਾਂ ਦਾ ਦੌਰ ਸ਼ੁਰੂ ਹੋਇਆ, ਜਿਸਨੇ ਆਮ ਲੋਕਾਂ ਦੀਆਂ ਜੇਬਾਂ ਨੂੰ ਖਾਲੀ ਕਰ ਦਿੱਤਾ ਅਤੇ ਕਰ ਰਹੀਆਂ ਹਨ। ਅਸੀਂ ਨਹੀਂ ਕਹਿੰਦੇ ਕਿ ਰੂਸ ਇਨੋਸੈਂਟ ਹੈ ਪਰ ਜਦ ਅਮਰੀਕੇ ਇਰਾਕ, ਅਫਗਾਨਿਸਤਾਨ, ਲਿਬੀਆ, ਸੀਰੀਆ ਨੂੰ ਤਬਾਹ ਕਰਦਾ ਹੈ ਤਾਂ ਕੋਈ ਵੀ ਯੂਰਪੀਨ ਮੁਲਕ ਕੁਸਕਦਾ ਨਹੀਂ ਕਿਉਂਕਿ ਯੂਰਪੀਨ ਮੁਲਕ ਅਮਰੀਕਾ ਦੀ ਪੂਛ ਬਣ ਚੁੱਕੇ ਹਨ। ਇਸ ਵੇਲੇ ਯੂਰਪ ਮਹਾਂਸ਼ਕਤੀਆਂ ਵਿਚਾਲ਼ੇ ਇੱਕ ਫੁੱਟਬਾਲ ਦੀ ਤਰਾਂ ਹੈ। ਯੂਰਪੀ ਮੁਲਕਾਂ ਦੀ ਗੁੱਟਨਿਰਲੇਪਤਾ ਹੀ ਦੁਨੀਆਂ ਨੂੰ ਤੀਜੀ ਜੰਗ ਤੋਂ ਬਚਾ ਸਕਦੀ ਹੈ । ਅਮਰੀਕਾ ਵਰਗੇ ਅਮੀਰ ਮੁਲਕ ਕਦੇ ਮੰਗਲ਼ ਤਾਰੇ ਤੇ ਕਲੋਨੀਆਂ ਵਸਾਉਣ ਦੀਆਂ ਗੱਲਾਂ ਕਰਦੇ ਹਨ ਕਦੇ ਅਕਾਸ਼ ਦੀ ਸੈਰ ਵਾਸਤੇ ਰਾਕਟ ਚਲਾਉਂਦੇ ਹਨ ਪਰ ਇਸ ਧਰਤੀ ਨੂੰ ਨਰਕ ਬਨਾਉਣ ਤੇ ਲੱਗੇ ਹੋਏ ਹਨ । ਇਹਨਾਂ ਦੀਆਂ ਸਾਰੀਆਂ ਹਰਕਤਾਂ ਦਾ ਖ਼ਮਿਆਜਾ ਆਮ ਗਰੀਬ ਲੋਕ ਭੁੱਗਤਦੇ ਹਨ । ਇਸ ਦੁਨੀਆਂ ਨੂੰ ਝੁੱਗੀਆਂ ਵਾਲ਼ੇ ਨਹੀਂ ਸਗੋਂ ਇਹ ਅਮੀਰ ਲੋਕ ਖਾਤਮੇ ਕੰਢੇ ਤੇ ਲੈ ਗਏ ਹਨ । ਜਦੋਂ ਇਹ ਇਨਫਲੇਸ਼ਨ ਦਾ ਸਾਰਾ ਦੋਸ਼ ਰੂਸ ਯੂਕਰੇਨ ਦੀ ਲੜਾਈ ਜਾਂ ਸਪਲਾਈ ਚੇਨ ਵਿੱਚ ਵਿਘਨ ਪੈਣ ਤੇ ਸੁੱਟਦੇ ਹਨ ਤਾਂ ਇਹਨਾਂ ਦੀ ਨੀਅਤ ਤੇ ਸ਼ੱਕ ਜਿਹਾ ਵੀ ਹੋ ਜਾਂਦਾ ਹੈ ਕਿਉਂਕਿ ਅਲਬਰਟਾ ਵਿੱਚ ਕਣਕ , ਮੀਟ ਅਤੇ ਕਨੋਲਾ ਤੇਲ ਸਭ ਤੋਂ ਵੱਧ ਹੁੰਦਾ ਹੈ । ਅਲਬਰਟਾ ਇਹ ਤਿੰਨੇ ਵਸਤਾਂ ਦੁਨੀਆਂ ਭਰ ਨੂੰ ਸਪਲਾਈ ਕਰਦਾ ਹੈ ਫਿਰ ਅਲਬਰਟਾ ਵਿੱਚ ਮੀਟ ਤੇਲ ਅਤੇ ਆਟੇ ਦੀਆਂ ਕੀਮਤਾਂ ਇੱਕ ਸਾਲ ਵਿੱਚ ਦੁੱਗਣੀਆਂ ਕਿਉਂ ਹੋ ਗਈਆਂ ? ਕਨੇਡਾ ਦੇ ਵੱਡੇ ਸ਼ਹਿਰਾਂ ਦਾ ਇਹ ਹਾਲ ਹੈ ਕਿ ਲੋਕ ਅਪਾਰਟਮੈਂਟਾਂ ਦਾ ਕਿਰਾਇਆ ਵੀ ਅਫੋਰਡ ਨਹੀਂ ਕਰ ਸਕਦੇ। ਅਸਲ ਵਿੱਚ ਦੁਨੀਆਂ ਭਰ ਵਿੱਚ ਇਸ ਸਰਮਾਏਦਾਰੀ ਵਰਤਾਰੇ ਨੂੰ ਸਰਕਾਰਾਂ ਨੇ, ਲੋਕਾਂ ਨੂੰ ਲੁੱਟਣ ਦੀ ਖੁੱਲ ਦੇ ਰੱਖੀ ਹੈ। ਚਾਹੇ ਫਿਊਨਲ ਹੋਮ ਹਨ, ਚਾਹੇ ਸੀਨੀਅਰ ਹੋਮ ਹਨ ਚਾਹੇ ਵਿਦਿਅਕ ਅਦਾਰੇ ਹਨ ਸਾਰੇ ਬਿਜਨਿਸ ਦੀ ਤਰਾਂ ਚੱਲ ਰਹੇ ਹਨ , ਸਾਰੇ ਹੀ ਲੋਕ ਭਲਾਈ ਨਹੀਂ ਸਗੋਂ ਨਫ਼ੇ ਤੇ ਅਧਾਰਿਤ ਹਨ । ਜੇਕਰ ਕੋਈ ਵੀ ਲੋਕ-ਪੱਖੀ ਸਿਸਟਮ ਇਸ ਕਾਰਪੋਰੇਟ ਗਰੀਡ ਨੂੰ ਖ਼ਤਮ ਨਹੀ ਕਰਦਾ ਤਾਂ ਮਨੁੱਖਤਾ ਤਾਂ ਕੀ ਇਸ ਧਰਤੀ ਦੇ ਸਭ ਜੀਅ ਜੰਤ ਦੀ ਹੋਂਦ ਤੇ ਇੱਕ ਸਵਾਲੀਆ ਨਿਸ਼ਾਨ ਲੱਗ ਜਾਵੇਗਾ।

## ਸ਼ਹੀਦ...



ਉਸ ਨੇ ਕਦ ਕਿਹਾ ਸੀ 'ਮੈਂ ਸ਼ਹੀਦ ਹਾਂ'
ਉਸ ਨੇ ਸਿਰਫ਼ ਇਹ ਕਿਹਾ ਸੀ
ਫਾਂਸੀ ਦਾ ਰੱਸਾ ਚੁੰਮਣ ਤੋਂ ਕੁਝ ਦਿਨ ਪਹਿਲਾਂ
ਕਿ ਮੈਥੋਂ ਵੱਧ ਕੌਣ ਹੋਵੇਗਾ ਖੁਸ਼ਕਿਸਮਤ
ਮੈਨੂੰ ਅੱਜਕੱਲ੍ਹ ਨਾਜ਼ ਹੈ ਆਪਣੇ ਆਪ 'ਤੇ
ਹੁਣ ਤਾਂ ਬੜੀ ਬੇਤਾਬੀ ਨਾਲ
ਆਖਰੀ ਇਮਤਿਹਾਨ ਦੀ ਉਡੀਕ ਹੈ ਮੈਨੂੰ

ਤੇ ਆਖਰੀ ਇਮਤਿਹਾਨ ਵਿਚੋਂ
ਉਹ ਇਸ ਸ਼ਾਨ ਨਾਲ ਪਾਸ ਹੋਇਆ
ਕਿ ਮਾਂ ਨੂੰ ਨਾਜ਼ ਹੋਇਆ ਆਪਣੀ ਕੁੱਖ 'ਤੇ....

ਉਸ ਨੇ ਕਦ ਕਿਹਾ ਸੀ 'ਮੈਂ ਸ਼ਹੀਦ ਹਾਂ'
ਸ਼ਹੀਦ ਤਾਂ ਉਸ ਨੂੰ ਧਰਤੀ ਨੇ ਕਿਹਾ ਸੀ
ਸ਼ਹੀਦ ਤਾਂ ਉਸ ਨੂੰ ਸਤਲੁਜ ਦੀ ਗਵਾਹੀ 'ਤੇ
ਪੰਜਾਂ ਪਾਣੀਆਂ ਨੇ ਕਿਹਾ ਸੀ
ਗੰਗਾ ਨੇ ਕਿਹਾ ਸੀ
ਬ੍ਰਹਮਪੁੱਤਰ ਨੇ ਕਿਹਾ ਸੀ
ਸ਼ਹੀਦ ਤਾਂ ਉਸ ਨੂੰ ਰੁੱਖਾਂ ਦੇ
ਪੱਤੇ-ਪੱਤੇ ਨੇ ਕਿਹਾ ਸੀ

ਤੇ ਤੁਸੀਂ ਹੁਣ ਧਰਤੀ ਨਾਲ ਲੜ ਪਏ ਹੋ
ਤੁਸੀਂ ਹੁਣ ਦਰਿਆਵਾਂ ਨਾਲ ਲੜ ਪਏ ਹੋ
ਤੁਸੀਂ ਹੁਣ ਰੁੱਖਾਂ ਦੇ ਪੱਤਿਆਂ
ਨਾਲ ਲੜ ਪਏ ਹੋ
ਮੈਂ ਬਸ ਤੁਹਾਡੇ ਲਈ ਦੁਆ ਹੀ ਕਰ ਸਕਦਾ ਹਾਂ
ਕਿ ਰੱਬ ਤੁਹਾਨੂੰ ਬਚਾਵੇ
ਧਰਤੀ ਦੀ ਬਦਸੀਸ ਤੋਂ
ਦਰਿਆਵਾਂ ਦੀ ਬਦਦੁਆ ਤੋਂ
ਰੁੱਖਾਂ ਦੀ ਹਾਅ ਤੋਂ !!!

-ਸੁਰਜੀਤ ਪਾਤਰ

## ਕਵਿਤਾਵਾਂ...

-ਗੋਰਖ ਪਾਂਡੇ-

### ਬਘਿਆੜ

ਸ਼ੇਰ ਜੰਗਲ ਦਾ ਰਾਜਾ ਹੈ
ਬਘਿਆੜ ਕਾਨੂੰਨ ਮੰਤਰੀ
ਬਲਵਾਨ ਤੇ ਨਿਰਬਲ ਦਰਮਿਆਨ
ਹੈ ਦੰਗਲ।
ਜਗ੍ਹਾ ਜਗ੍ਹਾ ਡਿੱਗੇ ਪਏ ਨੇ
ਲਹੂ ਦੇ ਤੁਪਕੇ ਤੇ ਹੱਡੀਆਂ
ਜੰਗਲ 'ਚ ਹੈ ਮੰਗਲ।
(2)
ਸ਼ਿਕਾਰ 'ਤੇ ਨਿਕਲਿਆ ਹੈ ਬਘਿਆੜ
ਭੂਗੋਲ ਦੇ ਹਨੇਰੇ ਕੋਨਿਆਂ 'ਚ
ਭੇਡ ਦੀ ਖੱਲ ਲਪੇਟ ਕੇ।
ਜਾਗਦੇ ਰਹੋ,ਸੌਣ ਵਾਲਿਓ
ਬਘਿਆੜ ਤੋਂ ਬਚਾਓ
ਬੱਚਿਆਂ ਨੂੰ।

• • •

### ਦੰਗਾ

ਇਸ ਵਾਰ ਦੰਗਾ
ਬਹੁਤ ਭਾਰੀ ਸੀ
ਖੂਬ ਵਰ੍ਹਿਆ ਸੀ
ਮੀਂਹ ਲਹੂ ਦਾ
ਅਗਲੇ ਸਾਲ ਹੋਵੇਗੀ
ਭਰਵੀਂ ਫਸਲ
ਵੋਟਾਂ ਦੀ।

• • •

### ਕੁਰਸੀਨਾਮਾ

ਕੁਰਸੀ ਖ਼ਤਰੇ 'ਚ ਹੈ ਤਾਂ
ਲੋਕਤੰਤਰ ਖ਼ਤਰੇ 'ਚ ਹੈ
ਕੁਰਸੀ ਖ਼ਤਰੇ 'ਚ ਹੈ ਤਾਂ
ਦੇਸ਼ ਖ਼ਤਰੇ 'ਚ ਹੈ
ਕੁਰਸੀ ਖ਼ਤਰੇ 'ਚ ਹੈ ਤਾਂ
ਦੁਨੀਆਂ ਖ਼ਤਰੇ 'ਚ ਹੈ
ਕੁਰਸੀ ਨਾ ਬਚੇ ਤਾਂ
ਢੱਠੇ ਖੂਹ 'ਚ ਪਏ
ਲੋਕਤੰਤਰ, ਦੇਸ਼ ਤੇ ਦੁਨੀਆਂ।

ਹਿੰਦੀ ਤੋਂ ਉਲੱਥਾ:
ਯਸ਼ ਪਾਲ, ਵਰਗ ਚੇਤਨਾ

## ਬੱਦੋਵਾਲ ਕਰੇ ਸਵਾਲ ?

ਜੇ ਪ੍ਰਿਥੀ ਦੀ ਸੋਚ 'ਤੇ
ਪਹਿਰਾ ਦੇਣਾ ਠੋਕ ਕੇ
ਸੁਣ ਲੈ ਛੈਲ ਜੁਆਨਾਂ ਤੂੰ
ਜਰਾ ਕਦਮ ਨੂੰ ਰੋਕ ਕੇ
ਗੱਲ ਮੰਜ਼ਿਲ ਦੀ ਸਈ ਫੇਰ ਕਦੇ
ਗੱਲ ਬਦਲੀ ਤੋਰ ਦੀ ਕਰਦੇ ਹਾਂ
ਹੱਥ ਝੰਡਾ ਕੱਲ੍ਹ ਸੰਘਰਸ਼ਾਂ ਦਾ
ਅੱਜ ਕਦਮ ਕਿੱਧਰ ਨੂੰ ਧਰਦੇ ਹਾਂ
ਪ੍ਰਿਥੀ ਨੇ ਜੋ ਪੜ੍ਹਿਆ ਸੀ
ਓਹਨੇ ਵਿੱਚ ਮਸਾਲਾਂ ਜੜਿਆ ਸੀ
ਲੋਕਾਂ ਦੀ ਹੀ ਮੁਕਤੀ ਲਈ
ਉਹ ਕਦਮ ਕਦਮ ਤੇ ਲੜਿਆ ਸੀ
ਪ੍ਰਿਥੀ ਤੇਰਾ ਕਾਜ ਅਧੂਰਾ
ਕਿੰਝ ਕਰਾਂਗੇ ਸੱਜਣਾ ਪੂਰਾ!
ਅੱਜ ਕੱਲ੍ਹ ਹੋਈ ਕਨੇਡਾ ਨੇੜੇ
ਬੱਦੋਵਾਲ ਤਾਂ ਬਹੁਤੀ ਦੂਰ ਆ
ਬੱਦੋਵਾਲ ਸੀ ਪ੍ਰਿਥੀ ਮੋਇਆ
ਨੇਰ੍ਹੀ ਰਾਤੇ ਸੂਰਜ ਕੋਹਿਆ
ਪੋਟਾ ਪੋਟਾ ਜਿਸਮ ਤੋੜਿਆ
ਫਿਰ ਵੀ ਨਹੀਓਂ ਸੂਰਜ ਮੋਇਆ!
ਮਾਣ ਸੀ ਉਸ ਰਾਹ ਆਉ ਜੁਆਨੀ
ਇਹਦੀ ਤੋਰ 'ਚ ਸਦਾ ਰਵਾਨੀ
ਪਰ ਇਹ ਵੀ ਤਾਂ ਕੌੜਾ ਸੱਚ ਹੈ
ਹੁੰਦੀ ਜਾਏ ਕਿਉਂ ਬੇਗਾਨੀ ?
ਪਿੰਡਾਂ ਦੇ ਪਿੰਡ ਖਾਲੀ ਹੋ ਗਏ
ਗੱਭਰੂ ਕਿੱਥੇ ਜਾ ਖਲੋ ਗਏ
ਕਿੱਥੇ ਉੱਡੀਆਂ ਕੁੜੀਆਂ ਚਿੜੀਆਂ
ਹੁਣ ਨਾ ਵਿਹੜੇ ਕਲੀਆਂ ਖਿੜੀਆਂ
ਹੁਣ ਤਾਂ ਪ੍ਰਿਥੀ ਰੋਜ ਹੀ ਮਰਦਾ
ਨਿੱਤ ਜੇਲ੍ਹਾਂ ਦੇ ਵਿੱਚ ਹੈ ਸੜਦਾ
ਭੇਸ ਬਦਲ ਕੇ ਉਸਦਾ ਕਾਤਲ
ਨਿੱਤ ਆ ਸਾਡੀ ਹਿੱਕ 'ਤੇ ਚੜ੍ਹਦਾ
ਜੇ ਜਿਉਣਾ ਝੰਡਾ ਗੱਡ ਵੇ ਸੱਜਣਾ
ਜਕੋ ਤਕੀ ਨੂੰ ਛੱਡ ਵੇ ਸੱਜਣਾ
ਫਰਜਾਂ ਤੋਂ ਨਾ ਭੱਜ ਵੇ ਸੱਜਣਾ
ਪ੍ਰਿਥੀ ਬਣਕੇ ਗੱਜ ਵੇ ਸੱਜਣਾ
ਚੱਲ ਵੇ ਚੱਲੀਏ ਬੱਦੋਵਾਲ
ਬੱਦੋਵਾਲ ਤਾਂ ਕਰੇ ਸਵਾਲ
ਲਹੂ 'ਚ ਭਿੱਜੀ ਖਾਕ ਸੰਭਾਲ
ਫਿਰ ਆਵੇਗਾ ਲੋਕ-ਭੂਚਾਲ।

- ਅਮੋਲਕ ਸਿੰਘ

**ਬੱਦੋਵਾਲ - ਝਾਂਡੇ ਲਾਗੇ ਸਾਰੀ ਰਾਤ ਤਸ਼ੱਦਦ ਕਰਕੇ , ਅੰਗ ਅੰਗ ਭੰਨਕੇ 18 ਜੁਲਾਈ 1979 'ਚ ਪ੍ਰਿਥੀਪਾਲ ਰੰਧਾਵਾ ਨੂੰ ਸ਼ਹੀਦ ਕਰਨ ਉਪਰੰਤ ਇਸ ਤਰ੍ਹਾਂ ਸੁੱਟਿਆ ਪਿਆ ਸੀ ਵਿਦਿਆਰਥੀਆਂ ਅਤੇ ਲੋਕਾਂ ਦਾ ਪ੍ਰਿਥੀ ਉਹ ਬੱਦੋਵਾਲ ਕਰੇ ਸਵਾਲ ?**

## ਤੇਰਾ ਨਿਕਲੂ ਜਨਾਜਾ ਸ਼ਾਨ ਨਾਲ ਬਈ

ਤੇਰਾ ਨਿਕਲੂ ਜਨਾਜਾ ਸ਼ਾਨ ਨਾਲ ਬਈ
ਜੇ ਤੂੰ ਅਸਲੇ-ਨਸ਼ੇ ਦੇ ਗੀਤ ਗਾਵੇਂਗਾ।
ਜਿੰਦ ਵਾਰੇਂਗਾ ਜੇ ਵਤਨ ਪਿਆਰੇ ਲਈ
ਇੱਥੇ ਅੱਤਵਾਦੀ ਮਿੱਤਰਾ ਕਹਾਵੇਂਗਾ।

ਬੜੀ ਹੋਸਟਲ ਵਿੱਚ ਦਾਰੂ ਪੀਤੀ ਐ
ਛੋਟੀ ਉਮਰ ਦੇ ਵਿੱਚ ਮੱਲਾਂ ਮਾਰੀਆਂ।
ਚਿੱਟੇ ਕੁੜਤੇ ਦੇ ਉੱਤੇ ਖੂਨ ਲੱਗਿਆ
ਜੱਟ ਦੀਆਂ ਭੈੜੀਆਂ ਗਰਾਰੀਆਂ।
ਬਾਜਾਰਵਾਦ ਦੀ ਡਿਮਾਂਡ ਉੱਤੇ ਨੱਚੇਂਗਾ
ਹਵਾ ਜੱਟਾਂ ਦੀ ਮੁੰਡੀਰ ਨੂੰ ਛਕਾਵੇਂਗਾ।
ਤੇਰਾ ਨਿਕਲੂ ਜਨਾਜਾ.....

ਜੱਟ ਚੁੱਕ ਕੇ ਲੈ ਜਾਂਦਾ ਬਜ਼ਾਰ 'ਚੋਂ
ਜੱਟ ਡੱਬ ਵਿੱਚ ਰੱਖਦਾ ਏ ਗੰਨ ਨੀ।
ਜੱਟ ਦੁਨੀਆਂ ਨੂੰ ਜੁੱਤੀ ਥੱਲੇ ਰੱਖਦਾ
ਖੱਬੀ ਸੀਟ 'ਤੇ ਦਮੂਹੀਂ ਰੱਖੇ ਰੰਨ ਨੀਂ।
ਗੈਂਗਵਾਰ ਦੀਆਂ ਗੋਲੀਆਂ ਨਾ ਮਰੇਂਗਾ
ਫਿਰ ਮਿੱਤਰਾ ਸ਼ਹੀਦ ਬਣ ਜਾਏਂਗਾ।
ਤੇਰਾ ਨਿਕਲੂ ਜਨਾਜਾ....

'ਕੁਲਦੀਪ' ਤੇਰੇ ਨਾਨਕੇ ਗਰੀਬ ਨੇ
ਉਹਦੇ ਨਾਨੇ ਦੀ ਡਾਇਰ ਨਾਲ ਯਾਰੀ ਐ।
ਤੇਰੇ ਦਾਦੇ ਨੇ ਹਵਾਲਤਾਂ ਕੱਟੀਆਂ
ਉਹਦੇ ਖੂਨ ਵਿੱਚ ਭਰੀ ਹੋਈ ਗਦਾਰੀ ਐ।
ਉਹ ਤਾਂ ਲਾਸ਼ਾਂ ਤੇ ਰੋਟੀਆਂ ਨੇ ਸੇਕਦੇ
ਤੂੰ ਰੋਟੀਆਂ ਲਈ ਲਾਸ਼ ਬਣ ਜਾਵੇਂਗਾ।
ਤੇਰਾ ਨਿਕਲੂ ਜਨਾਜਾ.....

ਕੁਲਦੀਪ ਸਿਰਸਾ
98132-37322

## 15 ਅਗਸਤ ਦੇ ਨਾਂ
## ਦਰਦ ਦੀਆਂ ਚੀਸਾਂ



-ਕੇਹਰ ਸ਼ਰੀਫ

ਸੰਨ ਸੰਤਾਲੀ ਚੰਦਰਾ ਸੀ ਖੋਹ ਕੇ ਲੈ ਗਿਆ ਖੁਸ਼ੀਆਂ ਨਾਲ
ਹੁਣ ਤਾਂ ਨਿੱਤ ਸੰਤਾਲੀ ਚੜ੍ਹਦਾ ਧਰਤੀ ਕਰਦਾ ਲਾਲੋ-ਲਾਲ।

ਘੁੱਗ ਵਸਦੇ ਮੁਹੱਬਤੀ ਲੋਕਾਂ ਦੇ ਖਿੱਤੇ 'ਚ
ਸ਼ਰਾਰਤੀ ਲੋਭੀਆਂ ਨੇ ਪਾਟਕ ਪਾਏ
ਦੁੱਧ ਵਿਚ ਚੋਰੀ ਕਾਂਜੀ ਘੋਲਣ ਵਾਂਗ
ਵਾਤਾਵਰਣ ਜ਼ਹਿਰੀ ਕਰ ਦਿੱਤਾ ਗਿਆ
ਅਜਿਹਾ ਨਫਰਤੀ ਮਾਹੌਲ ਬਣਾਇਆ
ਕਿ ਲਹੂ ਆਪਣਾ ਰੰਗ ਹੀ ਵਟਾ ਗਿਆ
ਜਦੋਂ ਲੋਕ ਵੰਡੇ ਗਏ, ਤਾਂ ਗੁਲਾਮ ਹੋ ਗਏ।

ਨੇਕ ਰੂਹਾਂ ਦਰਦਾਂ ਦੀ ਦਵਾ ਬਣਨ ਤੁਰੀਆਂ
ਕਾਲ ਕੋਠੜੀਆਂ, ਘਰ ਉੱਜੜੇ, ਫਾਂਸੀਆਂ ਹੋਈਆਂ
ਜਲਾਵਤਨੀਆਂ, ਘਰ ਪਰਿਵਾਰਾਂ ਦੀ ਤਬਾਹੀ
ਕਾਲੇ ਪਾਣੀਆਂ ਦੇ ਅਣਮਨੁੱਖੀ ਤਸੀਹਿਆਂ ਅਤੇ
'ਹਵਾ' ਵਲੋਂ ਆਪਣੇ ਖਿਲਾਫ ਹੋਈ ਸਾਜ਼ਸ਼ ਤੋਂ ਵੀ
ਸਿਦਕਵਾਨਾ, ਸਿਰੜੀਆਂ ਨੇ ਹੌਂਸਲਾ ਨਾ ਹਾਰਿਆ

ਫੇਰ, ਜਿਹੜੀ ਆਜਾਦੀ ਆਈ, ਉਹ --
ਉਹਦੀ ਮਟਕ, ਰੰਗ-ਰੂਪ ਤੇ ਰੂਹ ਵੀ,
ਸੁਰਖ ਗੁਲਾਬਾਂ ਵਰਗੇ ਨਾ ਹੋ ਸਕੇ,
ਲੋਕ ਦਿਲਾਂ 'ਚ ਪਲਦੀਆਂ ਸਾਂਝੀਆਂ ਰੀਝਾਂ,
'ਤੇ ਸੁਖੀ ਵਸਣ ਵਾਲੇ ਸੁਪਨੇ, ਆਸਾਂ, ਉਮੰਗਾਂ
ਆਉਂਦੇ-ਜਾਂਦੇ ਸਾਹਾਂ 'ਚ ਦਫਨ ਹੋ ਗਈਆਂ
ਸੋਹਣੀ ਧਰਤੀ ਤੇ ਪਿਆਰ ਮੁਹੱਬਤ ਦੇ ਸੁਰਾਂ ਵਾਲੀ
ਵੰਝਲੀ ਤੋਂ ਉਸਦੀ ਤਾਨ ਖੋਹ ਲਈ ਗਈ
ਪੰਜ-ਆਬਾਂ ਦਾ ਬੇਲਾ ਵੀਰਾਨ ਕਰ ਦਿੱਤਾ
ਵਕਤ, ਵਾਪਰਦੀ ਇਸ ਅਣਹੋਣੀ ਨੂੰ ਦੇਖਦਾ ਰਿਹਾ
ਵਕਤ ਉਦਾਸ ਹੋ ਗਿਆ, ਜੋ ਅਜੇ ਵੀ ਉਦਾਸ ਹੈ
ਸਵਾਲ ਅਜੇ ਵੀ ਜਵਾਬ ਦੀ ਉਡੀਕ ਕਰ ਰਿਹਾ
ਚਾਹਤ ਅਜੇ ਵੀ ਉਡੀਕ ਦੇ ਬੂਹੇ ਹੀ ਬੈਠੀ ਹੈ
ਸਮੇਂ ਨੂੰ ਸਾਰਥਕ ਕਰਨ ਦਾ ਵੇਲਾ ਕਦੋਂ ਆਵੇਗਾ?

ਕਹਿੰਦੇ ਪਾਣੀਆਂ 'ਤੇ ਲੀਕ ਨਹੀਂ ਵਹਿੰਦੀ
ਸਿਆਹ ਸਿਆਸਤ ਨੇ ਪਾਣੀਆਂ 'ਤੇ ਵੀ ਲੀਕ ਵਾਹ ਦਿੱਤੀ
ਝੂਠੇ ਨਾਅਰਿਆਂ ਨਾਲ ਵਰਗਲਾਏ ਸਿਰੋਂ ਵਿਹੂਣੇ ਜਨੂੰਨੀ
ਦੁਸ਼ਮਣਾਂ ਵਰਗੇ 'ਆਪਣਿਆਂ' ਦੀ ਚੁੱਕ ਵਿਚ ਆ
ਇੱਕੋ ਮੁਹੱਲੇ, ਪਿੰਡ ਵਿਚ ਜੰਮੇ-ਪਲੇ ਤੇ ਵੱਡੇ ਹੋਏ
ਆਪਣੇ ਹੀ ਬੇ-ਕਸੂਰ, ਬੇਦੋਸ਼ੇ, ਭੈਣਾਂ-ਭਰਾਵਾਂ ਨੂੰ
ਬੇ-ਰਹਿਮੀ ਭਰੀ ਉਜੱਡਤਾ ਨਾਲ ਵੱਢਦੇ-ਟੁੱਕਦੇ ਰਹੇ
ਪਾਗਲ ਹੋ ਮਾਵਾਂ-ਭੈਣਾਂ ਦੀਆਂ ਇੱਜ਼ਤਾਂ ਲੁੱਟਦੇ ਰਹੇ
ਭਲਾਂ ਇਹ ਧਾੜਵੀ, ਕਾਤਲ, ਦਰਿੰਦੇ ਕੌਣ ਸਨ ?
ਆਪਣੇ ਹੀ ਸਨ, ਕੋਈ ਗੈਰ ਤਾਂ ਨਹੀਂ ਸਨ?
ਬੀਬੇ ਚਿਹਰੇ, ਮੱਕਾਰੀ ਵਸ ਝੂਠਾ ਲਿਬਾਸ ਪਹਿਨ
ਸਾਰੀ ਮਨੁੱਖਤਾ ਨੂੰ ਇਕੋ ਸਮਝਣ ਦਾ ਸੰਦੇਸ਼ ਭੁੱਲ
"ਸਭੈ ਸਾਂਝੀਵਾਲ ਸਦਾਇਣ" ਦੀ ਰੀਤ ਵੱਲ ਪਿੱਠ ਕਰ
ਲੱਖਾਂ ਹੀ ਬੇ-ਕਸੂਰ ਜਾਨਾਂ ਤੇ ਪੰਜਾਂ ਪਾਣੀਆਂ ਦੇ ਕਾਤਲ
ਪਤਾ ਨਹੀਂ ਮੁੜ ਕਦੇ ਸੁਖ ਦੀ ਨੀਂਦੇ ਸੁੱਤੇ ਵੀ ਹੋਣ?

ਹੱਸਦੇ, ਖੇਡਦੇ, ਢੋਲੇ ਦੀਆਂ ਲਾਉਂਦੇ
ਨਹੁੰ ਮਾਸ ਦਾ ਰਿਸ਼ਤਾ ਬਣਕੇ ਜੀਊਂਦੇ
ਵਟਾਈਆਂ ਪੱਗਾਂ ਤੇ ਵਟਾਈਆਂ ਚੁੰਨੀਆਂ ਨੂੰ
ਲੀਰੋ-ਲੀਰ ਕਰਨ ਵਾਲੇ, ਪੱਥਰ ਦਿਲ
ਮੁਹੱਬਤੀ ਰਿਸ਼ਤਿਆਂ ਤੇ ਭਲੇ ਇਨਸਾਨਾਂ ਨੂੰ
ਵੱਢਣ-ਟੁੱਕਣ ਵਾਲੇ ਬੇਰਹਿਮ ਦਰਿੰਦੇ
ਪੰਜਾਂ ਪਾਣੀਆਂ ਦੀ ਭਾਈਚਾਰਕ ਸਾਂਝ, ਅਤੇ
ਮੁਹੱਬਤ ਦੇ ਫਲਸਫੇ ਨੂੰ ਨਾ ਸਮਝ ਸਕੇ
ਅਪਣਤ ਭਰੀ ਇਨਸਾਨੀਅਤ ਦੇ ਗੁਨਾਹਗਾਰ
ਅਣਗਿਣਤ ਲੋਕਾਂ ਨੂੰ ਘਰੋਂ, ਬੇ-ਘਰੇ ਕਰਕੇ
ਇਤਿਹਾਸ ਨੂੰ ਦਾਗੀ ਕਰਨ ਦੇ ਦੋਸ਼ੀ
ਇਸ ਵੱਢ-ਟੁੱਕ ਦਾ ਸੁਆਦ ਲੈਣ ਵਾਲੇ
ਕੋਈ ਬਾਹਰਲੇ ਨਹੀਂ, ਇਸੇ ਧਰਤੀ ਦੇ ਜਾਏ ਸਨ
ਜਿਨ੍ਹਾਂ ਦਾ ਖੂਨ ਅਸਲੋਂ ਹੀ ਚਿੱਟਾ ਹੋ ਗਿਆ ਸੀ
ਅੱਖਾਂ ਚ ਨਫਰਤ ਦਾ ਮੋਤੀਆ ਉਤਰ ਆਇਆ
ਜਿਨ੍ਹਾਂ ਨੇ ਇਕ ਦੂਜੇ ਦੇ ਸਾਹੀਂ ਜੀਊਣ ਵਾਲੇ
ਮੁਹੱਬਤੀ, ਜ਼ਿੰਦਾਦਿਲ, ਮਾਸੂਮ ਤੇ ਨੇਕ ਇਨਸਾਨਾਂ ਨੂੰ
ਢੋਲੇ ਦੀਆਂ ਲਾਉਂਦਿਆਂ ਨੂੰ ਵੈਣਾਂ ਦੇ ਵਸ ਪਾ ਕੇ
ਦਿਸ਼ਾਹੀਣ, ਉੱਜੜਦੇ ਕਾਫਲੇ ਬਣਾ ਦਿੱਤਾ
ਚੜ੍ਹਦੇ, ਲਹਿੰਦੇ ਨਫਰਤਾਂ ਦੇ ਤੂਫਾਨ ਆਏ
ਆਦਿ ਜੁਗਾਦੋਂ ਜੰਮਣ ਭੋਇੰ ਨਾਲ ਬੱਝਿਆ
ਉਨ੍ਹਾਂ ਦੇ ਜੀਵਨ ਦਾ ਨਾੜੂਆ ਤੋੜ ਦਿੱਤਾ,
ਸਭ ਕੁੱਝ ਹਨੇਰੀ ਸੁਰੰਗ ਬਣਾ ਦਿੱਤਾ ਗਿਆ
ਸਦੀਆਂ ਤੋਂ ਬੁਣੀਆਂ, ਮੋਹ ਦੀਆਂ ਤੰਦਾਂ
ਸਾਂਝਾ ਵਿਰਸਾ, ਸਾਂਝੀ ਵਿਰਾਸਤ, ਸਾਂਝਾ ਜੀਣ-ਥੀਣ
ਕਿਉਂ ਤੇ ਕਿਵੇਂ ਲਹੂ 'ਚ ਲੱਥ-ਪਥ ਹੋ ਗਏ?
ਇਹ ਕੀ ਹੋਇਆ, ਕਿਸੇ ਨੂੰ ਸਮਝ ਹੀ ਨਾ ਆਇਆ।
ਸੋਹਣੀ ਧਰਤੀ ਅਤੇ ਸਾਂਝੇ ਪਾਣੀਆਂ ਦੀ ਹਿੱਕ 'ਤੇ,
ਨਫਰਤਾਂ ਤੇ ਬੇਗਾਨਗੀ ਦੀ ਲੰਮੀ ਲੀਕ ਖਿੱਚੀ ਗਈ
ਚੀਕਾਂ, ਹੌਕੇ-ਹਾਵੇ, ਵਕਤ ਦੀਆਂ ਧੁੜਾਂ 'ਚ ਗੁਆਚ ਗਏ
ਵਿਛੋੜੇ ਦੀ ਧੁੰਦਲ ਅਜੇ ਵੀ ਉਡੀ ਜਾਂਦੀ ਐ
ਵਕਤ ਦੇ ਮਾਰਿਆਂ ਲਈ ਉਡੀਕ ਦਾ ਅੰਤ ਨਹੀਂ ਹੋਇਆ।

ਸਾਡੇ ਹਾਸੇ ਫੇਰ ਕਦੇ ਇਕ-ਮਿਕ ਅਤੇ ਸਾਂਝੇ ਹੋ ਜਾਣ
ਇਕ ਦਾ ਦਰਦ, ਦੂਜੇ ਦੀ ਸਹਿਣਯੋਗ ਪੀੜ ਬਣ ਜਾਵੇ
ਇਨ੍ਹਾਂ ਦਰਦਾਂ 'ਤੇ ਰੱਖੇ ਮੋਹ ਦੇ ਫਹੇ, ਫੇਰ ਬਿਸਮਿੱਲਾ ਕਹਿਣ
ਤੜਪਦੀਆਂ ਸਾਂਝਾਂ ਮੁੜ ਗਲਵਕੜੀਆਂ ਬਣ ਜਾਣ
ਇਹੋ ਸਾਡਾ ਆਉਣ ਵਾਲੇ ਕੱਲ੍ਹ ਦਾ ਮਕਸਦ ਹੋਵੇ
ਕਾਸ਼! ਕਿ ਸਾਨੂੰ ਫੇਰ ਕਦੇ ਸਾਡਾ ਗੁਆਚਿਆ ਹੋਇਆ
ਮੁਹੱਬਤਾਂ ਦਾ ਸਾਂਝਾ ਸਿਰਨਾਵਾਂ ਲੱਭ ਜਾਵੇ
ਸਾਨੂੰ ਵੀ ਆਜਾਦੀ ਦੇ ਅਰਥ ਸਮਝ ਪੈ ਜਾਣ
ਅਸੀਂ ਆਪਣੀਆਂ ਮਨਹੂਸੀਆਂ ਤੋਂ ਮੁਕਤ ਹੋਈਏ
ਵੰਡ ਵਾਲੇ ਦਰਦ ਦੀਆਂ ਮੁੜ ਮੁੜ ਪੈਂਦੀਆਂ ਚੀਸਾਂ ਨੂੰ
ਆਪਣੇ ਸਾਂਝੇ ਮੁਹੱਬਤੀ ਬੋਲਾਂ ਨਾਲ ਵਰਾ ਸਕੀਏ
ਫਿਰ ਤੋਂ ਪੰਜਾਂ ਪਾਣੀਆਂ ਦੇ ਵਾਰਿਸ ਬਣ ਸਕੀਏ
ਆਪਣੇ ਸਾਂਝੇ ਵਿਰਸੇ ਦੇ ਸਾਂਝੇ ਵਾਰਿਸ ਬਣ ਸਕੀਏ ।

ਸੰਪਰਕ : 0049 1733546050

## ਉਹ ਦਾ ਜਦ ਆਲ੍ਹਣਾ....

ਉਹ ਦਾ ਜਦ ਆਲ੍ਹਣਾ ਡਿੱਗਿਆ ਪਰਿੰਦਾ ਬਹੁਤ ਹੀ ਰੋਇਆ।
ਤੇ ਅੱਖਾਂ ਖੁਲ੍ਹਣ ਤੋਂ ਪਹਿਲਾਂ ਉਹ ਦਾ ਹਰ ਬੋਟ ਸੀ ਮੋਇਆ।

ਇਹਨਾਂ ਬੇਰਹਿਮ ਪੌਣਾਂ ਨੂੰ ਖ਼ੁਦਾ ਨੇ ਜ਼ੋਰ ਕੀ ਦਿੱਤਾ,
ਵਸੀਲਾ ਜੀਣ ਦਾ ਹਰ ਇਕ ਇਹਨਾਂ ਅਪਣੇ ਘਰੇ ਢੋਇਆ।

ਘਰੋਂ ਜਦ ਪੈਰ ਮੈਂ ਪੁੱਟਿਆ, ਕਿਹਾ ਸੀ ਪਰਤ ਆਵਾਂਗਾ,
ਨਾ ਭੁੱਲਿਆ ਘਰ ਕਦੇ ਮੈਨੂੰ ਨਾ ਮੈਥੋਂ ਪਰਤ ਹੀ ਹੋਇਆ।

ਜ਼ਰਾ ਤੂੰ ਹੋਸ਼ ਕਰ ਵੇਖੀਂ, ਜ਼ਰਾ ਤੂੰ ਸੋਚ ਕੇ ਵੇਖੀਂ,
ਤੇਰੇ ਚਾਵਾਂ ਦੀ ਜੜ੍ਹ ਵਿਚ ਆ ਇਹ ਕੀਹਨੇ ਤੇਲ ਹੈ ਚੋਇਆ।

ਖੁੱਲ੍ਹਾ ਤੱਕ ਗੀਤ ਦਾ ਬੂਹਾ, ਪਰਿੰਦਾ ਆ ਗਿਆ ਅੰਦਰ,
ਉਹ ਦਿਲ ਦਾ ਰਾਗ ਬਣ ਬੈਠਾ, ਮੈਥੋਂ ਕੁਝ ਆਖ ਨਾ ਹੋਇਆ।

- ਸੁਰਿੰਦਰ ਗੀਤ

## ਮਾਲੀ ਸਹਾਇਤਾ

ਅੱਜ ਮਿਤੀ 15 ਮਈ 2022 ਨੂੰ ਸ: ਗੁਰਦੇਵ ਸਿੰਘ ਔਲਖ ਪੁੱਤਰ ਸਵ. ਸ. ਚੰਨਣ ਸਿੰਘ ਔਲਖ ਜੋ 6 ਮਈ ਨੂੰ ਸੁਰਗਵਾਸ ਹੋ ਗਏ। ਉਹਨਾਂ ਦੀ ਆਤਮਾ ਦੀ ਸ਼ਾਂਤੀ ਦਾ ਭੋਗ ਤੇ ਅੰਤਿਮ ਅਰਦਾਸ ਸਮੇਂ ਸ. ਬਲਦੇਵ ਸਿੰਘ ਔਲਖ ਭਰਾ ਵੱਲੋਂ ਕਨੇਡਾ ਦੇ ਪੰਜਾਬੀ ਪੇਪਰ ਅਦਾਰਾ "ਸਰੋਕਾਰਾਂ ਦੀ ਆਵਾਜ਼" ਨੂੰ $100 ਦੀ ਮਾਲੀ ਸਹਾਇਤਾ ਕੀਤੀ

ਵੱਲੋਂ :-ਨਿਵਾਸ ਸਥਾਨ ਪਿੰਡ ਕੈਲਪੁਰ ਡਾਕ. ਦਾਖਾ. ਜ਼ਿਲ੍ਹਾ ਲੁਧਿਆਣਾ

## ਅਡੰਬਰ ਅੰਧ ਵਿਸਵਾਸ਼

ਸਦੀ ਦੋਸਤੋ ਬੇਸ਼ੱਕ ਬਾਈਵੀਂ ਆ ਗਈ ਹੈ,
ਨਾ ਇਨਸਾਨ ਅੰਧਵਿਸਵਾਸ ਤੋਂ ਹਾਲੇ ਅਵਾਜ਼ਾਰ ਹੋਇਆ।
ਤਰੱਕੀ ਕਰ ਲਈ ਬਹੁਤ ਵਿਕਾਸ ਕੀਤਾ,
ਕਿਸੇ ਪਾਸਿਓਂ ਵੀ ਨਹੀਂ ਲਾਚਾਰ ਹੋਇਆ।
ਕਮੀ ਪੈਸੇ ਦੀ ਭਾਵੇਂ ਰਹੀ ਨਾ ਕਿਸੇ ਪਾਸਿਓਂ ਵੀ,
ਦਿਮਾਗ ਵੱਲੋਂ ਪਰ ਨਹੀਂ ਸਰਸ਼ਾਰ ਹੋਇਆ।
ਸਾਰੀ ਦੁਨੀਆਂ ਦੀ ਅਤੇ ਚੰਨ ਦੀ ਸੈਰ ਕਰ ਲਈ,
ਰੇਲਾਂ ਕਾਰਾਂ ਅਤੇ ਜਹਾਜ਼ੀਂ ਅਸਵਾਰ ਹੋਇਆ।
ਮਾਨਸਿਕਤਾ ਪਰ ਕਮਜੋਰ ਦੀ ਕਮਜੋਰ ਰਹਿਗੀ,
ਇਹਦੇ ਵਿਚ ਨਾ ਹਾਲੇ ਸੁਧਾਰ ਹੋਇਆ।
ਪੜ੍ਹ ਲਿਖ ਕੇ ਵੀ ਢੌਂਗਾਂ ਤੋਂ ਨਾ ਬਚਿਆ,
ਅਕਾਲਪੁਰਖ ਤੇ ਨਹੀਂਓ ਇਤਬਾਰ ਹੋਇਆ।
ਬਹੁਕਰ ਨਾਰੀਅਲ ਅੰਡੇ ਸਰਾਬ ਚੌਕਾਂ ਚ ਰੱਖ ਸੁੱਖ ਲੱਭਦਾ ਹੈ,
ਵੇਖੋ ਸੋਚਣੀ ਵਿੱਚ ਐਨਾ ਨਿਘਾਰ ਹੋਇਆ।
ਦੱਦਾਹੂਰੀਆ ਜੋ ਸਿਰਜਣਹਾਰ ਤੇ ਇਤਬਾਰ ਕਰਦਾ,
ਵੇਖਿਆ ਓਸੇ ਦਾ ਬੇੜਾ ਹੀ ਪਾਰ ਹੋਇਆ।



ਜਸਵੀਰ ਸ਼ਰਮਾ ਦੱਦਾਹੂਰ
95691-49556

ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ, ਤਰਕਸ਼ੀਲ, ਵਿਗਿਆਨਕ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ ਕੈਲਗਰੀ : ਮਾਸਟਰ ਭਜਨ 403-455-4220, ਟੋਰਾਂਟੋ : ਹਰਬੰਸ ਸਿੰਘ 416-817-7142, ਦਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈਗ 204-488-6960

# ਪੰਜਾਬੀ ਲਿਖਾਰੀ ਸਭਾ ਕੈਲਗਰੀ ਨੇ 'ਬੱਚਿਆਂ ਵਿੱਚ ਪੰਜਾਬੀ ਬੋਲਣ ਦੀ ਮੁਹਾਰਤ' ਸਮਾਗਮ - ਪੰਜਾਬੀ ਬੋਲੀ ਦਾ ਝੰਡਾ ਲਹਿਰਾਇਆ

## ਯੂਥ ਐਵਾਰਡ ਨਾਲ ਨੂਰਜੋਤ ਕਲਸੀ ਦਾ ਕੀਤਾ ਸਨਮਾਨ





**ਜੋਰਾਵਰ ਬਾਂਸਲ**

ਪੰਜਾਬੀ ਲਿਖਾਰੀ ਸਭਾ 2012 ਤੋਂ 'ਬੱਚਿਆਂ ਵਿੱਚ ਪੰਜਾਬੀ ਬੋਲਣ ਦੀ ਮੁਹਾਰਤ' ਸਮਾਗਮ ਜ਼ਰੀਏ ਬੱਚਿਆਂ ਨੂੰ ਪੰਜਾਬੀ ਭਾਸ਼ਾ ਪੜ੍ਹਨ ਤੇ ਬੋਲਣ ਲਈ ਉਤਸ਼ਾਹਿਤ ਕਰਦੀ ਆ ਰਹੀ ਹੈ। ਬੇਸ਼ੱਕ ਕੋਰੋਨਾ ਮਹਾਂਮਾਰੀ ਦੌਰਾਨ ਇਹ ਸਮਾਗਮ ਨਹੀਂ ਹੋ ਸਕਿਆ ਪਰ ਜਿਉਂ ਹੀ ਹਾਲਾਤ ਸੁਖਾਵੇਂ ਹੋਵੇ ਤਾਂ ਸਭਾ ਨੇ ਇਹ ਸਮਾਗਮ ਉਲੀਕਿਆ ਤੇ ਪਹਿਲਾਂ ਵਰਗੀ ਸਫ਼ਲਤਾ ਨਾਲ ਇਸ ਵਾਰ ਵੀ ਇਹ ਸਮਾਗਮ ਨੇਪਰੇ ਚੜ੍ਹਿਆ। ਮਾਪਿਆਂ ਅਤੇ ਬੱਚਿਆਂ ਦੇ ਉਤਸ਼ਾਹ ਨੂੰ ਦੇਖ ਕੇ ਸਿਫਤ ਕਰਨੀ ਬਣਦੀ ਹੈ ਕਿ ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀਆਂ ਦਾ ਆਪਣੀ ਭਾਸ਼ਾ ਤੇ ਸੱਭਿਆਚਾਰ ਨਾਲ ਕਿੰਨਾ ਪਿਆਰ ਹੈ। ਸਮਾਗਮ ਦੀ ਸ਼ੁਰੂਆਤ ਗੁਰਵੀਨ ਚੱਠਾ ਤੇ ਖੁਸ਼ੀ ਬਾਂਸਲ ਨੇ ਰਾਸ਼ਟਰੀ ਗੀਤ 'ਓ ਕੈਨੇਡਾ' ਗਾ ਕੇ ਕੀਤੀ। ਜਨਰਲ ਸਕੱਤਰ ਜੋਰਾਵਰ ਬਾਂਸਲ ਨੇ ਪ੍ਰਧਾਨਗੀ ਮੰਡਲ ਵਿੱਚ ਬਿਰਾਜਮਾਨ ਹੋਣ ਲਈ ਪ੍ਰਧਾਨ ਦਵਿੰਦਰ ਮਲਹਾਂਸ, ਸਭਾ ਦੇ ਸਰਪ੍ਰਸਤ ਜਸਵੰਤ ਗਿੱਲ, ਯੂਥ ਐਵਾਰਡ ਵਿਜੇਤਾ ਨੂਰਜੋਤ ਕਲਸੀ ਤੇ ਕੈਲਗਰੀ ਵੂਮੈਨ ਐਸੋਸੀਏਸ਼ਨ ਸੰਸਥਾ ਦੀ ਪ੍ਰਧਾਨ ਬਲਵਿੰਦਰ ਬਰਾੜ ਨੂੰ ਹਾਜ਼ਰੀਨ ਦੀਆਂ ਭਰਪੂਰ ਤਾੜੀਆਂ ਵਿੱਚ ਸੱਦਾ ਦਿੱਤਾ ਤੇ ਸਮਾਗਮ ਦਾ ਵੇਰਵਾ ਸਾਝਾ ਕੀਤਾ। ਇਸ ਸਮਾਗਮ ਵਿੱਚ ਪਹਿਲੀ ਤੋਂ ਅੱਠਵੀਂ ਕਲਾਸ ਦੇ ਬੱਚਿਆਂ ਨੇ ਭਾਗ ਲਿਆ। ਜਿਨ੍ਹਾਂ ਨੂੰ ਕਰਮਵਾਰ ਚਾਰ ਭਾਗਾਂ ਵਿੱਚ ਵੰਡਿਆ ਗਿਆ ਤੇ ਹਰ ਗਰੁੱਪ ਨੂੰ ਤਿੰਨ ਜੱਜਾਂ ਨੇ ਵੇਖ ਪਰਖ ਕੇ ਜੇਤੂ ਕਰਾਰ ਦਿੱਤਾ। ਬੱਚਿਆਂ ਨੇ ਧਾਰਮਿਕ ਸ਼ਬਦ, ਗੁਰਬਾਣੀ, ਕਵਿਤਾ, ਗੀਤ ਆਦਿ ਨਾਲ ਬਹੁਤ ਪ੍ਰਭਾਵਸ਼ਾਲੀ ਪੇਸ਼ਕਾਰੀਆਂ ਕੀਤੀਆਂ ਤੇ ਆਪਣੀ ਮਾਂ ਬੋਲੀ ਪ੍ਰਤੀ ਪਿਆਰ ਦਾ ਪ੍ਰਗਟਾਵਾ ਕੀਤਾ। ਬੱਚਿਆਂ ਨੂੰ ਵਧਦੀ ਉਮਰ ਨਾਲ ਕਿਸੇ ਪ੍ਰੇਰਣਾ ਸਰੋਤ ਦੀ ਲੋੜ ਹੁੰਦੀ ਹੈ। ਜਿਸ ਲਈ ਪੰਜਾਬੀ ਲਿਖਾਰੀ ਸਭਾ ਨੇ ਯੂਥ ਐਵਾਰਡ ਦੇ ਨਾਮ ਹੇਠ ਕਿਸੇ ਇੱਕ ਨੌਜਵਾਨ ਬੱਚੇ ਨੂੰ ਐਵਾਰਡ ਦੇਣਾ ਸ਼ੁਰੂ ਕੀਤਾ ਸੀ। ਇਸ ਵਾਰ ਇਹ ਐਵਾਰਡ ਡਾਕਟਰੀ ਦੀ ਪੜ੍ਹਾਈ ਕਰ ਰਹੀ ਨੂਰਜੋਤ ਕਲਸੀ ਨੂੰ ਉਸ ਦੀ ਸਮਾਜਿਕ ਕਾਰਗੁਜ਼ਾਰੀ ਲਈ ਦਿੱਤਾ ਗਿਆ। ਜਿਸ ਬਾਰੇ ਬਲਜਿੰਦਰ ਸੰਘਾ ਨੇ ਜਾਣਕਾਰੀ ਸਾਂਝੀ ਕੀਤੀ ਕਿ ਕਿਵੇਂ ਇਸ ਬੱਚੀ ਨੇ ਬੇ-ਘਰ ਲੋਕਾਂ ਲਈ ਫੰਡ ਇਕੱਠੇ ਕੀਤੇ ਅਤੇ ਕਿੰਨੇ ਹੀ ਸਮਾਜਿਕ ਕੰਮਾਂ ਵਿੱਚ ਯੋਗਦਾਨ ਪਾਇਆ। ਸਮਾਗਮ ਨੂੰ ਹੋਰ ਰੰਗਾ ਰੰਗ ਬਣਾਉਣ ਲਈ 'ਧਮਕ ਪੰਜਾਬ ਦੀ' ਅਕੈਡਮੀ ਨੇ ਭੰਗੜੇ ਦੀ ਬਹੁਤ ਖ਼ੂਬਸੂਰਤ ਪੇਸ਼ਕਾਰੀ ਕੀਤੀ। ਬੁਲੰਦ ਆਵਾਜ਼ ਦੇ ਮਾਲਕ ਤਰਲੋਚਨ ਸੈਂਭੀ ਨੇ ਹਰਮੋਨੀਅਮ ਤੇ ਧਾਰਮਕ ਗੀਤ ਨਾਲ ਸ਼ੁਰੂਆਤ ਕੀਤੀ ਇਸੇ ਲੜੀ ਵਿੱਚ ਪਰਮਜੀਤ ਭੰਗੂ, ਪਰਮਜੀਤ ਕੌਰ, ਸੁੱਖ ਕੈਰੋਂ, ਸ਼ਿਵ ਸ਼ਰਮਾ ਆਦਿ ਨੇ ਹਾਜ਼ਰੀ ਲਵਾਈ। ਜਿੱਥੇ ਸਮਾਗਮ ਵਿੱਚ ਸ਼ਹਿਰ ਦੀਆਂ ਨਾਮਵਰ ਹਸਤੀਆਂ ਤੇ ਮੀਡੀਆ ਦੇ ਲੋਕ (ਰਿਸ਼ੀ ਨਾਗਰ, ਸੁਖਵੀਰ ਗਰੇਵਾਲ, ਹਰਪਿੰਦਰ ਸਿੱਧੂ ਆਦਿ) ਸ਼ਾਮਲ ਸਨ। ਉੱਥੇ ਹੀ ਜੱਜ ਸਾਹਿਬਾਨ ਦੀ ਭੂਮਿਕਾ ਸੁਖਜੀਤ ਸੈਣੀ, ਜਗਤਾਰ ਸਿੱਧੂ, ਚੰਦ ਸਿੰਘ ਸਦਿਓੜਾ, ਸਤਵਿੰਦਰ ਸਿੰਘ, ਗੁਰਦੀਪ ਪਰਹਾਰ, ਸੁਰਿੰਦਰ ਗੀਤ, ਸੰਪੂਰਨ ਸਿੰਘ ਚਾਨੀਆਂ, ਗੁਰਦੀਸ਼ ਗਰੇਵਾਲ, ਜਗਦੇਵ ਸਿੱਧੂ, ਸਰਬਜੀਤ ਜਵੰਦਾ, ਨਵ ਰੰਧਾਵਾ ਆਦਿ ਨੇ ਨਿਭਾਈ। ਇਬਾਦਤ ਕੌਰ ਬਰਾੜ, ਨੂਰ ਕੌਰ ਗਰੇਵਾਲ, ਜੈਸਵੀਰ ਕੋਰ ਛੋਟੇ ਬੱਚਿਆਂ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਲਵਾਈ। ਕਰਮਵਾਰ ਚਾਰ ਗਰੁੱਪਾਂ 'ਚੋਂ ਪ੍ਰਭਨੂਰ ਸਿੰਘ, ਰਵਨੀਸ਼ ਗੌਤਮ, ਗੁਨੀਵ ਕੌਰ ਗਿੱਲ, ਮੋਹਕਮ ਸਿੰਘ ਚੌਹਾਨ, ਨਿਮਰਤ ਕੌਰ ਧਾਰਨੀ, ਸਹਿਜ ਸਿੰਘ ਗਿੱਲ, ਸਾਹਿਬ ਸਿੰਘ ਗਿੱਲ, ਬ੍ਰਹਮਜੋਤ ਸਿੰਘ, ਤੇਗ ਪ੍ਰਤਾਪ ਸਿੰਘ, ਸਫਲ ਸ਼ੇਰ ਮਾਲਵਾ, ਕੀਰਤ ਕੌਰ ਧਾਰਨੀ, ਇਸ਼ਨੂਰ ਕੌਰ ਬਰਾੜ ਬੱਚਿਆ ਨੇ ਜੇਤੂਆਂ ਦੀਆਂ ਟਰਾਫੀਆਂ ਜਿੱਤ ਕੇ ਮਾਂ ਬੋਲੀ ਪ੍ਰਤੀ ਫ਼ਰਜ਼ ਅਦਾ ਕੀਤਾ। ਬਾਕੀ ਭਾਗ ਲੈਣ ਵਾਲੇ ਸਾਰੇ ਬੱਚਿਆਂ ਦਾ ਵੀ ਮੈਡਲ ਪਾ ਕੇ ਸਨਮਾਨ ਕੀਤਾ ਗਿਆ। ਸੀਮਾ ਚੱਠਾ ਅਤੇ ਪਵਨਦੀਪ ਬਾਂਸਲ ਨੇ ਕੈਮਰੇ ਦੀਆਂ ਤਸਵੀਰਾਂ ਤੇ ਸਭਾ ਦੇ ਫੇਸਬੁੱਕ ਪੇਜ਼ 'ਤੇ ਲਾਈਵ ਕਰਕੇ ਇਸ ਸਮਾਗਮ ਨੂੰ ਯਾਦਗਾਰੀ ਬਣਾਇਆ। ਹਮੇਸ਼ਾਂ ਦੀ ਤਰ੍ਹਾਂ ਖਜਾਨਚੀ ਗੁਰਲਾਲ ਰੁਪਾਲੋਂ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਵੱਲੋਂ ਚਾਹ ਪਾਣੀ, ਕੋਲਡ ਡਰਿੰਕ, ਪਕੋੜੇ, ਜਲੇਬੀਆ ਆਦਿ ਨਾਲ ਸਾਰੇ ਹਾਜ਼ਰੀਨ ਦੀ ਮਹਿਮਾਨ ਨਿਵਾਜ਼ੀ ਕੀਤੀ ਗਈ। ਹਰੀਪਾਲ ਵੱਲੋਂ ਇਸ ਸਮਾਗਮ ਪ੍ਰਤੀ ਵਿਸ਼ੇਸ਼ ਵਿਚਾਰ ਪੇਸ਼ ਕੀਤੇ ਗਏ। ਮੀਤ ਪ੍ਰਧਾਨ ਬਲਵੀਰ ਗੋਰਾ ਸਕੱਤਰ ਮੰਗਲ ਚੱਠਾ ਰਣਜੀਤ ਸਿੰਘ ਬਲਿਜੰਦਰ ਸੰਘਾ, ਤਰਲੋਚਨ ਸੈਂਭੀ ਵੱਲੋਂ ਆਪਣੀਆਂ ਜ਼ਿੰਮੇਵਾਰੀਆਂ ਬਾਖ਼ੂਬੀ ਨਿਭਾਈਆਂ ਗਈਆਂ। ਸਭਾ ਦੀ ਕਾਰਜਕਾਰੀ ਕਮੇਟੀ ਦੀ ਮਿਹਨਤ ਅਤੇ ਲਗਨ ਦੀ ਸਭ ਨੇ ਪ੍ਰਸੰਸਾ ਕੀਤੀ। ਹਮੇਸ਼ਾਂ ਦੀ ਤਰ੍ਹਾਂ ਇਹ ਇੱਕ ਕਾਮਯਾਬ ਸਮਾਗਮ ਹੋ ਨਿੱਬੜਿਆ। ਜਿਸ ਵਿੱਚ ਆਪਣੀ ਮਾਂ ਬੋਲੀ ਨੂੰ ਪਿਆਰ ਕਰਨ ਵਾਲੇ ਸਾਰੇ ਕੈਲਗਰੀ ਨਿਵਾਸੀਆਂ ਨੇ ਸ਼ਿਰਕਤ ਕੀਤੀ। ਸਭਾ ਬਾਰੇ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ ਪ੍ਰਧਾਨ ਦਵਿੰਦਰ ਮਲਹਾਂਸ ਨੂੰ 403 993 2201 ਤੇ ਜਨਰਲ ਸਕੱਤਰ ਜ਼ੋਰਾਵਰ ਬਾਂਸਲ ਨੂੰ 587 437 7805 ਨੰਬਰਾਂ ਤੇ ਸੰਪਰਕ ਕੀਤਾ ਜਾ ਸਕਦਾ ਹੈ ਅਗਲੀ ਮਹੀਨਾਵਾਰ ਮੀਟਿੰਗ ਵੀਹ ਅਗਸਤ ਨੂੰ ਦੋ ਵਜੇ ਕੋਸੋ ਹਾਲ ਵਿੱਚ ਹੋਵੇਗੀ।


TAX & ACCOUNTING
- Personal, Business & Corporate Tax
- Book Keeping & Accounting Service
- RSEP & Education Saving Plan (Get Goverment Grants upto 40%)
- RRSP, TFSA & RDSP
- Payroll & HST Service
- Business & GST Registration

E-FILE
Special Discounts for Groups & Seniors

K.S.C. General SERVICES
I will help you understand the product and provide trusted service to choose the product that fits your needs and life style. Give me a call for all your personal and business needs.
Kirpal Cheema
647-763-4862
www.kirpalcheema.com

INSURANCE
- Life Insurance (Permanent, Universal or Term)
- Disability & Critical Insurance (Money Back)
- Long Term Care Insurance
- Health, Dental & Drug Benefits
- Visitor & Super Visa Insurance (Monthly & Money Back Plan)
- Group Life, Health, Dental & Drug Plans

MAROK LAW OFFICE
Always Taking You Forward
• Corporate Law • Real Estate
Wills • Affidavits • Power of Attorney
VIPANDEEP SINGH MAROK
Barrister, Solicitor & Notary Public M.A., LLB
80 Maritime Ontario Blvd, Unit# 60, Brampton, Ontario L6S 0E7
Ph. 905 790 8100, Fax : 905 790 8150
Email : vipanmarok@gmail.com
www.maroklaw.com

Gill
Truck & Trailer Repair & Mobile Service
Lube and Truck Wash
Gill Brothers
Owner
Tel: 905-458-3455 | Fax : 905-458-3456 | Cell : 416-312-4707
gillinderjit7@gmail.com | www.gilltruckrepair.com
1295 Shawson Drive, Mississauge, ON L4W 1C4

Tri-City
Professional Realty Inc. Brokerage
"Aiming Straight with Honesty and Integrity"
Since 1987 on Full Time Basis
Dri: 416-254-7573, Off.: 905-793-5777
Email : pdosanjh2005@yahoo.com
Paul Dosanjh
Sales Representative

FIVE STAR INSURANCE
Save up to 51%
• Auto • Home • Business
Get the best rates with us!
FIVE STAR INSURANCE BROKERS LIMITED
We work with 15 major insurance companies& can get you the best prices guaranteed!
www.fivestarinsurance.ca
*With qualified discounts
Call: Harman Pandher
905.459.0555
270 Orenda Rd., Unit # 200 Brampton, ON L6T 4X6

# ਲੋਕ ਸੰਗਰਾਮ ਮੋਰਚਾ ਵਲੋਂ ਨਕਸਲੀ ਸ਼ਹੀਦਾਂ ਸਰਧਾਂਜਲੀ








**ਬਲਜਿੰਦਰ ਸਿੰਘ**

ਅੱਜ ਗਨਪਤ ਹਾਲ ਮੋਗਾ ਵਿਖੇ ਕਾਮਰੇਡ ਚਾਰੂ ਮਜ਼ੂਮਦਾਰ ਦੀ 50ਵੀਂ ਬਰਸੀ ਤੇ ਕਨਈ ਚੈਟਰਜੀ, ਕਾਮਰੇਡ ਬਾਬਾ ਬੂਝਾ ਸਿੰਘ, ਕਾਮਰੇਡ ਅਵਤਾਰ ਸਿੰਘ ਢੁਡੀਕੇ, ਪ੍ਰਿਥੀਪਾਲ ਰੰਧਾਵਾ ਅਤੇ ਸ਼ਹੀਦ ਲਾਲਇੰਦਰ ਲਾਲੀ ਦੀ ਯਾਦ ਵਿੱਚ ਸ਼ਰਧਾਂਜਲੀ ਸਮਾਗਮ ਕੀਤਾ ਗਿਆ।

ਸਟੇਜ ਸੰਚਾਲਕ ਲੋਕ ਸੰਗਰਾਮ ਮੋਰਚਾ ਦੇ ਵਿੱਤ ਸਕੱਤਰ ਦਰਸ਼ਨ ਸਿੰਘ ਤੂਰ ਨੇ ਦੋ ਮਿੰਟ ਦਾ ਮੋਨ ਕਰਾਕੇ ਸ਼ਰਧਾਂਜਲੀ ਕਰਾਈ। ਮੋਨ ਦੌਰਾਨ ਲੋਕ ਸੰਗਰਾਮ ਮੋਰਚਾ ਦੇ ਸੂਬਾ ਪ੍ਰਧਾਨ ਤਾਰਾ ਸਿੰਘ ਮੋਗਾ ਨੇ ਝੰਡਾ ਨਿਭਾਇਆ ਅਤੇ ਸ਼ਹੀਦ ਪਰਿਵਾਰਾਂ ਵੱਲੋ ਅਵਤਾਰ ਸਿੰਘ ਢੁਡੀਕੇ ਦੀ ਜੀਵਨ ਸਾਥਣ ਸੁਰਿੰਦਰ ਢੁਡੀਕੇ ਅਤੇ ਲਾਲਇੰਦਰ ਲਾਲੀ ਦੇ ਵੱਡੇ ਭਰਾ ਲਖਵੀਰ ਅਤੇ ਜਥੇਬੰਦੀਆਂ ਦੇ ਆਗੂ ਵੀ ਨਾਲ ਸਾਮਲ ਹੋਏ। “ਸ਼ਹੀਦੋ ਥੋਡੀ ਸੋਚ ਤੇ, ਪਹਿਰਾ ਦਿਆਂਗੇ ਠੋਕ ਕੇ” “ਸਾਮਰਾਜੀ-ਜਗੀਰੂ ਪ੍ਰਬੰਧ, ਮੁਰਦਾਬਾਦ” ਆਦਿ ਨਾਹਰਿਆਂ ਦੀ ਗੂੰਜ ਦੌਰਾਨ ਝੰਡਾ ਉੱਚਾ ਲਹਿਰਾਇਆ ਗਿਆ। ਨਾਲ ਹੀ ਲੋਕ ਸੰਗਰਾਮ ਮੋਰਚਾ, ਭਾਰਤੀ ਕਿਸਾਨ ਯੂਨੀਅਨ ਕਰਾਂਤੀਕਾਰੀ, ਪੇਂਡੂ ਮਜਦੂਰ ਯੂਨੀਅਨ ਅਤੇ ਸ਼ਹੀਦ ਪਰਿਵਾਰਾਂ ਵੱਲੋ ਸ਼ਹੀਦਾਂ ਨੂੰ ਫੁੱਲ ਅਰਪਨ ਕੀਤੇ ਗਏ।

ਸ਼ਹੀਦੀ ਕਾਨਫਰੰਸ ਨੂੰ ਲੋਕ ਸੰਗਰਾਮ ਮੋਰਚਾ ਦੇ ਸੂਬਾ ਪ੍ਰਧਾਨ ਤਾਰਾ ਸਿੰਘ ਮੋਗਾ, ਜਨਰਲ ਸਕੱਤਰ ਸੁੱਖਮੰਦਰ ਸਿੰਘ, ਕਰਾਂਤੀਕਾਰੀ ਪੇਂਡੂ ਮਜਦੂਰ ਯੂਨੀਅਨ ਦੇ ਸੂਬਾ ਸਿੰਘ ਨੱਥੂਵਾਲਾ, ਭਾਰਤੀ ਕਿਸਾਨ ਯੂਨੀਅਨ ਕਰਾਂਤੀਕਾਰੀ ਦੇ ਸੂਬਾ ਮੀਤ ਪ੍ਰਧਾਨ ਗੁਰਦੀਪ ਵੈਰੋਕੇ ਅਤੇ ਜਿਲਾ ਸਕੱਤਰ ਪਰਮਿੰਦਰ ਸਿੰਘ ਬਰਾੜ ਨੇ ਸੰਬੋਧਨ ਕੀਤਾ।

ਬੁਲਾਰਿਆਂ ਨੇ ਦੱਸਿਆ ਕਿ ਕਾਮਰੇਡ ਚਾਰੂ ਮਜੂਮਦਾਰ, ਕਨਈ ਚੈਟਰਜੀ, ਬਾਬਾ ਬੂਝਾ ਸਿੰਘ ਤਾਂ ਸੀ ਪੀ ਆਈ (ਮ.ਲ.) ਪਾਰਟੀ ਬਣਾ ਕਿ ਵੋਟ ਵਟੋਰੂ ਸੀ ਪੀ ਆਈ ਅਤੇ ਮਾਰਕਸੀ ਪਾਰਟੀ ਤੋਂ ਅਲੱਗ ਹੋਕੇ ਮੌਜੂਦਾ ਪ੍ਰਬੰਧ ਦਾ ਮਲਿਆਮੇਟ ਕਰਕੇ ਕਿਸਾਨਾਂ ਮਜਦੂਰਾਂ ਦਾ ਰਾਜ ਲਿਆਉਣ ਲਈ ਕੁਰਬਾਨ ਹੋ ਗਏ। ਕਾਮਰੇਡ ਅਵਤਾਰ ਸਿੰਘ ਢੁਡੀਕੇ, ਪ੍ਰਿਥੀਪਾਲ ਰੰਧਾਵਾ ਅਤੇ ਲਾਲਇੰਦਰ ਲਾਲੀ ਹੋਰੀ ਲੋਕਾਂ ਨੂੰ ਜਨਤਕ ਲਹਿਰਾਂ ਮਜਬੂਤ ਕਰਨ ਲਈ ਲਗਾਤਾਰ ਸੰਘਰਸ਼ ਕਰਦੇ ਰਹੇ। ਲੁਟੇਰੇ ਤੇ ਜਾਬਰ ਪ੍ਰਬੰਧ ਨੇ ਉਨ੍ਹਾਂ ਖਤਮ ਕਰਨ ਲਈ ਗੁੰਡਾ ਗਰੋਹ ਸਿਰਜੇ, ਜਿਨ੍ਹਾਂ ਨੇ ਸਾਡੇ ਪਿਆਰੇ ਆਗੂਆਂ ਤੇ ਕਾਤਲੀ ਵਾਰ ਕਰਕੇ ਸਾਥੋਂ ਖੋਹ ਲਿਆ। ਬਾਦ ਵਿੱਚ ਇਨਕਲਾਬੀ ਲਹਿਰ ਨੇ ਆਪਣੇ ਸ਼ਹੀਦਾ ਦਾ ਚੜਿਆ ਕਰਜ ਮੋੜ ਦਿੱਤਾ।

ਬੁਲਾਰਿਆਂ ਨੇ ਅੱਗੇ ਕਿਹਾ ਕਿ ਕੇਂਦਰ ਦੀ ਮੋਦੀ ਹਕੂਮਤ ਨੇ ਸੰਘੀ ਢਾਂਚਾ ਖਤਮ ਕਰਕੇ ਆਰਥਕ ਤੇ ਸਿਆਸੀ ਤਾਕਤਾਂ ਦਾ ਕੇਂਦਰੀਕਰਣ ਕਰ ਲਿਆ ਹੈ। ਲ਼ੋਕ ਲਹਿਰਾਂ ਨੂੰ ਕੁਚਲਣ ਲਈ ਫੌਜੀ ਢਾਚਾਂ ਮਜਬੂਤ ਕਰਕੇ, ਕਾਲੇ ਕਨੂੰਨਾਂ ਵਿੱਚ ਵਾਧਾ ਕਰਕੇ ਸੰਘਰਸ਼ਸ਼ੀਲ ਲੋਕਾਂ ਨੂੰ ਜੇਲਾਂ ਵਿੱਚ ਤਿੰਨ ਦਿੱਤਾ ਹੈ। ਈ ਡੀ ਅਤੇ ਕੌਮੀ ਜਾਂਚ ਏਜੰਸੀ ਦੀ ਦੁਰਵਰਤੋਂ ਕਰਕੇ ਵਿਰੋਧੀ ਪਾਰਟੀਆਂ ਨੂੰ ਡਰਾਕੇ ਅਪਣੇ ਵਿੱਚ ਸ਼ਾਮਲ ਕੀਤਾ ਜਾ ਰਿਹਾ ਹੈ। ਕਰਾਂਤੀਕਾਰੀ ਲਹਿਰ ਤੇ ਅਪਰੇਸ਼ਨ ਸਮਾਧਾਨ ਨਾਲ ਲੱਖਾਂ ਦੀ ਗਿਣਤੀ ਵਿੱਚ ਫੌਜ ਭੇਜ ਕੇ ਕਤਲੇਆਮ ਮਚਾ ਰੱਖਿਆ ਹੈ।

ਬੁਲਾਰਿਆਂ ਨੇ ਸੱਦਾ ਦਿੱਤਾ ਕਿ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਇਹੀ ਹੈ ਕਿ ਉਹਨਾਂ ਦੇ ਅਧੂਰੇ ਕਾਰਜ ਪੂਰੇ ਕੀਤੇ ਜਾਣ ਤੇ ਇਸ ਖਾਤਰ ਇੱਕਜੁੱਟ ਸੰਘਰਸ਼ਾਂ ਨੂੰ ਤੇਜ਼ ਕਰਕੇ ਨਵ ਜਮਹੂਰੀ ਇਨਕਲਾਬ ਲਈ ਚੱਲ ਰਹੀ ਜਦੋਜਹਿਦ ਨੂੰ ਤੇਜ ਕੀਤਾ ਜਾਵੇ। ਬੁਲਾਰਿਆਂ ਵਿੱਚ ਭੈਣ ਸੁਰਿੰਦਰ ਕੌਰ ਢੁਡੀਕੇ ਵੀ ਨੇ ਵਿਚਾਰ ਰੱਖੇ। ਸ਼ਹੀਦ ਅਵਤਾਰ ਢੁੱਡੀਕੇ ਦੇ ਪੋਤੇ ਹਰਮਨਜੋਤ ਅਤੇ ਕਮਲਜੀਤ ਕੌਰ ਨੇ 5000 ਰੁਪੈ, ਨਵਕਿਰਨ ਅਤੇ ਮਾਸਟਰ ਭਜਨ ਸਿੰਘ ਨੇ ਕੈਨੇਡਾ ਤੋਂ 5000 ਰੂਪੈ ਅਤੇ ਲਾਲਇੰਦਰ ਲਾਲੀ ਦੇ ਭਰਾ ਲਖਵੀਰ ਚੰਦ ਨੇ 500 ਰੁਪੈ ਲੋਕ ਸੰਗਰਾਮ ਮੋਰਚਾ ਨੂੰ ਸਹਾਇਤਾ ਭੇਜੀ ਹੈ। ਲੋਕ ਸੰਗਰਾਮ ਮੋਰਚਾ ਬਹੁਤ-ਬਹੁਤ ਧੰਨਵਾਦ ਕਰਦਾ ਹੈ।


## 11 ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

# ਸਰੋਕਾਰਾਂ ਦੀ ਆਵਾਜ਼

**ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ, ਕੈਲਗਰੀ, ਵਿਨੀਪੈਗ ਅਤੇ ਪੰਜਾਬ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ।**



ਹਰਬੰਸ ਸਿੰਘ (ਟੋਰਾਂਟੋ) 416-817-7142



ਦੇਵਿੰਦਰ ਤੂਰ (ਟੋਰਾਂਟੋ) 416 902 9372



ਮਾਸਟਰ ਭਜਨ (ਕੈਲਗਰੀ) 403-455-4220



ਪਰਮਿੰਦਰ ਕੌਰ ਸਵੈਚ (ਵੈਨਕੂਵਰ) 604 760 4794



ਜਸਵੀਰ ਕੌਰ ਮੰਗੂਵਾਲ ਵਿਨੀਪੈੱਗ 204-881-4955



ਬਲਜਿੰਦਰ ਸਿੰਘ ਵੜੈਚ (ਪੰਜਾਬ) +91-92167-29598









# ਪਾਣੀ ਦਾ ਸੰਕਟ: ਵਿਸਵ ਬੈਂਕ, ਸਰਕਾਰ ਤੇ ਅਵਾਮ !



ਗੁਰਮੇਲ ਸਿੰਘ ਭਰੋਵਾਲ
94172-48211

ਸੰਕਟ ਪਹਿਲਾਂ ਬਥੇਰੇ। ਉੱਪਰੋਂ ਪਾਣੀ ਦਾ ਸੰਕਟ।ਲੋਕਾਂ ਦੀ ਜਾਨ ਦਾ ਖੌਅ। "ਪਾਣੀ ਡੂੰਘਾ ਹੋ ਗਿਐ।" "ਪਾਣੀ ਪ੍ਰਦੂਸ਼ਿਤ ਹੋ ਗਿਐ।" "ਪੀਣ ਯੋਗ ਨਹੀਂ ਰਿਹਾ।" ਸਰਕਾਰੀ ਪ੍ਰਚਾਰ, ਸਿਰਫ "ਪਾਣੀ ਮੁੱਕਣ" ਦਾ। ਮਗਰਮੱਛੀ ਹੰਝੂ। ਹੱਲ, ਕੋਈ ਨੀਂ। ਹਊਆ ਹੀ ਹੂਊਆ। ਫੰਡਾ ਸਦਮੇਬਾਜ਼ੀ ਦਾ। ਪਾਣੀ ਵੇਚਣਾ। ਨਿੱਜੀਕਰਨ ਕਰਨਾ। ਸੰਸਾਰ ਬੈਂਕ ਦੀ ਹਿਦਾਇਤ 2005 ਵਿੱਚ। "ਭਾਰਤ ਦੇ ਪਾਣੀ ਦੀ ਆਰਥਿਕਤਾ"। ਬਣੀ, "ਕੇਂਦਰੀ ਜਲ ਨੀਤੀ-2021"। ਸਰਕਾਰ ਦੀ ਤਿਆਰੀ ਆ। ਲੋਕਾਂ ਲਈ ਫਜੀਹਤ, ਵਪਾਰੀਆਂ ਲਈ ਗਨੀਮਤ।

ਸੰਕਟ ਸਪੱਸਟ ਐ। ਪਾਣੀ ਡੂੰਘਾ ਹੋਇਆ। ਹੇਠਲਾ ਪਾਣੀ ਘਟਿਆ। ਸਿੰਚਾਈ ਦਾ ਮੁੱਖ ਸਰੋਤ। ਨੌਂਣ, ਧੌਂਣ ਵੀ। ਫਲ, ਸਬਜੀਆਂ ਇਸੇ ਦੇ ਸਿਰ 'ਤੇ। ਖੇਤੀ ਨੂੰ ਨਹਿਰੀ ਪਾਣੀ ਨਾ ਮਾਤਰ। ਮਸਾਂ ਸਤਾਈ ਪਰਸੈਂਟ। ਬੋਰ ਸਾਢੇ ਸੋਲਾਂ ਲੱਖ। ਝੋਨਾ, ਸਫੈਦਾ ਮਾਰਨ ਸੜ੍ਹਾਕੇ। ਬੇਰੜੀਆਂ ਫਸਲਾਂ, ਬੂਟੇ ਵੱਡੇ ਪਿਆਕੜ। ਪਾਣੀ ਹੋਇਆ ਪ੍ਰਦੂਸ਼ਿਤ। ਸੀਵਰੇਜ ਤੇ ਸਨਅਤਾਂ ਦੀ ਗੰਦਗੀ ਨਾਲ। ਧਰਤੀ ਵਿੱਚ ਸਿੱਧਿਆਂ ਵੀ ਤੇ ਨਹਿਰਾਂ, ਨਦੀਆਂ ਵਿੱਚ ਖੁੱਲੀ ਵੀ। ਮਾਲਕ ਨਿਸੰਗ ਪਾਉਣ। ਕੋਈ ਡਰ ਡੁੱਕਰ ਨੀਂ। ਨਾ ਪ੍ਰਦੂਸ਼ਣ ਕੰਟਰੋਲ ਬੋਰਡ ਦਾ। ਨਾ ਗਰੀਨ ਟ੍ਰਿਬਿਊਨਲ ਦਾ। ਗਾਂਧੀ ਵਾਲੀਆਂ ਐਨਕਾਂ ਚਾੜੀਆਂ। ਸਰਕਾਰੇ ਦਰਬਾਰੇ ਮੇਲ-ਮਿਲਾਪ। ਤਕੜੇ ਦਾ ਸੱਤੀਂ ਵੀਂਹੀਂ ਸੌ।

ਅਸਲ ਸਿਆਪਾ ਸੱਠਵਿਆਂ ਦਾ। ਅਨਾਜ ਦੀ ਤੋਟ। ਲੋੜ, ਲੁਟੇਰਿਆਂ ਲਈ ਸੁਨਹਿਰੀ ਮੌਕਾ। ਸੰਸਾਰ ਬੈਂਕ, "ਅਲੀ ਬਾਬਾ, ਚਾਲੀ ਚੋਰ।" ਮਦਦ ਦੇ ਨਾਂ ਹੇਠ ਸਰਤਾਂ। ਹਕੂਮਤਾਂ ਦੀਆਂ ਸਿਫਾਰਸਾਂ। ਮਹਿਕਮੇ ਦਾ ਪ੍ਰਚਾਰ। ਖੇਤੀ 'ਚ 'ਇਨਕਲਾਬ'। 'ਹਰਾ ਇਨਕਲਾਬ'। ਲਿਆਏ ਪਾਣੀ ਚੂਸ ਫਸਲਾਂ (ਝੋਨਾ, ਸਫੈਦਾ ਵਗੈਰਾ)। ਘੋੜੀ ਮਗਰ ਵਛੇਰਾ। ਬੀਅ ਮਗਰ ਨਦੀਨ, ਸੁੰਡੀਆਂ। ਰੇਹਾਂ-ਸਪਰੇਆਂ। ਮੋਟਰਾਂ ਤੇ ਮਸੀਨਰੀ। ਖੇਤੀ ਮਾਡਲ ਬਦਲਿਆ। ਸਾਮਰਾਜੀ ਮਾਡਲ ਮੜਿਆ। ਫਸਲਾਂ ਬਦਲੀਆਂ। ਢੰਗ ਤਰੀਕੇ ਬਦਲੇ। ਮੰਤਵ ਬਦਲੇ। ਲੁੱਟ ਹੀ ਲੁੱਟ। ਹਾਥੀ ਦੇ ਦੰਦ......। ਜਿੱਡਾ ਮੂੰਹ, ਓਡਾ ਈ ਬੁਰਕ!

ਦੇਸੀ-ਵਿਦੇਸੀ ਕਾਰਪੋਰੇਟਾਂ ਨੇ ਬੀਅ ਵੇਚੇ। ਮਸ਼ੀਨਰੀ ਵੇਚੀ। ਜ਼ਹਿਰਾਂ ਵੇਚੀਆਂ। ਪ੍ਰਦੂਸ਼ਣ ਕੀਤਾ। ਬੀਮਾਰੀਆਂ ਫੈਲਾਈਆਂ ਤੇ ਇਥੋਂ ਲੁੱਟੀਆਂ ਫਸਲਾਂ। ਫਸਲਾਂ 'ਤੇ ਲੱਗੀ ਕਿਰਤ। ਫਸਲਾਂ 'ਤੇ ਲੱਗਿਆ ਪਾਣੀ। ਸਭ ਲੁੱਟਿਆ। ਸਭ ਲੁੱਟਿਆ। ਕਿਸਾਨੀ ਕੀਤੀ ਖੁੰਘਲ। ਕਿਸਾਨਾਂ ਦਾ ਖਰਚਾ ਵਧਿਆ। ਕਰਜ਼ਾ ਚੜ੍ਹਿਆ। ਖੁਦਕੁਸ਼ੀਆਂ ਉੱਗੀਆਂ। ਕਾਰਪੋਰੇਟਾਂ ਭਰੀਆਂ ਤਿਜੌਰੀਆਂ। ਮਣਾਂ ਮੂੰਹੀਂ। ਇਹੀ ਹਾਲ ਸਨਅਤਾਂ ਦਾ। ਵੱਡਿਆਂ ਦੀਆਂ ਵੱਡੀਆਂ ਸਨਅਤਾਂ। ਮੁਨਾਫੇ ਦੇ ਚਿੱਚੜ। ਗੰਦ ਮੰਦ ਪਾਉਣ ਧਰਤੀ 'ਚ। ਕੱਸੀਆਂ, ਨਹਿਰਾਂ, ਨਦੀਆਂ, ਨਾਲਿਆਂ 'ਚ। ਪ੍ਰਦੂਸ਼ਣ ਰੋਕੂ ਕਾਨੂੰਨ ਵਿਚੇ ਰੋੜ੍ਹੇ। ਪਾਣੀ ਕੀਤਾ ਜਹਿਰੀ। ਨਾ ਖੇਤੀਯੋਗ, ਨਾ ਪੀਣਯੋਗ। ਇੱਕ ਜੁਲਾਈ, ਕੇਂਦਰ ਵੱਲੋਂ ਸੋਧ। ਪ੍ਰਦੂਸ਼ਣ ਰੋਕੂ ਕਾਨੂੰਨ ਹੋਰ ਢਿੱਲਾ। ਕਾਰਪੋਰੇਟਾਂ ਦੀਆਂ ਪੰਜੇ ਘਿਓ 'ਚ।

ਮੁਲਕ ਦਾ ਪ੍ਰਬੰਧ, ਕਾਰਪੋਰੇਟਾਂ ਦੀ ਮੁੱਠੀ 'ਚ। ਸਾਮਰਾਜੀਆਂ ਦਾ ਮੁਥਾਜ। ਆਰਥਿਕਤਾ ਇਹਨਾਂ ਦੇ ਰਹਿਮੋ ਕਰਮ 'ਤੇ। ਹਕੂਮਤਾਂ ਇਹਨਾਂ ਦੀ ਸੇਵਾ 'ਚ ਤੇ ਰਾਜ ਮਸੀਨਰੀ ਇਹਨਾਂ ਵੱਸ। ਖੇਤੀ ਤੇ ਸਨਅਤ ਦੀ ਪੈਦਾਵਾਰ। ਪੈਦਾਵਾਰ ਦੇ ਢੰਗ ਤਰੀਕੇ। ਪੈਦਾਵਾਰ ਦੀ ਖਰੀਦ। ਪੈਦਾਵਾਰ ਦਾ ਮੰਤਵ। ਸਭ ਇਹਨਾਂ ਦੇ ਹੱਥ। ਪੈਦਾਵਾਰ ਵਪਾਰ ਲਈ। ਢੰਗ ਤਰੀਕੇ, ਬੇਥਾਹ ਖਰਚੀਲੇ। ਸਰਕਾਰੀ ਖਰੀਦ ਦੀ ਗਰੰਟੀ ਨਹੀਂ। ਤੇ ਮੰਤਵ, ਨੰਗਾ ਚਿੱਟਾ, ਸੁਪਰ ਮੁਨਾਫੇ। ਲੋਕਾਂ ਹੱਥ ਕੁਝ ਨਹੀਂ। ਕੱਲਾ ਕਹਿਰਾ ਕੀ ਕਰੂ? ਚਾਹ ਕੇ ਵੀ ਹਾਲਤ 'ਚ ਨਹੀਂ। ਪ੍ਰਬੰਧ ਦੀ ਸਪੋਰਟ ਕਹੋ ਜਾਂ ਸਰਪ੍ਰਸਤੀ। ਪਾਣੀ 'ਚ ਗੰਦਗੀ ਪਾਉਂਦੀਆਂ ਸਨਅਤਾਂ। ਕੀਟਨਾਸਕਾਂ ਦੇ ਵਪਾਰੀ, ਸਾਮਰਾਜੀ ਕੰਪਨੀਆਂ। ਨਿਰਦੇਸ਼ ਦੇਵੇ ਸੰਸਾਰ ਬੈਂਕ। ਅੱਖਾਂ ਮੀਚੀ ਬੈਠੀਆਂ ਹਕੂਮਤਾਂ। ਸਭ ਮੁਜਰਮ। ਦੋਸ਼ ਲੋਕਾਂ ਸਿਰ। ਕਰੇ ਕੋਈ, ਭਰੇ ਕੋਈ।

ਹਊਆ, ਸਦਮਾ, ਸਭ ਲੁੱਟਣ ਦੇ ਸੰਦ। ਸੰਸਾਰ ਬੈਂਕ ਦੀ ਹਿਦਾਇਤ, ਹਾਕਮਾਂ ਮੰਨੀ। ਲੰਬੜਾਂ ਦਾ ਕਿਹਾ, ਚੌਕੀਦਾਰ ਦੇ ਸਿਰ ਮੱਥੇ। ਘੜ ਲੀ ਕੌਮੀ ਜਲ ਨੀਤੀ। ਪਾਣੀ ਬਣਾਤਾ ਜਿਣਸ, ਵਿਕਾਊ ਵਸਤ। ਕਨੂੰਨ ਬਦਲਤਾ, ਮਾਲਕੀ ਬਦਲਤੀ। ਜ਼ਮੀਨ ਮਾਲਕ ਦਾ, ਹੇਠਲੇ ਪਾਣੀ ਦੀ ਮਾਲਕੀ 'ਤੇ ਕਾਟਾ। ਬੋਰਾਂ ਦੇ ਪਾਣੀ ਦਾ ਰੇਟ ਬੱਝੂ। ਨਿੱਜੀਕਰਨ ਕਰਨਾ। ਪਾਣੀ ਵੇਚਣਾ। ਛਤੀਸਗੜ੍ਹ ਦੀ ਨਦੀ ਸਿਓਨਾਥ ਵੇਚਤੀ। ਰੇਡੀਅਸ ਵਾਟਰ ਲਿਮਟਿਡ ਨੂੰ। ਤਾਮਿਲਨਾਡੂ ਦੀ ਨਦੀ ਭਵਾਨੀ, ਕਿਨਲੇ ਗਰੁੱਪ ਨੂੰ। ਪੰਜਾਬ ਦੀ ਜਲ ਸਪਲਾਈ, ਟੂਟੀ ਸੰਸਾਰ ਬੈਂਕ ਦੇ ਹੱਥ। ਸੂਬਾ ਸਰਕਾਰ ਨੇ ਫੜਾਈ। ਮੋਗੇ ਦੇ ਪਚਾਸੀ ਪਿੰਡ ਲਾਰਸਨ ਐਂਡ ਟੁਬਰੋ ਹਵਾਲੇ। ਅਗਲੇ ਗੇੜ ਵਿੱਚ 218। ਬਰਨਾਲਾ ਦੇ 65 ਪਿੰਡ। ਸੂਬੇ ਦੇ ਕੁੱਲ ਪੇਂਡੂ ਸਹਿਰੀ 15170 ਨੇ। ਮੋਗਾ, ਲੁਧਿਆਣਾ, ਅੰਮ੍ਰਿਤਸਰ ਤੋਂ ਹੋਵੇਗੀ ਸਪਲਾਈ। ਹਰ ਰੋਜ਼ ਦੀ ਇੱਕ ਅਰਬ ਸੱਤ ਕਰੋੜ ਲੀਟਰ। ਸੌਗੀ, ਸਪਲਾਈ ਨਹੀਂ, ਵਿਕਰੀ!



ਲੋੜ ਆ, ਬਦਲਾਅ ਦੀ। ਖੇਤੀ ਮਾਡਲ ਬਦਲਣ ਦੀ। ਘੱਟ ਪਾਣੀ ਪੀਂਦੀਆਂ ਫਸਲਾਂ ਦੀ। ਮਿੱਟੀ ਤੇ ਮੌਸਮ ਅਨੁਕੂਲ ਫਸਲਾਂ ਦੀ। ਸਿੰਜਾਈ, ਨਹਿਰੀ ਕਰਨ ਦੀ। ਨਹਿਰਾਂ ਕੱਸੀਆਂ ਦਾ ਘੇਰਾ ਵਧਾਉਣ ਦੀ। ਫਸਲੀ ਵਿਭਿੰਨਤਾ ਲਈ ਉਤਸਾਹਿਤ ਕਰਨ ਦੀ। ਪੈਦਾਵਾਰ 'ਚ ਪੈ ਸਕਦੇ ਘਾਟੇ ਦੀ ਪੂਰਤੀ ਕਰਨ ਦੀ। ਲਾਗਤਾਂ ਸਸਤੀਆਂ ਕਰਨ ਦੀ। ਖਰਚੇ ਦੇ 'ਸਾਬ ਭਾਅ ਦੇਣ ਦੀ। ਗਰੰਟੀ ਸਰਕਾਰੀ ਖਰੀਦ ਦੀ। ਸਨਅਤੀ ਮਾਡਲ ਬਦਲਣ ਦੀ। ਲੋਕ ਪੱਖੀ ਬਣਾਉਣ ਦੀ। ਗੰਦਗੀ ਪਾਣੀ 'ਚ ਰਲਣੋਂ ਬੰਦ ਕਰਾਉਣ ਦੀ। ਪ੍ਰਦੂਸ਼ਣ ਫੈਲਾਉਣ ਤੋਂ ਰੋਕਣ ਦੀ। ਸਖਤ ਕਾਨੂੰਨ ਬਣਾਉਣ ਦੀ। ਕਰੜੀ ਸਜ਼ਾ ਦੇਣ ਦੀ। ਮੋਟੇ ਜੁਰਮਾਨੇ ਵਸੂਲਣ ਦੀ। ਟਰੀਟਮੈਂਟ ਪਲਾਂਟ 'ਚ ਨਵੀਂ ਤਕਨੀਕ ਲਗਾਉਣ ਦੀ।

ਲੋੜ ਆ, ਸਾਮਰਾਜੀ ਕੰਪਨੀਆਂ ਨੂੰ ਮੁਲਕ ਤੋਂ ਬਾਹਰ ਕਰਨ ਦੀ। ਸੰਸਾਰ ਬੈਂਕ ਦੀਆਂ ਹਦਾਇਤਾਂ ਰੱਦ ਕਰਨ ਦੀ। ਜਲ ਸੋਮੇ ਸਰਕਾਰੀ ਕੰਟਰੋਲ ਹੇਠ ਕਰਨ ਦੀ। ਨਿੱਜੀਕਰਨ ਬੰਦ ਕੀਤੇ ਜਾਣ ਦੀ। ਪਾਣੀ ਰੀਚਾਰਜ ਕੀਤੇ ਜਾਣ ਦੀ। ਬੋਰਾਂ ਦੀ ਥਾਂ ਨਹਿਰੀ ਸਿੰਚਾਈ ਘੇਰਾ ਵਧਾਉਣ ਦੀ। ਬਜਟ ਰਾਸੀ ਦੇਣ ਦੀ।

ਅਗਲੀ ਲੋੜ ਆ, ਉਕਤ ਲੋੜਾਂ ਪੂਰਨ ਦੀ। ਇਹ ਕਿਸੇ ਕੱਲੇ ਕਹਿਰੇ ਦੇ ਵੱਸ ਨਹੀਂ। ਸਰਕਾਰ ਸਭ ਤੋਂ ਵੱਧ ਸੰਗਠਿਤ। ਸਭ ਤੋਂ ਵੱਧ ਸਮਰੱਥ। ਸਰਕਾਰ ਹੱਥ ਖਜ਼ਾਨਾ ਵੀ। ਕਾਨੂੰਨ ਵੀ। ਲਾਗੂ ਕਰਾਉਣ ਦੇ ਸੰਦ ਵੀ। ਰੌਲਾ ਸਰਕਾਰ ਦੀ ਨੀਤੀ ਹੈਨੀ, ਨਾ ਇਰਾਦਾ। ਖਜਾਨਾ ਭਰਨ ਦਾ। ਲੋਕ ਹਿਤਾਂ ਲਈ ਖਰਚਣ ਦਾ। ਸਰਕਾਰ ਕਦਮ ਚੱਕੇ। ਕਾਰਪੋਰੇਟਾਂ, ਕੰਪਨੀਆਂ 'ਤੇ ਟੈਕਸ ਲਾਵੇ। ਵਸੂਲੇ। ਰਿਸ਼ਵਤਖੋਰੀ ਦੇ ਫੜੇ ਪੈਸੇ, ਖਜ਼ਾਨੇ 'ਚ ਪਾਵੇ। ਅਮੀਰਾਂ ਦੇ ਵੱਟੇ ਖਾਤੇ ਪਾਏ ਕਰਜੇ ਉਗਰਾਵੇ। ਪਰ ਸਰਕਾਰ ਪਈ ਆ ਕੁਰਾਹੇ। ਸਰਕਾਰ ਰਾਹ ਸਿਰ ਆਵੇ। ਇਹਦੇ ਲਈ ਲੋੜਾਂ ਦੀ ਲੋੜ, ਲੋਕਾਂ ਦੀ ਸਾਂਝੀ ਮੰਗ ਬਣਾਉਣ ਦੀ। ਸਾਂਝੀ ਆਵਾਜ ਉਠਾਉਣ ਦੀ।




Punjabi Rang Radio
CHLO AM530
(TORONTO)
11PM-12AM
(SATURDAY)



Producer/Host
Chamkaur Singh Phulewala
Email punjabirang13@hotmail.com
Cell : 416 662 1313

ZOLO
Mandeep Dhaliwal
Sales Representative
416-648-9053
416-898-8932
dhaliwal.mandeep137@gmail.com



202-895 Lawrence Ave E, North York, ON M3C 3L2



Punjab Insurance Inc
SUPER VISA INSURANCE
• Critical Illness Insurance • Life Insurance • Mortgage Insurance
• Disability Insurance • RESP, RRSP



Preet Virk
416-357-1818
7003 Steeles Ave. W,Unit 10 Etobicoke,ON, M9W 0A2
Harveer Kaur Grewal
416-671-1919

GALAXY Frightline inc.
Hiring Drivers/Owners/Operators
We Offer:
* Competitive Salary
* Fuel Cards
* Late Model Equipment
* NewPay Package
* On Site Maintenance Facility
* Extra Drops and Pickups Paid
* Guaranteed Miles Per Month
* Guaranteed Home Time
We Require:
* 2 Years Experience
* Clean Current Abstract
* Ability to Cross Border
* Positive, Professional Attitude
For:
* GTA
* ON-QC
* ON-MB-AB-BC
* USA
Balraj Singh Manager
647-701-6991
FAX: 416-644-8882
EMAIL: dispatch@galaxyfreightline.com
www.galaxyfreightline.com
* 1580 Britannia Road East * Mississauga * ON * L4W 1J2

# ਲੁਧਿਆਣਾ 'ਚ ਜਮਹੂਰੀ ਅਧਿਕਾਰ ਸਭਾ ਪੰਜਾਬ ਵਲੋਂ ਫਾਦਰ ਸਟੈਨ ਸਵਾਮੀ ਨੂੰ ਸ਼ਰਧਾਂਜਲੀ - ਜੇਲ੍ਹੀਂ ਡੱਕੇ ਬੁੱਧੀਜੀਵੀ ਰਿਹਾਅ ਕਰਨ ਦੀ ਮੰਗ

-ਬਲਜਿੰਦਰ ਸਿੰਘ-

ਆਦਿਵਾਸੀ ਅਤੇ ਦੱਬੇ ਕੁਚਲੇ ਲੋਕਾਂ ਦੀ ਆਵਾਜ ਬਣੇ ਫਾਦਰ ਸਟੈਨ ਸਵਾਮੀ, ਜਿਹਨਾਂ ਨੂੰ ਭਾਜਪਾ ਦੀ ਫਾਸੀਵਾਦੀ ਸਰਕਾਰ ਨੇ ਝੂਠੇ ਕੇਸ ਵਿੱਚ ਕੈਦ ਕਰਕੇ ਉਹਨਾਂ ਦਾ ਪਿਛਲੇ ਸਾਲ 5 ਜੁਲਾਈ ਨੂੰ ਰਾਜਸੀ ਤੌਰ 'ਤੇ ਕਤਲ ਕੀਤਾ ਗਿਆ। ਉਹਨਾਂ ਦੀ ਪਹਿਲੀ ਬਰਸੀ ਮੌਕੇ ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਸੱਦੇ ਤੇ ਵੱਖ ਵੱਖ ਇਨਕਲਾਬੀ-ਜਮਹੂਰੀ, ਕਿਸਾਨ-ਮਜ਼ਦੂਰ, ਤਰਕਸ਼ੀਲ ਜੱਥੇਬੰਦੀਆਂ ਵੱਲੋਂ ਸਰਧਾਂਜਲੀ ਭੇਂਟ ਕੀਤੀ ਗਈ। ਇਸ ਮੌਕੇ ਸਭਾ ਦੇ ਸੂਬਾ ਪ੍ਰਧਾਨ ਪ੍ਰੋ. ਜਗਮੋਹਨ ਸਿੰਘ ਨੇ ਸਪਸ਼ਟ ਕੀਤਾ ਕਿ ਕੇਂਦਰ ਦੀ ਬੀਜੇਪੀ ਸਰਕਾਰ ਲੋਕਾਂ ਦੇ ਰੋਜ਼ਗਾਰ ਅਤੇ ਸਿੱਖਿਆ ਦਾ ਅਧਿਕਾਰ ਖਤਮ ਕਰਕੇ, ਉਹਨਾਂ ਨੂੰ ਦੋ ਡੰਗ ਦੀ ਰੋਟੀ ਤੋਂ ਵੀ ਮੁਹਤਾਜ ਬਣਾਉਣਾ ਚਾਹੁੰਦੀ ਹੈ, ਤਾਂ ਕਿ ਉਹ ਆਪਣੇ ਹੱਕਾਂ ਦੀ ਆਵਾਜ ਉਠਾਉਣ ਯੋਗ ਹੀ ਨਾ ਰਹਿਣ। ਦੂਜੇ ਪਾਸੇ ਕਾਰਪੋਰੇਟਾਂ ਨੂੰ ਹੋਰ ਮਾਲੋਮਾਲ ਕਰਨ ਲਈ ਉਹਨਾਂ ਲਈ ਸਸਤੇ ਮਜ਼ਦੂਰ ਮਹੱਈਆ ਕਰਵਾਉਣ ਦੀ ਨੀਤੀ ਤੇ ਚੱਲ ਰਹੀ ਹੈ। ਉਹਨਾਂ ਜੇਲ੍ਹੀਂ ਡੱਕੇ ਬੁੱਧੀਜੀਵੀ ਸਮਾਜਿਕ ਕਾਰਕੁੰਨਾਂ ਨੂੰ ਲੋਕਾਂ ਦੀ ਹੱਕੀ ਆਵਾਜ ਉਠਾਉਣ ਬਦਲੇ, ਜਮਹੂਰੀਅਤ ਦਾ ਘਾਣ ਕਰਕੇ ਜੇਲ੍ਹਾਂ 'ਚ ਬੰਦ ਕਰਕੇ, ਕਤਲ ਕਰਨ ਨੂੰ ਸਿਰੇ ਦਾ ਜ਼ੁਲਮ ਤੇ ਰਾਜਸੀ ਕਤਲ ਕਰਾਰ ਦਿੱਤਾ। ਜਮਹੂਰੀ ਕਿਸਾਨ ਸਭਾ ਦੇ ਪ੍ਰਧਾਨ ਰਘਵੀਰ ਸਿੰਘ ਬੈਨੀਪਾਲ, ਮੋਲਡਰ ਐਂਡ ਸਟੀਲ ਵਰਕਰਜ ਯੂਨੀਅਨ ਦੇ ਪ੍ਰਧਾਨ ਹਰਜਿੰਦਰ ਸਿੰਘ, ਸੀਟੂ ਦੇ ਪ੍ਰਧਾਨ ਕਾ ਜਗਦੀਸ਼ ਵੱਲੋਂ ਮੋਦੀ ਸਰਕਾਰ ਦੇ ਫਾਸੀਵਾਦੀ ਹਮਲੇ ਨੂੰ ਰੋਕਣ ਲਈ ਲੋਕਾਂ ਦਾ ਮਜ਼ਬੂਤ ਏਕਾ ਉਸਾਰਨ ਦਾ ਸੱਦਾ ਦਿੱਤਾ। ਬੁਲਾਰਿਆਂ ਨੇ 2002 ਦੇ ਗੁਜਰਾਤ ਦੰਗਿਆਂ ਲਈ ਜ਼ੁੰਮੇਵਾਰ ਸਿਆਸਤਦਾਨਾਂ ਨੂੰ ਸਜ਼ਾਵਾਂ ਦਿਵਾਉਣ ਲਈ ਸੁਪਰੀਮ ਕੋਰਟ ਵਿੱਚ ਰਿੱਟ ਦਾਇਰ ਕਰਨ ਵਾਲੇ ਕਾਰਕੁੰਨਾਂ ਤੀਸਤਾ ਸੀਤਲਵਾੜ, ਆਰ ਬੀ ਸ਼੍ਰੀ ਕੁਮਾਰ ਅਤੇ ਮੁਹੰਮਦ ਜ਼ੁਬੈਰ ਨੂੰ ਗ੍ਰਿਫਤਾਰ ਕਰਨ ਖਿਲਾਫ ਆਵਾਜ ਉਠਾਉਂਦਿਆਂ ਤੁਰੰਤ ਰਿਹਾ ਕਰਨ ਦੀ ਮੰਗ ਕੀਤੀ। ਸਟੇਜ ਸੰਚਾਲਨ ਜਸਵੰਤ ਜੀਰਖ ਵੱਲੋਂ ਨਿਭਾਇਆ ਗਿਆ। ਰੈਲੀ ਉਪਰੰਤ ਸਥਾਨਕ ਭਾਈ ਬਾਲਾ ਚੌਕ ਵਿੱਚ ਸਟੈਨ ਸੁਆਮੀ ਵੱਲੋਂ ਲੋਕ ਚੇਤਨਾ ਫੈਲਾਉਣ ਲਈ, ਦੱਬੇ ਕੁਚਲੇ ਲੋਕਾਂ ਅਤੇ ਆਦਿਵਾਸੀਆਂ ਦੇ ਦੁੱਖਾਂ-ਦਰਦਾਂ ਬਾਰੇ ਸਰਕਾਰ ਦਾ ਧਿਆਨ ਕੇਂਦਰਤ ਕਰਨ ਵਾਲ਼ੀਆਂ ਮੰਗਾਂ ਸੰਬੰਧੀ ਮਾਟੋ ਫੜਕੇ, ਰੋਸ




ਪ੍ਰਦਰਸ਼ਨ ਕਰਦਿਆਂ ਕੇਂਦਰ ਸਰਕਾਰ ਦੀ ਲੋਕ ਵਿਰੋਧੀ ਅਤੇ ਫਿਰਕਾਪ੍ਰਸਤ ਵਿਚਾਰਧਾਰਾ ਖਿਲਾਫ ਜ਼ੋਰਦਾਰ ਨਾਹਰੇਬਾਜ਼ੀ ਕੀਤੀ ਗਈ। ਪਲਸ ਮੰਚ ਦੇ ਆਗੂ ਕਸਤੂਰੀ ਲਾਲ ਨੇ ਬਾਬਾ ਨਜ਼ਮੀ ਦੇ ਗੀਤ ਨਾਲ ਹਾਜ਼ਰੀ ਲਵਾਈ। ਇਸ ਸਮੇਂ ਸਭਾ ਦੇ ਮੀਤ ਪ੍ਰਧਾਨ ਪ੍ਰੋ. ਏ ਕੇ ਮਲੇਰੀ, ਡਾ ਹਰਬੰਸ ਗਰੇਵਾਲ, ਜ਼ਿਲ੍ਹਾ ਸਕੱਤਰ ਮਨਜੀਤ ਸਿੰਘ ਬੁਢੇਲ, ਵਿੱਤ ਸਕੱਤਰ ਪ੍ਰਮਜੀਤ ਸਿੰਘ, ਉੱਘੇ ਵਿਚਾਰਵਾਨ ਬਾਪੂ ਬਲਕੌਰ ਸਿੰਘ, ਉਜਾਗਰ ਸਿੰਘ ਬੱਦੋਵਾਲ, ਐਡਵੋਕੇਟ ਹਰਪ੍ਰੀਤ ਜੀਰਖ, ਅਰੁਣ ਕੁਮਾਰ, ਪ੍ਰਿੰਸੀਪਲ ਅਜਮੇਰ ਸਿੰਘ ਦਾਖਾ, ਮਾ. ਸੁਰਜੀਤ ਸਿੰਘ, ਕਰਤਾਰ ਸਿੰਘ, ਰਣਜੋਧ ਸਿੰਘ ਲਲਤੋਂ, ਜਗਜੀਤ ਸਿੰਘ, ਮਲਕੀਤ ਸਿੰਘ ਮਾਲ੍ਹੜਾ, ਮੇਜਰ ਸਿੰਘ, ਮੋਹਣ ਸਿੰਘ ਸਮੇਤ ਜਥੇਬੰਦੀਆਂ ਦੇ ਕਾਰਕੁੰਨ ਸ਼ਾਮਲ ਸਨ।



















# ਤਰਕਸ਼ੀਲ ਸੋਸਾਇਟੀ ਕੈਨੇਡਾ ਦੀ ਓਨਟਾਰੀਓ ਇਕਾਈ ਵਲੋਂ ਸੈਮੀਨਾਰ

## ਰਜਿੰਦਰ ਭਦੌੜ, ਸੁਰਜੀਤ ਦੌਧਰ, ਰਾਮ ਕੁਮਾਰ ਅਤੇ ਕੇ ਨੰਦੇਸੁ ਸੈਨਾਪਤੀ ਦਾ ਸਨਮਾਨ








ਬਰੈਂਪਟਨ: (ਡਾ ਬਲਜਿੰਦਰ ਸਿੰਘ ਸੇਖੋਂ) ਤਰਕਸ਼ੀਲ ਸੋਸਾਇਟੀ ਕਨੇਡਾ ਦੀ ਓਨਟਾਰੀਓ ਇਕਾਈ ਵਲੋਂ ਬੀਤੇ ਐਤਵਾਰ ਵੇਰਸਾਏ ਕਨਵੈਂਸ਼ਨ ਸੈਂਟਰ ਵਿਚ ਆਯੋਜਿਤ ਕੀਤੇ ਵਿਸ਼ੇਸ਼ ਸੈਮੀਨਾਰ ਨੂੰ ਬੜਾ ਭਰਵਾਂ ਹੁੰਗਾਰਾ ਮਿਲਿਆ। ਤਕਰੀਬਨ ਤਿੰਨ ਘੰਟੇ ਚੱਲੇ ਇਸ ਪ੍ਰੋਗਰਾਮ ਵਿਚ ਜਿਥੇ ਬੁਲਾਰਿਆਂ ਨੇ ਬੜੇ ਸੁਚੱਜੇ ਅਤੇ ਰੌਚਿਕ ਢੰਗ ਨਾਲ ਆਪੋ ਆਪਣੇ ਵਿਚਾਰ ਰੱਖੇ, ਸਰੋਤੇ ਵੀ ਨੀਜ਼ ਲਾ ਕੇ ਸਾਰੇ ਵਿਚਾਰ ਸੁਣਦੇ ਰਹੇ। ਵਿਚਾਰਾਂ ਦੇ ਆਦਾਨ ਪ੍ਰਦਾਨ ਦੇ ਨਾਲ ਨਾਲ ਇਸ ਪ੍ਰੋਗਾਮ ਵਿਚ ਭਾਰਤ ਤੋਂ ਆਏ ਅਤੇ ਉੱਥੇ ਤਰਕਸ਼ੀਲ ਲਹਿਰ ਵਿਚ ਵੱਡਾ ਯੋਗਦਾਨ ਪਾ ਰਹੇ ਕਾਰਕੁੰਨਾਂ, ਰਜਿੰਦਰ ਭਦੌੜ, ਸੁਰਜੀਤ ਦੌਧਰ, ਰਾਮ ਕੁਮਾਰ ਅਤੇ ਕੇ ਨੰਦੇਸੁ ਸੈਨਾਪਤੀ ਦਾ ਸਨਮਾਨ ਵੀ ਕੀਤਾ ਗਿਆ।

ਸੁਸਾਇੱਟੀ ਦੀ ਇਕਾਈ ਦੇ ਜਨਰਲ ਸਕੱਤਰ ਅਮਰਦੀਪ ਨੇ ਪ੍ਰੋਗਰਾਮ ਨੂੰ ਸ਼ੁਰੂ ਕਰਦਿਆਂ ਸਾਰੇ ਆਏ ਸਰੋਤਿਆਂ ਨੂੰ ਜੀ ਆਇੰਆਂ ਕਿਹਾ ਅਤੇ ਇਕਾਈ ਅਤੇ ਨਵੀ ਸੰਗਠਿਤ ਹੋਈ ਕਨੇਡਾ ਪੱਧਰ ਦੀ ਸੁਸਾਇਟੀ ਬਾਰੇ ਸੰਖੇਪ ਵਿਚ ਜਾਣਕਾਰੀ ਦਿੱਤੀ। ਸੁਸਾਇਟੀ ਦੇ ਨੈਸ਼ਨਲ ਸਕੱਤਰ ਬਲਦੇਵ ਰਹਿਪਾ ਨੇ ਮਾਸਟਰ ਰਾਮ ਕੁਮਾਰ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਹ 70 ਵਿਆਂ ਤੋਂ ਇਨਕਲਾਬੀ ਗੀਤ ਲਿਖਣ ਗਾਉਣ, ਖੇਡਾਂ ਅਤੇ ਵਿਦਿਆ ਨੂੰ ਸਮਰਪਿਤ ਰਹੇ ਹਨ। ਇਸ ਤੋਂ ਬਾਅਦ ਮਾਸਟਰ ਰਾਮ ਕੁਮਾਰ ਅਤੇ ਉਨ੍ਹਾਂ ਦੀ ਭਦੌੜ ਮੰਡਲੀ ਵਲੋਂ ਲੋਕਾਂ ਦਾ ਇਨਕਲਾਬੀ ਗੀਤ ਗਾ ਕੇ ਮਨ ਪ੍ਰਚਾਵਾ ਕੀਤਾ ਗਿਆ। ਨੈਸ਼ਨਲ ਮੀਤ ਪ੍ਰਧਾਨ ਬਲਵਿੰਦਰ ਬਰਨਾਲਾ ਨੇ ਤਰਕਸ਼ੀਲ ਸੁਸਾਇੱਟੀ ਉੜੀਸਾ ਅਤੇ ਭਾਰਤ ਪੱਧਰ ਤੇ ਬਣੀ ਤਰਕਸ਼ੀਲ ਸੰਸਥਾ ਵਿਚ ਸਰਗਰਮ, ਕੇ ਨੰਦੇਸੁ ਸੈਨਾਪਤੀ ਦੀ ਜਾਣ ਪਹਿਚਾਣ ਕਰਵਾਈ। ਸੈਨਾਪਤੀ ਨੇ ਉੜੀਸਾ ਅਤੇ ਭਾਰਤ ਪੱਧਰ ਤੇ ਤਰਕਸ਼ੀਲਤਾ ਦੇ ਖੇਤਰ ਵਿਚ ਕੀਤੇ ਜਾ ਰਹੇ ਉਦਮਾਂ ਬਾਰੇ ਅਪਣੇ ਵਿਚਾਰ ਰੱਖੇ। ਟਰੌਂਟੋ ਇਲਾਕੇ ਵਿਚ ਵਿਦਿਆਰਥੀਆਂ ਅਤੇ ਨਵੇਂ ਆਏ ਪ੍ਰਵਾਸੀਆਂ ਦੇ ਹੱਕਾਂ ਲਈ ਜੂਝ ਰਹੇ, ਅੰਤਰ ਰਾਸ਼ਟਰੀ ਸੰਸਥਾ, ਨੌਜਵਾਨ ਨੈੱਟਵਰਕ ਦੇ ਨੁਮਾਂਇੰਦੇ ਬਿਕਰਮ ਕੁਲੇਵਾਲ ਨੇ ਇਨ੍ਹਾਂ ਵਰਗਾਂ ਦੀ ਅਪਣੇ ਹੀ ਭਾਈਚਾਰੇ ਦੇ ਕੁਝ ਵਿਅੱਕਤੀਆਂ ਵਲੋਂ ਕੀਤੀ ਜਾ ਰਹੀ ਲੁੱਟ ਖਸੁੱਟ ਦਾ ਜਿਕਰ ਕੀਤਾ ਅਤੇ ਇਸ ਸੰਸਥਾ ਵਲੋਂ ਕੀਤੀ ਜਾ ਰਹੀ ਜਦੋਜਹਿਦ ਬਾਰੇ ਵੀ ਦੱਸਿਆ। ਬਲਰਾਜ ਸ਼ੌਕਰ ਨੇ ਸੁਰਜੀਤ ਦੌਧਰ ਦੀ ਜਾਣ ਪਹਿਚਾਣ ਕਰਵਾਉਂਦਿਆਂ ਦੱਸਿਆ ਕਿ ਉਹ ਐਵੇਂ ਹੀ ਜੋਤਿਸ਼ ਵਿਦਿਆ ਜਾਂ ਹੱਥ ਰੇਖਾਵਾਂ ਬਾਰੇ ਨਹੀਂ ਬੋਲਦੇ, ਸਗੋਂ ਉਨ੍ਹਾਂ ਇਨ੍ਹਾਂ ਵਿਸ਼ਿਆਂ ਦੀ ਖਾਸ ਪੜ੍ਹਾਈ ਕਰਕੇ ਸਬੰਧਿਤ ਅਦਾਰਿਆਂ ਦੇ ਮਾਹਰਾਂ ਨਾਲ ਵੀ ਬਹਿਸਾਂ ਕੀਤੀਆਂ ਅਤੇ ਉਨ੍ਹਾਂ ਨੂੰ ਅਹਿਸਾਸ ਕਰਵਾਇਆ ਕਿ ਇਹ ਸਾਇੰਸ ਦੀ ਕਸੌਟੀ ਤੇ ਪੂਰੇ ਨਹੀਂ ਉਤਰਦੇ। ਦੌਧਰ ਨੇ ਉਦਾਹਰਣਾ ਦਿੰਦੇ ਹੋਏ ਲੋਕਾਂ ਅੱਗੇ ਤੱਥ ਰੱਖੇ ਕਿ ਜੋਤਿਸ਼ ਜਾਂ ਹੱਥ ਰੇਖਾਵਾਂ ਦੀ ਕਹੀ ਜਾਂਦੀ ਸਾਇੰਸ ਦਾ ਕੋਈ ਠੋਸ ਆਧਾਰ ਨਹੀਂ ਅਤੇ ਨਾਂ ਹੀ ਇਸ ਨੂੰ ਜਾਣਦੇ ਲੋਕ ਕੋਈ ਭਵਿਖ ਬਾਣੀ ਕਰਨ ਦੇ ਕਾਬਿਲ ਹਨ। ਇਹ ਸਿਰਫ ਲੋਕਾਂ ਦੀ ਲੁੱਟ ਦਾ ਸਾਧਨ ਹਨ।

ਟਰੌਂਟੋ ਯੁਨੀਵਰਸਿਟੀ ਵਿਚ ਪ੍ਰੋਫੈਸਰ ਮੁਹਮਦ ਅਜ਼ੀਮ ਜੋ ਪਾਕਿਸਤਾਨ ਦੀ ਲਾਹੌਰ ਯੂਨੀਵਰਸਿਟੀ ਵਿਚ ਵੀ ਪੜਾਉਂਦੇ ਹਨ ਨੇ ਅਪਣੇ ਦੇਸ਼ ਵਿਚ ਚੱਲ ਰਹੀ ਲੋਕ ਪੱਖੀ ਲਹਿਰ ਬਾਰੇ ਦਸਦਿਆਂ ਕਿਹਾ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਪਾਕਿਸਤਾਨ ਦੇ ਲੋਕ ਵੀ ਵੱਡੀ ਗਿਣਤੀ ਵਿਚ ਇਹ ਵਿਚਾਰ ਅਪਣਾ ਰਹੇ ਹਨ। ਤਰਕਸ਼ੀਲ ਸੋਸਾਇਟੀ ਪੰਜਾਬ ਦੇ ਸੂਬਾ ਮੁੱਖੀ ਵਿਦਿਆਰਥੀ ਚੇਤਨਾ ਵਿਭਾਗ, ਰਜਿੰਦਰ ਭਦੌੜ ਨੇ ਅਪਣੇ ਲੈਕਚਰ ਵਿਚ ਪੰਜਾਬੀ ਲੋਕਾਂ ਵਿਚ ਫੈਲੇ ਵਹਿਮ ਭਰਮ ਅਤੇ ਉਨ੍ਹਾਂ ਨੂੰ ਘੱਟ ਕਰਨ ਲਈ ਸੋਸਾਇਟੀ ਵਲੋਂ ਕੀਤੇ ਜਾ ਰਹੇ ਯਤਨਾਂ ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ ਭੂਤ, ਪ੍ਰੇਤ, ਚੜੇਲ, ਛਲੇਡੇ ਆਦਿ ਹੁੰਦੇ ਨਹੀ ਪਰ ਡਰਿਆ ਮਨ ਇਨ੍ਹਾਂ ਨੂੰ ਨਾ ਹੁੰਦੇ ਹੋਏ ਵੀ ਵੇਖਣ ਲੱਗ ਜਾਂਦਾ ਹੈ। ਇਹ ਮਾਨਸਿਕ ਸਮੱਸਿਆ ਹੈ ਜਿਸ ਨੂੰ ਸਹੀ ਇਲਾਜ ਅਤੇ ਮਾਹਿਰ ਵਲੋਂ ਦਿੱਤੇ ਸੁਝਾਵਾਂ ਨਾਲ ਠੀਕ ਕੀਤਾ ਜਾ ਸਕਦਾ ਹੈ। ਅਮ੍ਰਿਤ ਢਿੱਲੋਂ ਨੇ ਜੋ ਸ਼ਹੀਦ ਭਗਤ ਸਿੰਘ ਦੇ ਪ੍ਰਵਾਰ ਨਾਲ ਸਬੰਧਿਤ ਹਨ, ਸਰੋਤਿਆਂ ਨਾਲ ਸ਼ਹੀਦਾਂ ਦੇ ਜੀਵਨ ਵਿਚਲੀਆਂ ਕੁਝ ਯਾਦਾਂ ਸਾਂਝੀਆਂ ਕੀਤੀਆਂ। ਇਸ ਪ੍ਰੋਗਰਾਮ ਸਮੇਂ ਕਈ ਨਵੇਂ ਮੈਂਬਰ ਬਣੇ, ਬਹੁਤ ਸਾਰੇ ਲੋਕਾਂ ਨੇ ਪ੍ਰਦਰਸ਼ਨੀ ਵਿਚੋਂ ਕਿਤਾਬਾਂ ਖਰੀਦੀਆਂ ਅਤੇ ਲੋਕਾਂ ਨੇ ਸੰਸਥਾ ਦੀ ਵਿੱਤੀ ਮੱਦਦ ਵੀ ਕੀਤੀ।

ਸੁਸਾਇਟੀ ਦੇ ਮੈਂਬਰਾਂ ਵਲੋਂ ਮਾਸਟਰ ਰਾਮ ਕੁਮਾਰ, ਰਜਿੰਦਰ ਭਦੌੜ, ਸੁਰਜੀਤ ਦੌਧਰ, ਅਤੇ ਕੇ ਨੰਦੇਸੁ ਸੈਨਾਪਤੀ ਦਾ ਪਲੇਕਸ ਦੇ ਕੇ ਸਨਮਾਨ ਕੀਤਾ ਗਿਆ। ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਵਿਚ ਭਦੌੜ ਵਾਸੀਆਂ ਦਾ ਖਾਸ ਸਹਿਯੋਗ ਰਿਹਾ। ਕਿਤਾਬਾਂ ਦੀ ਪ੍ਰਦਰਸ਼ਨੀ ਦੀ ਜਿਮੇਵਾਰੀ ਅਮਰਦੀਪ ਦੇ ਪ੍ਰਵਾਰਿਕ ਮੈਂਬਰਾਂ ਨੇ ਨਿਭਾਈ। ਸੰਸਥਾ ਦੇ ਪ੍ਰਧਾਨ ਬਲਰਾਜ ਸ਼ੌਕਰ ਵਲੋਂ, ਅਖਬਾਰਾਂ, ਰੇਡੀਓ ਅਤੇ ਟੀ ਵੀ ਪ੍ਰੋਗਰਾਮਾਂ ਦੇ ਸੰਚਾਲਕਾਂ ਦਾ ਇਸ ਪ੍ਰੋਗਰਾਮ ਦਾ ਸੁਨੇਹਾ ਆਮ ਲੋਕਾਂ ਤੱਕ ਪਹੁੰਚਾਉਣ ਵਿਚ ਮਦਦ ਕਰਨ ਲਈ ਧੰਨਵਾਦ ਕੀਤਾ ਗਿਆ ਅਤੇ ਨਾਲ ਹੀ ਉਨ੍ਹਾਂ ਸੁਸਾਇੱਟੀ ਦੇ ਸਾਰੇ ਮੈਂਬਰਾਂ ਨੂੰ ਪ੍ਰੋਗਰਾਮ ਸਫ਼ਲ ਬਣਾਉਣ ਵਿਚ ਯੋਗਦਾਨ ਦੇਣ ਲਈ ਧੰਨਵਾਦ ਕੀਤਾ। ਸੁਸਾਇਟੀ ਵਲੋਂ ਵੇਰਸਾਏ ਕਨਵੈਂਸ਼ਨ ਸੈਂਟਰ ਦਾ ਖਾਸ ਤੌਰ ਤੇ ਇਸ ਸਮਾਗਮ ਵਿਚ ਸਹਿਯੋਗ ਦੇਣ ਲਈ ਧੰਨਵਾਦ ਕੀਤਾ ਗਿਆ। ਸੁਸਾਇਟੀ, ਕਿਤਾਬਾਂ, ਮੈਂਬਰਸ਼ਿਪ, ਵਹਿਮਾਂ ਭਰਮਾਂ ਜਾਂ ਇਨ੍ਹਾਂ ਨਾਲ ਜੁੜੀਆਂ ਸਮੱਸਿਆਵਾਂ ਬਾਰੇ ਹੋਰ ਜਾਣਕਾਰੀ ਲਈ, ਬਲਰਾਜ ਸ਼ੌਕਰ (647 679 4398) ਜਾਂ ਅਮਨਦੀਪ ਮੰਡੇਰ (647 782 8334) ਨਾਲ ਸੰਪਰਕ ਕੀਤਾ ਜਾ ਸਕਦਾ ਹੈ।















ਡਾ. ਅਜੀਤਪਾਲ ਸਿੰਘ
ਬਠਿੰਡਾ
98156-29301

# ਵੇਸ਼ਵਾਗਿਰੀ ਰੁਜ਼ਗਾਰ ਹੈ ਜਾਂ ਸਰਾਪ ?



ਸੱਭਿਅਤਾ ਅਤੇ ਸੱਭਿਆਚਾਰ ਦੇ ਵਿਕਾਸ ਦੇ ਨਾਲ ਨਾਲ ਵੇਸਵਾਗਿਰੀ ਦਾ ਵੀ ਪੂਰੇ ਭਾਰਤ ਚੋਂ ਉਭਾਰ ਹੋ ਚੁੱਕਿਆ ਹੈ। ਅੱਜ ਦੇ ਆਧੁਨਿਕ ਸਮਾਜ ਵਿੱਚ ਵੇਸਵਾਗਿਰੀ ਦੇ ਅਲੱਗ ਅਲੱਗ ਰੂਪ ਸਾਹਮਣੇ ਆ ਰਹੇ ਹਨ। ਕੋਠੇ/ਰੈੱਡਲਾਈਟ ਏਰੀਆ ਤੋਂ ਨਿਕਲ ਕੇ ਵੇਸਵਾਬਿਰਤੀ ਅੱਜ ਮਸਾਜ ਪਾਰਲਰ ਤੇ ਐਸਕਾਰਟ ਸਰਵਿਸਿਜ ਦੇ ਰੂਪ ਵਿੱਚ ਵੀ ਵੱਧ ਫੁੱਲ ਰਹੀ ਹੈ। ਵੇਸਵਾਬਿਰਤੀ ਅੱਜ ਸਿਰਫ ਔਰਤਾਂ ਵਿਚ ਹੀ ਨਹੀ ਬਲਕਿ ਮਰਦਾਂ ਵੀ ਇਸ ਪੇਸ਼ੇ ਨੂੰ ਕਰਨ ਲੱਗੇ ਹਨ ਪਰ ਇਹ ਗਿਣਤੀ ਅਜੇ ਬਹੁਤ ਘੱਟ ਹੈ। ਭਾਰਤ ਦੇ ਕਾਨੂੰਨਾਂ ਵਿੱਚ ਵੇਸਵਾਬਿਰਤੀ ਦੇ ਕਾਨੂੰਨੀ- ਗ਼ੈਰਕਾਨੂੰਨੀ ਹੋਣ ਦੀ ਚਰਚਾ ਚਲਦੀ ਰਹਿੰਦੀ ਹੈ। ਅਨੈਤਿਕ (ਆਵਾਜਾਈ) ਰੋਕਥਾਮ ਅਧਿਨਿਯਮ-1956 ਦੇ ਤਹਿਤ ਵੇਸਵਾ ਘਰ ਚਲਾਉਣਾ,ਪੇਸ਼ਵਾ ਘਰ ਚਲਾਉਣ ਹਿੱਤ ਮਕਾਨ ਕਿਰਾਏ ਤੇ ਦੇਣਾ, ਦਲਾਲੀ ਕਰਨਾ, ਜਬਰਨ ਕਿਸੇ ਲੜਕੀ ਨੂੰ ਵੇਸਵਾਬਿਰਤੀ ਵਿਚ ਧੱਕਣਾ ਆਦਿ ਅਪਰਾਧ ਦੀ ਸ਼੍ਰੇਣੀ ਵਿੱਚ ਰੱਖੇ ਗਏ ਹਨ। ਪਰ ਇਸ ਵਿੱਚ ਵੇਸਵਾਬਿਰਤੀ ਨੂੰ ਗੈਰਕਾਨੂੰਨੀ ਨਹੀਂ ਕਿਹਾ ਗਿਆ। ਮਹਿਲਾ ਅਤੇ ਬਾਲ ਵਿਕਾਸ ਮੰਤਰਾਲੇ ਦੀ ਇੱਕ ਰਿਪੋਰਟ ਅਨੁਸਾਰ ਭਾਰਤ ਚ 30 ਲੱਖ ਤੋਂ ਜਿ਼ਆਦਾ ਔਰਤਾਂ ਐਲਾਨੀਆ ਤੌਰ ਤੇ ਵੇਸਵਾ ਬਿਰਤੀ ਵਿੱਚ ਲੱਗੀਆਂ ਹੋਈਆਂ ਹਨ। ਜਿਸ ਵਿੱਚ ਲਗਪਗ 36ਫੀਸਦੀ ਔਰਤਾਂ 1 ਸਾਲ ਦੀ ਉਮਰ ਤੋਂ ਪਹਿਲਾਂ ਹੀ ਇਸ ਦੇਹ ਵਪਾਰ ਵਿੱਚ ਸ਼ਾਮਲ ਹੋ ਗਈਆਂ ਹਨ। ਜਦ ਕਿ ਹਿਊਮਨ ਰਾਈਟਸ ਵਾਚ ਦੀ ਇੱਕ ਰਿਪੋਰਟ ਅਨੁਸਾਰ ਭਾਰਤ ਵਿੱਚ ਲਗਪਗ 2 ਕਰੋੜ ਸੈਕਸ ਵਰਕਰ ਹਨ ਜੋ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਵੇਸ਼ਵਾ ਬਿਰਤੀ ਦੇ ਧੰਦੇ ਵਿਚ ਸ਼ਾਮਲ ਹਨ।

ਬਹੁਤ ਘੱਟ ਔਰਤਾਂ ਗਿਣਤੀ ਵਿਚ ਸ਼ੌਂਕੀਆ ਤੌਰ ਤੇ ਜਾਂ ਆਪਣੀ ਮਰਜ਼ੀ ਨਾਲ ਵੇਸ਼ਵਾਪੁਣਾ ਕਰਦੀਆਂ ਹਨ ਪਰ ਜਿ਼ਆਦਾਤਰ ਔਰਤਾਂ ਮਜਬੂਰੀ ਵਿੱਚ ਯਾਨੀ ਆਪਣਾ ਅਤੇ ਆਪਣੇ ਪਰਿਵਾਰ ਦਾ ਪੇਟ ਭਰਨ ਦੇ ਲਈ ਕੋਈ ਰੁਜਗਾਰ ਨਾ ਮਿਲਣ ਕਾਰਨ ਹੀ ਵੇਸਵਾਵਿਰਤੀ ਦੇ ਰਸਤੇ ਨੂੰ ਚੁਣਦੀਆਂ ਹਨ ਜਾਂ ਫਿਰ ਅਣਜਾਣੇ ਹੀ ਇਨ੍ਹਾਂ ਨੂੰ ਇਹਨਾਂ ਬਦਨਾਮ ਬਾਜ਼ਾਰਾਂ ਵੇਚ ਦਿੱਤਾ ਜਾਂਦਾ ਹੈ। ਬਹੁਤੀਆਂ ਇੱਕ ਵਾਰ ਗਲਤੀ ਨਾਲ ਇਸ ਬਾਜ਼ਾਰ ਵਿੱਚ ਚਲੀਆਂ ਜਾਂਦੀਆਂ ਹਨ। ਇਹ ਇੱਕ ਦਲਦਲ ਹੈ ਤਾਂ ਫਿਰ ਉਹ ਉਮਰ ਭਰ ਇਸ ਦਲਦਲ ਵਿੱਚੋਂ ਬਾਹਰ ਨਹੀਂ ਨਿਕਲ ਸਕਦੀਆਂ। ਕੌਮੀ ਮਾਨਵ ਅਧਿਕਾਰ ਆਯੋਗ ਦੇ ਇਕ ਅਧਿਐਨ ਮੁਤਾਬਕ ਭਾਰਤ ਵਿੱਚ 68 ਫੀਸਦੀ ਗਰੀਬ ਲੜਕੀਆਂ ਨੂੰ ਨੌਕਰੀ ਦੇਣ ਦੇ ਝਾਂਸੇ ਵਿੱਚ ਫਸਾ ਕੇ ਵੇਸਵਾਘਰਾਂ ਚ ਭੇਜਿਆ ਜਾਂਦਾ ਹੈ। 17 ਫ਼ੀਸਦੀ ਲੜਕੀਆਂ ਨੂੰ ਸ਼ਾਦੀ ਦਾ ਝਾਂਸਾ ਦੇ ਕੇ ਇਸ ਧੰਦੇ ਵਿਚ ਧੱਕ ਦਿੱਤਾ ਜਾਂਦਾ ਹੈ, ਜਿਸ ਤੋਂ ਪਿੱਛੋਂ ਉਹ ਤਾਉਮਰ ਉਸ ਵਿੱਚੋਂ ਬਾਹਰ ਨਹੀਂ ਨਿਕਲ ਸਕਦੀਆਂ। ਭਾਰਤ ਦੇ ਵੱਡੇ ਮਹਾਨਗਰਾਂ ਚ ਕੋਲਕਾਤਾ ਦੇ ਸੋਨਾਗਾਛੀ ਨੂੰ ਭਾਰਤ ਦਾ ਨਹੀਂ ਏਸ਼ੀਆ ਦਾ ਸਭ ਤੋਂ ਵੱਡਾ ਰੈਂਡ ਲਾਈਟ ਏਰੀਆ ਮੰਨਿਆ ਜਾਂਦਾ ਹੈ, ਇੱਥੇ ਲਗਪਗ 3 ਲੱਖ ਔਰਤਾਂ ਦੇਹ ਵਪਾਰ ਨਾਲ ਜੁੜੀਆਂ ਹੋਈਆਂ ਹਨ। ਭਾਰਤ ਚ ਦੂਜੇ ਨੰਬਰ ਤੇ ਮੁੰਬਈ ਦਾ ਕਮਾਠੀਪੁਰਾ ਹੈ ਜਿੱਥੇ ਲਗਪਗ 2 ਲੱਖ ਤੋਂ ਵੱਧ ਔਰਤਾਂ ਇਸ ਪੇਸ਼ੇ ਨਾਲ ਜੁੜੀਆਂ ਹੋਈਆਂ ਹਨ। ਇਸ ਤੋਂ ਇਲਾਵਾ ਦਿੱਲੀ ਵਿੱਚ ਜੀਵੀ ਰੋਡ, ਆਗਰਾ ਵਿੱਚ ਕਸਮੀਰੀ ਮਾਰਕੀਟ, ਗਵਾਲੀਅਰ ਵਿੱਚ ਰੇਸ਼ਮਪੁਰਾ, ਪੂਨੇ ਵਿੱਚ ਬੁਧਵਰ ਪੇਠ ਸ਼ਾਮਲ ਹਨ। ਛੋਟੇ ਛੋਟੇ ਸ਼ਹਿਰਾਂ ਦੀ ਗੱਲ ਕੀਤੀ ਜਾਵੇ ਤਾਂ ਵਾਰਾਨਸੀ, ਇਲਾਹਾਬਾਦ, ਮੇਰਠ, ਨਾਗਪੁਰ ਵਿੱਚ ਇਸੇ ਤਰ੍ਹਾਂ ਦੇ ਰੈੱਡ ਲਾਈਟ ਏਰੀਆ ਹਨ। ਦੇਸ਼ ਵਿੱਚ ਅੱਜ ਲਗਪਗ 1170 ਰੈੱਡ ਲਾਈਟ ਏਰੀਆ ਹਨ, ਜਿੱਥੇ ਦੇਹ ਵਪਾਰ ਹੁੰਦਾ ਹੈ। ਇਨ੍ਹਾਂ ਥਾਂਵਾਂ ਤੇ ਦੇਹ ਵਪਾਰ ਤੋਂ ਕਰੋੜਾਂ ਦੀ ਕਮਾਈ ਕੀਤੀ ਜਾਂਦੀ ਹੈ। ਅੰਕੜਿਆਂ ਮੁਤਾਬਕ ਦੇਸ਼ ਵਿੱਚ ਰੋਜ਼ਾਨਾ ਲਗਪਗ 2000 ਲੱਖ ਰੁਪਏ ਦਾ ਦੇਹ ਵਪਾਰ ਹੁੰਦਾ ਹੈ।

ਭਾਰਤ ਵਿੱਚ ਵੇਸਵਾਪੁਣਾ ਕੋਈ ਨਵੀਂ ਚੀਜ ਨਹੀਂ ਹੈ ਬਲਕਿ ਸਦੀਆਂ ਤੋਂ ਚਲੀ ਆ ਰਹੀ ਹੈ। ਦੇਵਦਾਸੀ, ਨਗਰ ਵਧੂ ਅਤੇ ਰਾਜਾਵਾਂ ਦੇ ਹਰਮ ਵਿੱਚ ਰਹਿਣ ਵਾਲੀਆਂ ਦਾਸੀਆਂ ਇਸੇ ਲਈ ਹੋਇਆ ਕਰਦੀਆਂ ਸਨ। ਸੱਭਿਅਤਾ ਦੇ ਹੋਂਦ ਵਿਚ ਆਉਣ ਦੇ ਨਾਲ ਹੀ ਵੇਸਵਾਪੁਣਾ ਪੈਦਾ ਹੋਇਆ ਤੇ ਇਸੇ ਸਮਾਜ ਵਿੱਚ ਤਿਰਸਕਾਰ ਨਾਲ ਦੇਖੇ ਜਾਣ ਦੇ ਬਾਵਜੂਦ ਜ਼ਰੂਰੀ ਬੁਰਾਈ ਵਜੋਂ ਮੰਨਿਆ ਗਿਆ। ਭਾਰਤੀ ਵਿੱਚ 1956 ਤਕ ਸਾਰੇ ਕਾਨੂੰਨ ਵੇਸਵਾ ਘਰਾਂ ਦੇ ਵਪਾਰ ਨੂੰ ਕੰਟਰੋਲ ਵਿੱਚ ਰੱਖਣ ਤਕ ਹੀ ਪ੍ਰਭਾਵਸ਼ਾਲੀ ਰਹੇ। ਉਸ ਤੋਂ ਬਾਅਦ ਸੰਗਠਿਤ ਵੇਸਵਾਬਿਰਤੀ ਨੂੰ ਰੋਕਣ ਦੇ ਲਈ "ਅਨੈਤਿਕਤਾ ਆਵਾਗਮਨ (ਰੋਕਥਾਮ) ਅਧਿਨਿਯਮ -1956 ਬਣਾਇਆ ਗਿਆ ਸੀ। ਪਰ ਇਕ ਕਨੂੰਨ ਵੀ ਵੇਸਵਾ ਘਰਾਂ ਤੇ ਰੋਕਥਾਮ ਦਾ ਹੀ ਕੰਮ ਕਰਦਾ ਰਿਹਾ। 1986 ਵਿੱਚ ਇਸ ਵਿੱਚ ਕੁਝ ਸੋਧਾਂ ਕੀਤੀ ਗਈਆਂ। ਭਾਰਤ ਵਿੱਚ ਵੇਸ਼ਵਾਪੁਣੇ ਨੂੰ ਖਤਮ ਕਰਨ ਦੇ ਸਮਾਜਿਕ ਉਪਾਅ ਅਪਣਾਉਣ ਦੀ ਬਜਾਏ ਸਮੇਂ ਸਮੇਂ ਸਿਰ ਵੇਸਵਾ ਬਿਰਤੀ ਨੂੰ ਕਾਨੂੰਨੀ ਮਾਨਤਾ ਦੇਣ ਜਾਂ ਨਾ ਦੇਣ ਤੇ ਬਹਿਸ ਚਲਦੀ ਰਹੀ ਹੈ। ਜਿੱਥੇ ਇਸ ਦੀ ਲਿਖਤੀ ਕਾਨੂੰਨੀ ਮਾਨਤਾ ਨਾ ਹੋਣ ਕਰ ਕੇ ਇਸ ਦੀ ਵਰਤੋਂ ਕਰੋੜਾਂ ਦੀ ਤਾਦਾਦ ਵਿਚ ਵੇਸਵਾਵਾਂ ਦੇ ਲੁੱਟ ਖਸੁੱਟ ਤੇ ਜਬਰ ਵਸੂਲੀ ਕਰਨ ਦੇ ਲਈ ਕੀਤੀ ਜਾਂਦੀ ਰਹੀ ਹੈ। ਇਸ ਲਈ ਅਨੇਕਾਂ ਵੇਸਵਾਵਾਂ ਦੇ ਅਧਿਕਾਰਾਂ ਦੇ ਲਈ ਕਾਰਜਸ਼ੀਲ ਐੱਨ ਜੀ ਓ ਇਸ ਨੂੰ ਕਾਨੂੰਨੀ ਦਰਜਾ ਦੇਣ ਦੀ ਮੰਗ ਕਰਦੇ ਰਹਿੰਦੇ ਹਨ ਤਾਂ ਕਿ ਵੇਸਵਾਵਾਂ ਦੀ ਲੁੱਟ ਖਸੁੱਟ ਬੰਦ ਹੋ ਸਕੇ,ਉੱਥੇ ਦੂਜੇ ਪਾਸੇ ਲੋਕ ਜੋ ਪੂੰਜੀਵਾਦ ਵਿੱਚ ਇਸ ਕੁਪ੍ਰਥਾ ਦੇ ਅੰਤ ਦਾ ਸੁਪਨਾ ਦੇਖਦੇ ਹਨ ਉਸ ਨੂੰ ਗੈਰਕਾਨੂੰਨੀ ਕਰਾਰ ਦੇਣ ਦੀ ਵਕਾਲਤ ਕਰਦੇ ਹਨ। ਉਹ ਇਸ ਨੂੰ ਕਾਨੂੰਨੀ ਬਣਾ ਦੇਣ ਤੇ ਇਸ ਦੇ ਖੁੱਲ੍ਹੇਆਮ ਪ੍ਰਸਾਰ ਦਾ ਖ਼ਤਰਾ ਦੇਖਦੇ ਹਨ,ਉਥੇ ਉਹ ਔਰਤਾਂ ਦੇ ਵੀ ਕਾਨੂੰਨੀ ਮਾਨਤਾ ਹੋਣ ਤੇ ਇਸ ਦਲਦਲ ਵਿਚ ਧੱਕੇ ਜਾਣ ਦਾ ਖਤਰਾ ਵੀ ਦੇਖਦੇ ਹਨ। ਇਸੇ ਬਹਿਸ ਦੌਰਾਨ ਪਿੱਛੇ ਜਿਹੇ ਹੀ ਸੁਪਰੀਮ ਕੋਰਟ ਨੇ ਵੇਸਵਾਬਿਰਤੀ ਤੇ ਆਪਣਾ ਫ਼ੈਸਲਾ ਸੁਣਾਇਆ। ਸਰਬਉੱਚ ਅਦਾਲਤ ਦੇ ਤਿੰਨ ਜੱਜਾਂ ਦੇ ਬੈਂਚ ਨੇ ਕਿਹਾ ਕਿ ਵੇਸਵਾ ਬਿਰਤੀ ਗੈਰਕਾਨੂੰਨੀ ਨਹੀਂ ਹੈ ਬਲਕਿ ਇਕ ਪੇਸ਼ਾ ਹੈ। ਅਜਿਹੇ ਵਿਚ ਆਪਣੀ ਮਰਜ਼ੀ ਨਾਲ ਪੇਸ਼ਾ ਅਪਣਾਉਣ ਵਾਲੀਆਂ ਯੌਨ ਕਰਮਚਾਰੀਆਂ ਨੂੰ ਸਨਮਾਨਯੋਗ ਜੀਵਨ ਜਿਊਣ ਦਾ ਹੱਕ ਹੈ। ਇਸ ਲਈ ਪੁਲੀਸ ਅਜਿਹੇ ਲੋਕਾਂ ਦੇ ਖਿਲਾਫ ਕਾਨੂੰਨੀ ਕਾਰਵਾਈ ਨਾ ਕਰੇ। ਸਰਵਉੱਚ ਅਦਾਲਤ ਨੇ ਇਸ ਮਾਮਲੇ ਨੂੰ ਲੈ ਕੇ ਕੇਂਦਰ ਅਤੇ ਰਾਜ ਸਰਕਾਰਾਂ ਦੇ ਨਾਲ ਨਾਲ ਪੁਲਸ ਨੂੰ ਵੀ ਕਈ ਦਿਸ਼ਾ ਨਿਰਦੇਸ਼ ਜਾਰੀ ਕੀਤੇ। ਇਸ ਵਿੱਚ ਅਦਾਲਤ ਨੇ ਇਸ ਮਾਮਲੇ ਤੇ ਕੇਂਦਰ ਸਰਕਾਰ ਨੂੰ ਆਪਣਾ ਜਵਾਬ ਦੇਣ ਨੂੰ ਕਿਹਾ। ਮਾਮਲੇ ਦੀ ਅਗਲੀ ਸੁਣਵਾਈ 27 ਜੁਲਾਈ ਨੂੰ ਹੋਣੀ ਹੈ। ਸਰਬਉੱਚ ਅਦਾਲਤ/ ਸਰਕਾਰ ਦੇਸ਼ ਦੀਆਂ ਔਰਤਾਂ ਨੂੰ ਰੁਜਗਾਰ ਸਨਮਾਨਜਨਕ ਬਰਾਬਰੀ ਤਾਂ ਦੇ ਨਹੀਂ ਸਕਦੇ ਤਾਂ ਸਾਡੀ ਨਿਆਂ ਪ੍ਰਣਾਲੀ ਨੇ ਮਹਿਲਾਵਾਂ ਦੇ ਆਪਣਾ ਸ਼ਰੀਰ ਵੇਚਣਾ ਹੀ ਰੁਜਗਾਰ ਬਣਾ ਦਿੱਤਾ। ਉਨ੍ਹਾਂ ਨੂੰ ਇਸ ਵਿੱਚ ਔਰਤਾਂ ਦੀ ਆਜਾਦੀ ਤੇ ਸਨਮਾਨ ਦਿਖਾਈ ਦਿੰਦਾ ਹੈ। ਕਹਿਣ ਦਾ ਭਾਵ ਹੈ ਕਿ ਸੁਪਰੀਮ ਕੋਰਟ ਦੇ ਅਨੁਸਾਰ ਔਰਤਾਂ ਦਾ ਸਰੀਰ ਨੂੰ ਵੇਚਣਾ ਇੱਕ ਰੁਜਗਾਰ ਹੈ ਅਤੇ ਦੇਸ਼ ਵਿਚ ਦੇਹ ਨੂੰ ਵੇਚਣਾ ਤੇ ਖਰੀਦਣਾ ਹੁਣ ਅਪਰਾਧ ਨਹੀਂ ਬਲਕਿ ਰੁਜਗਾਰ ਹੋ ਗਿਆ ਹੈ। ਸਰਵਉੱਚ ਅਦਾਲਤ ਅਨੁਸਾਰ ਆਪਣੀ ਮਰਜ਼ੀ ਨਾਲ ਵੇਸਵਾਪੁਣਾ ਕਰਨਾ ਅਪਰਾਧ ਨਹੀਂ ਹੈ ਪਰ ਅਸੀਂ ਇਹ ਅੰਕੜਿ਼ਆਂ ਦੇ ਜ਼ਰੀਏ ਜਾਣ ਸਕਦੇ ਹਾਂ ਕਿ ਜ਼ਿਆਦਾਤਰ ਔਰਤਾਂ ਮਜਬੂਰੀ ਵਿੱਚ ਹੀ ਵੇਸਵਾਪੁਣਾ ਅਪਣਾਉਂਦੀਆਂ ਹਨ। ਅਜਿਹੇ ਵਿਚ ਉਨ੍ਹਾਂ ਦੀ ਮਰਜੀ ਕਿੱਥੇ ਸ਼ਾਮਲ ਹੈ? ਸਰਵਉੱਚ ਅਦਾਲਤ ਦੇ ਅਨੁਸਾਰ ਵੇਸ਼ਵਾਬਿਰਤੀ ਕਰਨਾ ਅਪਰਾਧ ਨਹੀਂ ਹੈ ਤਾਂ ਫਿਰ ਵੇਸਵਾਘਰਾਂ ਨੂੰ ਚਲਾਉਣਾ ਅਪਰਾਧ ਕਿਵੇਂ ਹੈ? ਦੇਸ਼ ਦੇ ਅੰਦਰ ਇੰਨੇ ਵੱਡੇ ਵੱਡੇ ਰੈੱਡ ਲਾਈਟ ਏਰੀਆ ਕਿਉਂ ਬਣੇ ਹਨ? ਕੀ ਸਰਬਉੱਚ ਅਦਾਲਤ ਨੂੰ ਇਹ ਨਜ਼ਰ ਨਹੀਂ ਆਏ। ਵੇਸ਼ਵਾਵਿਰਤੀ ਔਰਤਾਂ ਦੇ ਲਈ ਰੁਜਗਾਰ ਨਹੀਂ ਸ਼ਰਾਪ ਹੈ। ਸਰਮਾਏਦਾਰੀ ਪ੍ਰਬੰਧ ਤੇ ਉਸ ਦੀ ਅਦਾਲਤ ਵੇਸਵਾਬਿਰਤੀ ਦਾ ਪੂਰੀ ਤਰ੍ਹਾਂ ਖਾਤਮਾ ਨਹੀਂ ਕਰ ਸਕਦੇ ਇਸ ਲਈ ਉਹ ਇਸ ਨੂੰ ਕਾਨੂੰਨੀ ਦਰਜਾ ਦੇ ਕੇ ਉਸ ਨੂੰ ਸੰਸਥਾਗਤ ਰੂਪ ਦੇ ਕੇ ਵੇਸਵਾਵਾਂ ਦੇ ਨਾਲ ਹੋ ਰਹੇ ਅੱਤਿਆਚਾਰਾਂ ਨੂੰ ਰੋਕਣਾ ਚਾਹੁੰਦੇ ਹਨ। ਉਹ ਇਹ ਨਹੀਂ ਦੇਖ ਸਕਦੇ ਕਿ ਮਹਿਜ਼ ਕਾਨੂੰਨੀ ਦਰਜਾ ਦੇਣ ਨਾਲ ਹੀ ਸਮਾਜ ਵੱਲੋਂ ਦੁਰਕਾਰੀਆ ਔਰਤਾਂ ਨੂੰ ਸਨਮਾਨ ਤੇ ਬਰਾਬਰੀ ਹਾਸਲ ਨਹੀਂ ਹੋ ਸਕਦੀ। ਹਾਂ ਉਲਟਾ ਕਾਨੂੰਨੀ ਦਰਜਾ ਦਿੱਤੇ ਜਾਣ ਨਾਲ ਇਹ ਧੰਦਾ ਵਿਆਪਕ ਪੱਧਰ ਤੇ ਪੂੰਜੀ ਨਿਵੇਸ਼ ਮੁਨਾਫ਼ੇ ਤੇ ਇਸ ਦੇ ਚੱਲਦੇ ਵੱਡੇ ਪੈਮਾਨੇ ਤੇ ਮਜਬੂਰ ਲੜਕੀਆਂ ਨੂੰ ਇਸ ਵਿੱਚ ਧੱਕਣ ਦਾ ਜ਼ਰੀਆ ਬਣ ਜਾਵੇਗਾ। ਇਸ ਲਈ ਮੁੱਖ ਸਵਾਲ ਇਸ ਕਾਨੂੰਨੀ ਦਰਜਾ ਦੇਣ ਜਾਂ ਨਾ ਦੇਣ ਦੀ ਬਜਾਏ ਇਹ ਸੋਚਣਾ ਚਾਹੀਦਾ ਹੈ ਕਿ ਵੇਸਵਾਬਿਰਤੀ ਦਾ ਖਾਤਮਾ ਕਿਵੇਂ ਕੀਤਾ ਜਾਵੇ ? ਜਿਸ ਬਾਰੇ ਮਾਣਯੋਗ ਜੱਜ ਸੋਚਣ ਤੱਕ ਦੀ ਵੀ ਜਹਿਮਤ ਨਹੀਂ ਉਠਾਉਂਦੇ।

ਦਰਅਸਲ ਸਰਕਾਰ ਵੇਸਵਾਬਿਰਤੀ ਨੂੰ ਨਾ ਤਾਂ ਖ਼ਤਮ ਕਰਨਾ ਚਾਹੁੰਦੀ ਹੈ ਤੇ ਨਾ ਹੀ ਕਰ ਸਕਦੀ ਹੈ। ਸਰਕਾਰ ਵੇਸਵਾਬਿਰਤੀ ਨੂੰ ਕੁਝ ਸਮਰਾਜਵਾਦੀ ਦੇਸ਼ਾਂ ਦੀ ਤਰ੍ਹਾਂ ਕਾਨੂੰਨੀ ਮਾਨਤਾ ਦੇ ਕੇ ਇਕ ਕਿੱਤੇ ਵਜੋਂ ਚਲਾਉਣਾ ਚਾਹੁੰਦੀ ਹੈ, ਜਿਸ ਨਾਲ ਹੋਣ ਵਾਲੇ ਮੁਨਾਫੇ ਤੇ ਸਰਮਾਏਦਾਰ ਅਦਕਾਰ ਹੋਵੇਗਾ। ਸਰਮਾਏਦਾਰੀ ਸਮਾਜ ਦਾ ਰੁਝਾਨ ਹਰ ਚੀਜ ਨੂੰ ਕਿਵੇਂ ਨਾ ਕਿਵੇਂ ਮਾਲ ਵਿਚ ਤਬਦੀਲ ਕਰ ਕੇ ਬਾਜ਼ਾਰ ਵਿੱਚ ਉਤਾਰ ਦੇਣ ਦਾ ਹੁੰਦਾ ਹੈ। ਪੂੰਜੀ ਤਰ੍ਹਾਂ ਤਰ੍ਹਾਂ ਦੀਆਂ ਸੇਵਾਵਾਂ ਨੂੰ ਬਾਜ਼ਾਰ ਵਿੱਚ ਉਤਾਰ ਕੇ ਮੁਨਾਫ਼ਾ ਕਮਾਉਣ ਵੱਲ ਵਧੀ ਹੈ। ਇਸ ਦੇ ਲਈ ਵੇਸ਼ਵਾ ਬਿਰਤੀ ਵੀ ਸੇਵਾ ਖੇਤਰ ਦਾ ਇੱਕ ਹਿੱਸਾ ਹੈ। ਸਰਮਾਏਦਾਰੀ ਜਮਾਤ ਨੂੰ ਇਸੇ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਉਨ੍ਹਾਂ ਦੁਆਰਾ ਦਿੱਤੀ ਜਾ ਰਹੀ ਸੇਵਾ ਸਮਾਜ ਨੂੰ ਪਤਨ ਵੱਲ ਧੱਕ ਰਹੀ ਹੈ ਜਾਂ ਭਲਾ ਕਰ ਰਹੀ ਹੈ। ਨਸ਼ਾ ਮੁਹੱਈਆ ਕਰਾਉਣਾ, ਅਸ਼ਲੀਲ ਫਿਲਮਾਂ, ਪੋਰਨੋਗ੍ਰਾਫੀ ਵੇਚਣਾ, ਵੇਸ਼ਵਾਬਿਰਤੀ ਆਦਿ ਇਹ ਸਭ ਉਸ ਦੇ ਲਈ ਮੁਨਾਫ਼ੇ ਦੇ ਖੇਤਰ ਹਨ। ਪੂੰਜੀ ਦੇ ਹਿਤ ਵਿਚ ਸਰਕਾਰਾਂ ਸਮਾਜ ਦੀ ਪਤਨਸ਼ੀਲਤਾ ਵਧਾਉਣ ਵਾਲੇ ਧੰਦਿਆਂ ਤੇ ਟੈਕਸ ਲਾ ਕੇ ਇਨ੍ਹਾਂ ਨੂੰ ਕਾਨੂੰਨੀ ਰੂਪ ਦੇਣ ਦੇ ਨਾਲ ਇਸ ਤੋਂ ਭਾਰੀ ਟੈਕਸ ਇਕੱਠਾ ਕਰਦੀਆਂ ਹਨ। ਵੇਸ਼ਵਾਪੁਣੇ ਦਾ ਖ਼ਾਤਮਾ ਸਿਰਫ਼ ਭਾਰਤ ਚ ਨਹੀਂ ਅੱਜ ਦੇ ਸਮੇਂ ਵਿਚ ਦੁਨੀਆਂ ਦੀ ਕੋਈ ਵੀ ਪੂੰਜੀਵਾਦੀ ਸਰਕਾਰ ਨਹੀਂ ਕਰ ਸਕਦੀ ਕਿਉਂਕਿ ਪ੍ਰਾਚੀਨ ਕਾਲ ਵਿੱਚ ਵੇਸਵਾਬਿਰਤੀ ਮਹਿਲਾਵਾਂ ਦੀ ਗ਼ੁਲਾਮੀ ਦੇ ਨਾਲ ਹੀ ਇਤਿਹਾਸ ਦੇ ਪਟਲ ਤੇ ਆਈ। ਵੇਸਵਾਬਿਰਤੀ ਦੇ ਸ਼ੁਰੂ ਹੋਣ ਪਿੱਛੇ ਇਤਿਹਾਸਕ ਕਾਰਨ ਹਨ। ਜਦੋਂ ਨਿੱਜੀ ਸੰਪਤੀ ਦਾ ਸਵਾਲ ਪੈਦਾ ਹੋਇਆ ਉਦੋਂ ਹੀ ਹੌਲੀ ਹੌਲੀ ਔਰਤਾਂ ਨੂੰ ਘਰ ਪਰਿਵਾਰ ਦੀ ਹੱਦਾਂ ਤੱਕ ਸੀਮਤ ਕਰ ਦਿੱਤਾ ਗਿਆ। ਉਸੇ ਸਮੇਂ ਨਿੱਜੀ ਸੰਪਤੀ ਦੇ ਮਾਲਕ ਮਰਦ ਦੀ ਆਪਣੀ ਸੰਪਤੀ ਦਾ ਸ਼ੁੱਧ ਰਕਤ ਵਾਰਿਸ਼ ਹੋਣ ਦੀ ਚਾਹਤ ਪੈਦਾ ਹੋਈ। ਇਸ ਦੇ ਲਈ ਇਕਪਰਤੀ ਵਿਆਹ ਹੋਂਦ ਵਿੱਚ ਆਇਆ ਪਰ ਇਹ ਇਕਪਰਤੀ ਵਿਆਹ ਸਿਰਫ਼ ਅਤੇ ਸਿਰਫ਼ ਔਰਤਾਂ ਦੇ ਲਈ ਹੀ ਰਿਹਾ। ਮਰਦਾਂ ਨੇ ਇੱਕਪਰਤੀ ਨੂੰ ਕਦੀ ਨਹੀਂ ਅਪਣਾਇਆ। ਉਦੋਂ ਤੋਂ ਹੀ ਕੁਝ ਔਰਤਾਂ ਸਿਰਫ ਇਸ ਲਈ ਹੁੰਦੀਆਂ ਜੋ ਸਿਰਫ਼ ਉਸ ਸਮਾਜ ਦੇ ਅਮੀਰ ਮਰਦਾਂ ਦਾ ਮਨੋਰੰਜਨ ਕਰ ਸਕਣ। ਉਦੋਂ ਤੋਂ ਹੀ ਵੇਸਵਾਬਿਰਤੀ ਹੋਂਦ ਵਿੱਚ ਆਈ। ਅਲੱਗ ਅਲੱਗ ਸਮਾਜਾਂ ਵਿਚ ਉਸ ਦਾ ਸਿਰਫ ਰੂਪ ਬਦਲਦਾ ਰਿਹਾ ਪਰ ਸਮਾਜ ਵਿੱਚ ਹਮੇਸ਼ਾਂ ਤੋਂ ਹੀ ਇਸ ਨੂੰ ਗਲਤ ਅਤੇ ਅਨੈਤਿਕ ਮੰਨਿਆ ਗਿਆ। ਅੱਜ ਸਰਮਾਏਦਾਰੀ ਵਿਵਸਥਾ ਦੀ ਨੈਤਿਕਤਾ ਇਸ ਤੋਂ ਵੀ ਹੇਠਾਂ ਡਿੱਗ ਗਈ ਹੈ ਕਿ ਵੇਸਵਾਬਿਰਤੀ ਦੇ ਖਾਤਮੇ ਦੇ ਉਪਚਾਰਕ ਐਲਾਨਾਂ ਤੋਂ ਵੀ ਪਿੱਛੇ ਹਟ ਕੇ ਇਸ ਧੰਦੇ ਨੂੰ ਕਾਨੂੰਨੀ ਮਾਨਤਾ ਦਿੱਤੀ ਜਾ ਰਹੀ ਹੈ। ਵੇਸਵਾ ਬਿਰਤੀ ਦੇ ਸੂਰੂ ਹੋਣ ਪਿੱਛੇ ਇਤਿਹਾਸਕ ਕਾਰਨ ਹਨ ਜਦੋਂ ਤੱਕ ਇਨ੍ਹਾਂ ਕਾਰਨਾਂ ਨੂੰ ਖਤਮ ਨਹੀਂ ਕੀਤਾ ਜਾਂਦਾ ਤਦ ਤੱਕ ਵਿਸ਼ਵਬਿਰਤੀ ਖਤਮ ਨਹੀਂ ਕੀਤੀ ਜਾ ਸਕਦੀ। ਯਾਨੀ ਨਿੱਜੀ ਸੰਪਤੀ ਅਤੇ ਇਕਪਰਤੀ ਪਰਿਵਾਰ (ਜੋ ਔਰਤਾਂ ਲਈ ਹੀ ਇਕਪਰਤੀ ਹੈ ਮਰਦਾਂ ਲਈ ਨਹੀਂ) ਨਾਮ ਦੀ ਸੰਸਥਾ ਜਦ ਤੱਕ ਰਹੇਗੀ ਉਦੋਂ ਤਕ ਵੇਸਵਾਬਿਰਤੀ ਵੀ ਬਣੀ ਰਹੇਗੀ। ਵੇਸਵਾਬਿਰਤੀ ਨੂੰ ਖਤਮ ਕਰਨ ਦਾ ਕੰਮ ਬਿਨਾਂ ਇਨਕਲਾਬ ਦੇ ਨਹੀਂ ਹੋ ਸਕਦਾ ਹੈ। ਇਨਕਲਾਬ ਤੋਂ ਪਿੱਛੋਂ ਸਮਾਜਵਾਦ ਹੀ ਇੱਕ ਅਜਿਹੀ ਵਿਵਸਥਾ ਹੈ ਜਿਸ ਵਿਚ ਨਿੱਜੀ ਜਾਇਦਾਦ ਨੂੰ ਖ਼ਤਮ ਕਰਕੇ ਸਮਾਜ ਨੂੰ ਇੱਕ ਬਿਹਤਰ ਜ਼ਮੀਨ ਤੇ ਖੜ੍ਹਾ ਕੀਤਾ ਜਾ ਸਕੇਗਾ। ਸਮਾਜਵਾਦ ਵਿਚ ਹੀ ਵੇਸਵਾਬਿਰਤੀ ਵਰਗੀਆਂ ਸਾਰੀਆਂ ਸਮੱਸਿਆਵਾਂ ਤੋਂ ਸਾਮਾਜ ਨੂੰ ਮੁਕਤੀ ਮਿਲ ਸਕਦੀ ਹੈ।

ਸਮਾਜਵਾਦ ਵਿੱਚ ਮਜਦੂਰਾਂ ਦੀ ਸਰਕਾਰ ਨਿੱਜੀ ਮੁਨਾਫ਼ੇ ਦੀ ਬਜਾਏ ਸਮਾਜਿਕ ਹਿਤ ਵਿੱਚ ਚਲਾਈ ਜਾਵੇਗੀ। ਸਮਾਜਵਾਦ ਵਿੱਚ ਵੇਸਵਾਬਿਰਤੀ ਦੇ ਖਾਤਮੇ ਲਈ ਵੱਡੇ ਪੱਧਰ ਤੇ ਸੁਧਾਰ ਘਰ ਸਥਾਪਤ ਕਰ ਕੇ ਉੱਥੇ ਵੇਸਵਾਬਿਰਤੀ ਵਿੱਚ ਲੱਗੀਆਂ ਔਰਤਾਂ ਨੂੰ ਦੂਜੇ ਰੋਜਗਾਰਾਂ ਹਿੱਤ ਸਿਖਲਾਈ ਦਿੱਤੀ ਗਈ ਸੀ। ਅਨੇਕਾਂ ਮਾਨਸਿਕ ਰੋਗੀ ਬਣ ਚੁੱਕੀਆਂ ਔਰਤਾਂ ਦਾ ਇਲਾਜ ਕਰਵਾਇਆ ਗਿਆ ਸੀ। ਇਸ ਦੇ ਪਿੱਛੋਂ ਸਰਕਾਰ ਵੱਲੋਂ ਇਨ੍ਹਾਂ ਔਰਤਾਂ ਨੂੰ ਨਾ ਸਿਰਫ ਸਲਮਾਨਜਨਕ ਰੁਜਗਾਰ ਮੁਹੱਈਆ ਕਰਵਾਇਆ ਗਿਆ ਬਲਕਿ ਉਨ੍ਹਾਂ ਦੇ ਪਹਿਲੇ ਜੀਵਨ ਦੀ ਪਹਿਚਾਣ ਨੂੰ ਗੁਪਤ ਰੱਖ ਕੇ ਉਨ੍ਹਾਂ ਨੂੰ ਨਵੀਂ ਪਛਾਣ ਦੇਣ ਦਾ ਇੰਤਜ਼ਾਮ ਕੀਤਾ ਗਿਆ। ਇਸ ਤਰ੍ਹਾਂ ਇਕ ਅਮਲ ਰਾਹੀਂ ਸਰਕਾਰ ਵਲੋਂ ਵੇਸਵਾਬਿਰਤੀ ਵਿੱਚ ਲੱਗੀਆਂ ਔਰਤਾਂ ਨੂੰ ਸਨਮਾਨਜਨਕ ਜ਼ਿੰਦਗੀ ਵਿੱਚ ਮੁੜ ਸਥਾਪਤ ਕੀਤਾ ਗਿਆ। ਦਲਾਲਾਂ ਏਜੰਟਾਂ ਪ੍ਰਤੀ ਸਰਕਾਰ ਨੇ ਕਠੋਰ ਰੁਖ਼ ਅਪਣਾਇਆ ਅਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹਾਂ ਵਿੱਚ ਸੁੱਟਿਆ ਗਿਆ। ਜਦ ਕਿ ਵੇਸਵਾਘਰਾਂ ਵਿੱਚ ਜਾਣ ਵਾਲੇ ਮਰਦ ਗਾਹਕਾਂ ਪ੍ਰਤੀ ਸਮਾਜਿਕ ਆਲੋਚਨਾ ਕਰਕੇ ਸੁਧਾਰ ਦਾ ਰੁਖ਼ ਅਪਣਾਇਆ ਗਿਆ। ਉਨ੍ਹਾਂ ਦੀਆਂ ਸੂਚੀਆਂ ਸ਼ਹਿਰਾਂ ਦੇ ਚੌਂਕਾਂ ਵਿੱਚ ਟੰਗ ਦਿੱਤੀਆਂ ਗਈਆਂ। ਇਨ੍ਹਾਂ ਸਾਰੇ ਕਦਮਾਂ ਦੇ ਜ਼ਰੀਏ ਸੋਵੀਅਤ ਸਮਾਜਵਾਦ ਕੁਝ ਸਾਲਾਂ ਵਿੱਚ ਹੀ ਵੇਸਵਾਬਿਰਤੀ ਦੇ ਕਲੰਕ ਤੋਂ ਸਮਾਜ ਨੂੰ ਮੁਕਤ ਕਰਾਉਣ ਵਿੱਚ ਕਾਮਯਾਬ ਰਿਹਾ। ਉਪਰੋਕਤ ਵਿਆਪਕ ਸਮਾਜਕ ਉਪਾਵਾਂ ਨੂੰ ਦੇਖ ਕੇ ਹੀ ਅਹਿਸਾਸ ਹੋ ਜਾਂਦਾ ਹੈ ਕਿ ਸਰਮਾਏਦਾਰੀ ਸਮਾਜ ਵਿੱਚ ਇਸ ਕੁਪ੍ਰਥਾ ਦਾ ਖਾਤਮਾ ਕਿਉਂ ਸੰਭਵ ਨਹੀਂ ਹੈ। ਜਿੱਥੇ ਸੁਧਾਰ ਘਰ ਔਰਤਾਂ ਨੂੰ ਵੇਸਵਾਬਿਰਤੀ ਦੀ ਦਲਦਲ ਵਿਚ ਧੱਕਣ ਦਾ ਜ਼ਰੀਆ ਹੋਵੇ, ਉਥੇ ਇਨ੍ਹਾਂ ਤੋਂ ਵਿਸਵ ਬਿਰਤੀ ਦੀ ਦਲਦਲ ਵਿੱਚ ਫਸੀਆਂ ਔਰਤਾਂ ਨੂੰ ਬਾਹਰ ਲਿਆਉਣ ਦੀ ਉਮੀਦ ਕਰਨੀ ਬੇਮਤਲਬੀ ਹੈ। ਦਰਅਸਲ ਨਿੱਜੀ ਜਾਇਦਾਦ ਤੇ ਅਧਾਰਤ ਵਿਵਸਥਾ ਨਾ ਤਾਂ ਸਭ ਨੂੰ ਰੁਜ਼ਗਾਰ ਦੇ ਸਕਦੀ ਅਤੇ ਨਾ ਹੀ ਸਨਮਾਨਜਨਕ ਜ਼ਿੰਦਗੀ। ਅਜਿਹੇ ਵਿਚ ਸਮੂਹ ਔਰਤਾਂ ਨੂੰ ਸਨਮਾਨਜਨਕ ਰੁਜਗਾਰ ਦੀ ਗਾਰੰਟੀ ਤੇ ਸੁਰੱਖਿਅਤ ਜੀਵਨ ਦਿੱਤੇ ਬਗੈਰ ਵੇਸਵਾਬਿਰਤੀ ਦਾ ਖ਼ਾਤਮਾ ਨਹੀਂ ਹੋ ਸਕਦਾ। ਪੂੰਜੀਵਾਦੀ ਸਮਾਜ ਤਾਂ ਔਰਤ ਸਰੀਰ ਨੂੰ ਭੋਗਣਯੋਗ ਵਸਤੂ ਦੇ ਤੌਰ ਤੇ ਪੇਸ਼ ਕਰ ਕੇ ਔਰਤਾ ਤੇ ਹਿੰਸਾ-ਵੇਸਵਾਬਿਰਤੀ ਨੂੰ ਵਧਾ ਦੇਣ ਦਾ ਹੀ ਕੰਮ ਕਰ ਰਿਹਾ ਹੈ। ਇਹ ਮਰਦਾਂ ਨੂੰ ਇਕਪਤਨੀ ਹੀ ਅਪਣਾਉਣ ਦੀ ਬਜਾਏ ਜਿੱਥੇ ਮੌਕਾ ਮਿਲੇ ਉੱਥੇ ਮੂੰਹ ਮਾਰਨ ਵਾਲਾ ਬਣਾ ਰਿਹਾ ਹੈ। ਅਜਿਹੇ ਵਿੱਚ ਸੱਚੇ ਅਰਥਾਂ ਵਿੱਚ ਇਕਪਰਤੀ ਮਰਦ ਸਮਾਜਵਾਦ ਵਿਚ ਹੀ ਬਣ ਸਕਣਗੇ ਤੇ ਵੇਸਵਾ ਬਿਰਤੀ ਦਾ ਇਹ ਆਧਾਰ ਹੀ ਖ਼ਤਮ ਹੋ ਜਾਵੇਗਾ। ਯਾਨੀ ਸਮਾਜਵਾਦ ਉਹ ਪ੍ਰਸਥਿਤੀਆਂ ਪੈਦਾ ਕਰੇਗਾ ਜਿੱਥੇ ਕਿਸੇ ਔਰਤ ਨੂੰ ਵੇਸਵਾਬਿਰਤੀ ਦੇ ਦਲਦਲ ਵਿੱਚ ਜਾਣ ਦੀ ਲੋੜ ਹੀ ਨਹੀਂ ਪਵੇ ਤੇ ਨਾਲ ਹੀ ਉੱਥੇ ਮਰਦ ਵੀ ਯੌਨ ਸੰਬੰਧਾਂ ਦੇ ਮਾਮਲੇ ਵਿਚ ਇਕਪਰਤੀ ਬਣਨਗੇ। ਇਸ ਤਰ੍ਹਾਂ ਵੇਸਵਾਬਿਰਤੀ ਦਾ ਮੂਲ ਨਾਸ਼ ਹੋ ਸਕੇਗਾ। ਤਾਂ ਫਿਰ ਮੌਜੂਦਾ ਸਮਾਜ ਵਿੱਚ ਕੀ ਕੀਤਾ ਜਾਵੇ?

ਨਿਸ਼ਚੇ ਹੀ ਵੇਸਵਾਬਿਰਤੀ ਨੂੰ ਕਾਨੂੰਨੀ ਮਾਨਤਾ ਜਾਂ ਕਿੱਤਾ ਐਲਾਨਣ ਦੇ ਕਿਸੇ ਵੀ ਯਤਨ ਦਾ ਭਾਂਡਾ ਭੰਨਣਾ ਜ਼ਰੂਰੀ ਹੈ, ਕਿਉਂਕਿ ਇਹ ਹੋਰ ਔਰਤਾਂ ਨੂੰ ਇਸ ਦਲਦਲ ਵਿੱਚ ਧੱਕਣ ਦਾ ਜ਼ਰੀਆ ਬਣੇਗਾ। ਇਸ ਦੇ ਨਾਲ ਹੀ ਇਹ ਇਸ ਨੂੰ ਕਾਨੂੰਨੀ ਕਿੱਤਾ ਬਣਾ ਦੇਵੇਗਾ, ਜਿਸ ਦਾ ਸਰਮਾਏਦਾਰੀ ਜਮਾਤ ਲਾਭ ਉਠਾਵੇਗੀ। ਪਰ ਇਹ ਭਰਮ ਨਹੀਂ ਪਾਲਣਾ ਚਾਹੀਦਾ ਕਿ ਗੈਰਕਾਨੂੰਨੀ ਐਲਾਨੇ ਜਾਣ ਨਾਲ ਇਹ ਪ੍ਰਥਾ ਸਮਾਪਤ ਹੋ ਜਾਵੇਗੀ ਬਲਕਿ ਇਸ ਦਲਦਲ ਵਿੱਚ ਧੱਕ ਦਿੱਤੀਆਂ ਗਈਆਂ ਔਰਤਾਂ ਦੀ ਲੁੱਟ ਖਸੁੱਟ ਦਾ ਜ਼ਰੀਆ ਬਣ ਜਾਵੇਗੀ। ਇਸ ਲਈ ਵੇਸਵਾ ਬਿਰਤੀ ਦੀ ਦਲਦਲ ਵਿੱਚ ਜੋ ਔਰਤਾਂ ਧੱਕ ਦਿੱਤੀਆਂ ਗਈਆਂ ਹਨ ਉਨ੍ਹਾਂ ਦੇ ਦੁੱਖ ਦਰਦ ਦੇ ਖਿ਼ਲਾਫ ਤੇ ਉਨ੍ਹਾਂ ਦੇ ਅਧਿਕਾਰਾਂ ਦੇ ਲਈ ਆਵਾਜ਼ ਬੁਲੰਦ ਕੀਤੀ ਜਾਣੀ ਜਰੂਰੀ ਹੈ। ਉਨ੍ਹਾਂ ਨੂੰ ਇਸ ਦਲਦਲ ਚੋਂ ਕੱਢਣ ਦੇ ਲਈ ਵਿਆਪਕ ਸੁਧਾਰਾਂ ਦੀ ਮੰਗ ਜਰੂਰੀ ਹੈ। ਇਹ ਸਭ ਕਰਦੇ ਹੋਏ ਦਲਦਲ ਵਿੱਚ ਲੈ ਕੇ ਜਾਣ ਵਾਲੇ ਦਲਾਲਾਂ ਆਦਿ ਦੇ ਖ਼ਿਲਾਫ਼ ਕਾਰਵਾਈ ਜ਼ਰੂਰੀ ਹੈ। ਕਾਨੂੰਨੀ ਗ਼ੈਰਕਾਨੂੰਨੀ ਦੀ ਬਹਿਸ ਦੇ ਵਿਚਕਾਰ ਇਹ ਸਵਾਲ ਉਠਾਇਆ ਜਾਣਾ ਚਾਹੀਦਾ ਹੈ ਕਿ ਵੇਸ਼ਵਬਿਰਤੀ ਦਾ ਖ਼ਾਤਮਾ ਕਿਵੇਂ ਹੋਵੇਗਾ ਤੇ ਕਿਉਂ ਉਸ ਦਾ ਖਾਤਮਾ ਸਰਮਾਏਦਾਰੀ ਸਮਾਜ ਵਿੱਚ ਸੰਭਵ ਨਹੀਂ ਹੈ ਕਿਉਂਕਿ ਇਸ ਸਮਾਜਿਕ ਚਾਹੇ ਕਨੂੰਨੀ ਸਥਿਤੀ ਕੁਝ ਵੀ ਹੋਵੇ ਔਰਤਾਂ ਵੇਸਵਾਬਿਰਤੀ ਦੀ ਦਲਦਲ ਵਿੱਚ ਧੱਕਿਆ ਜਾਂਦੀਆਂ ਰਹਿਣਗੀਆਂ। ਉਨ੍ਹਾਂ ਦੀ ਲੁੱਟ ਖਸੁੱਟ ਤੇ ਜਬਰ ਲਗਾਤਾਰ ਬਣਿਆ ਰਹੇਗਾ। ਇਨ੍ਹਾਂ ਸਾਰੀਆਂ ਕਾਰਵਾਈਆਂ ਦੇ ਨਾਲ ਔਰਤਾਂ ਮਰਦਾਂ ਨੂੰ ਇਸ ਗਲੀ ਸੜੀ ਪੂੰਜੀਵਾਦੀ ਵਿਵਸਥਾ ਦੇ ਖਿਲਾਫ ਲਾਮਬੰਦ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਪੂੰਜੀਵਾਦੀ ਸਮਾਜਕ ਵਿਵਸਥਾ ਦਾ ਅੰਤ ਕਰਕੇ ਦੀ ਸਮਾਜਵਾਦੀ ਵਿਵਸਥਾ ਕਾਇਮ ਕੀਤੀ ਜਾ ਸਕੇ ਜਿਥੇ ਵੇਸਵਾ ਬਿਰਤੀ ਦਾ ਮੁੱਢੋਂ ਅੰਤ ਹੋ ਸਕੇ।

(ਕਰਟਸੀ ਨਾਗਰਿਕ ਜੁਲਾਈ, 22)

# ਵਿਸ਼ਵ ਵਿਆਪੀ ਭੋਜਨ ਸੰਕਟ ਦੇ ਲਈ ਕੀ ਅਤੇ ਕੌਣ ਜ਼ਿੰਮੇਵਾਰ ਹੈ ?

2022 ਵਿੱਚ ਸੰਯੁਕਤ ਰਾਸ਼ਟਰ ਸੰਘ ਵੱਲੋਂ ਭੋਜਨ ਸੰਕਟ ਤੇ ਪ੍ਰਕਾਸ਼ਤ ਗਲੋਬਲ ਰਿਪੋਰਟ (ਜੀ. ਆਰ. ਐੱਫ. ਸੀ.) ਦੇ ਅਨੁਸਾਰ, 2021 ਵਿੱਚ 53 ਦੇਸ਼ਾਂ ਦੇ ਲਗਪਗ 20 ਕਰੋੜ ਲੋਕਾਂ ਨੂੰ ਖਾਣਾ ਵੀ ਨਸੀਬ ਨਹੀਂ ਹੋਇਆ। ਉਹ ਭੁੱਖੇ ਮਰਨ ਲਈ ਮਜਬੂਰ ਸਨ। ਪਿਛਲੇ ਸਾਲ ਦੀ ਤੁਲਨਾ ਵਿੱਚ, ਇਹ ਦਰਦਨਾਕ ਹਾਲਤਾਂ ਨਾਲ ਜੂਝਣ ਵਾਲੀਆਂ ਸ਼੍ਰੇਣੀਆਂ ਵਿੱਚ ਲਗਪਗ 4 ਕਰੋੜ ਲੋਕ ਹੋਰ ਸ਼ਾਮਿਲ ਹੋ ਗਏ। ਇਸ ਦਾ ਮਤਲਬ ਹੈ ਕਿ ਪਿਛਲੇ ਸਾਲ ਵਿੱਚ ਦੁਨੀਆਂ ਭਰ ਵਿੱਚ ਭੁੱਖੇ ਰਹਿਣ ਵਾਲੇ ਲੋਕਾਂ ਦੀ ਸੰਖਿਆ ਵਿੱਚ 25% ਵਾਧਾ ਹੋਇਆ।



ਸਤੰਬਰ 2021 ਵਿੱਚ ਗਲੋਬਲ ਭੋਜਨ ਕੀਮਤਾਂ, ਇਹਦੇ ਇੱਕ ਸਾਲ ਪਹਿਲਾਂ ਦੀ ਤੁਲਨਾ ਵਿੱਚ, ਲਗਪਗ 33% ਵਧ ਗਈ। ਖ਼ੁਰਾਕ ਅਤੇ ਖੇਤੀ ਸੰਗਠਨ (ਐੱਫ .ਏ. ਓ.) ਦੇ ਖ਼ੁਰਾਕ ਮੁੱਲ ਸੂਚੀ ਅਨੁਸਾਰ, ਉਸ ਸਮੇਂ ਤੋਂ ਹੁਣ ਤਕ ਦੀਆਂ ਖ਼ੁਰਾਕ ਕੀਮਤਾਂ ਵਿੱਚ 40% ਹੋਰ ਵਾਧਾ ਹੋਇਆ।

ਲਗਪਗ ਸਾਰੇ ਵਿਸ਼ਿਆਂ ਵਿੱਚ ਗਰੀਬ ਅਤੇ ਬੇਰੁਜਗਾਰ ਮਜਦੂਰਾਂ ਦਾ ਰੋਜ਼ਾਨਾ ਭੋਜਨ ਉਨ੍ਹਾਂ ਦੀ ਪਹੁੰਚ ਤੋਂ ਬਾਹਰ ਹੋ ਗਿਆ ਅਤੇ ਕਈ ਗਰੀਬ ਦੇਸ਼ਾਂ ਵਿਚ ਬਹੁਸੰਖਿਅਕ ਆਬਾਦੀ ਦੇ ਲਈ ਰੋਜ਼ਾਨਾ ਭੋਜਨ ਪ੍ਰਾਪਤ ਕਰਨਾ ਉਨ੍ਹਾਂ ਦੀ ਹੈਸੀਅਤ ਤੋਂ ਬਾਹਰ ਹੋ ਗਿਆ।

ਵੱਧਦੀ ਭੁੱਖਮਰੀ ਦੇ ਅਸਲ ਕਾਰਨ ਕੀ ਹਨ ?

ਭੋਜਨ ਸੰਕਟ ਦੇ ਲਈ ਜਿੰ਼ਮੇਵਾਰ ਦੱਸੇ ਜਾ ਰਹੇ ਕਾਰਨ–ਕੋਰੋਨਾ ਵਾਇਰਸ ਦੇ ਕਾਰਨ ਲਾਏ ਗਏ ਲਾਕਡਾਊਨ, ਗਲੋਬਲ ਵਾਰਮਿੰਗ ਅਤੇ ਯੂਕਰੇਨ ਵਿੱਚ ਚੱਲ ਰਿਹਾ ਯੁੱਧ। ਸਭ ਤੋਂ ਮਹੱਤਵਪੂਰਨ ਅਤੇ ਅੰਦਰੂਨੀ ਕਾਰਨ ਹਨ– ਵਿਸ਼ਾਲ ਇਜਾਰੇਦਾਰ ਪੂੰਜੀਵਾਦੀ ਕੰਪਨੀਆਂ ਦੀ ਖ਼ੁਰਾਕ ਸਪਲਾਈ ਦੇ ਤਰੀਕੇ ਤੇ ਪੂਰਾ ਦਬਦਬਾ ਅਤੇ ਨਿਰੰਤਰ। ਇਸ ਤੱਥ ਨੂੰ ਸੰਯੁਕਤ ਰਾਸ਼ਟਰ ਸੰਘ ਜਾਂ ਅੰਤਰਰਾਸਟਰੀ ਪੂੰਜੀਪਤੀ ਵਰਗ ਤੇ ਹੋਰ ਸੰਸਥਾਵਾਂ ਦੇ ਕਿਸੇ ਵੀ ਦਸਤਾਵੇਜ਼ ਵਿਚ ਜਾਣ ਬੁੱਝ ਕੀ ਉਜਾਗਰ ਨਹੀਂ ਕੀਤਾ ਗਿਆ।

ਕਣਕ ਦੀ ਉਦਾਹਰਣ ਸਾਡੇ ਸਾਹਮਣੇ ਹੈ। ਕਣਕ ਦੀ ਅੰਤਰਰਾਸ਼ਟਰੀ ਕੀਮਤ ਵਿੱਚ ਤੇਜੀ ਨਾਲ ਵਾਧਾ 2020 ਵੇਚੀ ਹੀ ਹੋਣਾ ਸ਼ੁਰੂ ਹੋ ਗਿਆ ਸੀ। ਯੁੱਧ ਸ਼ੁਰੂ ਹੋਣ ਤੋਂ ਪਹਿਲਾਂ ਹੀ, ਯੂਕਰੇਨ ਅਤੇ ਰੂਸ ਦੇ ਨਿਰਯਾਤ ਹੋਣ ਵਾਲੀ ਕਣਕ ਦੀ ਆਵਾਜਾਈ ਵਿੱਚ ਰੁਕਾਵਟ ਪੈਦਾ ਹੋਣ ਲੱਗੀ ਅਤੇ ਕਣਕ ਦੀਆਂ ਕੀਮਤਾਂ ਵਧਣੀਆਂ ਸ਼ੁਰੂ ਹੋ ਗਈਆਂ।

ਹਾਲਾਂਕਿ 2021 ਵਿੱਚ ਕੁਝ ਦੇਸ਼ਾਂ ਵਿੱਚ ਮੌਸਮ ਦੀ ਖਰਾਬੀ ਦੀਆਂ ਹਾਲਤਾਂ ਦੇ ਕਾਰਨ ਕਣਕ ਦੇ ਉਤਪਾਦਨ ਤੇ ਪ੍ਰਭਾਵ ਪਿਆ ਸੀ, ਪਰ ਉਸ ਸਾਲ ਸਪਲਾਈ ਦੀ ਗੰਭੀਰ ਕਮੀ ਨਹੀਂ ਹੋਈ। ਫਿਰ ਵੀ ਕਣਕ ਦੀਆਂ ਕੀਮਤਾਂ ਤੇਜ਼ੀ ਨਾਲ ਵਧਦੀਆਂ ਰਹੀਆਂ। ਇਸ ਅਜੀਬ ਪਹੇਲੀ ਦੀ ਚਾਬੀ ਦੁਨੀਆ ਦੀ ਇਜਾਰੇਦਾਰੀ ਪੂੰਜੀਵਾਦੀ ਕੰਪਨੀਆਂ ਦੀ ਮੁਨਾਫ਼ਾਖੋਰੀ ਦੀਆਂ ਗਤੀਵਿਧੀਆਂ ਕੋਲ ਹੈ, ਜੋ ਖ਼ੁਰਾਕ ਬਾਜਾਰ ਤੇ ਹਾਵੀ ਹੈ।

ਹਰ ਵਾਰ, ਜਦੋਂ ਕਿਸੇ ਵੀ ਕਾਰਨ, ਖ਼ਰਾਬ ਮੌਸਮ ਦੇ ਝਟਕੇ ਦੇ ਕਾਰਨ ਜਾਂ ਮਹਾਂਮਾਰੀ ਦੇ ਕਾਰਨ ਜਾਂ ਯੁੱਧ ਦੀ ਵਜ੍ਹਾ ਨਾਲ ਸਪਲਾਈ ਵਿਚ ਰੁਕਾਵਟ ਦੇ ਕਾਰਣ, ਖ਼ੁਰਾਕ ਫਸਲ ਦੀ ਕੀਮਤ ਵਧਦੀ ਹੈ, ਉਸ ਸਮੇਂ ਨਿੱਜੀ ਕੰਪਨੀਆਂ ਇਸ ਦਾ ਫ਼ਾਇਦਾ ਲੈ ਕੇ , ਆਪਣੇ ਮੁਨਾਫ਼ੇ ਨੂੰ ਹੋਰ ਵਧਾਉਣ ਧੀ ਜਮ੍ਹਾਂਖੋਰੀ ਕਰ ਕੇ ਉਸ ਕਮੀ ਨੂੰ ਹੋਰ ਵੀ ਵਧਾ ਦਿੰਦੀਆਂ ਹਨ।

ਪਿਛਲੇ ਤਿੰਨ ਜਾਂ ਚਾਰ ਦਹਾਕਿਆਂ ਵਿਚ, ਗਲੋਬਲ ਖ਼ੁਰਾਕ ਬਾਜ਼ਾਰ ਵਿਚ ਕੇਵਲ ਕੁਝ ਮੁੱਠੀ ਭਰ ਬਹੁ ਅਰਬ ਡਾਲਰ ਵਾਲੀਆਂ ਕੰਪਨੀਆਂ ਹਾਵੀ ਹੋ ਗਈਆਂ। 1991ਜੇ ਦਹਾਕੇ ਵਿਚ, ਸੰਯੁਕਤ ਰਾਜ ਅਮਰੀਕਾ ਵਿੱਚ ਖ਼ੁਰਾਕ ਪੂਰਤੀ ਸਹਿਤ ਪਰਚੂਨ ਵਪਾਰ ਵਿੱਚ ਇਜਾਰੇਦਾਰੀ ਦੀ ਹੱਦ,ਇਕ ਬੇਮਿਸਾਲ ਸਤਰ ਤੇ ਪਹੁੰਚ ਗਈ ਸੀ। ਮਜ਼ਦੂਰ ਵਰਗ ਦੇ ਪਰਿਵਾਰਾਂ ਵੱਲੋਂ ਰੋਜ਼ਾਨਾ ਰੂਪ ਵਿਚ ਖਰੀਦੀਆਂ ਜਾਣ ਵਾਲੀਆਂ ਲਗਪਗ ਸਾਰੀਆਂ ਕਿਰਾਨੇ ਦੀਆਂ ਵਸਤੂਆਂ ਤੇ ਬਾਜ਼ਾਰ ਤੇ, ਮੁੱਠੀ ਭਰ ਸ਼ਕਤੀਸ਼ਾਲੀ ਅਜ਼ਾਰੇਦਾਰ ਕੰਪਨੀਆਂ ਨੇ ਆਪਣਾ ਨਿਰੰਤਰ ਹਾਸਲ ਕਰ ਲਿਆ ਸੀ। ਵਾਲਮਾਰਟ ਵਰਗੀਆਂ ਪਰਚੂਨ ਵਪਾਰ ਦੀਆਂ ਵਿਸ਼ਾਲ ਕੰਪਨੀਆਂ ਨੇ ਆਪਣੀਆਂ ਮਨਮਾਨੀਆਂ ਨਾਲ, ਕਿਸੇ ਵੀ ਸਪਲਾਇਰ ਤੁੰ ਸਾਮਾਨ ਖਰੀਦਣ ਦੀਆਂ ਕੀਮਤਾਂ ਨੂੰ ਤੈਅ ਕਰਨਾ ਸ਼ੁਰੂ ਕਰ ਦਿੱਤਾ। ਸਪਲਾਇਰ ਵਪਾਰ ਵਿਚ ਇਨ੍ਹਾਂ ਵਿਸ਼ਾਲ ਕੰਪਨੀਆਂ ਦੀ ਹੈਸੀਅਤ, ਸ਼ਕਤੀ ਅਤੇ ਮੁਨਾਫ਼ੇ ਦਾ ਬੇਮਿਸਾਲ ਵਿਸਥਾਰ 1980 ਅਤੇ 1990 ਦੇ ਦਹਾਕਿਆਂ ਵਿਚ ਹੋਇਆ। ਉਨ੍ਹਾਂ ਨੇ ਵਿਸ਼ਵ ਸਟੈਗਨੈਂਟ ਤੇ ਆਪਣੀ ਤਾਕਤ ਦਾ ਵਿਸਥਾਰ ਕੀਤਾ,ਉਨ੍ਹਾਂ ਨੇ ਵੱਖ ਵੱਖ ਦੇਸ਼ਾਂ ਵਿੱਚ ਆਪਣੀ ਖ਼ੁਦ ਦੀ ਅਪੂਰਤੀ ਚੀਨ ਦੀ ਸਥਾਪਨਾ ਕੀਤੀ। ਯੂਰਪੀਅਨ ਦੇਸ਼ਾਂ ਦੀਆਂ ਵੱਡੀਆਂ ਇਜਾਰੇਦਾਰ, ਖੇਤੀ ਕਾਰੋਬਾਰ ਨਾਲ ਜੁੜੀਆਂ ਕੰਪਨੀਆਂ ਅਤੇ ਪਰਚੂਨ ਵਪਾਰ ਦੀ ਵਿਸ਼ਾਲ ਕੰਪਨੀਆਂ ਵੀ ਵਿਸ਼ਵ ਖ਼ੁਰਾਕ ਸਟਾਕ ਅਤੇ ਵਿਕਰੀ ਤੇ, ਆਪਣਾ ਨਿਰੰਤਰ ਹਾਸਲ ਕਰਨ ਲਈ ਇਜਾਰੇਦਾਰ ਕੰਪਨੀਆਂ ਦੀ ਹੋੜ ਵਿੱਚ ਸ਼ਾਮਲ ਹੋ ਗਈਆਂ।

1995 ਵਿੱਚ ਖੇਤੀ ਦੇ ਵਿਸ਼ੇ ਤੇ ਵਿਸ਼ਵ ਵਪਾਰ ਸੰਗਠਨ ਦੀ ਵਾਰਤਾ ਵਿੱਚ ਸ਼ਾਮਲ ਕੀਤਾ ਗਿਆ ਸੀ। ਇੱਕ "ਮੁਕਤ ਬਾਜ਼ਾਰ" ਨੂੰ ਹੋਰ ਵਧਾਉਣ ਦੀ ਆਡ ਵਿਚ, ਅਮਰੀਕੀ ਲੀਡਰਸ਼ਿਪ ਸਾਮਰਾਜਵਾਦੀ ਰਾਜਾਂ ਦੇ ਗੁੱਟ ਨੇ ਹੋਰ ਸਾਰੇ ਰਾਜਾਂ ਲਈ ਨਿਯਮ ਨਿਰਧਾਰਤ ਕੀਤੇ। ਉਨ੍ਹਾਂ ਨੇ ਕਿਸਾਨਾਂ ਨੂੰ ਦਿੱਤੀ ਜਾਣ ਵਾਲੀ ਸਬਸਿਡੀ ਦੀ ਰਾਸ਼ੀ ਦੀ ਇੱਕ ਸੀਮਾ ਦੀ ਘੋਸ਼ਣਾ ਕੀਤੀ (ਹਾਲਾਂਕਿ ਸੀਮਾ ਦਾ ਅਮਰੀਕਾ ਨੇ ਖ਼ੁਦ ਖੁੱਲ੍ਹੇਆਮ ਉਲੰਘਣ ਕੀਤਾ) ਖ਼ੁਰਾਕ ਪਦਾਰਥਾਂ ਤੇ ਆਜ਼ਾਦ ਚਾਰਜ ਦੀ ਦਰ ਤੇ ਵੀ ਇਕ ਸੀਲਿੰਗ ਲਾਈ ਗਈ। ਇੱਥੇ ਤੱਕ ਕਿ ਵਿਸ਼ਵ ਵਪਾਰ ਸੰਗਠਨ ਦੇ ਮੈਂਬਰ ਰਾਜ ਦੀ ਸਰਕਾਰ ਵੱਲੋਂ ਰੱਖੇ ਜਾ ਰਹੇ ਖ਼ੁਰਾਕ ਭੰਡਾਰ ਦੀ ਮਾਤਰਾ ਤੇ ਵੀ ਰੋਕਥਾਮ ਲਾਈ ਗਈ।

ਵਿਸਵ ਦੇ ਬਹੁਗਿਣਤੀ ਦੇਸ਼ਾਂ ਦੇ ਲੋਕਾਂ ਨੇ ਭਾਰੀ ਵਿਰੋਧ ਦੇ ਬਾਵਜੂਦ, ਵਿਸ਼ਵ ਵਪਾਰ ਸੰਗਠਨ ਅਤੇ ਦੁਨੀਆਂ ਭਰ ਦੀਆਂ ਬਹੁਗਿਣਤੀ ਸਰਕਾਰਾਂ ਨੇ ਖੇਤੀ ਵਪਾਰ ਉਦਾਰੀਕਰਨ ਦੇ ਏਜੰਡੇ ਨੂੰ ਲਾਗੂ ਕੀਤਾ। ਇਸ ਦੇ ਚੱਲਦੇ, ਵਿਸਵ ਇਜਾਰੇਦਾਰ ਪੂੰਜੀਵਾਦੀ ਕਾਰਪੋਰੇਸ਼ਨਾਂ ਦੇ ਵਿਸਥਾਰ ਦਾ ਮਾਰਗ ਖੁੱਲ੍ਹ ਗਿਆ, ਨਾ ਕੇਵਲ ਬੀਜ, ਕੀਟਨਾਸ਼ਕਾਂ ਅਤੇ ਖੇਤੀ ਦੇ ਨਾਲ ਜੁੜੀਆਂ ਹੋਰ ਲਾਗਤ ਦੀਆਂ ਵਸਤੂਆਂ ਦੀ ਪੂਰਤੀ ਵਿੱਚ, ਬਲਕਿ ਵਿਸ਼ਵ ਪੱਧਰ ਤੇ ਖ਼ੁਰਾਕ ਅਤੇ ਪੈਕਡ ਖ਼ੁਰਾਕ ਉਤਪਾਦਾਂ ਦੀ ਖਰੀਦ, ਭੰਡਾਰ ਅਤੇ ਵਿਕਰੀ ਦੇ ਵਿਚ ਇਨ੍ਹਾਂ ਇਜਾਰੇਦਾਰ ਪੂੰਜੀਵਾਦੀ ਕੰਪਨੀਆਂ ਦਾ ਦਬਦਬਾ ਕਾਇਮ ਕੀਤਾ ਗਿਆ।

ਖੇਤੀ ਵਪਾਰ ਦੇ ਉਦਾਰੀਕਰਨ ਨੇ ਸੱਤਾ ਮੁਨਾਫੇਖੋਰੀਆਂ ਜਾਂ ਖੇਤੀ ਵਪਾਰ ਵਿੱਚ ਜ਼ਿਆਦਾ ਤੋਂ ਜ਼ਿਆਦਾ ਮੁਨਾਫੇ ਬਣਾਉਣ ਦੇ ਲਈ ਸੱਟਾ ਬਾਜ਼ਾਰੀ ਕਰਨ ਦੀਆਂ ਸੰਭਾਵਨਾਵਾਂ ਦਾ ਵੀ ਵਿਸਥਾਰ ਕੀਤਾ। ਅੰਤਰਰਾਸਟਰੀ ਉਪਯੋਗੀ ਵਸਤੂਆਂ ਨੂੰ ਬਾਜ਼ਾਰਾਂ, ਹਾਜ਼ਿਰ ਬਾਜ਼ਾਰ (ਸਪਾਟ ਮਾਰਕੀਟ) ਅਤੇ ਵਾਅਦਾ ਬਾਜਾਰਾਂ ਦੋਨਾਂ ਵਿੱਚ, ਅਨਾਜ, ਤੇਲ ਅਤੇ ਚੀਨੀ ਦੀ ਸੱਟਾ ਬਾਜ਼ਾਰੀ, ਸੱਟਾਂ ਮੁਨਾਫਾ ਕਮਾਉਣ ਦੇ ਲਈ ਕੀਤਾ ਜਾਂਦਾ ਹੈ। ਇਸ ਤਰ੍ਹਾਂ ਦੇ ਸੱਟਾਂ ਮੁਨਾਫਾ ਕਮਾਉਣ ਦੇ ਲਈ ਇਨ੍ਹਾਂ ਅਜ਼ਾਰੇਦਾਰ ਕੰਪਨੀਆਂ ਨੂੰ ਸਾਰੀਆਂ ਸਹੂਲਤਾਂ ਮੁਹੱਈਆ ਕਰਾਉਣ ਇਹ ਹੀ ਵਜ੍ਹਾ ਨਾਲ, ਖਾਧ ਪਦਾਰਥਾਂ ਦੀਆਂ ਕੀਮਤਾਂ ਦੇ ਉਤਰਾਅ ਚੜ੍ਹਾਅ ਤੇ ਹੋਰ ਵੀ ਵੱਧ ਰਿਹਾ ਹੈ।

ਜਿੱਥੇ ਕਰੋੜਾਂ ਲੋਕ ਭੁੱਖ ਨਾਲ ਮਰ ਰਹੇ ਹਨ, ਉੱਥੇ ਵੱਡੇ ਇਜਾਰੇਦਾਰਾਂ ਪੂੰਜੀਵਾਦੀ ਕੰਪਨੀਆਂ ਅਤੇ ਵਿੱਤੀ ਸੱਟੇਬਾਜ਼ੀਆਂ ਦੀਆਂ ਸੰਸਥਾਵਾਂ ਭਾਰੀ ਮੁਨਾਫ਼ਾ ਕਮਾ ਰਹੀਆਂ ਹਨ। ਯੂਕਰੇਨ ਵਿੱਚ ਯੁੱਧ ਦੇ ਬਹਾਨੇ, ਖਾਧ, ਬੀਜ ਅਤੇ ਰਸਾਇਣਾਂ ਦੀਆਂ ਕੀਮਤਾਂ ਦੇ ਵਾਧੇ ਨੂੰ ਜਾਇਜ਼ ਠਹਿਰਾਇਆ ਗਿਆ।

ਅੰਤਰਰਾਸਟਰੀ ਤੇਲ ਕੰਪਨੀਆਂ ਨੇ, ਰੂਸੀ ਤੇਲ ਤੇ ਅਮਰੀਕੀ ਅਤੇ ਨਾਟੋ ਪ੍ਰਤੀਬੰਧਾਂ ਦਾ ਇਸਤੇਮਾਲ ਕਰਕੇ, ਤੇਲ ਕੀਮਤਾਂ ਦੀ ਕੀਮਤਾਂ ਤੇ ਭਾਰੀ ਵਾਧੇ ਨੂੰ ਸਹੀ ਠਹਿਰਾਇਆ ਹੈ, ਭਲਾਂਕਿ ਰੂਸੀ ਤੇਲ ਦਾ ਨਿਰਯਾਤ ਜਾਰੀ।

**ਹਿੰਦੋਸਤਾਨ ਵਿਚ ਭੁੱਖਮਰੀ :**

ਹਿੰਦੁਸਤਾਨ ਉਨ੍ਹਾਂ ਦੇਸ਼ਾਂ ਵਿੱਚੋਂ ਇੱਕ ਹੈ ਜਿੱਥੇ ਸਭ ਨਾਲੋਂ ਜ਼ਿਆਦਾ ਭੁੱਖੇ ਅਤੇ ਕੁਪੋਸ਼ਿਤ ਲੋਕ ਰਹਿੰਦੇ ਹਨ।

ਜ਼ਿਆਦਾਤਰ ਹਿੰਦੁਸਤਾਨੀ ਮਨੁੱਖਾਂ ਦੁਆਰਾ ਪ੍ਰਾਪਤ ਕੀਤੀ ਭੋਜਨ ਨੂੰ ਇਕੱਠਾ ਕਰਨ ਦਾ ਖਰਚਾ ਨਹੀਂ ਚੱਕ ਸਕਦੇ। ਹਰ ਸਾਲ ਲੱਖਾਂ ਲੋਕ ਸਿੱਧੇ ਤੌਰ ਤੇ ਖਰਾਬ ਭੋਜਨ ਨਾਲ ਜੁੜੀਆਂ ਬੀਮਾਰੀਆਂ ਕਾਰਨ ਮਰ ਜਾਂਦੇ ਹਨ। ਸਟੇਟ ਆਫ ਇੰਡੀਅਨ ਇਨਵਾਇਰਮੈਂਟ 2022: ਇਨ੍ਹਾਂ ਫਿੱਗਰਜ (ਸੈਂਟਰ ਫਾਰ ਸਾਇੰਸ ਐਂਡ ਇਨਵਾਇਰਮੈਂਟ ਵੱਲੋਂ ਪ੍ਰਕਾਸ਼ਿਤ ਇਕ ਸੰਖਿਆ ਸੰਗ੍ਰਹਿ) ਦੀ ਰਿਪੋਰਟ ਦੇ ਅਨੁਸਾਰ, 71% ਹਿੰਦੁਸਤਾਨੀ ਇਕ ਤੰਦਰੁਸਤ ਇਨਸਾਨ ਦੇ ਲਾਇਕ ਪ੍ਰਾਪਤ ਭੋਜਨ ਤੇ ਹੋਣ ਵਾਲਾ ਖਰਚਾ ਨਹੀਂ ਚੁੱਕ ਸਕਦੇ। ਪੂਰੇ ਵਿਸ਼ਵ ਵਿਚ ਭੁੱਖਮਰੀ ਦੀ ਜਨਸੰਖਿਆ ਤੋਂ 42% ਦੇ ਅੰਕੜੇ ਤੋਂ ਬਹੁਤ ਜ਼ਿਆਦਾ ਹੈ।

ਰੋਜ਼ਾਨਾ ਦਾ ਭੋਜਨ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੋਣ ਦੀ ਹਕੀਕਤ ਦੇ ਲਈ, ਹਾਲ ਹੀ ਦੇ ਸਾਲਾਂ ਵਿਚ ਬੇਮਿਸਾਲ ਖ਼ੁਰਾਕ ਮੁੱਲ ਮਹਿੰਗਾਈ ਨੂੰ ਮੁੱਖ ਰੂਪ ਵਿੱਚ ਜ਼ਿੰਮੇਵਾਰ ਠਹਿਰਾਇਆ ਜਾ ਸਕਦਾ ਹੈ। ਪਿਛਲੇ ਇਕ ਸਾਲ ਵਿਚ ਅਨਾਜ ਖਾਦ ਤੇਲ ਸਬਜ਼ੀਆਂ ਮਾਸ ਅਤੇ ਅੰਡੇ ਦੀਆਂ ਕੀਮਤਾਂ ਅੰਬਰਾਂ ਨੂੰ ਛੂਹ ਗਈਆਂ। ਪੇਂਡੂ ਅਤੇ ਸ਼ਹਿਰੀ ਦੋਨਾਂ ਖੇਤਰਾਂ ਵਿੱਚ ਵੱਧ ਤੋਂ ਵੱਧ ਲੋਕ ਲੋੜਵੰਦ ਪੌਸ਼ਟਿਕ ਭੋਜਨ ਹਾਸਲ ਕਰਨ ਤੋਂ ਅਸਮਰੱਥ ਹਨ।

ਪਿਛਲੇ ਤਿੰਨ ਦਹਾਕਿਆਂ ਵਿੱਚ, ਸਰਕਾਰਾਂ ਨੇ ਲਗਾਤਾਰ, ਅੰਦਰੂਨੀ ਅਤੇ ਵਿਦੇਸ਼ੀ ਵਪਾਰ ਦੇ ਉਦਾਰੀਕਰਨ ਦੇ ਕਾਰਜ ਨੂੰ ਲਾਗੂ ਕੀਤਾ। ਇਹ ਹਿੰਦੋਸਤਾਨੀ ਅਤੇ ਵਿਦੇਸ਼ੀ ਜ਼ਰਦਾਰ ਪੂੰਜੀਪਤੀਆਂ ਦਾ ਏਜੰਡਾ ਹੈ, ਜੋ ਹਿੰਦੋਸਤਾਨੀ ਖੇਤੀ ਅਤੇ ਖ਼ੁਰਾਕ ਭੰਡਾਰ ਵਿੱਚ ਆਪਣੀਆਂ ਅਤੇ ਹੋਰ ਪੈਂਠ ਅਤੇ ਨਿਰੰਤਰ ਹਾਸਿਲ ਕਰਨ ਦੇ ਲਈ ਬੇਹੱਦ ਉਤਸੁਕ ਹੈ।

1960 ਅਤੇ 1970 ਦੇ ਦਹਾਕਿਆਂ ਵਿਚ ਮਹਿੰਗਾਈ ਜਨਤਕ ਵੰਡ ਪ੍ਰਣਾਲੀ (ਪੀ. ਡੀ. ਐੱਸ.), ਘੱਟੋ ਘੱਟ ਉਨ੍ਹਾਂ ਲੋਕਾਂ ਦੇ ਲਈ ਜੋ ਭੁੱਖ ਤੋਂ ਪੀੜਤ ਹਨ, ਬਹੁਤੇ ਭੋਜਨ ਦੀ ਲੋੜ ਨੂੰ ਪੂਰਾ ਕਰਦੀ ਸੀ। ਉਦਾਰੀਕਰਨ ਦੇ ਏਜੰਡੇ ਲਾਗੂ ਹੋਣ ਤੋਂ ਬਾਅਦ, ਪੀ. ਡੀ. ਐੱਸ ਨੂੰ ਜਾਣ ਬੁੱਝ ਕੇ ਬਰਬਾਦ ਕਰ ਦਿੱਤਾ ਗਿਆ। ਗਰੀਬ ਲੋਕਾਂ ਨੂੰ ਆਪਣੇ ਹਾਲ ਤੇ ਛੱਡ ਦਿੱਤਾ ਗਿਆ, ਉਨ੍ਹਾਂ ਵਿੱਚੋਂ ਬਹੁਤਿਆਂ ਨੂੰ ਭੁੱਖਮਰੀ ਅਤੇ ਘੱਟ ਉਮਰ ਵਿੱਚ ਮੌਤ ਦੇ ਮੂੰਹ ਵਿੱਚ ਧੱਕਿਆ ਜਾ ਰਿਹਾ ਹੈ।

**ਸਿੱਟੇ** : ਏਸ 21ਵੀਂ ਸਦੀ ਵਿੱਚ ਵਿਸ਼ਵ ਦੇ ਖ਼ੁਰਾਕ ਸੰਕਟ ਨੂੰ ਰੋਕਣ ਵਿਚ ਮਨੁੱਖ ਸਮਾਜ ਦੇ ਅਸਮਰਥ ਹੋਣ ਦਾ ਮੁੱਖ ਕਾਰਨ ਇਹ ਹੈ ਕਿ ਇਜਾਰੇਦਾਰ ਪੂੰਜੀਪਤੀ, ਜੋ ਭੋਜਨ ਨੂੰ ਆਪਣੇ ਲੋੜ ਮੁਨਾਫੇ ਬਣਾਉਣ ਦੇ ਸਰੋਤ ਮੰਨਦੇ ਹਨ , ਉਨ੍ਹਾਂ ਨੇ ਇਸ ਦੇ ਭੰਡਾਰ ਅਤੇ ਵੰਡ ਤੇ ਆਪਣਾ ਨਿਰੰਤਰ ਹਾਸਿਲ ਕਰ ਲਿਆ ਹੈ। ਇਜਾਰੇਦਾਰ ਪੂੰਜੀਪਤੀ, ਮਜ਼ਦੂਰਾਂ ਦਾ ਹੱਦੋਂ ਵੱਧ ਸ਼ੋਸ਼ਣ, ਕਿਸਾਨਾਂ ਅਤੇ ਹੋਰ ਛੋਟੇ ਉਤਪਾਦਕਾਂ ਦੀ ਲੁੱਟ, ਕੁਦਰਤੀ ਸਾਧਨਾਂ ਦੀ ਲੁੱਟ ਅਤੇ ਖਪਤਕਾਰ, ਨਿੱਜੀ ਬੀਮਾ ਅਤੇ ਹੋਰ ਸਾਧਨਾਂ ਸਾਰੇ ਮਿਹਨਤਕਸ਼ ਲੋਕਾਂ ਦੀ ਜਬਰੀ ਵਸੂਲੀ ਦੇ ਜ਼ਰੀਏ, ਭਾਰੀ ਮੁਨਾਫ਼ਾ ਕਮਾਉਂਦੇ ਹਨ ਉਹ ਖ਼ੁਰਾਕ ਪਦਾਰਥਾਂ ਹਰ ਮੌਕੇ ਕਮੀ ਦਾ ਫਾਇਦਾ ਉਠਾਉਂਦੇ ਹਨ ਸਾਂਗੇ ਇਸ ਕਮੀ ਨੂੰ ਇੱਕ ਵਿਸਵ ਸੰਕਟ ਵਿੱਚ ਬਦਲ ਦਿੱਤਾ ਜਾ ਸਕੇ ਅਤੇ ਉਨ੍ਹਾਂ ਮੁਨਾਫੇ ਵਿੱਚ ਵੱਧ ਤੋਂ ਵੱਧ ਵਾਧਾ ਹੋ ਸਕੇ।

ਪੂੰਜੀਵਾਦੀ – ਸਾਮਰਾਜਵਾਦੀ ਵਿਵਸਥਾ ਨੂੰ ਖਤਮ ਕਰਕੇ ਹੀ, ਭੁੱਖ ਅਤੇ ਭੁੱਖਮਰੀ ਨੂੰ ਖਤਮ ਕੀਤਾ ਜਾ ਸਕਦਾ ਹੈ। ਸਾਡੇ ਦੇਸ਼ ਵਿਚ ਹਿੰਦੁਸਤਾਨੀ ਅਤੇ ਵਿਦੇਸ਼ੀ ਇਜਾਰੇਦਾਰ ਪੂੰਜੀਪਤੀਆਂ ਦੀ ਉੱਤਮਤਾ ਅਤੇ ਨਿਰੰਤਰ ਦੀ ਜਗ੍ਹਾ, ਖ਼ੁਰਾਕ ਪਦਾਰਥਾਂ ਦੀ ਖਰੀਦ, ਭੰਡਾਰ ਅਤੇ ਵੰਡ ਤੇ ਦੇਸ਼ ਦੇ ਮਜ਼ਦੂਰਾਂ ਅਤੇ ਕਿਸਾਨਾਂ ਦਾ ਨਿਰੰਤਰ ਹੋਣਾ ਚਾਹੀਦਾ ਹੈ। ਅਸੀਂ ਜੋ ਮਿਹਨਤ ਕਰਦੇ ਹਾਂ ਅਤੇ ਸਮਾਜ ਦੀ ਸਾਰੀ ਦੌਲਤ ਪੈਦਾ ਕਰਦੇ ਹਾਂ,ਸਾਨੂੰ ਹਿੰਦੁਸਤਾਨ ਦੇ ਭਵਿੱਖ ਨੂੰ ਆਪਣੇ ਹੱਥਾਂ ਵਿੱਚ ਲੈਣ ਦੀ ਸਖ਼ਤ ਜ਼ਰੂਰਤ ਹੈ। ਸਾਨੂੰ ਸਾਡੇ ਦੇਸ਼ ਨੂੰ ਅੰਤਰਰਾਸ਼ਟਰੀ ਸਾਮਰਾਜਵਾਦੀ ਵਿਵਸਥਾ ਤੋਂ ਬਾਹਰ ਕੱਢਣ ਦੀ ਲੋੜ ਹੈ ਅਤੇ ਸਹੀ ਮਾਅਨਿਆਂ ਵਿੱਚ ਆਤਮ ਨਿਰਭਰ, ਸਾਮਰਾਜਵਾਦੀ ਅਰਥਵਿਵਸਥਾ ਦੇ ਨਿਰਮਾਣ ਦੀ ਰਾਹ ਤੇ ਲੈ ਕੇ ਜਾਣ ਦੀ ਸਖਤ ਜਰੂਰਤ ਹੈ। ਤਾਂ ਹੀ ਅਸੀਂ ਭੁੱਖ ਅਤੇ ਕੁਪੋਸ਼ਣ ਦੇ ਸਥਾਈ ਰੂਪ ਤੋਂ ਮੁਕਤ ਹੋ ਸਕਦੇ ਹਾਂ।

**ਪੰਜਾਬੀ ਰੂਪ : ਪਾਸ਼**
**ਤਹਿਰੀਕ ਅਦਾਰਾ ਪੰਜਾਬ**
**6280797236**

## ਸੱਚ ਤੇ ਅਧਾਰਤ ਕਹਾਣੀ

# ਪ੍ਰਦੇਸੀ ਪੁੱਤ



**-ਅਵਤਾਰ ਤਰਕਸੀਲ ਨਿਊਜ਼ੀਲੈਂਡ**
**ਜੱਦੀ ਪਿੰਡ ਖੁਰਦਪੁਰ (ਜਲੰਧਰ)**
**021392147**

ਜਦੋਂ ਛੋਟਾ ਪੁੱਤ ਅਜੇ ਕੋਲ ਹੀ ਸੀ ਤਾਂ ਮਾਂ ਨੂੰ ਹਮੇਸਾਂ ਫਿਕਰ ਰਹਿੰਦਾ ਕਿ ਮੇਰੇ ਪੁੱਤ ਨੂੰ ਘੱਟ ਪੜ੍ਹਿਆ ਹੋਣ ਕਰਕੇ ਇਥੇ ਪੰਜਾਬ ਵਿੱਚ ਕੋਈ ਨੌਕਰੀ ਨਹੀਂ ਮਿਲਣੀ ਮਾਂ ਜਾਣਦੀ ਸੀ ਕਿ ਪੁੱਤ ਬਹੁਤ ਪੜ੍ਹਿਆ ਹੋਇਆ ਵੀ ਨਹੀਂ ਅਤੇ ਨੌਕਰੀ ਲਈ ਰਿਸਵਤ ਦੇਣ ਦੀ ਹਿੰਮਤ ਵੀ ਨਹੀਂ ਸੀ ਚੰਗਾ ਹੋਵੇ ਜੇ ਪੁੱਤ ਵਿਦੇਸ ਚਲਾ ਜਾਵੇ ਮਾਂ ਮਨ ਹੀ ਮਨ ਸੋਚਦੀ। ਮਾਂ ਜਾਣਦੀ ਸੀ ਕਿ ਸਾਡੀ ਬਹੁਤੀ ਜਮੀਨ ਵੀ ਨਹੀਂ ਕਿ ਪੁੱਤ ਖੇਤੀ ਕਰ ਸਕੇ ਬੜੀ ਮੁਸ਼ਕਲ ਨਾਲ ਜਮੀਨ ਵਿੱਚੋਂ ਖਾਣ ਜੋਗੇ ਦਾਣੇ ਹੀ ਤਾਂ ਆਉਂਦੇ ਸਨ। ਮਾਂ ਜਦੋਂ ਵੀ ਧਾਰਮਿਕ ਅਸਥਾਨ ਤੇ ਜਾਂਦੀ ਤਾਂ ਕਿੰਨਾ ਚਿਰ ਅੱਖਾਂ ਮੀਟ ਕੇ ਅਰਦਾਸ ਕਰਦੀ ਰਹਿੰਦੀ ਕਿ ਬਾਬਾ ਜੀ ਮੇਰਾ ਛੋਟਾ ਪੁੱਤ ਵਿਦੇਸ ਨੂੰ ਚਲਾ ਜਾਵੇ। ਅਨਪੜ੍ਹ ਮਾਂ ਕੋਲ ਰੱਬ ਅੱਗੇ ਮੱਥਾ ਰਗੜਨ ਤੋਂ ਇਲਾਵਾ ਕੋਈ ਹੋਰ ਚਾਰਾ ਵੀ ਤਾਂ ਨਹੀਂ ਸੀ।

ਮਾਂ ਬਾਪ ਦਾ ਛੋਟਾ ਪੁੱਤ ਵੀ ਜਦੋਂ ਕਨੇਡਾ ਤੁਰ ਗਿਆ ਤਾਂ ਮਾਂ ਨੂੰ ਲੱਗਾ ਕਿ ਰੱਬ ਨੇ ਉਸ ਦੀਆਂ ਅਰਦਾਸਾਂ ਸੁਣ ਲਈਆਂ ਹਨ ਅਤੇ ਇਸੇ ਕਰਕੇ ਇਹ ਖੁਸੀ ਦਾ ਦਿਨ ਆਇਆ ਹੈ। ਖੁਸ਼ੀ ਮਾਰੇ ਮਾਂ ਦੇ ਪੈਰ ਧਰਤੀ ਤੇ ਨਹੀਂ ਲੱਗ ਰਹੇ ਸਨ। ਆਂਢੀ ਗੁਆਂਢੀ ਵਧਾਈਆਂ ਦੇ ਰਹੇ ਸਨ।

ਪੁੱਤ ਕੈਨੇਡਾ ਤਾਂ ਪਹੁੰਚ ਗਿਆ ਸੀ ਪਰ ਹੁਣ ਕੰਮ ਦੀ ਚਿੰਤਾ ਸੀ। ਪੁੱਤ ਕੱਚਾ ਸੀ ਹੁਣ ਮਾਂ ਨੇ ਅਰਦਾਸ ਬਦਲੀ ਅਤੇ ਪੁੱਤ ਵਾਸਤੇ ਰੱਬ ਅੱਗੇ ਕੰਮ ਮਿਲਣ ਦੀ ਅਰਦਾਸ ਕਰਨ ਲੱਗੀ ਦੋ ਕੁ ਹਫਤਿਆਂ ਬਾਦ ਕੰਮ ਮਿਲ ਗਿਆ ਅਤੇ ਪੁੱਤ ਨੂੰ ਪੱਕੇ ਹੁੰਦਿਆਂ ਪੰਜ ਸਾਲ ਲੱਗ ਗਏ।

ਪੱਕੇ ਹੁੰਦਿਆਂ ਸਾਰ ਪੁੱਤ ਨੇ ਆਪਣੀ ਪਤਨੀ ਤੇ ਬੱਚੇ ਵੀ ਕੈਨੇਡਾ ਬੁਲਾ ਲਏ ਜੋ ਅਜੇ ਮਾਂ ਬਾਪ ਕੋਲ ਹੀ ਰਹਿੰਦੇ ਸਨ। ਮਾਂ ਬਾਪ ਨੂੰ ਕੁੱਝ ਮਹੀਨੇ ਤਾਂ ਸਾਰੇ ਪਰਿਵਾਰ ਦੇ ਵਿਦੇਸ਼ ਜਾਣ ਦਾ ਚਾਅ ਰਿਹਾ ਪਰ ਖਾਲੀ ਘਰ ਉਨ੍ਹਾਂ ਨੂੰ ਖਾਣ ਨੂੰ ਆਉਂਦਾ ਸੀ ਦੋਨੋਂ ਜੀਅ ਗੱਲ ਵੀ ਕਿਸ ਨਾਲ ਕਰਨ ? ਜਦੋਂ ਨੂੰਹ ਅਤੇ ਪੋਤੇ ਪੋਤੀਆਂ ਕੋਲ ਸਨ ਤਾਂ ਗੁਆਂਢੀ ਨਿਆਣੇ ਖੇਡਣ ਆ ਜਾਂਦੇ ਸਨ ਅਤੇ ਗੁਆਂਢੀਆਂ ਦੀਆਂ ਕੁੜੀਆਂ ਅਤੇ ਨੂੰਹਾਂ ਵੀ ਰੌਣਕ ਲਾਈ ਰੱਖਦੀਆਂ ਸਨ। ਪਤਾ ਹੀ ਨਹੀਂ ਲਗਦਾ ਸੀ ਕਿ ਦਿਨ ਕਿਹੜੇ ਵੇਲੇ ਲੰਘ ਜਾਂਦਾ ਸੀ ? ਹਾਣ ਨੂੰ ਹਾਣ ਪਿਆਰਾ ਹੁੰਦਾ ਹੈ। ਹੁਣ ਤਾਂ ਗੁਆਂਢੀ ਨਿਆਣੇ, ਕੁੜੀਆਂ ਅਤੇ ਨੂੰਹਾਂ ਵੀ ਘੱਟ ਹੀ ਆਉਂਦੀਆਂ ਸਨ ਦੋਨਾਂ ਨੂੰ ਦਿਨ ਪਹਾੜ ਵਰਗੇ ਵੱਡੇ ਲੱਗਣ ਲੱਗ ਪਏ ਸਨ। ਕਦੇ ਕਦੇ ਦੋਨੋਂ ਜਣੇ ਆਪਸ ਵਿੱਚ ਹੀ ਗੱਲ ਕਰ ਲੈਂਦੇ ਕਿ ਨਿਆਣਿਆਂ ਨੂੰ ਬਾਹਰ ਭੇਜ ਕੇ ਅਸੀਂ ਕੀ ਖੱਟਿਆ ? ਗੱਲਬਾਤ ਕਰਨ ਨਾਲ ਪੁਲਾਂ ਥੱਲਿਓਂ ਲੰਘਿਆ ਪਾਣੀ ਵਾਪਸ ਨਹੀਂ ਹੋ ਸਕਦਾ ਸੀ। ਆਖਰ ਇੱਕ ਦੂਜੇ ਨੂੰ ਆਪ ਹੀ ਹੌਂਸਲਾ ਦੇ ਲੈਂਦੇ। ਪਤਾ ਹੀ ਨਾ ਲੱਗਾ 15 ਸਾਲ ਬੀਤ ਗਏ। ਪੁੱਤ ਇੱਕ ਵਾਰ ਹੀ ਦੋ ਹਫਤੇ ਵਾਸਤੇ ਪਿੰਡ ਮਿਲਣ ਆਇਆ। ਮਾਂ ਬਾਪ ਨੂੰ ਖਰਚਾ ਵੀ ਘੱਟ ਹੀ ਭੇਜਦਾ ਹਰ ਵਾਰ ਮਾਂ ਬਾਪ ਨੂੰ ਕਹਿ ਛੱਡਦਾ ਕਿ ਘਰ ਦੀਆਂ ਕਿਸਤਾਂ, ਬਿਜਲੀ, ਪਾਣੀ, ਕਾਰ ਦਾ ਖਰਚਾ ਅਤੇ ਟੈਕਸ ਹੀ ਪਿੱਛਾ ਨਹੀਂ ਛੱਡਦਾ ਪੁੱਤ ਦੇ ਖਰਚੇ ਸੁਣ ਮਾਂ ਬਾਪ ਦੀ ਹਿੰਮਤ ਹੀ ਨਾ ਪੈਂਦੀ ਕਿ ਪੁੱਤ ਤੋਂ ਆਪਣੇ ਖਰਚੇ ਲਈ ਕੁੱਝ ਮੰਗ ਸਕਣ ਪੁੱਤ ਨੂੰ ਵੀ ਆਪਣੀ ਕਾਰ ਦੇ ਖਰਚੇ ਚੇਤੇ ਰਹਿੰਦੇ ਸਨ ਪਰ ਮਾਂ ਬਾਪ ਦੇ ਰਿਕਸ਼ੇ ਦੇ ਖਰਚੇ ਦਾ ਉਸ ਨੂੰ ਕਦੇ ਚੇਤਾ ਹੀ ਨਹੀਂ ਆਇਆ ਸੀ ਮਾਂ ਹਰ ਵੇਲੇ ਰਿਕਸੇ ਵਾਲੇ ਨਾਲ ਪੰਜ ਰੁਪਏ ਘੱਟ ਕਰਨ ਲਈ ਤਰਲੇ ਕਰਦੀ ਰਹਿੰਦੀ। ਮਾਂ ਰਾਤਾਂ ਨੂੰ ਲੰਮੀ ਪਈ ਵੀ ਸੋਚਦੀ ਰਹਿੰਦੀ ਕਿ ਮੈਂ ਪੁੱਤ ਵਾਸਤੇ ਕਿਹੋ ਜਿਹੀ ਅਰਦਾਸ ਕੀਤੀ ਕਿ ਪੁੱਤ ਆਪਣਾ ਘਰ ਛੱਡ ਕਨੇਡਾ ਵਾਲੇ ਘਰ ਦੀਆਂ ਕਿਸਤਾਂ ਲਾਹੁਣ ਚਲਾ ਗਿਆ ? ਪਿੰਡ ਵਾਲੇ ਘਰ ਦੀਆਂ ਤਾਂ ਕਿਸਤਾਂ ਦੇਣ ਦੀ ਲੋੜ ਵੀ ਨਹੀਂ ਸੀ ਅਤੇ ਖਾਣ ਜੋਗੇ ਦਾਣੇ ਵੀ ਆ ਜਾਂਦੇ ਸੀ। ਪੁੱਤ ਨੂੰ ਕਨੇਡਾ ਭੇਜ ਕੇ ਸਾਨੂੰ ਕੀ ਮਿਲਿਆ ? ਪੁੱਤ ਵੀ ਕਿਸਤਾਂ ਲਾਹੁੰਦਾ ਦੁਖੀ ਹੈ ਅਤੇ ਅਸੀਂ ਅਜੇ ਵੀ ਆਪਣੇ ਖੇਤਾਂ ਵਿੱਚੋਂ ਆਏ ਦਾਣੇ ਹੀ ਤਾਂ ਖਾਂਦੇ ਹਾਂ

ਪੁੱਤ ਤਾਂ ਕੈਨੇਡਾ ਵਿੱਚ ਲੰਬੇ ਘੰਟੇ ਕੰਮ ਕਰਦਾ ਸੀ ਮਾਂ ਦਾ ਕਦੇ ਦਿਲ ਕਰਦਾ ਕਿ ਉਹ ਪੋਤੇ ਪੋਤੀਆਂ ਨਾਲ ਹੀ ਗੱਲ ਕਰ ਲਵੇ ਸਿਆਣੇ ਨੂੰ ਮੂਲ ਨਾਲੋਂ ਵਿਆਜ ਪਿਆਰਾ ਹੁੰਦਾ ਹੈ। ਮਾਂ ਜਦੋਂ ਵੀ ਕਿਸੇ ਪੜ੍ਹੇ ਲਿਖੇ ਨੂੰ ਕਹਿ ਕੇ ਕਨੇਡਾ ਪੁੱਤ ਦੇ ਘਰ ਫੋਨ ਮਿਲਾਉਂਦੀ ਤਾਂ ਪੋਤੇ ਪੋਤੀਆਂ ਨੂੰ ਪੰਜਾਬੀ ਵੀ ਸਮਝ ਨਾ ਆਉਂਦੀ।

ਇੱਕ ਦੋ ਵਾਰ ਮਾਂ ਨੇ ਪੁੱਤ ਨੂੰ ਕਿਹਾ ਕਿ ਪੁੱਤ ਤੂੰ ਬੱਚਿਆਂ ਨੂੰ ਪੰਜਾਬੀ ਤਾਂ ਸਿਖਾ ਉਹ ਸਾਡੇ ਨਾਲ ਜਾਂ ਪਿੰਡ ਵਿੱਚ ਆ ਕੇ ਲੋਕਾਂ ਨਾਲ ਗੱਲ ਕਿਵੇਂ ਕਰਨਗੇ ? ਪੁੱਤ ਕਹਿੰਦਾ ਬੀਬੀ ਇਨ੍ਹਾਂ ਪੰਜਾਬ ਕਿੱਥੇ ਆਉਣਾ ਹੈ ? ਇਥੇ ਲੋਕ ਅੰਗਰੇਜੀ ਹੀ ਬੋਲਦੇ ਹਨ। ਮਾਂ ਕਹਿੰਦੀ ਪੁੱਤ ਇੰਝ ਨਾ ਆਖ ਇਹ ਤੇਰੀ ਜੰਮਣ ਭੌਂ (ਜਨਮ ਅਸਥਾਨ) ਹੈ ਪੁੱਤ ਕਹਿੰਦਾ ਬੀਬੀ 15 ਸਾਲ ਬਾਦ ਤਾਂ ਮੇਰਾ ਪੰਜਾਬ ਗੇੜਾ ਲੱਗਾ ਸੀ ਇਹ ਪੰਜਾਬ ਵਿੱਚ ਨਹੀਂ ਆ ਸਕਦੇ। ਮਾਂ ਕੁੱਝ ਨਾ ਬੋਲੀ ਪਰ ਅੰਦਰ ਹੀ ਸੋਚਦੀ ਕਿ ਕਿਵੇਂ ਉਸ ਨੇ ਪੁੱਤ ਹੀ ਨਹੀਂ ਗੁਆਇਆ ਸਗੋਂ ਸਾਰਾ ਖਾਨਦਾਨ ਹੀ ਗੁਆ ਲਿਆ ਹੈ ਮਾਂ ਨੂੰ ਇਹ ਹੋਣ ਜਾ ਰਹੀ ਖਾਨਦਾਨੀ ਤਬਾਹੀ ਬਹੁਤ ਬੁਰੀ ਲੱਗ ਰਹੀ ਸੀ। ਮਾਂ ਸੋਚਦੀ ਕਿ ਅਗਲੀ ਪੀੜ੍ਹੀ ਤਾਂ ਗੋਰਿਆਂ ਵਿੱਚ ਹੀ ਰਲ ਜਾਵੇਗੀ ਉਨ੍ਹਾਂ ਨੂੰ ਤਾਂ ਅਹਿਸਾਸ ਵੀ ਨਹੀਂ ਹੋਵੇਗਾ ਕਿ ਅਸੀਂ ਪੰਜਾਬ ਦੇ ਪੁੱਤ ਧੀਆਂ ਹਾਂ ਇਨਸਾਨ ਨੂੰ ਉਮਰ ਬੁੱਢਾ ਹੌਲੀ ਕਰਦੀ ਹੈ ਪਰ ਗਰੀਬੀ ਅਤੇ ਜਿੰਦਗੀ ਦੇ ਝੋਰੇ ਛੇਤੀਂ ਬੁੱਢਾ ਕਰ ਦਿੰਦੇ ਹਨ।

ਮਾਂ ਬਾਪ ਤੇ ਬੁਢਾਪਾ ਆਇਆ ਦੋਨੋਂ ਜਣੇ ਮੰਜੇ ਤੇ ਪੈ ਗਏ ਪਿੰਡੋਂ ਹੀ ਕੋਈ ਔਰਤ ਰੋਟੀ ਟੁੱਕ ਕਰਨ ਲਈ ਰੱਖ ਲਈ ਦੋਨਾਂ ਨੇ ਪੁੱਤ ਨੂੰ ਕਿਹਾ ਕਿ ਆ ਕੇ ਮਿਲ ਜਾਵੇ ਅਸੀਂ ਹੁਣ ਦੁਨੀਆਂ ਤੇ ਕੁੱਝ ਚਿਰ ਦੇ ਹੀ ਪ੍ਰਾਹੁਣੇ ਹਾਂ ਪਰ ਪੁੱਤ ਆਪਣੇ ਖਰਚਿਆਂ ਦੀ ਦੁਹਾਈ ਦਿੰਦਾ ਰਿਹਾ ਪੁੱਤ ਨੂੰ ਉਡੀਕਦਾ ਬਾਪ ਦੁਨੀਆਂ ਤੋਂ ਚਲਾ ਗਿਆ। ਮਾਂ ਵੀ ਹੁਣ ਕੁੱਝ ਮਹੀਨਿਆਂ ਦੀ ਮਹਿਮਾਨ ਹੀ ਲਗਦੀ ਸੀ। ਮਾਂ ਹਰ ਪਲ ਛੋਟੇ ਪੁੱਤ ਨੂੰ ਯਾਦ ਕਰਦੀ ਸ਼ਾਇਦ ਛੋਟਾ ਹੋਣ ਕਰਕੇ ਵੱਧ ਲਾਡਲਾ ਸੀ ਵੱਡੇ ਤੋਂ ਤਾਂ ਪਹਿਲਾਂ ਹੀ ਕੋਈ ਆਸ ਨਹੀਂ ਬਚੀ ਸੀ। ਵਾਰ ਵਾਰ ਕਹਿਣ ਤੇ ਵੀ ਛੋਟਾ ਪੁੱਤ ਮਾਂ ਨੂੰ ਮਿਲਣ ਨਹੀਂ ਆਇਆ ਮਾਂ ਨੂੰ ਤਾਂ ਉਹ ਉਸ ਘਰ ਵਿੱਚ ਖੇਡਦਾ ਅਤੇ ਕੁੱਛੜ ਚੁੱਕਿਆ ਅੱਜ ਵੀ ਮਹਿਸੂਸ ਹੁੰਦਾ ਸੀ ਪਰ ਸ਼ਾਇਦ ਪੁੱਤ ਨੂੰ ਇਹ ਅਹਿਸਾਸ ਨਹੀਂ ਹੋ ਰਿਹਾ ਸੀ। ਕਈ ਵਾਰ ਪਿੰਡ ਵਾਲਿਆਂ ਵੀ ਛੋਟੇ ਪੁੱਤ ਨੂੰ ਫੋਨ ਕੀਤੇ ਕਿ ਤੇਰੀ ਮਾਂ ਦੀ ਹਾਲਤ ਠੀਕ ਨਹੀਂ ਹੈ ਉਹ ਤੈਨੂੰ ਉਡੀਕਦੀ ਰਹਿੰਦੀ ਹੈ ਪਰ ਪੁੱਤ ਤੇ ਕੋਈ ਅਸਰ ਨਾ ਹੋਇਆ। ਮਾਂ ਨੇ ਰੱਬ ਅੱਗੇ ਵੀ ਅਰਦਾਸਾਂ ਕੀਤੀਆਂ ਕਿ ਰੱਬਾ ਪੁੱਤ ਦੇ ਮਨ ਸਮੱਤਿਆ ਪਾ ਤਾਂ ਕਿ ਉਹ ਮੈਨੂੰ ਮਿਲ ਜਾਵੇ ਪਰ ਉਹ ਦਿਨ ਨਾ ਆਇਆ ਮਾਂ ਨੂੰ ਲੱਗਣ ਲੱਗ ਪਿਆ ਕਿ ਇਸ ਦੁਨੀਆਂ ਵਿੱਚ ਰੱਬ ਵੀ ਨਹੀਂ ਹੈ ਅਤੇ ਸਾਰੀ ਉਮਰ ਮੈਂ ਰੱਬ ਹੋਣ ਦਾ ਇੱਕ ਭਰਮ ਹੀ ਪਾਲਿਆ ਹੈ। ਜੇ ਹੁੰਦਾ ਤਾਂ ਮੇਰੀ ਇਸ ਹਾਲਤ ਵਿੱਚ ਵੀ ਸੁਣ ਹੀ ਲੈਂਦਾ। ਆਖਰ ਮੇਰਾ ਗੁਨਾਹ ਕੀ ਹੈ ?

ਮਾਂ ਆਖਰੀ ਵੇਲੇ ਤੱਕ ਪੁੱਤ ਨੂੰ ਯਾਦ ਕਰਦੀ ਇਸ ਦੁਨੀਆਂ ਨੂੰ ਅਲਵਿਦਾ ਆਖ ਗਈ ਪਿੰਡ ਵਾਲਿਆਂ ਨੇ ਪੁੱਤ ਨੂੰ ਫੋਨ ਤੇ ਸੂਚਨਾ ਦਿੱਤੀ ਤਾਂ ਪੁੱਤ ਦੋ ਹਫਤੇ ਦੀ ਛੁੱਟੀ ਲੈ ਕੇ ਪਿੰਡ ਆਇਆ। ਹੁਣ ਉਸ ਦਾ ਇਹ ਫੇਰਾ ਤਕਰੀਬਨ 28 ਸਾਲ ਬਾਦ ਲੱਗਾ ਸੀ ਮਾਂ ਦੀ ਮੌਤ ਤੋਂ ਬਾਦ ਪੁੱਤ ਨੇ ਉਸ ਦੀਆਂ ਅੰਤਿਮ ਧਾਰਮਿਕ ਰਸਮਾਂ ਕੀਤੀਆਂ ਅਤੇ ਧਾਰਮਿਕ ਰਸਮਾਂ ਵੇਲੇ ਪਿੰਡ ਦੇ ਲੋਕਾਂ ਦੀ ਹਾਜਰੀ ਵਿੱਚ ਪਿੰਡ ਦੇ ਸਾਰੇ ਧਾਰਮਿਕ ਅਸਥਾਨਾਂ ਨੂੰ ਵੀਹ ਵੀਹ ਹਜਾਰ ਰੁਪਏ ਆਪਣੀ ਮਾਂ ਦੀ ਯਾਦ ਵਿੱਚ ਦਾਨ ਕੀਤੇ।

ਅੰਤਿਮ ਧਾਰਮਿਕ ਰਸਮਾਂ ਬਾਦ ਜਦੋਂ ਲੋਕ ਆਪਣੇ ਘਰਾਂ ਨੂੰ ਰੋਟੀ ਪਾਣੀ ਛਕ ਕੇ ਜਾ ਰਹੇ ਸੀ ਤਾਂ ਕਹਿ ਰਹੇ ਸੀ ਕਿ ਜੇਕਰ ਇਹ ਏਨਾ ਪੈਸਾ ਧਾਰਮਿਕ ਅਸਥਾਨਾਂ ਨੂੰ ਦਾਨ ਕਰਨ ਦੀ ਬਜਾਏ ਆਪਣੀ ਮਾਂ ਨੂੰ ਭੇਜ ਦਿੰਦਾ ਤਾਂ ਉਸ ਨੇ ਅਜੇ ਮਰਨਾ ਨਹੀਂ ਸੀ।

ਭਾਵੇਂ ਇਹ ਕਹਾਣੀ ਇੱਕ ਜਾਨਣ ਵਾਲੇ ਵਿਅਕਤੀ ਦੀ ਸੱਚੀ ਹੱਡਬੀਤੀ ਸੀ ਪਰ ਮੈਨੂੰ ਲਗਦਾ ਹੈ ਕਿ ਇਹ ਕਹਾਣੀ ਹੁਣ ਪੰਜਾਬ ਦੇ ਇੱਕ ਮਾਂ ਪੁੱਤ ਦੀ ਕਹਾਣੀ ਨਹੀਂ ਹੈ ਇਹ ਕਹਾਣੀ ਪੰਜਾਬ ਦੇ ਕਈ ਮਾਵਾਂ ਪੁੱਤਾਂ ਦੀ ਕਹਾਣੀ ਬਣ ਗਈ ਹੈ ਜੋ ਹਰ ਜਾਗਦੇ ਪੰਜਾਬੀ ਲਈ ਸੋਚਣ ਦਾ ਅਤੇ ਚਿੰਤਾ ਦਾ ਵਿਸਾ ਹੈ।


www.malwatires.ca
malwa
TIRES & SERVICES LTD
NOW OPEN AT
UNIT - G, 8616 44 STREET
SE CALGARY, AB
Truck and Trailer Alignments
Wheel Balance
New and used Truck and Trailer Tires
Change overs, Rotations and Flat Repairs
FOR MORE INFO, CALL
403-899-1985
403-899-1984
MOBILE
24/7 SERVICE
services@malwatires.com


HOMELIFE
HIGHER STANDARDS
HOMELIFE SILVERCITY
REALTY INC.,BROKERAGE
(Independently Owned and Operated)
#7 CANADA WIDE
BROKERAGE WITH HOMELIFE BRAND
2017 GROSS COMMISSION WISE
New Head Office
905-913-8500
50 COTTRELLE BLVD., UNIT 29, BRAMPTON
TEAM OF OVER 600 REALTORS
HOMELIFE
HIGHER STANDARDS
HOMELIFE SILVERCITY
REALTY INC.,BROKERAGE (INDEPENDENTLY OWNED & OPERATED)
NOW HIRING NEW / EXPERIENCED REAL ESTATE PROFESSIONALS
*Not intended to solicit anyone under contract
JOIN ONE OF FASTEST GROWING BROKERAGE
CALL HEAD OFFICE TODAY
905.913.8500
www.HomelifeSilvercityTeam.com
BALJIT GARCHA
BROKER OF RECORD
647.500.6500
AJIT GARCHA
BROKER / PRESIDENT
647.204.9500
Address:
11775 Bramalea Rd. Brampton
Team over 800.
SILVERCITY

# ਇੱਕ ਰੋਜ਼ਾ ਪੁਸਤਕ ਮੇਲਾ

14 ਅਗਸਤ 2022

ਐਤਵਾਰ ਨੂੰ



ਸਥਾਨ: ਗਰੀਨ ਪਲਾਜ਼ਾ (ਡਾ. ਭੁੱਲਰ)
ਸਮਾਂ: ਸਵੇਰੇ 10 ਵਜੇ ਤੋਂ ਸ਼ਾਮ 7 ਵਜੇ ਤੱਕ
(ਟੈੱਲਸ/ਕੂਡੋ ਸਟੋਰ ਦੇ ਮੂਹਰੇ ਵਰਾਂਡੇ ਵਿੱਚ)

4818 WESTWINDS DR. (NE) CALGARY AB. T3J 3Z5
(Infront of Telus/koodo Store)

ਮੇਲੇ ਦਾ ਉਦਘਾਟਨ ਉੱਭਰਦੀ ਹੋਈ ਲੇਖਿਕਾ ਅਤੇ ਪ੍ਰੋਗਰੈਸਿਵ ਕਲਾ ਮੰਚ ਕੈਲਗਰੀ ਦੀ ਕਲਾਕਾਰ ਅਮਰੀਤ ਕੌਰ ਗਿੱਲ ਵੱਲੋਂ ਕੀਤਾ ਜਾਵੇਗਾ।

ਤੁਸੀਂ ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਕੈਲਗਰੀ ਤੋਂ ਪੰਜਾਬੀ, ਹਿੰਦੀ, ਅੰਗਰੇਜ਼ੀ ਵਿੱਚ ਸਾਹਿਤਕ, ਸਮਾਜਿਕ, ਧਾਰਮਿਕ, ਰਾਜਨੀਤਕ, ਤਰਕਸ਼ੀਲ, ਸਿਹਤ ਸੰਬੰਧੀ, ਕਹਾਣੀਆਂ, ਨਾਵਲ ਆਦਿ ਲੈ ਸਕਦੇ ਹੋ। ਹੋਰ ਜਾਣਕਾਰੀ ਲਈ ਮਾਸਟਰ ਭਜਨ ਸਿੰਘ 403-455-4220 ਅਤੇ ਹਰਚਰਨ ਪਰਹਾਰ 403-681-8689 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

ਨੋਟ: ਪਾਠਕਾਂ ਦੀ ਮੰਗ 'ਤੇ ਬਹੁਤ ਸਾਰੀਆਂ ਨਵੀਂਆਂ ਅਤੇ ਸਟਾਕ ਵਿੱਚੋਂ ਖ਼ਤਮ ਪੁਰਾਣੀਆਂ ਕਿਤਾਬਾਂ ਦੀ ਸ਼ਿਪਮੈਂਟ ਸਾਡੇ ਕੋਲ ਪਹੁੰਚ ਚੁੱਕੀ ਹੈ।

## Shaheed Bhagat Singh Book Centre Calgary

**Master Bhajan Singh: 403-455-4220**
**Harcharan Parhar: 403-681-8689**

## Harcharan Parhar
REALTOR®

For all your Real Estate needs
Please Call for Buy or Sell
Residential, Commercial, Condos
& Rental Property.

Cell: 403.681.8689
Email: hp8689@gmail.com
www.harcharanparhar.com

2020 National Brokerage of The Year
ROYAL LEPAGE
Benchmark



## Punjab Insurance Inc.
# Super Visa Insurance

Your Expert Advisor for SUPER VISA INSURANCE

- Life Insurance • Mortgage Insurance • Critical Illness Insurance • Disability Insurance • RESP, RRSP

303, 7- Westwinds Cres. NE Calgary AB, Canada T3J5H2
Website : www.calgaryinsurancequotes.com



HARPINDER SIDHU
(403) 404-3500

